# ਭਗਵਾਨ ਮਹਾਵੀਰ



ਪ੍ਰੇਰਿਕਾ

ਜਿਨ ਸ਼ਾਸ਼ਨ ਪ੍ਰਭਾਵਿਕਾ, ਜੈਨ ਜਯੋਤੀ ਉਪ
ਪ੍ਰਵਰਤਨੀ ਮਹਾਸ਼੍ਰਮਣੀ

## ਸਾਧਵੀ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ


ਲੇਖਕ :

ਰਵਿੰਦਰ ਜੈਨ    ਪੁਰਸ਼ੋਤਮ ਜੈਨ



ਪ੍ਰਕਾਸ਼ਕ

੨੫ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ

ਵਿਮਲ ਕੋਲ ਡਿਪੋ, ਮਹਾਵੀਰ ਸਟ੍ਰੀਟ ਮਲੇਰ ਕੋਟਲਾ (ਸੰਗਰੂਰ)

# ਪ੍ਰਕਾਸ਼ਕ ਦੀ ਕਲਮ ਤੋਂ ਧੰਨਵਾਦ

ਭਗਵਾਨ ਮਹਾਵੀਰ ਦੇ ਨਿਰਵਾਨ ਮਹੋਤਸਵ ਪੰਜਾਬੀ ਜੈਨ ਸਾਹਿਤ ਦਾ ਕੰਮ ਜੈਨ ਸਾਧਵੀ ਜਿਨ ਸ਼ਾਸ਼ਨ ਪ੍ਰਭਾਵਿਕਾ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਸ਼ੁਰੂ ਹੋਇਆ, ਜੋ ਹੁਣ ਤੱਕ ਚਲ ਰਿਹਾ ਹੈ । ਖੁਸ਼ੀ ਦੀ ਗੱਲ ਹੈ ਕਿ ਸਮਿਤੀ ਵਲੋਂ ਪ੍ਰਕਾਸ਼ਿਤ ਪੰਜਾਬੀ ਜੈਨ ਸਾਹਿਤ ਦਾ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਤੇ ਕਾਫੀ ਸਵਾਗਤ ਹੋਇਆ ਹੈ । ਕਈ ਜੈਨ ਅਜੈਨ ਪ੍ਰਤਿਕਾਵਾਂ ਵਿਚ ਇਸ ਸਾਹਿਤ ਦੀ ਸਮਿਖਿਆ ਛਪੀ ਹੈ । ਦੇਸ਼ ਤੇ ਵਿਦੇਸ਼ਾਂ ਵਿਚ ਇਹ ਸਾਹਿਤ ਪਹੁੰਚਿਆ ਹੈ ।

ਇਸ ਲੋਕ ਪ੍ਰਿਅਤਾ ਸਦਕਾ ਪੰਜਾਬ ਦੀਆਂ ਕਈ ਪੁਸਤਕਾਂ ਦੂਸਰੀ ਵਾਰ ਛਪਾਉਣ ਦੀ ਜਰੂਰਤ ਪਈ ਹੈ । ਇਸ ਵਾਰ ਭਗਵਾਨ ਮਹਾਵੀਰ ਪੁਸਤਕ ਪੰਜਾਬੀ ਯੂਨੀਵਰਸਿਟੀ B.A. ਭਾਗ I ਦੇ ਧਰਮ ਵਿਸ਼ੇ ਵਿਚ ਸੁਝਾਈ ਪੁਸਤਕ ਦੇ ਤੌਰ ਤੇ ਸ਼ਾਮਲ ਕੀਤੀ ਗਈ ਹੈ। ਵਿਦਿਆਰਥੀਆਂ ਦੀ ਜਰੂਰਤ ਨੂੰ ਵੇਖਦੇ ਹੋਏ, ਪੂਜ਼ ਗੁਰੂਣੀ, ਜਿਨ ਸ਼ਾਸ਼ਨ ਪ੍ਰਭਾਵਿਕਾ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਇਨ ਪੁਸਤਕ ਨੂੰ ਦਵਾਰਾ ਛਪਾਉਣ ਦੀ ਪ੍ਰੇਰਣਾ ਕੀਤੀ । ਇਸ ਪੁਸਤਕ ਦਾ ਸਾਰਾ ਖਰਚ ਦਿੱਲੀ ਨਿਵਾਸੀ ਲਾਲਾ ਸੁਸ਼ੀਲ ਕੁਮਾਰ ਜੈਨ, ਕਰੋਲ ਬਾਗ, (ਸਿਆਲ ਕੋਟੀ) ਨੇ ਆਪਣੀ ਪੂਜ ਮਾਤਾ ਸ੍ਰੀਮਤੀ ਦੀ ਯਾਦ ਵਿਚ ਗੁਰੂਣੀ ਜੀ ਦੀ ਪ੍ਰੇਰਣਾ ਨਾਲ ਕੀਤਾ । ਲਾਲਾ ਜੀ ਨੇ ਆਪਣੀ ਮਾਤਾ ਤੇ ਪਿਤਾ ਦੀ ਸੇਵਾ ਸਰਵਨ ਕੁਮਾਰ ਦੀ ਤਰ੍ਹਾਂ ਕੀਤੀ । ਆਪ ਨੇ ਆਪਦੇ ਮਾਤਾ ਪਿਤਾ ਦੀ ਤਰ੍ਹਾਂ ਸਾਧੂ ਸਾਧਵੀਆਂ ਦੀ ਸੇਵਾ ਕਰਦੇ ਰਹਿੰਦੇ ਹਨ ਜਿਸ ਦਾ ਉਦਾਹਰਣ ਪ੍ਰਸਤੁਤ ਪੁਸਤਕ ਦਾ ਪ੍ਰਕਾਸ਼ਨ ਹੈ । ਆਪ ਦੀ ਗੁਰੂਣੀ ਜੀ ਪ੍ਰਤਿ ਭਗਤੀ ਅਨੁਪਮ ਹੈ । ਆਪ ਜੀ ਦੇ ਪਿਤਾ ਅਤੇ ਹੁਣ ਆਪ ਪ੍ਰੇਮ ਭਵਨ ਕਰੋਲ ਬਾਗ ਦੇ ਪ੍ਰਧਾਨ ਹਨ । ਜੀਵਨ ਧਾਰਮਿਕ ਤੇ ਸਾਦਗੀ ਭਰਪੂਰ ਹੈ । ਆਪ ਦੇਵ, ਗੁਰੂ ਅਤੇ ਧਰਮ ਪ੍ਰਤੀ ਸਮਰਪਤ ਤੇ ਆਤਮ ਹਨ । ਸਮਿਤੀ ਆਪ ਜੀ ਦਾ ਤਹਿ ਦਿਲੋਂ ਧਨਵਾਦ ਕਰਦੀ ਹਾਂ । ਸ਼ਾਸ਼ਾਨ ਦੇਵ ਨੂੰ ਪ੍ਰਾਰਥਨਾ ਕਰਦੀ ਹੈ ਕਿ ਆਪ ਜੀ ਦੀ ਪੂਜਨੀਕ ਮਾਤਾ ਜੀ ਦੀ ਆਤਮਾ ਨੂੰ ਸ਼ਾਂਤੀ ਮਿਲੇ । ਅਗੋਂ ਵੀ ਆਪ ਦਾ ਸਹਿਯੋਗ ਸਮਿਤੀ ਨੂੰ ਮਿਲੇਗਾ । ਅਸੀਂ ਇਹ ਪੁਸਤਕ ਪੂਜ. ਗੁਰੂਣੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਕਰ ਕਮਲਾਂ ਵਿਚ ਸਮਰਪਿਤ ਕਰਦੇ ਹਾਂ ।

**ਸ਼ੁਭਚਿੰਤਕ**
**ਪੁਰਸ਼ੋਤਮ ਜੈਨ**
**ਸੰਯੋਜਕ**

**25ਵੀਂ ਮਹਾਵੀਰ ਨਿਰਵਾਣ ਸ਼ਤਾਬਦੀ ਸਹਿਯੋਗਿਕਾ ਸਮਿਤਿ**
**ਪੰਜਾਬ ਵਿਮਲ ਕੋਲ ਡਿਪੂ, ਮਹਾਵੀਰ ਸਟਰੀਟ ਮਾਲੇਰ ਕੋਟਲਾ**

# ਦੋ ਸ਼ਬਦ

## ਰਾਸ਼ਟਰ ਸੰਤ ਉਪਧਿਆਏ
# ਸ੍ਰੀ ਅਮਰ ਮੁਨੀ ਜੀ ਮਹਾਰਾਜ
## (ਰਾਜਗ੍ਰਿਹ)

ਸੰਸਾਰ ਦੇ ਮੰਗਕਾਰੀ, ਧਰਮ ਤੀਰਥ ਅਰਿਹੰਤ ਪ੍ਰੰਪਰਾ ਨੂੰ ਚਲਾਉਣ ਵਾਲੇ ਮਹਾਨ ਤੀਰਥੰਕਰ ਸ਼੍ਰਮਣ ਭਗਵਾਨ ਮਹਾਵੀਰ ਦੇਹ ਪਖੋਂ ਭਲਾ ਇਕ ਹੀ ਮਨੁੱਖ ਹਨ । ਪਰ ਅਨੰਤ ਗਿਆਨ, ਅੰਨਤ ਦਰਸ਼ਨ ਆਦਿ ਤੱਤਵ ਦਰਿਸ਼ਟੀ ਪਖੋਂ ਉਹ ਅਨੰਤ ਜੋਤੀ ਸਵਰੂਪ, ਮਹਾਨ, ਧਰਮ ਚਿਤੰਨ ਹਨ । ਮਹਾਂਪੁਰਸ਼ਾਂ ਵਿਚੋਂ ਬੜੇ ਮਹਾਪੁਰਸ਼ ਹਨ । ਉਹਨਾਂ ਦੀ ਮਹਿਮਾ ਅਪਰਮਪਾਰ ਹੈ, ਉਹ ਪਰਮੇਸ਼ਵਰ ਹਨ । ਇਕ ਖਾਸ ਦੇਸ਼ ਅਤੇ ਖਾਸ ਸਮੇਂ ਜਨਮ ਲੈ ਕੇ ਵੀ ਉਹ ਦੇਸ਼ ਅਤੇ ਕਾਲ ਦੀਆਂ ਹੱਦਾਂ ਤੋਂ ਪਰੇ ਹਨ । ਉਹ ਆਪਣੇ ਸਮੇਂ ਦੀਆਂ ਸਮਸਿਆਵਾਂ ਦਾ ਹੱਲ ਲਭਣ ਵਾਲੇ ਕੇਵਲ ਰਾਸ਼ਟਰ ਪੁਰਸ਼ ਅਤੇ ਮਹਾਪੁਰਸ਼ ਹੀ ਨਹੀਂ ਹਨ, ਸਗੋਂ ਸਾਰੇ ਦੇਸ਼ਾਂ ਅਤੇ ਸਾਰੇ ਸਮੇਂ ਲਈ, ਸਾਰੀਆਂ ਸਿਖਿਆਵਾਂ ਦੇਣ ਵਾਲੇ ਪਰਮ ਪੁਰਸ਼ ਹਨ ।

ਉਨ੍ਹਾਂ ਨੂੰ ਨਾਂ ਤਾਂ ਕੁਝ ਇੰਨੇ ਗਿਣੇ ਪੁਰਾਣੀਕ ਅਤੇ ਇਤਿਹਾਸਿਕ ਕਿਸੇ ਕਹਾਣੀਆਂ ਦੇ ਚੋਖਟੇ ਵਿਚ ਵੇਖਿਆ ਜਾ ਸਕਦਾ ਹੈ ਅਤੇ ਨਾ ਸਮਝਿਆ ਜਾ ਸਕਦਾ ਹੈ। ਦੁੱਖ ਦੀ ਗੱਲ ਹੈ ਕਿ ਫਿਰਕੂ ਮਾਨਤਾਵਾਂ ਦੇ ਝੂਠੇ ਹੰਕਾਰ ਨੇ ਉਨ੍ਹਾਂ ਦੀ ਮਹਾਨਤਾ, ਉਨ੍ਹਾਂ ਦੀ ਸੀਮਾ ਰਹਿਤ ਸ਼ਖਸੀਅਤ, ਕੰਮ ਅਤੇ ਅਰਿਹੰਤ ਹੋਣ ਨੂੰ ਬਹੁਤ ਹੀ ਛੋਟੇ ਘੇਰੇ ਵਿਚ ਇੱਕਠਾ ਅਤੇ ਸੀਮਿਤ ਕਰ ਦਿਤਾ ਹੈ । ਉਹ ਅਨੰਤ ਸਾਗਰ ਸਾਡੀਆਂ ਝੂਠੀਆਂ ਧਾਰਨਾਵਾਂ ਕਾਰਣ, ਆਮ ਲੋਕ ਵਿਚ ਪਾਣੀ ਦੀ ਇਕ ਬੂੰਦ ਬਣ ਕੇ ਰਹਿ ਗਿਆ ਹੈ ।

ਇਸੇ ਕਾਰਣ (ਗਣਧਰਾਂ) ਅਚਾਰਿਆ ਭੱਦਰਵਾਹੂ, ਮਹੱਤਰ ਜਿਨਦਾਸ ਆਦਿ ਮਹਾਨ ਆਤਮਾ ਨੇ ਭਗਵਾਨ ਮਹਾਵੀਰ ਨੂੰ ਉਪਰੋਕਤ ਰੂਪ ਵਿਚ, ਪਖਪਾਤ ਤੋਂ ਰਹਿਤ ਹੋ ਕੇ ਵਿਸ਼ਾਲਦਰਿਸ਼ਟੀ ਨਾਲ ਵੇਖਿਆ ਸੀ ਅਤੇ ਉਨ੍ਹਾਂ ਦੇ ਸਭ ਪਾਸੋਂ ਅਤੇ ਹਮੇਸ਼ਾਂ ਹੀ ਮੰਗਲ ਕਰਨ ਵਾਲੇ ਜੀਵਨ ਨੂੰ ਲਿਖਿਆ ਸੀ । ਪਰ ਸਮੇਂ ਦਾ ਵਹਾ ਜਿਉ-ਜਿਉ ਅਗੇ-ਅਗੇ ਵਧਦਾ ਗਿਆ, ਫਿਰਕੂ ਸੋਚਣੀ ਮਜ਼ਬੂਤ ਹੁੰਦੀ ਗਈ । ਸਿਟੇ ਵਜੋਂ ਮਹਾਂਵੀਰ ਵਿਸ਼ਵਪੁਰਸ਼ ਨਾ ਰਹਿ ਕੇ ਇਕ ਫਿਰਕੂ ਕਥਾ ਦਾ ਵਿਸ਼ਾ ਬਣ ਗਏ । ਅੱਜ ਅਸੀਂ ਸਾਰੇ ਉਨ੍ਹਾਂ ਨੂੰ ਅਖੰਡ (ਸੰਪੂਰਨ)

ਰੂਪ ਵਿਚ ਨਹੀਂ, ਸਗੋਂ ਖੰਡੀਤਤ (ਅਪੂਰਨ) ਰੂਪ ਵਿਚ ਹੀ ਵੇਖਦੇ ਹਾਂ । ਕਿਉਂਕਿ ਅਜ ਮਹਾਵੀਰ ਸੁੱਧ ਮਹਾਵੀਰ ਨਹੀਂ, ਉਹ ਇਕ ਪਾਸੇ ਦਿਗੰਵਰ ਮਹਾਵੀਰ ਹਨ, ਦੂਸਰੇ ਪਾਸੇ ਸਵੇਤਾਂਵਰ ਮਹਾਵੀਰ ਹਨ । ਤੀਸਰੇ ਪਾਸੇ ਉਹ ਸਥਾਨਕ ਵਾਸੀ ਮਹਾਵੀਰ ਹਨ ਤਾਂ ਚੌਥੇ ਪਾਸੇ ਉਹ ਤੇਰਾਪੰਥੀ ਮਹਾਵੀਰ ਹਨ । ਕੋਈ ਉਨ੍ਹਾਂ ਨੂੰ ਨੰਗਾ ਚਿਤਰਤ ਕਰਦਾ ਹੈ। ਕੋਈ ਉਨ੍ਹਾਂ ਦੇ ਕਪੜੇ ਪੁਆ ਰਿਹਾ ਹੈ । ਕੋਈ ਉਨ੍ਹਾਂ ਦੇ ਮੂੰਹ ਤੇ ਮੂਹਪਟੀ ਬੰਨ ਰਿਹਾ ਹੈ। ਆਪਣੀ ਆਪਣੀ ਦਰਿਸ਼ਟੀ ਹੈ, ਉਸੇ ਅਨੁਸਾਰ ਮਹਾਵੀਰ ਦੀ ਰਚਨਾ ਹੋ ਰਹੀ ਹੈ । ਮਹਾਵੀਰ ਸਾਡੇ ਨਿਰਮਾਤਾ ਨਹੀਂ, ਸਗੋਂ ਅਸੀਂ ਉਨ੍ਹਾਂ ਦੇ ਨਿਰਮਾਤਾ ਬਣ ਗਏ ਹਾਂ । ਇਹੋਂ ਕਾਰਣ ਹੈ ਕਿ ਮਹਾਵੀਰ ਦੀ ਜੀਵਨ ਸਾਧਨਾ ਅਤੇ ਜੀਵਨ ਸਿੱਧਿ ਦਾ ਸਹੀ ਰੂਪ ਸਧਾਰਣ ਜਨਤਾ ਦੇ ਸਾਹਮਣੇ ਨਹੀਂ ਆ ਰਿਹਾ ।

ਭਗਵਾਨ ਮਹਾਵੀਰ ਕ੍ਰਾਂਤੀਪੁਰਸ਼ ਹਨ । ਉਨ੍ਹਾਂ ਦੀ ਕਰਾਂਤੀ ਸਰਵਪੱਖੀ ਵਿਕਾਸ ਦੇ ਲਈ ਸਹਿਜ ਪ੍ਰੇਰਣਾ ਦਿੰਦੀ ਹੈ, ਮਹਾਵੀਰ ਦੀ ਤੱਤਵ ਦਰਿਸ਼ਟੀ ਪਖੋਂ, ਆਤਮਾ ਕੇਵਲ ਆਤਮਾ ਹੀ ਨਹੀਂ, ਸਗੋਂ ਪ੍ਰਮਾਤਮਾ ਹੈ । ਮਨੁੱਖਤਾ ਮਾਤਰ ਦੇ ਸੰਸਾਰਿਕ ਰੂਪ ਵਿਚ ਸੋਏ ਪਰਮਾਤਮਾ ਨੂੰ ਜਗਾਉਣਾ ਹੀ ਉਨ੍ਹਾਂ ਦੇ ਧਰਮ ਸੰਦੇਸ਼ਾਂ ਦੀ ਮੂਲ ਆਵਾਜ਼ ਹੈ । ਇਸ ਲਈ ਉਨ੍ਹਾਂ ਦੀ ਅਧਿਆਤਮਿਕ ਸਾਧਨਾ, ਧਾਰਮਿਕ ਅਤੇ ਸੰਸਾਰਿਕ ਕਰਾਂਤੀ ਦੇ ਰੂਪ ਵਿਚ ਜੋ ਪ੍ਰਗਟ ਹੋਈ ਹੈ ਉਹ ਉਸ ਸਮੇਂ ਦੀਆਂ ਸਮਸਿਆਂ ਦੇ ਹੱਲ ਦੇ ਨਾਲ-ਨਾਲ ਅਜੋਕੇ ਸਮੇਂ ਦੀਆਂ ਸਮਸਿਆਵਾਂ ਦਾ ਹੱਲ ਵੀ ਪੇਸ਼ ਕਰਦਿਾ ਹਨ । ਇਸ ਲਈ ਮਹਾਵੀਰ ਦਾ ਜੀਵਨ ਅਨੇਕਾਂਤ (ਭਿੰਨ ਭਿੰਨ ਦਰਿਸ਼ਟੀਕੋਣ) ਪਖੋਂ ਸਰਵ ਵਿਆਪਕ ਹੈ । ਉਹ ਭਾਰਤੀ ਇਤਿਹਾਸ ਦੇ ਪੰਨੇ ਤੇ ਜਿਥੇ ਇਕ ਯੁਗ ਪੁਰਸ਼ ਦਾ ਜੀਵਨ ਹੈ ਉਥੇ ਭਾਵ (ਗੁਣ( ਪਖੋਂ ਹਮੇਸ਼ਾਂ ਸ਼ਾਸਵਤ (ਅਮਰ) ਹੈ । ਜ਼ਰੂਰਤ ਹੈ, ਦੋਹੇ ਦਰਿਸ਼ਟੀਕੋਣ ਤੋਂ ਮਹਾਵੀਰ ਨੂੰ ਆਮ ਲੋਕਾਂ ਤੱਕ ਪਹੁੰਚਾਣ ਦੀ ।

ਸ੍ਰੀ ਰਵਿੰਦਰ ਕੁਮਾਰ ਜੈਨ ਅਤੇ ਸ੍ਰੀ ਪੁਰਸ਼ੋਤਮ ਦਾਸ ਜੈਨ ਜੀ ਪੰਜਾਬ ਪ੍ਰਦੇਸ਼ ਦੇ ਦੋ ਪੁੰਨ ਵਾਨ ਧਰਮ ਭਰਾ ਹਨ । ਉਹਨਾਂ ਮਹਾ ਪ੍ਰਭੂ ਮਹਾਵੀਰ ਦੇ ਨਿਰਪੱਖ ਜੀਵਨ ਨੂੰ ਲਿਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਹ ਵੀ ਪੰਜਾਬ ਦੀ ਆਪਣੀ ਮਾਤ ਭਾਸ਼ਾ ਪੰਜਾਬ ਵਿਚ । ਜਿਥੇ ਤੱਕ ਮੈਨੂੰ ਪਤਾ ਹੈ ਇੰਨ੍ਹੀ ਵਿਸ਼ਾਲ ਪੱਧਰ ਤੇ ਮਹਾਵੀਰ ਜੀਵਨ ਲਿਖਣ ਦਾ ਕੰਮ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰ ਹੀ ਹੋਇਆ ਹੈ । ਪੰਜਾਬ ਸ਼ੁਰੂ ਤੋਂ ਹੀ ਬਹਾਦਰ ਅਤੇ ਸੂਰਵੀਰਾਂ ਦੀ ਧਰਤੀ ਹੈ । ਬਹਾਦਰੀ, ਅਨਿਆ, ਅਤਿਆਚਾਰ, ਦੁਰਾਚਾਰ ਦੀ ਸਥਾਪਨਾ ਵਿਚ ਨਹੀਂ ਹੈ । ਸੱਚੀ ਬਹਾਦਰੀ, ਅਨਿਆਂ ਅਤੇ ਅਤਿਆਚਾਰ ਦਾ ਮੁਕਾਬਲਾ ਕਰਨ ਵਿਚ ਹੈ ਅਤੇ ਸੰਸਾਰ ਲਈ ਮੰਗਲ, ਸੁੱਧ, ਸਦਾਚਾਰ ਅਤੇ ਨਿਆ ਦੀ ਸਥਾਪਨਾ ਵਿਚ ਹੈ ।

ਭਗਵਾਨ ਮਹਾਵੀਰ ਦੇ ਇਸ ਜੀਵਨ ਚਰਿਤਰ ਤੋਂ ਆਮ ਲੋਕਾਂ ਨੂੰ ਮੰਗਲਕਾਰੀ ਪ੍ਰੇਰਣਾ ਪ੍ਰਾਪਤ ਹੋਵੇਗੀ, ਮਨੁੱਖ ਮਾਤਰ ਦੇ ਲਈ ਵਿਸ਼ਵ ਮੈਤਰੀ (ਸੰਸਾਰਿਕ ਭਾਈਚਾਰਾ) ਅਤੇ ਵਿਸ਼ਵ ਕਰੁਣਾ (ਸੰਸਾਰ ਦੇ ਜੀਵਾਂ ਪ੍ਰਤਿ ਰਹਿਮ) ਦਾ ਸੂਰਜ ਅਜੋਕੇ ਦਿਨ ਪ੍ਰਤੀ ਦਿਨ ਵਧਦੇ ਗੂੜੇ, ਆਪਸੀ, ਜਾਤੀ ਅਤੇ ਫਿਰਕੂ ਆਦਿ ਦੇ ਘ੍ਰਿਣਾ, ਦਵੇਸ਼, ਵੈਰ ਦੇ ਹਨੇਰੇ ਨੂੰ ਖਤਮ ਕਰੇਗਾ ਅਤੇ ਆਪਸੀ ਸਦਭਾਵਨਾਂ, ਸਹਿਯੋਗ ਅਤੇ ਪ੍ਰੇਮ ਦਾ ਰਾਹ ਪ੍ਰਕਾਸ਼ਿਤ ਕਰੇਗਾ । ਸਿਰਫ ਪੰਜਾਬੀ ਹੀ

ਨਹੀਂ. ਸੰਸਾਰ ਦੀ ਹਰ ਲੋਕ ਭਾਸ਼ਾ ਵਿਚ ਇਸ ਪਰਕਾਰ ਦੇ ਨਿਰਪੱਖ, ਨਿਰਮਲ, ਲੋਕ ਕਲਿਆਨਕਾਰੀ ਜੀਵਨ ਚਾਰਿਤਰਾਂ ਦਾ ਪ੍ਰਕਾਸ਼ਨ, ਪ੍ਰਚਾਰ ਤੇ ਪ੍ਰਸਾਰ ਹੋਣਾ ਚਾਹੀਦਾ ਹੈ। ਅੱਜ ਆਦਮੀ ਆਦਮੀ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸ ਨੂੰ ਇਕ ਦੂਸਰੇ ਦੇ ਕਰੀਬ ਲਿਆਉਣਾ, ਆਮ ਲੋਕਾਂ ਦੇ ਭਲੇ ਦੀ ਗਲ ਹੈ। ਦੁੱਖ ਹੈ, ਅੱਜ ਆਦਮੀ ਦੀ ਆਦਮੀ ਦੇ ਰੂਪ ਵਿਚ ਪਛਾਣ, ਸਭ ਪਾਸੋਂ ਖਤਮ ਹੋ ਗਈ ਹੈ। ਇਸ ਪਛਾਣ ਨੂੰ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਹੈ ਇਹ ਕੰਮ ਹੋ ਸਕਦਾ ਹੈ, ਭਗਵਾਨ ਮਹਾਵੀਰ ਜਿਹੇ ਸਰਵਪੱਖੀ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਮਹਾਪੁਰਸ਼ਾਂ ਦੇ ਸਰਵ-ਮੰਗਲ ਅਤੇ ਸਦਾ ਮੰਗਲ ਜੀਵਨ ਚਾਰੀਤਰਾਂ ਰਾਹੀਂ।

ਇਸ ਪਖੋਂ ਦੋਹੇ ਧਰਮ ਭਰਾਵਾਂ ਦਾ ਇਹ ਪੁੰਨ ਵਾਲਾ ਕੰਮ ਦਿਲੋਂ ਪ੍ਰਸ਼ੰਸ਼ਾ ਕਰਨ ਯੋਗ ਹੈ, ਅਤੇ ਨਾਲ ਹੀ ਹਰ ਪਖੋਂ ਆਦਰ .ਯੋਗ ਵੀ।

ਦੋਹੇ ਧਰਮ ਭਰਾਵਾਂ ਦੇ ਜੋੜੇ ਦਾ ਇਹ ਇੱਕਠਾ ਕੰਮ ਮਹਾਵੀਰ ਜੀਵਨ ਨਾਲ ਸੰਕਲਿਤ, ਪ੍ਰਚਲਿਤ ਕਿਸੇ ਕਹਾਣੀਆਂ ਦਾ ਪੰਜਾਬੀ ਅਨੁਵਾਦ ਹੀ ਨਹੀਂ ਹੈ। ਮਹਾਪ੍ਰਭੂ ਦੇ ਪੋਰਾਣਿਕ ਅਤੇ ਇਤਿਹਾਸਿਕ ਜੀਵਨ ਵਿਰਤਾਂਤਾਂ ਦੀ ਪੁਰਾਣੀ ਕਥਾਵਾਂ ਨੂੰ ਉਨ੍ਹਾਂ ਨਿਰਪੱਖ ਦਰਿਸਟੀ ਤੋਂ ਛਾਇਆ ਹੈ। ਫਿਰਕਾ ਪ੍ਰਸਤੀ ਦਾ ਜਹਿਰ ਕਿਤੇ ਵੀ ਰੁਕਾਵਟ ਨਾਂ ਬਣੇ, ਇਸ ਗੱਲ ਦੀ ਕਾਫੀ ਸਾਵਧਾਨੀ ਵਰਤੀ ਗਈ ਹੈ।

ਭੂਮਿਕਾ ਰੂਪੀ ਯੱਗ ਦੀ ਪੂਰਨ ਅਹੂਤੀ ਦੇ ਮੰਗਲ ਕਾਰੀ ਸਮੇਂ ਵਿਚ ਇਕ ਪਾਸੇ ਮੇਰਾ ਧਿਆਨ ਜਾ ਰਿਹਾ ਹੈ, ਇਸ ਗ੍ਰੰਥ ਦੀ ਪ੍ਰੇਰਣਾ ਕੇਂਦਰ, ਮਹਾਨ ਆਤਮਾ ਸਾਧਵੀ ਰਤਨ ਸ਼੍ਰੀ ਸਵਰਨ ਕਾਤਾਂ ਜੀ ਦੀ ਮਹਾਰਾਜ ਵੱਲ। ਸ਼੍ਰੀ ਸਵਰਨ ਕਾਂਤਾ ਜੀ ਜਿਹਾ ਨਾਉ ਅਜਿਹੇ ਹੀ ਗੁਣਾਂ ਦੀ ਧਾਰਣੀ ਹੈ। ਉਨਾਂ ਦਾ ਅਧਿਐਨ ਅਤੇ ਮਨਨ, ਚਿੰਤਨ, ਵਿਗਿਆਨਕ ਅਤੇ ਗੰਭੀਰ ਪੱਧਰ ਦਾ ਹੈ। ਉਹ ਇਕ ਮਿੱਠੀ ਅਤੇ ਦਿਲ ਨੂੰ ਛੋਹਣ ਵਾਲੀ ਕਥਾ ਕਰਨ ਵਾਲੀ ਮਹਾਨ ਸਾਧਵੀ ਹਨ। ਜਿਨ (ਜੈਨ) ਸ਼ਾਸਨ (ਧਰਮ ਦੀ ਮਹਾਨਤਾ ਨੂੰ ਵਧਾਉਣ) ਦੀ ਇੱਕ ਦਿਵ ਜੋਤੀ ਉਨ੍ਹਾਂ ਦੇ ਅੰਦਰਲੇ ਮਨ ਵਿਚ ਦਿਨ ਰਾਤ ਜਾਗਦੀ ਰਹਿੰਦੀ ਹੈ। ਜਿਥੇ ਤੱਕ ਮੈਨੂੰ ਪਤਾ ਹੈ ਉਨ੍ਹਾਂ ਪੰਜਾਬ ਪ੍ਰਦੇਸ਼ ਦੇ ਪਿੰਡ-ਪਿੰਡ ਫਿਰ ਕੇ ਭਗਵਾਨ ਮਹਾਵੀਰ ਦੇ ਉਪਦੇਸ਼ਾਂ ਰਾਹੀਂ ਜੈਨ ਧਰਮ ਦਾ ਮੰਗਲਕਾਰੀ ਝੰਡਾ ਲਹਿਰਾਇਆ ਹੈ।

ਇਹੋ ਕਾਰਣ ਹੈ ਕਿ ਸਾਧਵੀ ਸ਼੍ਰੀ ਸਵਰਨਕਾਤਾਂ ਜੀ ਮਹਾਰਾਜ, ਪਹਿਲਾਂ ਪਚੀਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੇ ਪੰਜਾਬ ਸਰਕਾਰ ਵਲੋਂ ਸਨਮਾਨਿਤ ਮਹਿਮਾਨ ਰਹੇ ਹਨ। ਪੰਜਾਬ ਜੈਨ ਸਾਹਿਤ ਦੀ ਤਾਂ ਉਹ ਮਾਂ ਹੀ ਹਨ। ਮੈਂ ਸਾਧਵੀ ਸ਼੍ਰੀ ਜੀ ਨੂੰ ਉਨ੍ਹਾਂ ਦੀਆਂ ਅਪਨਾਉਣ ਯੋਗ ਰਚਨਾਤਮਕ ਕੰਮਾ ਲਈ ਸਾਧੂਵਾਦ ਦਿੰਦਾ ਹਾਂ।

ਆਸ ਹੈ ਕਿ ਭਵਿਖ ਵਿਚ ਵੀ ਉਨ੍ਹਾਂ ਦੀਆਂ ਸਮੇਂ-ਸਮੇਂ ਜੈਨ ਧਰਮ ਨੂੰ ਸੇਵਾ ਮਿਲਦੀਆਂ ਰਹਿਣਗੀਆਂ।

ਮੇਰੇ ਵਿਚਾਰ ਪਖੋਂ ਇਹ ਲਿਖਤ, ਆਉਣ ਵਾਲੇ ਲੇਖਕਾਂ ਲਈ ਆਦਰਸ਼ ਬਣੇਗੀ ਮੈਂ ਪ੍ਰਭੂ ਜੀਵਨ ਦੀ ਇਸ ਲਿਖਤ ਦੇ ਲਈ ਦੋਹੇ ਧਰਮ ਭਰਾਵਾਂ ਨੂੰ ਦਿਲੀ ਵਧਾਈ ਦਿੰਦਾ ਹਾਂ ਇਸ ਦੇ ਪੁਸਤਕ ਦੇ ਆਮ ਲੋਕਾਂ ਵਿਚ ਪ੍ਰਸਾਰ ਦੀ ਮੰਗਲਕਾਰੀ ਇੱਛਾ ਕਰਦਾ ਹਾਂ।

**ਵੀਰਾਯਾਤਨ ਰਾਜਗ੍ਰਹਿ,**

**ਵੈਸ਼ਾਖ ਪੂਰਨਿਮਾ ਉਪਾਧਿਆਏ ਅਮਰ ਮੁਨੀ**

| ਲੜੀ ਨੰ | ਤੀਰਥੰਕਰਾਂ ਦਾ ਨਾਂ | ਜਨਮ ਸਥਾਨ | ਮਾਤਾ ਦਾ ਨਾਂ | ਪਿਤਾ ਦਾ ਨਾਂ | ਚਿੰਨ੍ਹ | ਕੇਵਲ ਗਿਆਨ ਸਥਾਨ | ਨਿਰਵਾਨ ਸਥਾਨ |
|---|---|---|---|---|---|---|---|
| ੧ | ਸ਼੍ਰੀ ਰਿਸ਼ਵਦੇਵ ਜੀ | ਅਯੋਧਿਆ | ਮਰੂ ਦੇਵੀ | ਨਾਭੀ | ਬਲਦ | ਪੂਰਮਤਾਲ | ਕੈਲਾਸ਼ ਪਰਵਤ |
| ੨ | ਸ਼੍ਰੀ ਅਜੀਤਨਾਥ ਜੀ | ਉਹੀ | ਵਿਜੈ | ਜਿਤਸ਼ਤਰੂ | ਹਾਥੀ | ਅਯੋਧਿਆ | ਸਮੇਤ ਸਿਖਰ |
| ੩ | ਸ਼੍ਰੀ ਸੰਭਵਾਨਾਥ ਜੀ | ਸ਼੍ਰਾਵਸਤੀ | ਸੈਨਾ ਦੇਵੀ | ਜਿਤਾਰੀ | ਘੋੜਾ | ਸ਼੍ਰਾਵਸਤੀ | ਉਹੀ |
| ੪ | ਸ਼੍ਰੀ ਅਭਿਨੰਦਨ ਜੀ | ਅਯੋਧਿਆ | ਸਿਧਾਰਥਾ | ਸੰਬਰ | ਬੰਦਰ | ਅਯੋਧਿਆ | ਉਹੀ |
| ੫ | ਸ਼੍ਰੀ ਸੁਮਤੀਨਾਥ ਜੀ | ਕੰਥਪੁਰ | ਸੁਮੰਗਲਾ | ਮਘਰਥ | ਕਰੌਂਚ | ਉਹੀ | ਉਹੀ |
| ੬ | ਸ਼੍ਰੀ ਪਦਮਪ੍ਰਭੂ ਜੀ | ਕੌਸਾਂਭੀ | ਸੁਸੀਮਾ | ਸ਼੍ਰੀਧਰ | ਕਮਲ | ਕੌਸਾਂਭੀ | ਉਹੀ |
| ੭ | ਸ਼੍ਰੀ ਸੁਪਾਰਸਵ ਜੀ | ਵਾਰਾਣਸੀ | ਪ੍ਰਥਵੀਦੇਵੀ | ਪਰਿਸ਼ਟ | ਮਹਾਸਤਿਕ | ਵਾਰਾਣਸੀ | ਉਹੀ |
| ੮ | ਸ਼੍ਰੀ ਚੰਦਰਪ੍ਰਭੂ ਜੀ | ਚੰਦਰਪੁਰੀ | ਲਕਸ਼ਮਣਾਦੇਵੀ | ਮਹਾਸਨੇ | ਚੰਦਰਮਾ | ਚੰਦਰਪੁਰੀ | ਉਹੀ |
| ੯ | ਸ਼੍ਰੀ ਸੁਵੀਧੀਨਾਥ ਜੀ | ਕਾਕੰਦੀ | ਰਾਮਾਦੇਵੀ | ਸੁਗਰੀਵ | ਮਤੱਸਯ | ਕਾਕੰਦੀ | ਉਹੀ |
| ੧੦ | ਸ਼੍ਰੀ ਸ਼ੀਤਲ ਨਾਥ ਜੀ | ਭਦਿਲਪੁਰ | ਨੰਦਾਦੇਵੀ | ਦਰਿੜਰਥ | ਸ਼੍ਰੀਵਤਸ | ਭਦਿਲਪੁਰ | ਉਹੀ |
| ੧੧ | ਸ਼੍ਰੀ ਸਰੇਆਂਸਨਾਥ ਜੀ | ਸਿੰਘਪੁਰੀ | ਵਿਸ਼ਣੂਦ | ਵਿਸ਼ਣੂ | ਗੈਂਡਾ | ਸਿਘਪੁਰ | ਉਹੀ |
| ੧੨ | ਸ਼੍ਰੀ ਵਾਸੂਪੁਜਯ ਜੀ | ਚੰਪਾਪੁਰੀ | ਜੈਆਦੇਵੀ | ਵਸੂਪੂਜ | ਭੈਂਸ | ਚੰਪਾਪੁਰੀ | ਚੰਪਾਪੁਰੀ |
| ੧੩ | ਸ਼੍ਰੀ ਵਿਮਲਾਨਾਥ ਜੀ | ਕੇਪਿਲਪੁਰ | ਸਿਆਮਾਦੇਵੀ | ਕ੍ਰਿਤਵਰਮ | ਸ਼ੂਅਰ | ਕੇਪਿਲਪੁਰ | ਸਮੇਤਸਿਖਰ |
| ੧੪ | ਸ਼੍ਰੀ ਅਨੰਤਨਾਥ ਜੀ | ਅਯੋਧਿਆ | ਸੁੱਯਸ਼ਾ | ਸਿੰਹਸੇਨ | ਸਿਕਰ ਪੰਛੀ | ਅਯੋਧਿਆ | ਉਹੀ |
| ੧੫ | ਸ਼੍ਰੀ ਧਰਮਨਾਥ ਜੀ | ਰਤਨਾਪੁਰੀ | ਸੁਵਰਤਾ | ਭਾਣੂ | ਬਜੇਰ | ਰਤਨਾਪੁਰੀ | ਉਹੀ |
| ੧੬ | ਸ਼੍ਰੀ ਸ਼ਾਂਤੀਨਾਥ ਜੀ | ਹਸਤਨਾਪੁਰ | ਅਚਿਰਾ | ਵਿਸ਼ਵਦੇਵ | ਮਿਰਗ | ਹਸਤਨਾਪੁਰ | ਉਹੀ |
| ੧੭ | ਸ਼੍ਰੀ ਕੁੰਥੂਨਾਥ ਜੀ | ਹਸਤਨਾਪੁਰ | ਸ਼੍ਰੀ | ਸੂਰ | ਬਕਰਾ | ਉਹੀ | ਉਹੀ |
| ੧੮ | ਸ਼੍ਰੀ ਅਰਹਨਾਥ ਜੀ | ਹਸਤਨਾਪੁਰ | ਦੇਵੀ | ਬੁਦਰਸਨਾ | ਨੰਦਾਵਰਤ | ਉਹੀ | ਉਹੀ |
| ੧੯ | ਸ਼੍ਰੀ ਮੱਲੀਨਾਥ ਜੀ | ਮਿਥਿਲ ਨਗਰੀ | ਪ੍ਰਭਾਵਤੀ | ਕੁੰਭ | ਘੜਾ | ਮਿਥਿਲਾ | ਉਹੀ |
| ੨੦ | ਸ਼੍ਰੀ ਮੁਨਿ ਸੁਵਰਤ ਸਵਾਮੀ | ਰਾਜਗ੍ਰਹਿ | ਪਦਮਾਵਤੀ | ਸੁਮਿੱਤਰ | ਕੱਛੂ | ਰਾਜਗ੍ਰਹਿ | ਉਹੀ |
| ੨੧ | ਸ਼੍ਰੀ ਨਮੀਨਾਥ ਜੀ | ਮਿਥਿਲਾ | ਵਿਪਰਾਦੇਵੀ | ਵਿਜੈ | ਨੀਲ ਕਮਲ | ਮਥੁਰਾ | ਉਹੀ |
| ੨੨ | ਸ਼੍ਰੀ ਅਰਿਸ਼ਟ ਨੇਮੀ ਜੀ | ਸ਼ੋਰਿਆਪੁਰ | ਸ਼ਿਵਾ | ਸਮੁਰਣ ਵਿਜੈ | ਸੰਖ | ਗਿਰਨਾਰ | ਗਿਰਨਾਰ |
| ੨੩ | ਸ਼੍ਰੀ ਪਾਰਸ਼ਵਨਾਥ ਜੀ | ਵਾਰਾਣਸੀ | ਵਾਮਾ | ਅਸਵਸੈਨ | ਸੱਪ | ਵਾਰਾਨਸੀ | ਸਮੇਤ ਸਿਖਰ |
| ੨੪ | ਸ਼੍ਰੀ ਮਹਾਵੀਰ ਸਵਾਮੀ ਜੀ | ਖੱਤਰੀ ਕੁੰਡਗ੍ਰਾਮ | ਤ੍ਰਿਸ਼ਲਾ | ਸਿਧਾਰਥ | ਸ਼ੇਰ | ਰਿਜੂਵਾਲੀਕਾ ਨਦੀ | ਪਾਵਾਪੁਰੀ |

# ਕੁਝ ਪ੍ਰੇਰਿਕਾਂ ਬਾਰੇ

ਜੈਨ ਧਰਮ ਵਿਚ ਇਸਤਰੀ ਜਾਤੀ ਦਾ ਪ੍ਰਮੁੱਖ ਸਥਾਨ ਰਿਹਾ ਹੈ । ਹਰ ਤੀਰਥੰਕਰ ਸਾਧੂ, ਸਾਧਵੀ, ਉਪਾਸਕ ਉਪਾਸਿਕਾ ਰੂਪੀ ਤੀਰਥ ਦੀ ਸਥਾਪਨਾ ਕਰਦਾ ਹੈ । ਹਰ ਤੀਰਥੰਕਰ ਦੇ ਸਮੇਂ ਹਜ਼ਾਰਾਂ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਨਾਲ ਤੱਪ ਤਿਆਗ ਦਾ ਮਾਰਗ ਗ੍ਰਹਿਣ ਕਰਕੇ ਆਤਮ ਕਲਿਆਣ ਕੀਤਾ ਹੈ । ਇਕਲੇ ਭਗਵਾਨ ਮਹਾਵੀਰ ਦੀਆਂ 36000 ਸਾਧਵੀਆਂ ਸਨ । ਸੋ ਆਗਮਾਂ ਵਿਚ ਅਨੇਕਾਂ ਜੈਨ ਸਾਧਵੀਆਂ ਦੇ ਤੱਪ ਤਿਆਗ ਦਾ ਵਰਨਣ ਮਿਲਦਾ ਹੈ ।

ਇਸੇ ਸਾਧਵੀ ਪਰੰਪਰਾ ਨੂੰ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਸਵੀਕਾਰ ਕੀਤਾ । ਆਪ ਦਾ ਜਨਮ ਪੰਜਾਬ ਦੇ ਇਕ ਪ੍ਰਸਿਧ ਜੈਨ ਘਰਾਣੇ ਵਿਚ 26 ਜਨਵਰੀ 1929 ਨੂੰ ਲਾਹੌਰ ਵਿਖੇ ਹੋਇਆ । ਆਪ ਦੇ ਪਿਤਾ ਸਵਰਗਵਾਸੀ ਸ੍ਰੀ ਖਜ਼ਾਨ ਚੰਦ ਜੈਨ ਸਨ ਅਤੇ ਮਾਤਾ ਸ੍ਰੀਮਤੀ ਦੁਰਗੀ ਦੇਵੀ ਜੀ ਸਨ । ਆਪ ਦੇ ਮਾਤਾ ਪਿਤਾ ਜੈਨ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਜੁੜੇ ਰਹਿੰਦੇ ਸਨ । ਆਪ ਦੀ ਮਾਤਾ ਜੀ, ਆਪ ਨੂੰ ਸਮਾਇਕ, ਮੁਨੀਆਂ ਦੇ ਪ੍ਰਵਚਨ ਅਤੇ ਹੋਰ ਸਵਾਧਿਐ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ ਸ੍ਰੀ ਸਵਰਨ ਕਾਂਤਾ ਜੀ ਦਾ ਮਨ ਵੀ ਇਨ੍ਹਾਂ ਜੈਨ ਸੰਸਕਾਰਾਂ ਵਿਚ ਇੰਨਾ ਜੁੱਟ ਗਿਆ ਕਿ ਉਹ ਸੰਸਾਰ ਨੂੰ ਅਸਾਰ ਸਮਝਣ ਲਗੇ । ਆਪ ਨੇ ਬੜੀ ਛੋਟੀ ਜਿਹੀ ਉਮਰ ਵਿਚ ਮਹਾਸਾਧਵੀ ਪ੍ਰਵਰਤਨੀ ਸ੍ਰੀ ਪਾਰਵਤੀ ਜੀ ਮਹਾਰਾਜ ਦੇ ਦਰਸ਼ਨ ਕੀਤੇ । ਫੇਰ ਆਪ ਪ੍ਰਵਰਤਨੀ ਸ੍ਰੀ ਰਾਜਮਤੀ ਜੀ ਮਹਾਰਾਜ ਤੋਂ ਬਹੁਤ ਪ੍ਰਭਾਵਿਤ ਹੋਏ । ਆਪ ਨੇ ਜਲੰਧਰ ਛਾਵਨੀ ਵਿਖੇ ਛੋਟੀ ਜਿਹੀ ਉਮਰ ਵਿਚ ਹੀ ਖੰਡੇ ਰੂਪੀ ਜੈਨ ਸਾਧਵੀ ਭੇਸ ਧਾਰਨ ਕੀਤਾ। ਆਪ ਬਚਪਨ ਤੋਂ ਬੜੇ ਤੀਖਣ ਬੁਧੀ ਸਨ । ਛੇਤੀ ਆਪਨੇ ਅੰਗਰੇਜੀ, ਪੰਜਾਬੀ, ਹਿੰਦੀ, ਰਾਜਸਥਾਨੀ, ਗੁਜਰਾਤੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾ ਦਾ ਗਿਆਨ ਹਾਸਲ ਕਰ ਲਿਆ । ਆਪ ਨੇ ਜੈਨ ਧਰਮ ਦੇ ਪ੍ਰਚਾਰ ਲਈ ਜੰਮੂ ਕਸ਼ਮੀਰ, ਪੰਜਾਬ-ਹਰਿਆਣਾ, ਹਿਮਾਚਲ, ਉਤਰ-ਪ੍ਰਦੇਸ਼ ਅਤੇ ਰਾਜਸਥਾਨ ਵਿਚ ਭ੍ਰਮਣ ਕੀਤਾ । ਆਪ ਜੀ ਦੀ ਸ਼ੁਭ ਪ੍ਰੇਰਨਾ ਨਾਲ ਸਮਿਤੀ ਅਤੇ ਜੈਨ ਚੇਅਰ ਵਰਗੇ ਬੜੇ ਬੜੇ ਕੰਮ ਹੋਏ । ਨਾਲ ਨਾਲ ਪੰਜਾਬੀ ਵਿਚ ਜੈਨ ਸਾਹਿਤ ਦਾ ਕੰਮ ਵੀ ਸ਼ੁਰੂ ਹੋਇਆ। ਜੋ ਛੋਟੀਆਂ ਛੋਟੀਆਂ ਪੁਸਤਕਾਂ ਤੋਂ ਹਟ ਕੇ ਜੈਨ ਆਗਮਾਂ ਦੇ ਪੰਜਾਬੀ ਅਨੁਵਾਦ ਦਾ ਰੂਪ ਧਾਰਨ ਕਰ ਗਿਆ । ਪਹਿਲਾ ਮੂਲ ਸੂਤਰ ਸ੍ਰੀ ਉਤਰਾਧਿਐਨ ਸੂਤਰ ਫੇਰ ਸ੍ਰੀ ਉਪਾਸਕ ਦਸ਼ਾਂਗ ਅਤੇ ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਅਨੁਵਾਦ ਦਾਸ (ਮੇਰੇ) ਹਥੋਂ ਪੂਰਾ ਹੋਇਆ ਇਸ ਪੁਸਤਕ ਦੀ ਛਪਾਈ ਦਾ ਸਾਰਾ ਖਰਚਾ ਵੀ ਆਪ ਜੀ ਦੀ ਪ੍ਰੇਰਣਾ ਨਾਲ ਆਪ ਦੇ ਉਪਾਸਕਾਂ ਨੇ ਕੀਤਾ ਹੈ । ਜੋ ਆਪ ਜੀ ਦੀ ਪ੍ਰੇਰਣਾ ਦਾ ਫਲ ਹੈ ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪ ਨੂੰ ਆਚਾਰਿਆ ਆਤਮਾ ਰਾਮ ਭਾਸ਼ਨ ਮਾਲਾ ਵਿੱਚ ਭਾਸ਼ਨ ਲਈ ਬੁਲਾਇਆ ਅਤੇ ਜੈਨ ਚੇਅਰ ਪੰਜਾਬੀ ਯੂਨੀਵਰਸਿਟੀ

ਪਟਿਆਲਾ ਨੇ ਆਪ ਨੂੰ ਜਿਨ ਸ਼ਾਸ਼ਨ ਪ੍ਰਭਾਵਿਕਾ ਪਦਵੀ ਪ੍ਰਦਾਨ ਕੀਤੀ । ਆਪ ਨੇ ਅਨੇਕਾਂ ਲਾਇਬ੍ਰੇਰੀਆਂ ਅਤੇ ਪਰ ਉਪਕਾਰ ਦੇ ਕੰਮ ਕੀਤੇ । ਆਪਣਾ ਕੀਮਤੀ ਹੱਥ ਲਿਖਤ ਜੈਨ ਗ੍ਰੰਥ ਭੰਡਾਰ ਅਤੇ ਅਨੇਕਾਂ ਵਢਮੁੱਲੇ ਗ੍ਰੰਥ ਜੈਨ ਵਿਭਾਗ ਨੂੰ ਪ੍ਰਦਾਨ ਕੀਤੇ । ਸਿਟੇ ਵਜੋਂ ਪੰਜਾਬੀ ਯੂਨੀਵਰਸਿਟੀ ਦੀ ਸੈਨਟ ਨੇ ਆਪ ਜੀ ਦਾ ਧੰਨਵਾਦ ਕੀਤਾ ।

ਆਪ ਦੀ ਸਾਹਿਤਕ ਅਤੇ ਸਮਾਜਿਕ ਸਭਾਵਾਂ ਸਦਕਾ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਜੀ ਨੇ ਆਪ ਨੂੰ ਜੈਨ ਜਯੋਤੀ ਪਦ ਨਾਲ ਸਨਮਾਨਿਤ ਕੀਤਾ । ਆਪ ਮਹਾਨ ਸਮਾਜ ਸੁਧਾਰਕ ਸਾਧਵੀ ਹਨ । ਆਪ ਨੇ ਪੰਜਾਬੀ ਭਾਸ਼ਾ ਵਿਚ ਅਨਮੋਲ ਵਚਨ ਨਾਂ ਦਾ ਗ੍ਰੰਥ ਲਿਖਿਆ ਹੈ । ਆਪ ਦਾ ਜੀਵਨ ਚਾਰਿਤਰ ਜੋ ਕਿ ਹਿੰਦੀ ਭਾਸ਼ਾ ਵਿਚ ਮਹਾਸ੍ਰਮਣੀ (ਲੇਖਕ ਰਵਿੰਦਰ ਜੈਨ, ਪੁਰਸ਼ੋਤਮ ਜੈਨ) ਨਾਂ ਹੇਠ ਛਪਿਆ । ਉਸ ਪੁਸਤਕ ਦੀ ਭੂਮਿਕਾ ਖੁਦ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਲਿਖੀ ਸੀ । ਜੈਨ ਸਾਧਵੀ ਪ੍ਰੰਪਰਾ ਵਿਚ ਇਹ ਸਭ ਪਹਿਲੀ ਵਾਰ ਹੋਇਆ ਜਦੋਂ ਕਿਸੇ ਸਾਧਵੀ ਨੂੰ ਵਿਸ਼ਵਵਿਦਿਆਲੇ ਨੇ ਜੈਨ ਧਰਮ ਤੇ ਭਾਸ਼ਨ ਕਰਨ ਲਈ ਬੁਲਾਇਆ ਹੋਵੇ । ਕਿਸੇ ਜੈਨ ਸਾਧਵੀ ਦਾ ਉਸ ਦੀ ਗੈਰ ਹਾਜਰੀ ਵਿਚ ਰਾਸ਼ਟਰਪਤੀ ਸਨਮਾਨ ਕਰੇ । ਇਹ ਸਭ ਆਪ ਦੀ ਮਹਾਨਤਾ ਦਾ ਪ੍ਰਤੀਕ ਹਨ ।

ਗੁਰੂਣੀ ਜੀ ਗਰੀਬਾਂ, ਦੁਖੀਆਂ ਦੇ ਮਸੀਹਾ ਹਨ । ਹਰ ਸਮੇਂ ਪਰਉਪਕਾਰ ਵਿਚ ਜੁਟੇ ਰਹਿੰਦੇ ਹਨ । ਆਪਨੂੰ ਕਿਸੇ ਵੀ ਤਰ੍ਹਾਂ ਦੇ ਨਾਂ ਜਾਂ ਪਦਵੀ ਦੀ ਭੁੱਖ ਨਹੀਂ । ਆਪ ਵਿਰਕਤ ਆਤਮਾ ਹਨ । ਆਪ ਦਾ ਜ਼ਾਤ ਪਾਤ, ਛੂਆ ਛਾਤ, ਉਚ-ਨੀਚ, ਦਹੇਜ ਪ੍ਰਥਾ, ਨਸ਼ੇਵਾਜੀ ਮਾਸਾਹਾਰ ਦੇ ਸਖਤ ਵਿਰੁੱਧ ਹਨ । ਉਨ੍ਹਾਂ ਦਾ ਜੀਵਨ ਭਗਵਾਨ ਮਹਾਵੀਰ ਦੇ ਸਿਧਾਤਾਂ ਅਨੁਸਾਰ ਅਹਿੰਸਾ, ਜੈਨ ਧਰਮ ਅਤੇ ਸਾਹਿਤ ਨੂੰ ਸਮਰਪਿਤ ਹੈ । ਆਪ ਖੁਦ ਪੜਦੇ ਹਨ, ਆਪਣੇ ਚੇਲੇਆਂ ਨੂੰ ਅਤੇ ਹੋਰ ਜਗਿਆਸਾਵਾਂ ਨੂੰ ਗਿਆਨ ਦੇਣ ਵਿੱਚ ਤੱਤਪਰ ਰਹਿੰਦੇ ਹਨ ।

ਹੁਣ ਵੀ **ਭਗਵਾਨ ਮਹਾਵੀਰ** ਪੁਸਤਕ ਦਾ ਸਾਰਾ ਖਰਚ ਆਪ ਦੇ ਪਰਮ ਭਗਤ ਲਾਲਾ ਸੁਸ਼ੀਲ ਕੁਮਾਰ ਜੈਨ ਪ੍ਰਧਾਨ ਐਸ. ਐਸ. ਜੈਨ ਸਭਾ ਕਰੋਲ ਬਾਗ ਨੇ ਆਪਣੀ ਪੂਜਣ ਯੋਗ ਮਾਤਾ ਲਾਜਵੰਤੀ ਦੀ ਯਾਦ ਵਿੱਚ ਕੀਤਾ ਹੈ । ਗੁਰੂਣੀ ਜੀ ਦਾ ਆਸ਼ੀਰਵਾਦ ਅਗੇ ਵੀ ਸਾਡੇ ਸਿਰ ਤੇ ਰਹੇ ।

**ਇਸ ਸ਼ੁਭ ਕਾਮਨਾ ਨਾਲ**

10-11-1992

**ਸ਼ੁਭਚਿੰਤਕ**

ਜੈਨ ਭਵਨ
ਮਾਲੇਰਕੋਟਲਾ

**ਰਵਿੰਦਰ ਜੈਨ**
**ਪੁਰਸ਼ੋਤਮ ਜੈਨ**

# ਪੰਜਾਬੀ ਜੈਨ ਸਾਹਿਤ ਦੇ ਪਹਿਲੇ ਲੇਖਕ
# ਰਵਿੰਦਰ ਜੈਨ ਪੁਰਸ਼ੋਤਮ ਜੈਨ
# ਵਾਰੇ ਸੰਖੇਪ ਜਾਣਕਾਰੀ

ਸ੍ਰੀ ਪੁਰਸ਼ੋਤਮ ਜੈਨ ਅਤੇ ਸ੍ਰੀ ਰਵਿੰਦਰ ਜੈਨ ਨੂੰ ਮੈਂ ਪਿਛਲੇ 15-16 ਸਾਲਾਂ ਤੋਂ ਜਾਣਦਾ ਹਾਂ । ਜੈਨ ਸਾਹਿੱਤ ਦੀ ਕਿਸੇ ਪੁਸਤਕ ਵਿਚ ਇਨ੍ਹਾਂ ਦਾ ਲੇਖਕ-ਪ੍ਰੀਚੇ ਲਿਖਣ ਵਿਚ ਮੈਨੂੰ ਹਾਰਦਿਕ ਖੁਸ਼ੀ ਵੀ ਮਹਿਸੂਸ ਹੋ ਰਹੀ ਹੈ ਅਤੇ ਇਕ ਝਿਜਕ ਵੀ । ਖੁਸ਼ੀ ਇਸ ਕਰਕੇ ਕਿ ਮੈਨੂੰ ਇਨ੍ਹਾਂ ਲੇਖਕਾਂ ਦੁਆਰਾ ਕੀਤੀ ਜੈਨ ਧਰਮ ਅਤੇ ਸਾਹਿਤ ਦੀ ਸੇਵਾ ਨੂੰ ਪੇਸ਼ ਕਰਨ ਅਤੇ ਉਸ ਦੀ ਦਾਦ ਦੇਣ ਦਾ ਅਵਸਰ ਮਿਲਿਆ ਹੈ । ਝਿਜਕ ਇਸ ਗੱਲ ਦੀ ਹੈ ਕਿ ਇਹ ਦੋਵੇਂ ਹੀ ਜੈਨ ਧਰਮ ਅਤੇ ਸਾਹਿੱਤ ਦੇ ਖੇਤਰ ਵਿਚ ਕਿਸੇ ਪ੍ਰੀਚੇ ਦੇ ਮੁਹਤਾਜ ਨਹੀਂ ।

ਇਨ੍ਹਾਂ ਦੋਨਾਂ ਧਰਮ-ਭਰਾਵਾਂ ਨੇ ਰਲ ਕੇ ਪਿਛਲੇ 20 ਵਰਿਆਂ ਵਿਚ ਜਿੰਨੀ ਸੇਵਾ ਜੈਨ ਧਰਮ ਅਤੇ ਜੈਨ ਸਾਹਿਤ ਦੀ ਕੀਤੀ ਹੈ ਹੋਰ ਕਿਸੇ ਵਿਅਕਤੀ ਨੇ ਸ਼ਾਇਦ ਹੀ ਕੀਤੀ ਹੋਵੇ । ਖਾਸ ਤੌਰ ਤੇ, ਪੰਜਾਬੀ ਭਾਸ਼ਾ ਵਿਚ ਜੈਨ ਧਰਮ ਅਤੇ ਸਾਹਿਤ ਤੇ ਕੰਮ ਕਰਨ ਦਾ ਸਾਰਾ ਸ਼੍ਰੇਅ ਇਨ੍ਹਾਂ ਲੇਖਕਾਂ ਨੂੰ ਹੀ ਜਾਂਦਾ ਹੈ, ਹਾਲੇ ਤੀਕ ਹੋਰ ਕਿਸੇ ਲੇਖਕ ਨੇ ਜੈਨ ਧਰਮ ਜਾਂ ਸਾਹਿਤ ਬਾਰੇ ਪੰਜਾਬੀ ਵਿਚ ਕੋਈ ਵਰਣਨ-ਯੋਗ ਕੰਮ ਨਹੀਂ ਕੀਤਾ । ਦੋ ਲੇਖਕਾਂ ਦਾ ਇਨ੍ਹਾਂ ਲੰਮਾ ਅਰਸਾ ਰਲ ਕੇ ਕੰਮ ਕਰਦੇ ਰਹਿਣਾ ਵੀ ਆਪਣੇ ਆਪ ਵਿਚ ਇਕ ਲਾ-ਜਵਾਬ ਮਿਸਾਲ ਹੈ । ਸ਼ਾਇਦ ਇਨ੍ਹਾਂ ਦੇ ਆਪਸੀ ਪਿਆਰ ਅਤੇ ਇੰਨੀ ਲੰਮੀ ਵਿਚਾਰ ਸਾਂਝ ਦੇ ਨਾਲ ਨਾਲ ਦੋਹਾਂ ਦਾ ਜੀਵਨ-ਉਦੇਸ਼ ਇਕ ਹੋਣ ਕਰਕੇ ਹੀ ਇਨ੍ਹਾਂ ਨੂੰ ਸਾਹਿਤਕ ਅਤੇ ਸਮਾਜਕ ਹਲਕਿਆਂ ਵਿਚ ' ਹੰਸਾਂ ਦੀ ਜੋੜੀ ', ' ਇਕ ਰੂਹ ' ' ਇੱਕ ਪ੍ਰਾਣ ਦੋ ਸ਼ਰੀਰ ', ਆਦਿ ਵਿਸ਼ੇਸ਼ਤਾਵਾਂ ਨਾਲ ਜਾਣਿਆਂ ਜਾਂਦਾ ਹੈ ।

ਸ੍ਰੀ ਪੁਰਸ਼ੋਤਮ ਜੈਨ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਨਗਰ ਧੂਰੀ ਵਿਖੇ 10 ਨਵੰਬਰ 1946 ਨੂੰ ਸ੍ਰੀ ਸਵਰੂਪ ਚੰਦ ਜੈਨ ਜੀ ਅਤੇ ਸ੍ਰ ਮਤੀ ਮਾਤਾ ਲਕਸ਼ਮੀ ਜੀ ਦੇਵੀ ਦੇ ਘਰ ਹੋਇਆ । ਧਰਮ-ਯੁਕਤ ਪਰਿਵਾਰਕ ਮਾਹੌਲ ਨੇ ਆਪ ਨੂੰ ਬਚਪਨ ਤੋਂ ਹੀ ਡੂੰਘੀ ਧਾਰਮਿਕ ਸੰਗਤ ਵਿਚ ਰੰਗ ਦਿੱਤਾ। ਮਾਂ-ਬਾਪ ਅਤੇ ਸੰਤਾਂ-ਸਾਧਵੀਆਂ ਦੇ ਉਪਦੇਸ਼ਾਂ ਅਤੇ ਸਿਖਿਆਵਾਂ ਨੇ ਆਪ ਦੇ ਮਨ ਨੂੰ ਮਾਯਾ-ਯੁਕਤ ਹੋਣ ਤੋਂ ਬਚਾ ਕੇ ਭਗਵਾਨ ਮਹਾਵੀਰ ਅਤੇ ਜੈਨ ਧਰਮ ਦੀਆਂ ਸਿਖਿਆਵਾਂ ਵੱਲ ਆਕਰਸ਼ਿਤ ਕੀਤਾ । ਮੁੱਢ ਤੋਂ ਹੀ ਆਪ ਹਰ ਪ੍ਰਕਾਰ ਦੀ ਹਿੰਸਾ ਦੇ ਵਿਰੁੱਧ ਹਨ, ਅਤੇ ਅਹਿੰਸਾ ਅਤੇ ਧਾਰਮਿਕ ਮਾਮਲਿਆਂ ਵਿਚ ਵਧੇਰੇ ਧਿਆਨ ਦਿੰਦੇ ਹਨ। ਇਸ ਤਰ੍ਹਾਂ ਕਈ ਸੰਤਾਂ-ਸਾਧਵੀਆਂ ਦੀ ਸੰਗਤ ਤੋਂ ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਨਾਲ ਨਾਲ ਆਪ ਵਿਵਹਾਰਕ ਵਿਦਿਆ ਵੀ ਪ੍ਰਾਪਤ ਕਰਦੇ ਰਹੇ । ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1968 ਈ. ਵਿਚ ਬੀ.ਏ. ਦੀ ਡਿਗਰੀ ਪ੍ਰਾਪਤ

ਕੀਤੀ । ਜੈਨ ਧਰਮ ਅਤੇ ਹੋਰ ਧਰਮਾਂ ਦੇ ਅਧਿਐਨ ਦੀ ਰੁਚੀ ਨੇ ਆਪ ਨੂੰ ਬੀ.ਏ. ਧਰਮ ਦਾ ਐਡੀਸ਼ਨਲ ਪਰਚਾ ਦੇਣ ਲਈ ਪ੍ਰੇਰਿਤ ਕੀਤਾ ਜਿਹੜਾ ਆਪ ਨੇ 1976 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਾਸ ਕੀਤਾ ।

ਸ੍ਰੀ ਪੁਰਸ਼ੋਤਮ ਜੈਨ ਦਾ ਸ੍ਰੀ ਰਵਿੰਦਰ ਜੈਨ ਨਾਲ ਮੇਲ 31 ਮਾਰਚ 1969 ਨੂੰ ਮਾਲੇਰਕੋਟਲਾ ਵਿਖੇ ਹੋਇਆ ਜਿਥੇ ਆਪ ਨੌਕਰੀ ਕਰਦੇ ਸਨ ਅਤੇ ਜਿਹੜਾ ਸ੍ਰੀ ਰਵਿੰਦਰ ਜੈਨ ਦਾ ਜਨਮ ਸਥਾਨ ਸੀ । ਇਹ ਮੁਲਾਕਾਤ ਇਕ ਅਜਿਹੇ ਰਿਸ਼ਤੇ ਵਿਚ ਤਬਦੀਲ ਹੋ ਗਈ । ਜਿਸ ਦੇ ਨਤੀਜੇ ਵਜੋਂ ਅੱਜ ਸਾਨੂੰ ਇਨ੍ਹਾਂ ਵਲੋਂ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਨਾਲ ਸਬੰਧਿਤ 15 ਅਨੁਵਾਦਿਤ ਅਤੇ 25 ਮੂਲ ਪੁਸਤਕਾਂ ਮਿਲ ਸਕੀਆਂ ਹਨ । ਜਿਸ ਤਰ੍ਹਾਂ ਦਾ ਸਮਰਪਤ ਅਤੇ ਸਵਾਰਥ-ਰਹਿਤ ਜੀਵਨ ਇਹ ਦੋਨੋਂ ' ਭਰਾ ' ਜੀ ਰਹੇ ਹਨ ਉਸ ਤੋਂ ਆਸ ਰਖੀ ਜਾ ਸਕਦੀ ਹੈ ਕਿ ਇਹ ਜੈਨ ਧਰਮ ਅਤੇ ਸਾਹਿੱਤ ਦੀ ਨਿਗਰ ਸੇਵਾ ਕਰ ਸਕਣਗੇ ।

ਸ੍ਰੀ ਰਵਿੰਦਰ ਜੈਨ ਦਾ ਜਨਮ 23 ਅਕਤੂਬਰ 1949 ਨੂੰ ਮਾਲੇਰਕੋਟਲਾ ਦੇ ਇਕ ਧਰਮ-ਯੁਕਤ ਪਰਿਵਾਰ ਵਿਚ ਸ੍ਰੀ ਮੋਹਨ ਲਾਲ ਜੈਨ ਅਤੇ ਮਾਤਾ ਸ੍ਰੀਮਤੀ ਬਿਮਲਾ ਦੇਵੀ ਜੈਨ ਦੇ ਘਰ ਹੋਇਆ । ਸ੍ਰੀ ਰਵਿੰਦਰ ਜੈਨ ਨੇ ਆਪਣਾ ਬੀ. ਏ. ਦਾ ਇਮਤਿਹਾਨ 1972 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਾਸ ਕੀਤਾ ਅਤੇ ਉਪਰੰਤ 1976 ਈ ਵਿਚ ਬੀ. ਏ. ਦਾ ਧਰਮ ਦਾ ਐਡੀਸ਼ਨਲ ਪਰਚਾ ਪਾਸ ਕੀਤਾ । ਇਸ ਵਿਵਹਾਰਕ ਵਿਦਿਆ ਦੇ ਨਾਲ ਨਾਲ ਆਪ ਸਦੈਵ ਅਧਿਆਤਮਕ ਪ੍ਰਾਪਤੀ ਵੱਲ ਵੀ ਰੁਚਿਤ ਰਹੇ ਅਤੇ ਕਈ ਜੈਨ ਸੰਤ-ਸਾਧਵੀਆਂ ਦੀ ਸੰਗਤ ਤੋਂ ਭਰਪੂਰ ਲਾਭ ਉਠਾਇਆ ।

ਦੋਵੇਂ ਧਰਮ ਭਰਾ ਅਨੇਕ ਜੈਨ ਤੇ ਪੰਜਾਬੀ ਸੰਸਥਾਵਾਂ ਨਾਲ ਸਬੰਧਿਤ ਹਨ । ਦੋਵਾਂ ਨੂੰ ਪੰਜਾਬੀ ਜੈਨ ਸਾਹਿੱਤ ਦੀ ਪ੍ਰੇਰਨਾ, ਪ੍ਰਸਿਧ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਦਿੱਤੀ ਹੈ ਜੋ ਲਗਾਤਾਰ ਆਪਣੀ ਅਗਵਾਈ ਵਿਚ ਇਹ ਜੈਨ ਸਾਹਿਤ ਰਚਨਾ ਕਰਵਾ ਰਹੇ ਹਨ । ਆਪ ਮਹਾਨ ਵਿਦੁਸ਼ੀ ਸਾਧਵੀ ਹਨ । ਪੰਜਾਬੀ ਵਿਸ਼ਵ ਵਿਦਿਆਲੇ ਦੀ ਜੈਨ ਚੇਅਰ ਨੇ ਆਪ ਦਾ ਜਿਨ ਸ਼ਾਸ਼ਨ ਪ੍ਰਭਾਵਿਕਾ ਪਦ ਨਾਲ ਸਨਮਾਨ ਕੀਤਾ ਸੀ । ਆਪ ਪਹਿਲੀ ਜੈਨ ਸਾਧਵੀ ਸਨ ਜੋ ਅਚਾਰਿਆ ਆਤਮਾ ਰਾਮ ਭਾਸ਼ਨ ਮਾਲਾ ਲਈ ਬੁਲਾਏ ਗਏ ਸਨ ।

ਸ੍ਰੀ ਪੁਰਸ਼ੋਤਮ ਜੈਨ ਅਤੇ ਸ੍ਰੀ ਰਵਿੰਦਰ ਜੈਨ ਦਾ ਸਮੁਚਾ ਜੀਵਨ ਧਰਮ ਹਿੱਤ ਸਮਰਪਿਤ ਹੈ । ਸਾਧਾਰਣ ਵਿਵਹਾਰਕ ਜੀਵਨ ਵਿਚ ਵਿਚਰਦਿਆਂ ਹੋਇਆਂ ਵੀ ਇਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਤੋਂ ਇਸ ਤਰ੍ਹਾਂ ਬਚਾ ਕੇ ਰਖਿਆ ਹੋਇਆ ਹੈ, ਜਿਵੇਂ ਕੰਵਲ ਦਾ ਫੁੱਲ ਚਿੱਕੜ ਤੋਂ ਲੈ ਕੇ ਵੀ ਆਪਣੇ ਆਪ ਨੂੰ ਉਸ ਤੋਂ ਉੱਪਰ ਰਖਦਾ ਹੈ । ਇਨ੍ਹਾਂ ਦਾ ਸੰਤ ਸੁਭਾਅ ਅਤੇ ਸਵਾਰਥ-ਰਹਿਤ ਸਮਰਪਿਤ ਜੀਵਨ ਜੈਨ ਧਰਮ ਵਿਚ, ਖਾਸ ਕਰਕੇ ਅੱਜ ਦੇ ਭੌਤਿਕ ਯੁੱਗ ਵਿਚ, ਸਾਡੇ ਸਾਰਿਆਂ ਲਈ ਇੱਕ ਚਾਨਣ-ਮੁਨਾਰਾ ਅਤੇ ਪ੍ਰੇਰਣਾ ਸਰੋਤ ਹੈ ।

**ਧਰਮ ਸਿੰਘ**

**ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰੇਰਿਕਾ ਦੀ ਕਲਮ ਤੋਂ

## ਜਿਨ ਸ਼ਾਸ਼ਨ ਪ੍ਰਭਾਵਿਕਾ, ਜੈਨ ਜਯੋਤੀ ਉਪਪ੍ਰਵਤਨੀ

# ਮਹਾਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ

ਜੈਨ ਪ੍ਰੰਪਰਾ ਵਿਚ ਤੀਰਥੰਕਰਾਂ ਦੀ ਪ੍ਰੰਪਰਾ ਦਾ ਪ੍ਰਮੁਖ ਸਥਾਨ ਹੈ । ਤੀਰਥੰਕਰ ਦਾ ਅਰਥ ਹੈ " ਧਰਮ ਰੂਪੀ ਤੀਰਥ ਦਾ ਸੰਸਥਾਪਕ " ਭਾਰਤ ਖੰਡ ਵਿਚ 24 ਤੀਰਥੰਕਰ ਪੈਦਾ ਹੁੰਦੇ ਹਨ । ਇਸ ਯੁੱਗ ਦੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਅਤੇ ਅੰਤਮ ਸਨ । ਸ਼੍ਰਮਣ ਭਗਵਾਨ ਮਹਾਵੀਰ । ਜੈਨ ਧਰਮ ਅਤੇ ਸਿਧਾਂਤ ਹਮੇਸ਼ਾਂ ਤੋਂ ਚਲੇ ਆ ਰਹੇ ਹਨ । ਤੀਰਥੰਕਰ ਇਨ੍ਹਾਂ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਦੇ ਹਨ । ਭਗਵਾਨ ਮਹਾਵੀਰ ਨੇ ਵੀ ਆਪਣੇ ਤੋਂ ਪਹਿਲਾਂ ਤੀਰਥੰਕਰਾਂ ਦੀ ਤਰ੍ਹਾਂ ਅਹਿੰਸਾ, ਸੱਚ, ਚੋਰੀ ਨਾ ਕਰਨਾ, ਜਰੂਰਤ ਤੋਂ ਵੱਧ ਵਸਤਾਂ ਦਾ ਸੰਗ੍ਰਹਿ ਨਾ ਕਰਨਾ, ਅਤੇ ਬ੍ਰਹਮਚਰਜ ਆਦਿ ਪੰਜ ਮਹਾਵਰਤ ਅਤੇ ਅਣੂਵਰਤ ਮਨੁੱਖੀ ਜੀਵਾਂ ਦੇ ਕਲਿਆਣ ਲਈ ਫਰਮਾਏ ਹਨ । ਉਨ੍ਹਾਂ ਜੀਵ ਅਜੀਵ ਆਦਿ ਨੌ ਤੱਤਵਾਂ, ਛੇ ਦਰਵਾਂ, ਈਸ਼ਵਰਵਾਦ, ਕਰਮਵਾਦ, ਆਤਮਵਾਦ, ਲੇਸ਼ਿਆ ਅਤੇ ਅਨੇਕਾਂਤ ਵਾਦ ਦੇ ਸਿਧਾਂਤਾਂ ਰਾਹੀਂ ਮਨੁੱਖ ਨੂੰ ਆਤਮਾ ਤੋਂ ਪ੍ਰਮਾਤਮਾ ਬਨਾਉਣਾ ਸਿਖਾਇਆ । ਗਿਆਨ ਦਰਸ਼ਨ, ਚਾਰਿਤਰ ਅਤੇ ਤਪ ਰਾਹੀਂ ਮਨੁੱਖ ਨੂੰ ਸਚੇ ਅਰਿਹੰਤਾਂ ਦਾ ਗਿਆਨ ਤੇ ਸਚੇ ਧਰਮ ਦੀ ਪਛਾਣ 32 ਆਗਮ ਗ੍ਰੰਥਾਂ ਰਾਹੀਂ ਦਸੀ ।

ਭਗਵਾਨ ਮਹਾਵੀਰ ਦਾ ਜੀਵਨ ਅਤੇ ਸਿਧਾਂਤ ਅੱਜ ਕੱਲ ਵੀ ਉਨੇ ਹੀ ਮਹੱਤਵ ਪੂਰਣ ਹਨ, ਜਿਨੇ ਅੱਜ ਤੋਂ 2500 ਸਾਲ ਪਹਿਲਾਂ ਸਨ । ਉਨ੍ਹਾਂ ਜਾਤ-ਪਾਤ, ਛੂਆ ਛੂਤ, ਪਸ਼ੂਵਲੀ ਇਸਤਰੀ ਦੀ ਸਵਤੰਤਰਤਾ ਪ੍ਰਤਿ ਖੁੱਲ ਕੇ ਸ਼ੰਘਰਸ਼ ਕੀਤਾ । ਅੱਜ ਦੀ ਦੁਨੀਆਂ ਵੀ ਭਗਵਾਨ ਮਹਾਵੀਰ ਦੇ ਅਹਿੰਸਾ ਅਤੇ ਅਨੇਕਾਂਤ ਵਾਦ ਦੇ ਸਿਧਾਂਤਾਂ ਤੋਂ ਚੱਲਕੇ ਸੰਸਾਰ ਵਿਚ ਅਮਨ, ਸ਼ਾਂਤੀ, ਬਰਾਵਰੀ ਅਤੇ ਹਥਿਆਰਾਂ ਦੇ ਪੈਦਾ ਹੋ ਰਹੇ ਖਤਰੇ ਤੋਂ ਮੁਕਤ ਹੋ ਸਕਦੀ ਹੈ ।

ਭਗਵਾਨ ਮਹਾਵੀਰ ਦਾ ਚਾਰਿਤਰ, ਉਹਨਾਂ ਦੇ ਸਮੇਂ ਤੋਂ ਲੈ ਕੇ ਅਜ ਤਕ ਭਿੰਨ ਭਿੰਨ ਭਾਸ਼ਾਵਾਂ ਵਿਚ ਛਪਦਾ ਆ ਰਿਹਾ ਹੈ । ਪਰ ਪੰਜਾਬ ਪ੍ਰਦੇਸ਼ ਦੀ ਆਮ ਬੋਲੀ ਪੰਜਾਬੀ ਅਤੇ ਉਸ ਦੀ ਗੁਰਮੁਖੀ ਲਿਪੀ ਵਿਚ ਕਿਸੇ ਵਿਦਵਾਨ ਨੇ ਇਹ ਜੀਵਨ ਤਿਆਰ ਨਹੀਂ ਸੀ ਕੀਤਾ । ਮੇਰੇ ਧਰਮ ਪ੍ਰਚਾਰ ਦਾ ਖੇਤਰ ਪਿੰਡ ਹੀ ਰਹੇ ਹਨ । ਪਿੰਡਾਂ ਵਿਚ ਪੰਜਾਬੀ ਆਮ ਪੜ੍ਹੀ, ਲਿਖੀ ਤੇ ਬੋਲੀ ਜਾਂਦੀ ਹੈ । ਸੰਸਾਰ ਵਿਚ ਕਰੋੜਾਂ ਲੋਕ ਪੰਜਾਬੀ ਬੋਲਦੇ ਤੇ ਸਮਝਦੇ ਹਨ । ਅਜਿਹੀ ਭਾਸ਼ਾ ਵਿਚ ਤੀਰਥੰਕਰ ਭਗਵਾਨ ਮਹਾਵੀਰ ਦਾ ਰੂਪੀ ਸਾਹਿਤ ਤਿਆਰ ਨਾ ਹੋਣਾ ਇਕ ਬਦਕਿਸਮਤੀ ਵਾਲੀ ਹੀ ਗੱਲ ਸੀ । ਪਰ ਸ਼ਾਸ਼ਨਦੇਵ ਦੀ ਕਿਰਪਾ ਨਾਲ

ਮੇਰੀ ਇਸ ਲੰਬੀ ਇਛਾ ਨੂੰ ਸਕਾਰ ਰੂਪ ਦਿਤਾ, ਮੇਰੇ ਸ਼ਿਸ਼ ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਨੇ । ਦੋਹੇਂ ਆਪਸ ਵਿਚ ਧਰਮ ਭਰਾ ਹਨ । ਇਸ ਦੂਸਰੇ ਦੇ ਪ੍ਰਤੀ ਸਮਰਪਿਤ ਹਨ । ਇਹ ਦੋਵੇ ਭਰਾ ਪਚੀਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਕਾ ਸਮਿਤੀ ਪੰਜਾਬ, ਸ੍ਰੀ ਮਹਾਵੀਰ ਨਿਰਵਾਨ ਸ਼ਤਾਵਦੀ ਕਮੇਟੀ ਪੰਜਾਬ ਸਰਕਾਰ, ਜੈਨੋਲਿਜਲ ਰਿਸਰਚ ਕੌਸਲ, ਅਚਾਰਿਆ ਆਤਮ ਰਾਮ ਜੈਨ ਭਾਸ਼ਨ ਮਾਲਾ ਦੇ ਸੰਸਥਾਪਕ ਮੈਂਬਰ ਹਨ ਇਨ੍ਹਾਂ ਦਾ ਸਬੰਧ ਅੰਤਰ ਰਾਸ਼ਟਰੀ ਮਹਾਵੀਰ ਜੈਨ ਮਿਸ਼ਨ, ਵਿਸ਼ਵ ਧਰਮ ਸਮੇਲਨ, ਮਹਾਵੀਰ ਇੰਟਰਨੈਸ਼ਨਲ ਆਦਿ ਸੰਸਥਾਵਾਂ ਨਾਲ ਵੀ ਹੈ ।

ਇਨ੍ਹਾਂ ਦੋਹਾਂ ਦੀ ਮੇਹਨਤ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਜੈਨ ਚੇਅਰ ਦੀ ਸਥਾਪਨਾ ਹੋਈ । ਦੋਵੇਂ ਭਰਾ ਜੈਨ ਏਕਤਾ, ਵਿਸ਼ਵ ਸ਼ਾਂਤੀ ਅਤੇ ਵਿਸ਼ਵ ਧਰਮ ਦੇ ਆਪਸੀ ਮੇਲ ਜੋਲ ਵਿਚ ਵਿਸ਼ਵਾਸ਼ ਰਖਦੇ ਹਨ ।

ਦੋਹੇ ਧਰਮ ਭਰਾ ਦਾ ਖੇਤਰ ਸਿਰਫ ਸੰਸਥਾਵਾਂ ਤੱਕ ਹੀ ਸੀਮਿਤ ਨਹੀਂ ਹੈ ਰਵਿੰਦਰ ਕੁਮਾਰ ਜੈਨ ਸੰਸਾਰ ਵਿਚ ਅਰਧ ਮਾਗਧੀ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਪਹਿਲੇ ਅਨੁਵਾਦਕ ਹਨ । ਇਨ੍ਹਾਂ ਛੇ ਆਗਮ ਗ੍ਰੰਥਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ । ਜਿਨ੍ਹਾਂ ਵਿਚੋਂ ਸੀ ਉਤਰਾਧਿਐਨ ਸੂਤਰ ਅਤੇ ਸ੍ਰੀ ਉਪਾਸਕ ਦਸ਼ਾਂਗ ਸੂਤਰ ਛਪ ਚੁਕੇ ਹਨ । ਇਨ੍ਹਾਂ ਦੋਹਾਂ ਦਾ ਸੰਪਾਦਨ ਪੁਰਸ਼ੋਤਮ ਜੈਨ ਨੇ ਕੀਤਾ ਹੈ ਇਸਤੋਂ ਛੁੱਟ 5-6 ਪੰਜਾਬੀ ਵਿਚ ਛੋਟੀਆਂ ਪੁਸਤਕਾਂ ਛਪੀਆਂ ਹਨ ।

ਹਥਲੀ ਪੁਸਤਕ ਦੇ ਲੇਖਕ ਰਵਿੰਦਰ ਕੁਮਾਰ ਜੈਨ ਅਤੇ ਪੁਰਸ਼ੋਤਮ ਜੈਨ ਦੋਵੇਂ ਧਰਮ ਭਰਾ ਹੀ ਹਨ ।

ਦੂਸਰੇ ਹਿਸੇ ਵਿਚ ਭਗਵਾਨ ਮਹਾਵੀਰ ਦੇ ਕੁਝ ਚੋਣਵੇਂ ਉਪਦੇਸ਼ ਹਨ ।

ਮੈਂ ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਨੂੰ ਆਸ਼ੀਰਵਾਦ ਭੇਜਦੀ ਹਾਂ ਜਿਨ੍ਹਾਂ ਮੇਰੇ ਧਰਮ ਪ੍ਰਭਾਵਨਾ (ਪ੍ਰਚਾਰ) ਦੇ ਕੰਮ ਨੂੰ ਅਗੇ ਵਧਾਉਣ ਲਈ ਆਪਣੇ ਗੁਰੂ (ਮੇਰਾ) ਹੁਕਮ, ਸਿਰ ਮਥੇ ਪ੍ਰਵਾਣ ਚੜਾਇਆ । ਮੈਂ ਇਨਾਂ ਦੋਹੇ ਧਰਮ ਭਰਾਵਾਂ ਦੀ ਜੋੜੀ ਤੇ ਭਵਿੱਖ ਵਿਚ ਅਜਿਹੇ ਮਹਾਨ ਕੰਮਾਂ ਦੀ ਇਛਾ ਕਰਦੀ ਹਾਂ ਜਿਨ੍ਹਾਂ ਨਾਲ ਜੈਨ ਏਕਤਾ ਵਿਸ਼ਵ ਸ਼ਾਂਤੀ ਅਤੇ ਆਪਸੀ ਪਿਆਰ ਵਧਦਾ ਹੋਵੇ, ਕਿਉਕਿ ਮਾਨਵ ਏਕਤਾ ਹੀ ਜੈਨ ਏਕਤਾ ਹੈ।

ਮੈਂ ਉਨ੍ਹਾਂ ਸਾਰੇ ਅਚਾਰਿਆ, ਉਪਾਧਿਆ, ਸਾਧੂਆਂ ਦਾ ਇਸ ਪੁਸਤਕ ਲਈ ਭੇਜੇ ਆਸ਼ੀਰਵਾਦ ਅਤੇ ਸੁਝਾਵਾਂ ਲਈ ਧੰਨਵਾਦ ਕਰਦੀ ਹਾਂ ।

**ਜੈਨ ਸਥਾਨਕ ਵੀਰ ਨਗਰ ਦਿਲੀ**

# ਭੂਮਿਕਾ
# ਭਾਰਤੀ ਸਾਹਿਤ ਵਿਚ ਭਗਵਾਨ ਮਹਾਵੀਰ

– ਪੁਰਸ਼ੋਤਮ ਜੈਨ
– ਰਵਿੰਦਰ ਜੈਨ, ਮਾਲੇਰਕੋਟਲਾ

ਭਾਰਤੀ ਸਾਹਿਤ, ਇਤਿਹਾਸ ਦਰਸ਼ਨ ਅਤੇ ਧਰਮ ਦੀ ਪ੍ਰੰਪਰਾ ਵਿਚ ਜੈਨ ਧਰਮ ਦੀ ਇਕ ਖਾਸ ਜਗ੍ਹਾ ਹੈ । ਪ੍ਰਾਚੀਨ ਵੇਦ, ਪੁਰਾਣਾਂ ਅਤੇ ਬੁੱਧ ਸਾਹਿਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਜੈਨ ਧਰਮਾਂ ਦੇ ਤੀਰਥੰਕਰਾਂ ਸਾਧੂਆਂ ਦਾ ਜਿਕਰ ਜਰੂਰ ਆਇਆ ਹੈ ।

ਜੈਨ ਧਰਮ ਦੁਨੀਆਂ ਦਾ ਸਭ ਤੋਂ ਪੁਰਾਣਾ ਧਰਮ ਹੈ । ਜਿਸ ਦੇ ਆਪਣੇ ਸਿਧਾਂਤ ਲੰਬੇ ਸਮੇਂ ਤੋਂ ਇਸ ਦੇਸ਼ ਦੇ ਲੋਕਾਂ ਨੂੰ ਆਪਣੇ ਵੱਲ ਹਮੇਸ਼ਾਂ ਖਿਚਦੇ ਰਹੇ ਹਨ । ਜੈਨ ਰਾਜਿਆਂ, ਮੰਤਰੀਆਂ ਦੀ ਭਾਰਤੀ ਇਤਿਹਾਸ ਵਿਚ ਖਾਸ ਜਗ੍ਹਾ ਹੈ । ਇਨ੍ਹਾਂ ਵਿਚ ਬਿੰਬਸਾਰ ਸ਼੍ਰੇਣਿਕ, ਕੋਣਿਕ, ਚੰਦਰਗੁਪਤ, ਬਿਦੂਸਾਰ, ਕੋਣਾਲ, ਸੰਪਰਪਤਿ, ਖਾਰਵੇਲ ਅਤੇ ਕੁਮਾਰ ਪਾਲ ਦੇ ਨਾਂ ਵਰਨਣ ਯੋਗ ਹਨ । ਜਿਨ੍ਹਾਂ ਜੈਨ ਪਰੰਪਰਾਵਾਂ ਨੂੰ ਲੰਬੇ ਸਮੇਂ ਤਕ ਵਧਣ ਫੁਲਣ ਦਾ ਅਵਸਰ ਦਿਤਾ । ਇਨ੍ਹਾਂ ਰਾਜਿਆ, ਮੰਤਰੀਆਂ ਤੋਂ ਛੁੱਟ ਹਜ਼ਾਰਾਂ ਅਚਾਰਿਆ, ਉਪਾਧਿਆਵਾਂ ਅਤੇ ਸਾਧੂਆਂ ਨੇ ਜੈਨ ਸਾਹਿਤ ਦੇ ਨਿਰਮਾਣ ਵਿਚ ਆਪਣਾ ਹਿਸਾ ਪਾਇਆ ਹੈ । ਇਸ ਕਾਰਨ ਹੀ ਭਾਰਤ ਦੇ ਹਰ ਖੇਤਰ ਵਿਚ ਜੈਨ ਪੁਰਾਤਤਵ ਦੇ ਮੰਦਰ, ਮੂਰਤੀਆਂ ਅਤੇ ਗ੍ਰੰਥ ਭੰਡਾਰ ਮਿਲਦੇ ਹਨ ।

ਜੈਨ ਤੀਰਥੰਕਰ ਅਤੇ ਅਚਾਰਿਆ ਸ਼ੁਰੂ ਤੋਂ ਹੀ ਆਪਣੇ ਧਰਮ ਪ੍ਰਚਾਰ ਦਾ ਮਾਧਿਅਮ ਆਮ ਲੋਕਾਂ ਦੀ ਭਾਸ਼ਾ ਜਿਹੀ ਹੈ । ਇਹੋ ਕਾਰਣ ਹੈ ਕਿ ਅੱਜ ਜੈਨ ਸਾਹਿਤ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਤੋਂ ਛੁੱਟ ਰਾਜਸਥਾਨੀ, ਗੁਜਰਾਤੀ, ਮਰਾਠੀ, ਕੰਨੜ, ਤੇਲਗੂ, ਅਪਭ੍ਰੰਸ਼ ਵਿਚ ਭਾਰੀ ਮਾਤਰਾ ਵਿਚ ਮਿਲਦਾ ਹੈ । ਅਪਭ੍ਰੰਸ਼, ਕੰਨੜ ਅਤੇ ਹਿੰਦੀ ਭਾਸ਼ਾਵਾਂ ਦੇ ਤਾਂ ਜੈਨ ਅਚਾਰੀਆ ਜਨਮਦਾਤਾ ਹੀ ਮੰਨੇ ਜਾਂਦੇ ਹਨ ।

ਜੈਨ ਧਰਮ ਅਨੁਸਾਰ ਜੈਨ ਧਰਮ ਹਮੇਸ਼ਾਂ ਰਹਿਣ ਵਾਲਾ ਧਰਮ ਹੈ । ਧਰਤੀ ਦੇ ਕਿਸੇ ਨ ਕਿਸੇ ਹਿਸੇ ਵਿਚ ਧਰਮ ਅਵਤਾਰ (ਤੀਰਥੰਕਰ) ਜਰੂਰ ਘੁੰਮਦੇ ਹਨ । ਅਸੀਂ ਜਿਸ ਖੇਤਰ ਵਿਚ ਰਹਿੰਦੇ ਤਾਂ ਉਸਨੂੰ ਜੰਬੂ ਦੀਪ ਦਾ ਭਰਤ ਖੇਤਰ ਆਖਦੇ ਹਨ । ਧਰਮ ਦੇ ਢਿਲਾ ਪੈਣ ਤੇ 24 ਤੀਰਥੰਕਰ (ਧਰਮ ਸੰਸਥਾਪਕ) ਜਨਮ ਲੈਂਦੇ ਹਨ । ਇਸ ਯੁਗ ਦੀ ਕੜੀ ਦੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਸਨ ਅਤੇ ਆਖਰੀ ਭਗਵਾਨ ਮਹਾਵੀਰ।

ਸਾਡਾ ਮੁੱਖ ਵਿਸ਼ਾ ਭਗਵਾਨ ਮਹਾਵੀਰ ਬਾਰੇ ਭਾਰਤੀ ਸਾਹਿਤ ਬਾਰੇ ਜਾਣਕਾਰੀ ਹਾਸਲ ਕਰਨਾ ਹੈ । ਅਸੀਂ ਇਸ ਲੇਖ ਵਿਚ ਜੈਨ ਧਰਮ ਵਿਚ ਭਗਵਾਨ ਮਹਾਵੀਰ, ਬੁੱਧ ਧਰਮ ਵਿਚ ਭਗਵਾਨ ਮਹਾਵੀਰ ਸਬੰਧੀ, ਮਹਾਤਮਾ ਬੁੱਧ ਅਤੇ ਮਹਾਵੀਰ ਦੇ ਮੁੱਖ ਅੰਤਰ

ਮਹਾਵੀਰ ਬਾਰੇ ਲਿਖੇ ਮੁਖ ਜੈਨ, ਅਜੈਨ ਸਾਹਿਤ; ਭਗਵਾਨ ਮਹਾਵੀਰ ਦਾ ਵੈਦਿਕ ਸਾਹਿਤ ਵਿਚ ਜ਼ਿਕਰ ਨਾ ਆਉਣ ਦੇ ਕਾਰਨਾ ਦੀ ਚਰਚਾ ਕਰਾਂਗੇ ।

## ਜੈਨ ਧਰਮ ਵਿਚ ਭਗਵਾਨ ਮਹਾਵੀਰ

ਜੈਨ ਪਰੰਪਰਾ ਵਿਚ ਇਸ ਸ਼ਬਦ ਦਾ ਖਾਸ ਮਹੱਤਵ ਹੈ । ਤੀਰਥ ਦੋ ਪ੍ਰਕਾਰ ਦਾ ਹੈ । ਇਕ ਸਥਾਵਰ ਅਤੇ ਦੂਸਰਾ ਜੰਗਮ । ਸਥਾਵਰ ਤੀਰਥ ਉਸ ਸ਼ਹਿਰ ਨੂੰ ਆਖਦੇ ਹਨ ਜਿਥੇ ਤੀਰਥੰਕਰਾਂ ਦੇ 5 ਕਲਿਆਨਕਾਂ ਨਾਲ ਸਬੰਧਤ ਕੋਈ ਘਟਨਾ ਹੋਈ ਹੋਵੇ । ਜੰਗਮ ਤੀਰਥ ਵੀ ਦੋ ਪ੍ਰਕਾਰ ਦਾ ਹੈ (1) ਸਾਧੂ ਸਾਧਵੀ ਧਰਮ (2) ਸ਼੍ਰਾਵਕ (ਉਪਾਸਕ) ਸ਼੍ਰਾਵਿਕਾ (ਉਪਾਸਿਕਾ) ਧਰਮ । ਤੀਰਥੰਕਰ ਦੂਸਰੇ ਪ੍ਰਕਾਰ ਦੇ ਧਰਮ ਤੀਰਥ ਦੀ ਸਥਾਪਨਾ ਕਰਦੇ ਹਨ ।

ਸਭ ਤੀਰਥੰਕਰਾਂ ਦਾ ਧਰਮ ਉਪਦੇਸ਼ ਇਕ ਹੀ ਹੁੰਦਾ ਹੈ । ਪਰ ਇਕ ਤੀਰਥੰਕਰ ਦੇ ਕਾਫੀ ਸਮਾਂ ਪੂਰਾ ਹੋਣ ਤੇ ਜਦ ਇਹੋ ਉਪਦੇਸ਼ ਢਿਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਤਾਂ ਭਰਤ ਖੰਡ ਵਿੱਚ 24 ਤੀਰਥੰਕਰ ਜਨਮ ਲੈਂਦੇ ਹਨ । ਪਰ ਮਹਾ ਵਿਦੇਹ ਖੇਤਰ ਵਿਚ 20 ਤੀਰਥੰਕਰ ਹਮੇਸ਼ਾਂ ਵਿਚਰਦੇ ਰਹਿੰਦੇ ਹਨ । ਜਿਆਦਾ ਤੋਂ ਜਿਆਦਾ ਇਕ ਸਮੇਂ ਭਰਤ ਆਦਿ ਸਭ ਮਹਾਵਿਦੇਹ ਖੇਤਰਾਂ ਵਿਚ 10 ਤੀਰਥੰਕਰ ਵਿਚਰ ਸਕਦੇ ਹਨ । ਇਕ ਖੇਤਰ ਇਕ ਸਮੇਂ ਵਿਚ ਦੋ ਤੀਰਥੰਕਰ ਇਕਠੇ ਨਹੀਂ ਘੁੰਮਦੇ ।

ਜੈਨ ਧਰਮ ਦੀ ਤੀਰਥੰਕਰ ਪਰੰਪਰਾ ਦਾ ਅਸਰ ਵੈਦਿਕ ਅਤੇ ਬੁਧ ਧਰਮ ਤੇ ਬਹੁਤ ਪਿਆ ਹੈ । ਜਿਸ ਦੇ ਸਿਟੇ ਵਜੋਂ ਵੈਦਿਕ ਪਰੰਪਰਾ ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਅਤੇ ਮਹਾਤਮ ਬੁਧ ਨੂੰ ਵਿਸ਼ਨੂੰ ਭਗਵਾਨ ਦਾ ਅਵਤਾਰ ਮੰਨਦੀ ਹੈ ।

## ਅਵਤਾਰ ਅਤੇ ਤੀਰਥੰਕਰ–

ਵੇਖਣ ਨੂੰ ਅਵਤਾਰਾਂ ਅਤੇ ਤੀਰਥੰਕਰਾਂ ਵਿਚ ਕੋਈ ਫਰਕ ਨਜਰ ਨਹੀਂ ਆਉਂਦਾ ਕਿਉਂਕਿ ਤੀਰਥੰਕਰਾਂ ਦੀ ਤਰ੍ਹਾਂ ਅਵਤਾਰਾਂ ਦਾ ਕੰਮ ਵੀ ਅਧਰਮ ਦਾ ਖਾਤਮਾ ਕਰਕੇ ਧਰਮ ਦੀ ਸਥਾਪਨਾ ਕਰਨਾ ਹੈ । ਅਵਤਾਰ ਦਾ ਪੈਦਾ ਹੋਣਾ, ਲੀਲਾ ਵਿਖਾਉਣਾ ਨਿਸ਼ਚਿਤ ਹੈ । ਤੀਰਥੰਕਰਾਂ ਦਾ ਖੇਤਰ ਸਿਰਫ ਅਧਿਆਤਮਿਕ ਹੈ ।

ਜੈਨ ਧਰਮ ਦੇ ਤੀਰਥੰਕਰ ਆਮ ਮਨੁੱਖਾਂ ਵਾਲੇ ਪਿਛਲੇ ਜਨਮ ਵਿਚ, ਤੀਰਥੰਕਰ ਗੋਤਰ ਦੀਆਂ 16 ਜਾਂ 20 ਢੰਗਾਂ ਦੀ ਉਪਾਸਨਾ ਕਰਦੇ ਹਨ, ਅਤੇ ਇਨ੍ਹਾਂ ਬੋਲਾ ਦੇ ਸਿਟੇ ਵਜੋਂ ਉਨ੍ਹਾਂ ਨੂੰ ਤੀਰਥੰਕਰ ਗੋਤਰ ਦੀ ਪ੍ਰਾਪਤੀ ਹੁੰਦੀ ਹੈ । ਤੀਰਥੰਕਰ ਬਚਪਨ ਤੋਂ ਤਿੰਨ ਗਿਆਨ ਦੇ ਧਾਰਣੀ ਹੁੰਦੇ ਹਨ । ਤੀਰਥੰਕਰਾਂ ਦੇ ਗਰਭ ਪ੍ਰਵੇਸ਼, ਜਨਮ, ਦੀਖਿਆ, ਕੇਵਲ ਗਿਆਨ ਤੇ ਨਿਰਵਾਨ ਸਮੇ ਦੇਵਤੇ ਜਸ਼ਨ ਮਨਾਉਂਦੇ ਹਨ । ਜੈਨ ਧਰਮ ਅਵਤਾਰ ਵਾਦ ਵਿਚ ਵਿਸ਼ਵਾਸ਼ ਨਹੀਂ ਰੱਖਦਾ । ਤੀਰਥੰਕਰ ਕਿਸੇ ਤੀਰਥੰਕਰ ਜਾਂ ਦੇਵਤਾ ਦਾ ਅਵਤਾਰ ਨਹੀਂ ਹੁੰਦੇ, ਸਗੋਂ ਆਪਣੀ ਧਿਆਨ ਸਾਧਨਾ ਨਾਲ ਇਹ ਪਦ ਪ੍ਰਾਪਤ ਕਰਦੇ ਹਨ ।

ਵੈਦਿਕ ਪ੍ਰੰਪਰਾ ਵਿਚ ਵੇਦਾਂ ਵਿਚ ਪੁਰਾਤਨ ਕਾਲ ਤੋਂ ਦੇਵਤਿਆਂ ਦੀ ਉਪਾਸਨਾ ਹੁੰਦੀ ਆਈ ਹੈ । ਪੁਰਾਣਾ ਵਿਚ ਬ੍ਰਹਮਾਂ, ਵਿਸ਼ਨੂੰ ਅਤੇ ਸ਼ਿਵ ਦੇ ਅਵਤਾਰਾਂ ਦੀ ਚਰਚਾ ਅਸੀਂ ਸੰਖੇਪ ਰੂਪ ਵਿਚ ਕਰਾਂਗੇ ।

ਪੁਰਾਣਕਾਰਾਂ ਦੇ ਦੇਵਤੇ ਸਿਧੇ ਧਰਤੀ ਤੇ ਪਾਪਾਂ ਦਾ ਨਾਸ਼ ਕਰਨ ਲਈ ਹੁੰਦੇ ਹਨ। ਇਹ ਦੇਵਤੇ ਜਰੂਰੀ ਨਹੀਂ ਕਿ ਮਨੁੱਖ ਦੇ ਰੂਪ ਵਿਚ ਜਨਮ ਲੈਣ । ਇਨ੍ਹਾਂ ਦੇਵਤਿਆਂ ਦਾ ਇਕੋ ਇਕ ਮੁੱਖ ਉਦੇਸ਼ ਆਪਣੇ ਭਗਤਾਂ ਦੀ ਰਖਿਆ ਕਰਨਾ ਹੈ ।

ਭਗਵਤ ਪੁਰਾਣ ਵਿਚ ਭਗਵਾਨ ਦੇ ਅਸੰਖ ਅਵਤਾਰ ਵਿਚ ਆਖੇ ਗਏ ਹਨ । ਇਨ੍ਹਾਂ ਅਵਤਾਰਾਂ ਦੀ ਗਿਣਤੀ ਵਿਚ 16, 22, 24 ਨੂੰ ਪ੍ਰਮੁਖ ਮੰਨਿਆ ਗਿਆ ਹੈ । ਦਸਮ ਸਕੰਧ 22 ਅਵਤਾਰਾਂ ਦੇ ਨਾਂ ਗਿਣਾਏ ਗਏ ਹਨ । ਪਰ ਇਹ 24 ਦੀ ਸੂਚੀ 39 ਤੱਕ ਪਹੁੰਚ ਗਈ ਹੈ । ਇਨ੍ਹਾਂ ਨੂੰ ਵਿਭਵ ਕਿਹਾ ਗਿਆ ਹੈ । 39 ਵਿਭਵ ਦੇ ਨਾਂ ਦੀ ਸੂਚੀ ਇਸ ਪ੍ਰਕਾਰ ਹੈ ।

(1) ਪਦਮ ਨਾਭ (2) ਧਰੂਵ (3) ਅਨੰਤ (4) ਸ਼ਕਤਆ ਤਮਨ (5) ਮਧੂਸੂਧਨ, (6) ਵਿਦਿਆ ਦੇਵ (7) ਕਪਿਲ (8) ਵਿਸ਼ਵਰੂਪ (9) ਵਿਹਙਮ (10) ਕਰੋਧਆਤਮਾ (11) ਵਾੜਵਾ ਯਤਰ (12) ਧਰਮ (13) ਵਾਰਸ਼ਿਵਰ (14) ਏਕਾਰਣ ਵਸਾਈ (15) ਕਮੈਠਸਵਰ (16) ਵਰਾਹ (17) ਨਰਸਿੰਹ (18) ਪੀਉਸ਼ਾਰਨ (19) ਸ਼੍ਰੀਪਤੀ, (20) ਕਾਂਤਾ ਆਤਮ (21) ਰਾਹੂ ਜੀਤ (22) ਕਾਲਨੋ ਮਿਹਨ (23) ਪਾਰਿਜਾਤਹਰ (24) ਲੋਕਨਾਥ (25) ਸ਼ਾਂਤ ਆਤਮਾ (26) ਦਤਾਤਰੇਯ (27) ਨਯੋਗਰ ਸ਼ਾਈ (28) ਏਕ ਸ਼ਿਗਤਨ (29) ਵਾਸਨਦੇਵ (30) ਤਿਰਿਵਿਕਰਮ (31) ਨਰ (32) ਹਰੀ (33) ਕਿਸਨ (34) ਪਰਸ਼ਰਾਮ (35) ਪਰਸ਼ਰਾਮ (36) ਰਾਮ (37) ਦੇਵਿਵਿਧ (38) ਕਲਕੀ (39) ਪਾਤਾਲ ਸ਼ਯਨ ।

ਭੰਡਾਰ ਕਰਨ ਵਿਚ ਹਦ ਸਮਿਰਤੀ 10/5/145 ਵਿਚ 24 ਵਿਭਵ ਦੇ ਨਾਂ ਇਸ ਪ੍ਰਕਾਰ ਹਨ ।

(1) ਕੇਸ਼ਵ (2) ਨਾਰਾਯਣ (3) ਮਾਧਵ (4) ਗੋਵਿੰਦ (5) ਵਿਸ਼ਨੂੰ (6) ਮਧੂ ਸੂਧਨ (7) ਤਰਿਵਿਕਰਮ (8) ਵਾਮਨ (9) ਸ਼੍ਰੀਧਰ (10) ਹਰੀਕੇਸ (11) ਪਦਮਨਾਭ (12) ਦਾਮੋਦਰ (13) ਸੰਕਰਸਣ (14) ਵਾਸੂ ਦੇਵ (15) ਪਰਦੁਮਨ (16) ਅਨਿਰੁਧ (17) ਪੁਰਸ਼ੋਤਮ (18) ਅਧੋਕਸਜ (19) ਨਰਸਿਹ (20) ਅਛੂਤ (21) ਜਨਾਰਧਨ (22) ਉਪਦੇਸ (23) ਹਰੀ (24) ਸ੍ਰੀ ਕਿਸ਼ਨ ।

ਜੈਨ ਤੀਰਥੰਕਰਾਂ ਦੀ ਪ੍ਰੰਪਰਾ ਦੀ ਤਰ੍ਹਾਂ ਬੁੱਧ ਪ੍ਰੰਪਰਾ ਵਿਚ ਵੀ 24 ਬੁਧਾਂ ਦੀ ਪ੍ਰੰਪਰਾ ਮਿਲਦੀ ਹੈ । ਇਸ ਪ੍ਰਕਾਰ ਜੈਨ ਤੀਰਥੰਕਰ ਪ੍ਰੰਪਰਾ ਦਾ ਸਿਧਾ ਜਾਂ ਅਸਿਧਾ ਅਸਰ ਬੁਧ ਤੇ ਵੈਦਿਕ ਪ੍ਰੰਪਰਾ ਉਪਰ ਪਿਆ ਹੈ ।

ਜੈਨ ਪ੍ਰੰਪਰਾ ਵਿਚ ਵੈਦਿਕ ਪਰੰਪਰਾ ਦੀ ਤਰ੍ਹਾਂ ਅਵਤਾਰਾਂ ਦੀ ਗਿਣਤੀ ਵਾਰੇ ਮਤਭੇਦ ਨਹੀਂ । ਜੈਨ ਧਰਮ ਅਨੁਸਾਰ ਜੈਨ ਪਰੰਪਰਾ ਸਦੀਵੀ ਸ਼ਾਸ਼ਵ੍ਤ ਹੈ । ਬੁੱਧ ਪ੍ਰੰਪਰਾ ਵਿਚ ਅਵਤਾਰਵਾਦ ਦੀ ਪ੍ਰੰਪਰਾ ਬਹੁਤ ਪਿਛੋਂ ਆਈ ਹੈ ।

ਜੈਨ ਪ੍ਰੰਪਰਾ ਦਾ ਮੁੱਖ ਆਧਾਰ ਆਤਮਾਵਾਦ, ਜੀਵ ਅਜੀਵ, ਪਾਪ, ਪੁੰਨ, ਸ਼ੰਵਰ ਨਿਰਜਰਾ, ਆਸਰਵ, ਬੰਧ, ਮੋਕਸ਼, ਛੇ ਲੇਸ਼ਿਆ ਕਰਮਵਾਦ ਅਨੇਕਾਂਤਵਾਦ ਅਤੇ ਈਸ਼ਵਰ ਵਾਦ ਦੇ ਸਿਧਾਂਤ ਹਨ । ਜੈਨ ਤੀਰਥੰਕਰ ਅਰਧ ਮਾਗਧੀ ਭਾਸ਼ਾ ਵਿਚ ਉਪਦੇਸ਼ ਕਰਦੇ ਹਨ। ਤੀਰਥੰਕਰਾਂ ਦੇ ਉਪਦੇਸ਼ ਨੂੰ ਉਨ੍ਹਾਂ ਦੇ ਪ੍ਰਮੁਖ ਚੇਲੇ ਗਣਧਰ ਸੂਤਰ ਰੂਪ ਵਿਚ ਸੰਗ੍ਰਹਿ ਕਰਦੇ ਹਨ । ਇਹੋ ਪ੍ਰੰਪਰਾ ਹੁਣ ਤੱਕ ਚਲੀ ਆ ਰਹੀ ਹੈ ।

## ਜੈਨ ਸਾਹਿਤ ਵਿਚ ਭਗਵਾਨ ਮਹਾਵੀਰ

ਭਗਵਾਨ ਮਹਾਵੀਰ ਭਾਰਤੀ ਇਤਿਹਾਸ ਦੇ ਸੁਨਿਹਰੀ ਤੇ ਸਰਵਪਖੀ ਸ਼ਖ਼ਸ਼ੀਅਤ ਦੇ ਮਾਲਕ ਸਨ । ਉਨ੍ਹਾਂ ਦਾ ਜਨਮ ਵੈਸ਼ਾਲੀ ਜਿਹੇ ਗਣਤੰਤਰ ਵਿਚ ਹੋਇਆ । ਸਾਰਾ ਸ਼ਾਹੀ ਘਰਾਣਾ ਉਨ੍ਹਾਂ ਨੂੰ ਪਿਆਰ ਕਰਦੀ ਸੀ । ਉਸਦੇ ਬਾਵਜੂਦ ਉਨ੍ਹਾਂ ਸੰਸਾਰ ਦੇ ਹਿੱਤ ਅਤੇ ਕਲਿਆਣ ਲਈ ਆਪਣਾ ਸਭ ਕੁਝ ਤਿਆਗ ਜੰਗਲ ਦਾ ਰਾਹ ਲਿਆ । ਉਨ੍ਹਾਂ 30 ਸਾਲ ਦੀ ਭਰਪੂਰ ਜਵਾਨੀ ਵਿਚ ਪਰਿਵਾਰਕ ਮੋਹ ਜੰਜਾਲ ਛੱਡ ਕੇ ਆਤਮਾ ਨੂੰ ਜਾਨਣ ਦੀ ਕੋਸ਼ਿਸ਼ ਕੀਤੀ । 30 ਸਾਲ ਦੁਨੀਆਂ ਨੂੰ ਅਸਲੀ ਜੀਵਨ ਜਿਉਣ ਦਾ ਉਪਦੇਸ਼ ਦੇਣ ਤੋਂ ਬਾਅਦ ਉਨ੍ਹਾਂ 72 ਸਾਲ ਦੀ ਉਮਰ ਵਿਚ ਆਪਣੀ ਆਤਮਾ ਦਾ ਅੰਤਮ ਉਪਦੇਸ਼ ਨਿਰਵਾਨ ਹਾਸਲ ਕੀਤਾ । ਜਿਸ ਲਈ ਉਨ੍ਹਾਂ ਅਨੰਤਾਂ ਜਨਮਾਂ ਤੋਂ ਯਾਤਰਾ ਸ਼ੁਰੂ ਕੀਤੀ ਸੀ ।

ਭਗਵਾਨ ਮਹਾਵੀਰ ਦਾ ਜੀਵਨ ਪੁਰਾਤਨ ਕਾਲ ਤੋਂ ਹੁਣ ਤੱਕ ਲਿਖਿਆ ਜਾਂਦਾ ਰਿਹਾ ਹੈ । ਅਸੀਂ ਆਪਣੀਆਂ ਮੁਸ਼ਕਲਾਂ ਦਾ ਜਿਕਰ ਕਰਨ ਤੋਂ ਪਹਿਲਾਂ ਅੱਜ ਤੱਕ ਭਿੰਨ ਭਿੰਨ ਭਾਰਤੀ ਭਾਸ਼ਾਵਾਂ ਵਿਚ ਲਿਖੇ ਕੁਝ ਪ੍ਰਮੁਖ ਜੀਵਨ ਚਾਰਿਤਰ ਦੀ ਜਾਣਕਾਰੀ ਹੇਠ ਲਿਖੇ ਚਾਰਟ ਰਾਹੀਂ ਕਰਵਾਵਾਂਗੇ ।

| | ਨਾਂ ਪੁਸਤਕ | ਲੇਖਕ ਦਾ ਨਾਮ | ਭਾਸ਼ਾ | ਸਮਾਂ |
|---|---|---|---|---|
| 1. | ਅਚਾਰੰਗ ਸੂਤਰ | ਭਗਵਾਨ ਸੁਧਰਮਾ ਸਵਾਮੀ | ਅਰਧ ਮਾਗਧੀ | 5-6 ਸਦੀ ਈ. ਪੂ. |
| 2. | ਅਚਾਰੰਗ ਸੂਤਰ ਦਾ ਦਿਵਿਤਆ ਸਕੰਧ | ਉਹੀ | ਉਹੀ | ਉਹੀ |
| 3, | ਸੂਤਰ ਕ੍ਰਿਤਾਂਗ | ਉਹੀ | ਉਹੀ | |
| 4. | ਸਥਾਨਾਂਗ | ਉਹੀ | ਉਹੀ | ਉਹੀ |
| 5. | ਸਮਾਵਾਯਾਗ | ਉਹੀ | ਉਹੀ | ਉਹੀ |
| 6. | ਭਗਵਤੀ ਸੂਤਰ | ਉਹੀ | ਉਹੀ | ਉਹੀ |
| 7. | ਗਿਆਤਾ ਧਰਮ ਕਥਾਂਗ | ਉਹੀ | ਉਹੀ | ਉਹੀ |
| 8. | ਉਪਾਸਕ ਦਸ਼ਾਂਗ | ਉਹੀ | ਉਹੀ | ਉਹੀ |
| 9. | ਅੰਤਕ੍ਰਿਤਦਸ਼ਾ | ਉਹੀ | ਉਹੀ | ਉਹੀ |
| 10. | ਅਣੁਤਰੋ ਪਾਤੀਕ | ਉਹੀ | ਉਹੀ | ਉਹੀ |
| 11. | ਵਿਪਾਕ ਸੂਤਰ | ਉਹੀ | ਉਹੀ | ਉਹੀ |
| 12. | ਔਪਪਾਤਿਕ ਸੂਤਰ | ਉਹੀ | ਉਹੀ | ਉਹੀ |

| | | | | |
|---|---|---|---|---|
| 13. | ਨਿਰਵਾਲੀਆ ਸੂਤਰ | ਉਹੀ | ਉਹੀ | ਉਹੀ |
| 14. | ਰਾਜਪ੍ਰਸੀਨਆ ਸੂਤਰ | ਉਹੀ | ਉਹੀ | ਉਹੀ |
| 15. | ਕਲਪਾਵੰਤ ਸਿਕਾ ਸੂਤਰ | ਉਹੀ | ਉਹੀ | ਉਹੀ |
| 16. | ਪੁਸ਼ਪਿਕਾ ਸੂਤਰ | ਉਹੀ | ਉਹੀ | ਉਹੀ |
| 17. | ਸ਼੍ਰੀ ਉਤਰਾਧਿਐਨ ਸੂਤਰ | ਉਹੀ | ਉਹੀ | ਉਹੀ |
| 18. | ਨੰਦੀ ਸੂਤਰ | ਉਹੀ | ਉਹੀ | ਉਹੀ |
| 19. | ਦਸ਼ਾਸ਼ਰੁਤ ਸਕੰਧ | ਉਹੀ | ਉਹੀ | ਉਹੀ |

ਉਪਰੋਕਤ ਜੈਨ ਸਾਹਿਤ ਭਗਵਾਨ ਦੇ ਸਮੇਂ ਦਾ ਹੈ ਅਤੇ ਉਨ੍ਹਾਂ ਦੇ ਪ੍ਰਮੁਖ ਗਣਧਰ ਸਵਾਮੀ ਰਾਹੀਂ ਇਕਠਾ ਕੀਤਾ ਗਿਆ ਹੈ ਇਸ ਸਾਹਿਤ ਵਿਚ ਭਗਵਾਨ ਮਹਾਵੀਰ ਦਾ ਸੰਖੇਪ ਵਰਨਣ ਉਨ੍ਹਾਂ ਦੇ ਜੀਵਨ ਕਾਲ ਸਬੰਧਤ ਘਟਨਾਵਾਂ ਪ੍ਰਮੁਖ ਚੇਲਿਆਂ ਦਾ ਵਰਨਣ, ਦਾਰਸ਼ਨਿਕ ਚਰਚਾਵਾਂ ਅਤੇ ਸਿਧਾਂਤ ਮਿਲਦੇ ਹਨ। ਇਸ ਤੋਂ ਬਾਅਦ ਅਚਾਰਿਆ ਭੱਦਰਵਾਹੁ (ਪਹਿਲੇ) ਰਾਹੀਂ ਰਚੇ ਕਲਪ ਸੂਤਰ ਦਾ ਵਰਨਣ ਕਰਨਾ ਜਰੂਰੀ ਹੈ।

## ਨਿਰਯੁਕਤੀ ਸਾਹਿਤ

ਇਸਤੋਂ ਬਾਅਦ ਨਿਰਯੁਕਤੀ ਸਾਹਿਤ ਦਾ ਸਥਾਨ ਹੈ। ਇਸ ਸਾਹਿਤ ਵਿਚ ਉਪਰੋਕਤ ਆਗਮ ਸਾਹਿਤ ਤੋਂ ਛੁੱਟ ਕਾਫੀ ਕੁਝ ਹੋਰ ਵਿਸਥਾਰ ਨਾਲ ਮਿਲਦਾ ਹੈ। ਪ੍ਰਮੁਖ ਨਿਰਯੁਕਤੀ ਕਾਰ ਅਚਾਰਿਆ ਭਦਰਵਾਹੂ ਦਾ ਸਮਾਂ ਵਿਕਰਮ ਸੰਮਤ 500-600 ਦੇ ਵਿਚਕਾਰ ਹੈ। ਆਵਸ਼ਯਕ ਸਾਹਿਤ ਵਿਚ ਪਹਿਲਾ ਸਥਾਨ ਆਵਸ਼ਯਕ ਨਿਰਯੁਕਤੀ ਦਾ ਹੈ। ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਦੇ ਪਿਛਲੇ 27 ਜਨਮਾਂ, ਸੁਪਨੇ, ਕੇਵਲ ਗਿਆਨ, ਅਨੇਕਾਂ ਥਾਵਾਂ ਤੇ ਘੁੰਮਣ ਦਾ ਵਰਨਣ ਹੈ। ਇਸਤੋਂ ਛੁੱਟ ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਦੇ ਇੰਦਰਭੂਤੀ ਆਦਿ 11 ਗਣਧਰਾਂ ਦਾ ਵਰਨਣ ਅਤੇ ਉਨ੍ਹਾਂ ਦੀ ਭਗਵਾਨ ਮਹਾਵੀਰ ਨਾਲ ਪਹਿਲੀ ਭੇਂਟ ਸਮੇਂ ਹੋਈ ਦਾਰਸ਼ਨਿਕ ਚਰਚਾ ਦਾ ਵਿਸਥਾਰ ਨਾਲ ਵਰਨਣ ਆਇਆ ਹੈ।

ਇਸ ਨਿਰਯੁਕਤੀ ਉਪਰ 14 ਸ਼ਤਾਵਦੀ ਤੱਕ ਹੇਠ ਲਿਖਿਆਂ ਅਚਾਰਿਆ ਨੇ ਸੰਸਕ੍ਰਿਤ ਟੀਕਾ ਲਿਖੀਆਂ ਹਨ। ਉਨ੍ਹਾਂ ਅਚਾਰਿਆ ਦੇ ਨਾਂ ਇਸ ਪ੍ਰਕਾਰ ਹਨ :

| | ਪੁਸਤਕ ਦਾ ਨਾਂ | ਲੇਖਕ |
|---|---|---|
| 22. | ਮਲੇਗਿਰੀ ਵਿਰਤੀ | ਅਚਾਰਿਆ ਮਲੈਗਿਰੀ |
| 23. | ਹਰੀ ਭਦਰ ਵਿਰਤੀ | ਅਚਾਰਿਆ ਹਰੀਭਦਰ ਸੂਰੀ ਜੀ ਮਹਾਰਾਜ |
| 24. | ਪ੍ਰਦੇਸ਼ ਵਿਆਖਿਆ | ਮਲਧਾਰੀ ਅਚਾਰਿਆ ਸ੍ਰੀ ਹੇਮ ਚੰਦ ਜੀ ਮ. |
| 25. | ਵਿਸ਼ੇਸ਼ਕ ਆਵਸ਼ਕ ਭਾਸ਼ਯ | ਜਿਨਚੰਦਰ ਜੀ ਮਹਾਰਾਜ |
| 26. | ਟੀਕਾ | ਮਲਧਾਰੀ ਅਚਾਰਿਆ ਸ੍ਰੀ ਹੇਮ ਚੰਦਰ ਜੀ ਮ. |
| 27. | ਆਵਸ਼ਕ ਨਿਰਯੁਕਤੀ ਦੀਪਿਕਾ | ਵਿਜੇਦਾਨ ਸੂਰੀ ਜੀ ਮਹਾਰਾਜ |
| 28. | ਵਿਸ਼ੇਸ਼ਕ ਆਵਸ਼ਕ ਭਾਸ਼ਯ ਵਿਵਰਨ | ਕੋਟਾ ਅਚਾਰਿਆ ਜੀ |
| 29. | ਚੂਰਣੀ | ਜਿਨਦਾਸ ਗਣਿ ਮਹਿਤਰ |
| 30. | ਵਿਸ਼ੇਸ਼ਕ ਆਵਸ਼ਕ ਭਾਸ਼ਯ | ਜਿਨਚੰਦਰ ਜੀ |
| 31. | ਸਵੋਪਗਿਆ ਵਿਰਤੀ | |

ਇਨ੍ਹਾਂ ਸਭ ਵਿਰਤੀਆਂ ਵਿਚ ਮਹਾਵੀਰ ਜੀਵਨ ਚਾਰਿਤਰ ਵਿਸ਼ਾਲਤਾ ਨਾਲ ਆਇਆ ਹੈ।

## ਚੁਰਣੀ ਸਾਹਿਤ

ਚੁਰਣੀ ਸਾਹਿਤ ਦੀ ਭਾਸ਼ਾ ਸੰਸਕ੍ਰਿਤੀ ਅਤੇ ਪ੍ਰਾਕ੍ਰਿਤ ਮਿਲੀ ਜੁਲੀ ਹੈ । ਆਵਸ਼ਕ ਚੁਰਣੀ ਵਿਚ ਭਗਵਾਨ ਮਹਾਵੀਰ ਦੇ ਤਪਸਿਆ ਕਾਲ ਅਤੇ ਕਸ਼ਟਾਂ ਦਾ ਬਹੁਤ ਸੁੰਦਰ ਅਤੇ ਸਪਸ਼ਟ ਵਰਨਣ ਹੈ ।

## ਪ੍ਰਾਕ੍ਰਿਤ ਸਾਹਿਤ

| | ਪੁਸਤਕ ਦਾ ਨਾਂ | ਲੇਖਕ ਦਾ ਨਾਂ | ਸਮਾਂ |
|---|---|---|---|
| 32. | ਚਉਪਨ ਮਹਾਪੁਰਸ਼ ਚਰਿਅਮ | ਸ਼ੀਲਾਕਅਚਾਰਿਆ | ਵਿਕਰਮ ਸੰਬਤ 868 |
| 33 | ਮਹਾਵੀਰ ਚਰਿਐ | ਨੇਮੀਚੰਦ ਸੂਰੀ | " 1141 |
| 34 | ਮਹਾਵੀਰ ਚਰਿਐ | ਗੁਣਚੰਦਰ ਸੂਰੀ | " 1139 |
| 35 | ਤਿਲੋਏ ਪਣਤੀ | | |

## ਸੰਸਕ੍ਰਿਤ ਸਾਹਿਤ

| | ਪੁਸਤਕ ਦਾ ਨਾਂ | ਲੇਖਕ ਦਾ ਨਾਂ | ਸਮਾਂ |
|---|---|---|---|
| 36 | ਤਰੇਸ਼ਟ ਸੁਲਾਕਾ ਪੁਰਸ਼ ਚਾਰਿਤਰ | ਕਲਿਕਾਲ ਸਰਵੱਗ ਅਚਾਰਿਆ ਸ੍ਰੀ ਹੇਮ ਚੰਦ ਜੀ ਮਹਾਰਾਜ | ਵਿਕਰਮ ਸੰਮਤ 1126-1129 |
| 27. | ਲਘੁ ਤਰੇਸ਼ਟ ਸ਼ਲਾਕਾ ਪੁਰਸ਼ ਚਾਰਿਤਰ | ਸੋਮ ਪ੍ਰਭਾ ਅਚਾਰਿਆ | |
| 38. | ਲਘੁ ਤਰੇਸ਼ਟ ਸ਼ਲਾਕਾ ਪੁਰਸ਼ ਚਾਰਿਤਰ | ਮਹਾਮਹਿਮ ਉਪਾਧਿਆ ਮੇਘ ਵਿਜੇ ਗਣੀ | |
| 39. | ਤਰੇਸਟ ਸਮਰਿਤੀ ਸਾਸਤਰ | ਪੰਡਤ ਆਸ਼ਾਧਰ | ਦਸਵੀਂ ਸਦੀ |
| 40. | ਮਹਾਪੁਰਾਣ ਚਰਿਤ | ਮੇਰਤੂੰਗ | |
| 41. | ਪੁਰਾਣ ਸਾਰ ਸੰਗ੍ਰਹਿ | ਅਗਿਆਤ | ਅਗਿਆਤ |
| 42. | ਰਾਏਮਲ ਅਭੋਦਿਆ | ਪਦਮਸੁੰਦਰ | 1615 |
| 43. | ਚਤੁਰਵਿਸ਼ੰਤੀ ਜਿਨਚਰਿਤਰ | ਅਮਰਚੰਦ | |
| 44. | ਵੀਰੋਦਯਕਾਵਯ | ਮੁਨੀ ਗਿਆਨ ਸਾਗਰ | 20 ਸਦੀ |
| 45. | ਉਤਰਪੁਰਾਣ | ਅਚਾਰਿਆ ਗੁਣਭਦਰ | |
| 46. | ਵਰਧਮਾਨ ਚਰਿਤਮ | ਮਹਾਕਵਿ ਅਸਗ | ਸੰਨ 1910 |
| 47. | ਵੀਰ ਵਰਧਮਾਨ ਚਰਿਤ | ਭਟਾਰਕ ਸਕਲਕੀਰਤੀ | 15 ਸਦੀ |

## ਅਪਭਰੰਸ਼ ਭਾਸ਼ਾ

ਅਪਭਰੰਸ਼ ਭਾਸ਼ਾ ਪੁਰਾਣੀ ਪ੍ਰਾਕਿਤ ਅਤੇ ਅਜਦੀ ਹਿੰਦੀ ਵਿਚਕਾਰ ਪੁਲ ਦਾ ਕੰਮ ਕਰਦੀ ਹੈ ਇਹ ਭਾਸ਼ਾ ਹਿੰਦੀ ਦੀ ਮਾਂ ਹੈ । ਇਹ ਭਾਸ਼ਾ ਪ੍ਰਮੁਖ ਰੂਪ ਵਿਚ ਜੈਨ ਅਚਾਰਿਆ

ਦੀ ਭਾਸ਼ਾ ਰਹੀ ਹੈ । ਕੁਝ ਸਿੱਧ ਸਾਹਿਤ ਨੂੰ ਛੱਡ ਕੇ ਬਾਕੀ ਅਜੈਨ ਸਾਹਿਤ ਇਸ ਭਾਸ਼ਾ ਵਿਚ ਨਹੀਂ ਮਿਲਦਾ ।

| | ਪੁਸਤਕ ਦਾ ਨਾਂ | ਸਮਾਂ | ਲੇਖਕ ਦਾ ਨਾਂ |
|---|---|---|---|
| 48. | ਤ੍ਰਿਸ਼ਟ ਮਹਾਪੁਰੀਸ਼ ਗੁਣਾ ਅਲੰਕਾਰ ਮਹਾਪੁਰਾਣ | ਵਿਕਰਮ 9-10 ਸਦੀ | ਅਚਾਰਿਆ ਪੁਸ਼ਪਮਿਤਰ |
| 49. | ਵਡਮਾਣ ਕਹਾ | ਵਿਕਰਮ ਸੰਬਤ 1545 | ਜੈ ਮਿਤਰ |
| 50. | ਵਡਮਾਣ ਕਹਾ | ਵਿਕਰਮ ਸੰਬਤ 1512 | ਅਭੈ ਦੇਵ ਸੂਰੀ |
| 51. | ਮਹਾਵੀਰ ਚਰਿਤ | | ਪੁਸ਼ਪਦੰਤ |
| 52. | ਮਹਾਵੀਰ ਚਰਿਤ | | ਮਹਾਕਵਿ ਰਈਧੂ |
| 53. | ਵਡਮਾਣ ਕਹਾ | ਸ: 1512 | ਕਵਿ ਨਰਸ਼ੈਣ |
| 54. | ਵਡਮਾਣ ਚਰਿਤ | | ਸ਼੍ਰੀਧਰਮ ਕਵਿ |

## ਰਾਜਸਥਾਨੀ ਸਾਹਿਤ

| | ਪੁਸਤਕ ਦਾ ਨਾਂ | ਸਮਾਂ | ਲੇਖਕ ਦਾ ਨਾਂ |
|---|---|---|---|
| 55. | ਮਹਾਵੀਰ ਰਾਸ | ਕਵਿ ਕੁਮਦ ਚੰਦਰ | |
| 56. | ਵਰਧਮਾਨ ਪੁਰਾਣ | ਕਵਿ ਨਵਲਸਾਰ | |
| 57. | ਮਹਾਵੀਰ ਨੋ ਰਾਸ | ਸੰਵਤ 1609 | ਪਦਮ ਕਵਿ |
| 58. | ਵਰਧਮਾਨ ਰਾਸ | ਸੰਵਤ 1665 | ਵਰਧਮਾਨ ਕਵਿ |
| 59. | ਵਰਧਮਾਨ ਪੁਰਾਣ | ਸੰਵਤ 1691 | ਨਵਲ ਰਾਏ |
| 60. | ਵਰਧਮਾਨ ਚਰਿਤ | | ਕੇਸਰੀ ਸਿੰਘ |
| 61. | ਵਰਧਮਾਨ ਸੁਚਨੀਕਾ | | ਕਵਿ ਬੁਧਜਨ |
| 62. | ਮਹਾਵੀਰ ਪੁਰਾਣ | | ਮਨੁਮੁਖ ਸਾਗਰ |
| 63. | ਮਹਾਵੀਰ ਦੀ ਬਿਨਤੀ | | ਭਟਾਰਕ ਸੁਕਚੰਦਰ |
| 64. | ਮਹਾਵੀਰ ਛੰਦ | | ਭਟਾਰਕ ਸੁਭਚੰਦਰ |

ਰਾਜਸਥਾਨੀ ਵਿਚ ਅਨੇਕਾਂ ਹੀ ਕਵਿਆਂ ਨੇ ਭਗਵਾਨ ਮਹਾਵੀਰ ਦਾ ਚਾਰਿਤਰ ਲਿਖਿਆ ਹੈ । ਇਸ ਦਾ ਪ੍ਰਮੁਖ ਕਾਰਣ ਇਹ ਹੈ ਕਿ ਇਥੇ ਅਨੇਕਾਂ ਹੀ ਸੰਤ ਮਹਾਤਮਾ ਪੈਦਾ ਹੋਏ ਹਨ । ਜਿਨ੍ਹਾਂ ਆਪਣੀ ਮਾਤ ਭਾਸ਼ ਰਾਹੀਂ ਭਗਵਾਨ ਮਹਾਵੀਰ ਦੇ ਜੀਵਨ ਤੇ ਉਪਦੇਸ਼ ਦਾ ਪ੍ਰਚਾਰ ਕੀਤਾ ।

## ਆਧੁਨਿਕ ਸਾਹਿਤ

ਪ੍ਰਾਕ੍ਰਿਤ, ਅਪਭਰੰਸ਼ ਅਤੇ ਸੰਸਕ੍ਰਿਤ ਅਤੇ ਰਾਜਸਥਾਨੀ ਤੋਂ ਛੁੱਟ ਹੋਰ ਭਾਸ਼ਾ ਵਿਚ ਭਗਵਾਨ ਮਹਾਵੀਰ ਦਾ ਜੀਵਨ ਚਰਿੱਭਰ ਲਿਖਿਆ ਗਿਆ ਹੈ । ਉਪਰ ਕੁਝ ਪ੍ਰਮੁਖ ਗ੍ਰੰਥਾਂ ਦੇ ਨਾਵਾਂ ਦਾ ਜਿਕਰ ਕੀਤਾ ਹੈ । ਉਜ ਭਗਵਾਨ ਮਹਾਵੀਰ ਦੇ ਅੰਗਰੇਜੀ, ਹਿੰਦੀ ਅਤੇ

ਗੁਜਰਾਤੀ ਜੀਵਨ ਚਾਰਿਤਰ ਦੀ ਗਿਣਤੀ, ਇਸ ਛੋਟੇ ਜਿਹੇ ਗ੍ਰੰਥ ਵਿਚ ਕਰਨੀ ਅਸੰਭਵ ਹੈ। ਭਗਵਾਨ ਮਹਾਵੀਰ ਦੇ 25ਵੇਂ ਨਿਰਵਾਨ ਮਹੋਤਸਵ ਤੇ ਦੇਸ਼ੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਭਗਵਾਨ ਮਹਾਵੀਰ ਦੇ ਜੀਵਨ ਚਰਿਤਰਾਂ ਦੀ ਜਾਣਕਾਰੀ ਪੇਸ਼ ਕਰਨੀ ਜਰੂਰੀ ਹੈ ।

| ਲੜੀ ਨੰ. | ਪੁਸਤਕ ਦਾ ਨਾ | ਲੇਖਕ ਦਾ ਨਾਂ | ਭਾਸ਼ਾ | ਸਮਾਂ |
|---|---|---|---|---|
| 1. | ਸ੍ਰੀ ਮਹਾਵੀਰ ਸਵਾਮੀ ਚਰਿਤਰ | ਵਕੀਲ ਨੰਦ ਲਾਲ ਲਲੂ ਭਾਈ | ਗੁਜਰਾਤੀ | ਵਿਕਰਮੀ ਸੰਬਤ 1925 |
| 2. | ਮਹਾਵੀਰ ਕਥਾ | ਗੋਪਾਲ ਦਾਸ ਜੀਵਾ ਭਾਈ ਪਟੇਲ | ਗੁਜਰਾਤੀ | 1941 |
| 3. | ਭਗਵਾਨ ਮਹਾਵੀਰ | ਚੰਦਰ ਰਾਜ ਭੰਡਾਰੀ | ਹਿੰਦੀ | 1941 |
| 4. | ਸ੍ਰੀ ਮਹਾਵੀਰ ਚਾਰਿਤਰ | ਸ੍ਰੀ ਹਰਸ਼ਚੰਦਰ ਮੁਨੀ | ਗੁਜਰਾਤੀ | 1929 |
| 5. | ਸ੍ਰੀ ਵਰਧਮਾਨ ਚਾਰਿਤਰ | ਮੁਨੀ ਸ੍ਰੀ ਗਿਆਨ ਚੰਦਰ | ਹਿੰਦੀ | — |
| 6. | ਭਗਵਾਨ ਮਹਾਵੀਰ ਕਾ ਆਦਰਸ਼ ਜੀਵਨ | ਮੁਨੀ ਸ੍ਰੀ ਚੌਥ ਮਲ ਜੀ ਮਹਾਰਾਜ | ਹਿੰਦੀ | — |
| 7. | ਸ਼੍ਰਮਣ ਭਗਵਾਨ ਮਹਾਵੀਰ | ਗਣੀ ਕਲਿਆਣ ਵਿਜੇ | ਹਿੰਦੀ | — |
| 8. | ਤੀਰਥੰਕਰ ਵਰਧਮਾਨ | ਸ੍ਰੀ ਚੰਦ ਰਾਮਪੁਰੀਆ | ਹਿੰਦੀ | — |
| 9. | ਤੀਰਥੰਕਰ ਮਹਾਵੀਰ ਭਾਗ 1-2 | ਅਚਾਰਿਆ ਵਿਜੇਂਦਰ ਸੂਰੀ | ਹਿੰਦੀ | — |
| 10. | ਆਗਮ ਔਰ ਤਰਿਪਿਟਕ ਏਕ ਅਣਸ਼ੀਲਣ (12) | ਡਾ. ਮੁਨੀ ਨਗਰਾਜ ਜੀ | ਹਿੰਦੀ | — |
| 11. | ਜੈਨ ਧਰਮ ਦਾ ਮੌਲਿਕ ਇਤਿਹਾਸ | ਅਚਾਰਿਆ ਸ੍ਰੀ ਹਸਤੀ | ਹਿੰਦੀ | — |
| 12. | ਸਨਮਤਿ ਮਹਾਵੀਰ | ਸ੍ਰੀ ਸੁਰੇਸ਼ ਮੁਨੀ ਜੀ | ਹਿੰਦੀ | — |
| 13. | ਮਹਾਵੀਰ ਸਿਧਾਂਤ ਔਰ ਉਪਦੇਸ਼ | ਉਪਾਧਿਆ ਸ੍ਰੀ ਅਮਰ ਮੁਨੀ | ਹਿੰਦੀ | — |
| 14. | ਵਿਸ਼ਵ ਜਯੋਤੀ ਮਹਾਵੀਰ | ਉਹੀ | | ਉਹੀ |
| 15. | ਚਾਰ ਤੀਰਥੰਕਰ | ਪੰਡਤ ਸੁਖਲਾਲ ਸੰਘਵੀ | ਹਿੰਦੀ | — |
| 16. | ਮਹਾਵੀਰ ਬਾਣੀ | ਪੰ. ਵੇਚਰਦਾਸ ਦੋਸ਼ੀ | ਹਿੰਦੀ | — |
| 17. | ਵੈਸ਼ਾਲੀ ਕੇ ਰਾਜਕੁਮਾਰ ਤੀਰਥੰਕਰ ਵਰਧਮਾਨ ਮਹਾਵੀਰ | ਡਾ. ਨੇਮੀ ਚੰਦਰ ਜੈਨ | ਹਿੰਦੀ | — |
| 18. | ਕਾਲਪਨਿਕ ਅਧਿਆਤਮਕ ਮਹਾਵੀਰ | ਅਚਾਰਿਆ ਬੁਧੀ ਸਾਗਰ | ਹਿੰਦੀ | — |
| 19. | ਮਹਾਵੀਰ ਦਾ ਅੰਤਰ ਸਤਲ | ਸਵਾਮੀ ਸਤਿਆ ਦੇਵ | ਹਿੰਦੀ | — |
| 20. | ਮਹਾਵੀਰ ਮੇਰੀ ਦਰਿਸ਼ਟੀ ਮੇਂ | ਅਚਾਰਿਆ ਰਜਨੀਸ਼ | ਹਿੰਦੀ | — |
| 21. | ਮਹਾਵੀਰ ਪਰਿਚੇ ਔਰ ਬਾਣੀ | ਅਚਾਰਿਆ ਰਜਨੀਸ਼ | ਹਿੰਦੀ | — |
| 22. | ਭਗਵਾਨ ਮਹਾਵੀਰ | ਸ੍ਰੀ ਕਾਮਤਾ ਪ੍ਰਸਾਦ ਜੀ | ਹਿੰਦੀ | — |
| 23. | ਨਿਰਗ੍ਰੰਥ ਭਗਵਾਨ ਮਹਾਵੀਰ | ਸ੍ਰੀ ਜੈ ਭਿਕਸ਼ੂ | ਗੁਜਰਾਤੀ | — |
| 24. | ਯੁਗਪੁਰਸ਼ ਮਹਾਵੀਰ | ਸ੍ਰੀ ਸ਼ਰਦ ਕੁਮਾਰ | ਹਿੰਦੀ | — |
| 25. | ਭਗਵਾਨ ਮਹਾਵੀਰ | ਡਾ. ਜਗਦੀਸ਼ ਚੰਦਰ ਜੈਨ | ਹਿੰਦੀ | — |
| 26. | ਜਗਦ ਉਧਾਰਕ ਭਗਵਾਨ | ਅੰਭੈਲਾਲ ਨਾਰਾਯਣ ਜੋਸ਼ੀ | ਹਿੰਦੀ | — |
| 27. | ਕੁੰਡਲ ਪੁਰ ਕੇ ਰਾਜਕੁਮਾਰ | ਜੈ ਪ੍ਰਕਾਸ਼ ਸ਼ਰਮਾ | ਹਿੰਦੀ | — |

| | | | |
|---|---|---|---|
| 28. | ਲਘੁ ਮਹਾਵੀਰ ਕਾ ਜ਼ੀਵਨ | ਮੁਨੀ ਸ੍ਰੀ ਅੰਬਾਲਾਲ ਜੀ | ਗੁਜਰਾਤੀ |
| 29. | ਸ਼੍ਰਮਣ ਮਹਾਵੀਰ | ਯੁਵਾ ਅਚਾਰਿਆ ਸ੍ਰੀ ਨੱਥ ਮਲ ਜੀ ਮਹਾਰਾਜ | ਹਿੰਦੀ |
| 30. | ਵਰਧਮਾਨ (ਮਹਾਕਾਵ) | ਅਣੂਪਕਵਿ | ਹਿੰਦੀ |
| 31. | ਵੀਰਾਯਾਣ (ਮਹਾਕਾਵ) | | |
| 32. | ਗਿਆਤ ਪੁਤਰ ਸ਼੍ਰਮਣ ਭਗਵਾਨ ਮਹਾਵੀਰ | ਪ੍ਰੋਫੈਸਰ ਹੀਰਾਲ ਕਪਾੜਿਆ | ਗੁਜਰਾਤੀ |
| 33. | ਤ੍ਰਿਸ਼ਲਾ ਨੰਦਨ ਮਹਾਵੀਰ | ਰਤਿਲਾਲ ਮਫਾ ਭਾਈ | ਗੁਜਰਾਤੀ |
| 34. | ਸ਼੍ਰੀ ਸ਼੍ਰਮਣ ਭਗਵਾਨ ਮਹਾਵੀਰ ਕਾ ਜੀਵਨ | ਮੁਨੀਸੀ ਮਹਾ ਭਦਰ ਕਰ ਵਿਜੈ | — |
| 35. | ਭਗਵਾਨ ਮਹਾਵੀਰ | ਸ੍ਰੀ ਕਾਂਸ਼ੀ ਰਾਮ ਚਾਵਲਾ | ਉਰਦੂ |
| 36. | ਸ਼੍ਰਮਣ ਭਗਵਾਨ ਮਹਾਵੀਰ (1-8) | ਸ੍ਰੀ ਰਤਨ ਵਿਜੈ ਜੀ ਮਹਾਰਾਜ | ਅੰਗਰੇਜੀ |
| 37. | ਜੈਨ ਆਗਮ | ਡਾ. ਹਰਮਨ ਜੇਕੋਸੀ | ਅੰਗਰੇਜੀ |
| 38. | ਭਗਵਾਨ ਮਹਾਵੀਰ | ਮੁਨੀ ਸ੍ਰੀ ਚੋਥਮਲ ਜੀ ਮ. | ਅੰਗਰੇਜੀ |
| 39. | ਜੈਨ ਧਰਮ | ਅਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ | ਹਿੰਦੀ |
| 40. | ਪੰਚ ਕਲਿਆਣਕ | ਸ੍ਰੀ ਮਨੋਹਰ ਮੁਨੀ ਜੀ ਮਹਾਰਾਜ<br>ਮੁਨੀ ਨੇਮਚੰਦ ਜੀ ਮਹਾਰਾਜ<br>ਉਪਾਧਿਆ ਸ੍ਰੀ ਫੂਲ ਚੰਦ ਜੀ<br>ਤਿਲਕਧਰ ਸ਼ਾਸ਼ਤਰੀ<br>ਮੁਲਖਰਾਜ ਜੈਨ | ਹਿੰਦੀ |
| 41. | ਭਗਵਾਨ ਮਹਾਵੀਰ | ਵਿਮਲ ਕੁਮਾਰ ਜੈਨ 'ਅੰਸੂ' | ਹਿੰਦੀ |
| 42. | ਭਗਵਾਨ ਮਹਾਵੀਰ | ਅਚਾਰਿਆ ਸ੍ਰੀ ਤੁਲਸੀ ਜੀ | ਹਿੰਦੀ |
| 43. | ਭਗਵਾਨ ਮਹਾਵੀਰ ਨੇ ਕਹਾ | ਅਚਾਰਿਆ ਸ੍ਰੀ ਤੁਲਸੀ ਜੀ | ਹਿੰਦੀ |
| 44. | ਮਹਾਵੀਰ ਕੀ ਸਾਧਨਾ ਕਾ ਰਹਸਯ | ਯਵਾ ਅਚਾਰਿਆ ਸ੍ਰੀ ਨੱਥ ਮੱਲ ਜੀ ਮ. | ਹਿੰਦੀ |
| 45. | ਮਹਾਵੀਰ ਕਿਆ ਥੇ | ਯੁਵਾ ਅਚਾ: ਸ੍ਰੀ ਨੱਥਮਲ ਜੀ | ਹਿੰਦੀ |
| 46. | ਭਗਵਾਨ ਮਹਾਵੀਰ ਕੇ ਸਿਧਾਂਤ | ਯੁਵਾ ਅ: ਸ੍ਰੀ ਨੱਥਮਲ ਜੀ | ਹਿੰਦੀ |
| 47. | ਵਿਜਡਿਮ ਆਫ ਲਾਰਡ | ਉਹੀ | ਅੰਗਰੇਜੀ |
| 48. | ਮਹਾਵੀਰ ਕੀ ਸਿਖਿਆ ਏ ਔਰ ਮੇਰੀ ਅਨੁਭੂਤੀਆਂ | ਮੁਨਿ ਛੱਤਰ ਮਲ ਜੀ ਮ. | ਹਿੰਦੀ |
| 49. | ਲਾਰਡ ਮਹਾਵੀਰ ਲਾਈਫ ਐਂਡ ਟੀਚਿੰਗ | ਮੁਨੀ ਦੁਲਹਰਾਜ ਜੀ | ਅੰਗਰੇਜੀ |
| 50. | ਭਗਵਾਨ ਮਹਾਵੀਰ ਕਾ ਅਹਿੰਸਾ ਦਰਸ਼ਨ | ਸਾਧਵੀ ਅਸ਼ੋਕ ਸ੍ਰੀ | ਹਿੰਦੀ |
| 51. | ਮਹਾਵੀਰ ਵਿਅਕਤਿਤਵ | ਸਾਧਵੀ ਕਣਕ ਸ੍ਰੀ | ਹਿੰਦੀ |
| 52. | ਭਗਵਾਨ ਮਹਾਵੀਰ | ਡਾ. ਗੋਕੁਲ ਚੰਦ ਜੈਨ | ਹਿੰਦੀ |
| 53. | ਚੋਵਿਸ ਤੀਰਥੰਕਰ | ਡਾ. ਗੋਕੁਲ ਚੰਦ ਜੈਨ | ਹਿੰਦੀ |
| 54. | ਭਗਵਾਨ ਮਹਾਵੀਰ ਔਰ ਵਿਸ਼ਵ ਸ਼ਾਂਤੀ | ਸ੍ਰੀ ਗਿਆਨ ਮੁਨੀ ਜੀ | ਹਿੰਦੀ |

| | | | | |
|---|---|---|---|---|
| 55. | ਜਿਨ ਬਾਣੀ | ਅਚਾਰਿਆ ਰਜਨੀਸ਼ ਜੀ | ਹਿੰਦੀ | — |
| 56. | ਜਿਨ ਸੂਤਰ | ਅਚਾਰਿਆ ਰਜਨੀਸ਼ ਜੀ | ਹਿੰਦੀ | — |
| 57. | ਭਗਵਾਨ ਮਹਾਵੀਰ | ਅਚਾਰਿਆ ਸ੍ਰੀ ਤੁਲਸੀ ਜੀ | ਹਿੰਦੀ | — |
| 58. | ਅਣੁਤਰ ਯੋਗੀ (ਭਗਵਾਨ ਮਹਾਵੀਰ) (1-3) | ਸ੍ਰੀ ਵੀਰੇਂਦਰ ਕੁਮਾਰ ਜੈਨ | ਹਿੰਦੀ | — |
| 59. | ਭਗਵਾਨ ਮਹਾਵੀਰ | ਸ੍ਰੀ ਮਧੁਕਰ ਮੁਨੀ ਜੀ ਮ. | ਹਿੰਦੀ | — |
| 60. | ਭਗਵਾਨ ਮਹਾਵੀਰ | ਉਪਾਧਿਆਏ ਅਮਰ ਮੁਨੀ ਜੀ ਸ੍ਰੀਚੰਦ ਸੁਰਾਣਾ ਸਸਰ | | |
| 61. | ਭਗਵਾਨ ਮਹਾਵੀਰ | ਕ੍ਰਿਸਨ ਚੰਦ ਵਰਮਾ | ਹਿੰਦੀ | — |
| 62. | ਭਗਵਾਨ ਮਹਾਵੀਰ ਕਾ ਜਨਮ | ਪੰ. ਹੀਰਾ ਲਾਲ ਦੁੱਗੜ | ਹਿੰਦੀ | — |
| 63. | ਕਿਆ ਮਹਾਵੀਰ ਵਿਵਾਹਿਤ ਥੇ | ਪੰ. ਹੀਰਾ ਲਾਲ ਦੁੱਗੜ | ਹਿੰਦੀ | — |

ਉਪਰੋਕਤ ਜੀਵਨ ਚਾਰਿਤਰਾਂ ਵਿਚ ਕੁਝ ਪ੍ਰਮੁਖ ਲੇਖਕਾਂ ਵਲੋਂ ਲਿਖੇ ਗਏ ਜੀਵਨ ਵਰਨਣ ਹਨ ।

## ਜਨਮ ਸਥਾਨ–

ਭਗਵਾਨ ਮਹਾਵੀਰ ਦੇ ਜਨਮ ਸਥਾਨ ਬਾਰੇ ਅੱਜ ਦੇ ਇਤਿਹਾਸਕਾਰਾਂ ਨੂੰ ਕਾਫੀ ਭੁਲੇਖੇ ਹਨ । ਅੱਜ ਕੱਲ ਤਿੰਨ ਸਥਾਨਾਂ ਨੂੰ ਭਗਵਾਨ ਮਹਾਵੀਰ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ । ਸ਼ਵੇਤਾਂਬਰ ਜੈਨ ਪਰੰਪਰਾ ਪੁਰਾਤਨ ਕਾਲ ਤੋਂ ਲਛਵਾੜ (ਜ਼ਿਲਾ ਗਯਾ) ਨੂੰ ਭਗਵਾਨ ਮਹਾਵੀਰ ਦਾ ਜਨਮ ਸਥਾਨ ਮੰਨਦੀ ਹੈ । ਦਿਗੰਬਰ ਜੈਨ ਪਰੰਪਰਾ ਨਾਲੰਦਾ ਦੇ ਨਜ਼ਦੀਕ ਕੁੰਡਲਪੁਰ ਨੂੰ ਭਗਵਾਨ ਮਹਾਵੀਰ ਦਾ ਜਨਮ ਸਥਾਨ ਮੰਨਦੀ ਹੈ, ਪਰ ਅੱਜ ਦੇ ਭਾਰਤੀ ਤੇ ਵਿਦੇਸ਼ੀ ਸਾਰੇ ਇਤਿਹਾਸਕਾਰ ਭਗਵਾਨ ਮਹਾਵੀਰ ਦਾ ਜਨਮ ਸਥਾਨ ਵੈਸ਼ਾਲੀ ਜਿਲਾ ਮੁਜ਼ਫਰਪੁਰ ਨੂੰ ਮੰਨਦੇ ਨਹੀਂ । ਉਥੇ ਭਾਰਤ ਸਰਕਾਰ ਨੇ ਇਕ ਸਤੂਪ ਲਗਾਇਆ ਹੈ ।

ਪਹਿਲੇ ਦੋਵੇਂ ਸਥਾਨ ਮਗਧ ਦੇਸ਼ ਵਿਚ ਆਉਂਦੇ ਹਨ । ਜਿਥੇ ਰਾਜਤੰਤਰ ਸੀ ਪਰ ਭਗਵਾਨ ਮਹਾਵੀਰ ਦਾ ਜਨਮ ਖਤਰੀ ਕੁੰਡ ਗ੍ਰਾਮ ਵਿਚ ਹੋਇਆ ਸੀ । ਇਸ ਗੱਲ ਦੀ ਗਵਾਹੀ ਪੁਰਾਣੇ ਆਚਾਰੀਆ, ਭਗਵਤੀ ਸੂਤਰ ਉਤਰਾਧਿਐਨ ਸੂਤਰ, ਕਲਪ ਸੂਤਰ ਆਦਿ ਤੋਂ ਵੀ ਹੁੰਦੀ ਹੈ । ਭਗਵਾਨ ਮਹਾਵੀਰ ਦੀ ਮਾਤਾ ਵੈਸ਼ਾਲੀ ਦੇ ਰਾਜਾ ਚੇਟਕ ਦੀ ਭੈਣ ਸੀ।

ਦਿਗੰਬਰ ਪਰੰਪਰਾ ਵਾਲਾ ਕੁੰਡਲਪੁਰ ਤੀਰਥ ਜਿਆਦਾ ਪੁਰਾਣਾ ਨਹੀਂ ਹੈ । ਦਿਗੰਬਰ ਪਰੰਪਰਾ ਵਿਚ ਵੀ ਭਗਵਾਨ ਮਹਾਵੀਰ ਦਾ ਰਿਸ਼ਤਾ ਵੈਸ਼ਾਲੀ ਗਣਤੰਤਰ ਦੇ ਮੁਖੀ ਮਹਾਰਾਜਾ ਚੇਟਕ ਨਾਲ ਜੋੜਿਆ ਗਿਆ ਹੈ ।

ਬੁੱਧ ਸਾਹਿਤ ਵਿਚ ਵੀ ਵੈਸ਼ਾਲੀ ਨੂੰ ਗਣਤੰਤਰ ਆਖਿਆ ਗਿਆ ਹੈ । ਮਹਾਤਮਾ ਬੁੱਧ ਨੇ ਵੈਸ਼ਾਲੀ ਦੇ ਲਿਛਿਵੀਆਂ ਦੀ ਸਭਾ ਉਨ੍ਹਾਂ ਵਲੋਂ ਸਰਬ ਸੰਮਤੀ ਨਾਲ ਫੈਸਲੇ ਕਰਨ ਦੀ ਪ੍ਰਸੰਸਾ ਕੀਤੀ ਹੈ । ਇਥੇ ਹੀ ਬਸ ਨਹੀਂ ਵੈਸ਼ਾਲੀ ਗਣਤੰਤਰ ਬਹੁਤ ਖੁਸ਼ਹਾਲ ਸੀ । ਇਥੋਂ ਦੇ ਲੋਕ ਰੰਗ ਬਿਰੰਗੇ ਕਪੜੇ ਪਹਿਨਦੇ ਸਨ । ਮਹਾਤਮਾ ਬੁਧ ਨੇ ਇਥੋਂ ਦੇ ਲੋਕਾਂ ਨੂੰ ਦੇਵਤਾ ਕਿਹਾ ਹੈ । ਇਹ ਲੋਕ ਬਜੁਰਗਾਂ ਅਤੇ ਮਹਿਮਾਨਾਂ ਦੀ ਬਹੁਤ ਇਜਤ ਕਰਦੇ ਸਨ।

ਦਿਗੰਬਰ ਪਰੰਪਰਾ ਅਨੁਸਾਰ ਭਗਵਾਨ ਮਹਾਵੀਰ ਦੀ ਸ਼ਾਦੀ ਨਹੀਂ ਹੋਈ ਸੀ । ਉਨ੍ਹਾਂ ਦਾ ਪਹਿਲਾ ਉਪਦੇਸ਼ ਪਾਵਾ ਪੁਰੀ ਦੀ ਥਾਂ ਰਾਜਗ੍ਰਿਹਿ ਦੇ ਵਿਪਲਾਚਲ ਪਹਾੜ ਤੇ ਹੋਇਆ ਸੀ। ਜਦ ਤੱਕ ਜਨਮ ਸਥਾਨ ਦਾ ਕੋਈ ਵਿਦਵਾਨ ਨਿਰਣਾ ਨਹੀਂ ਕਰਦੇ, ਉਸ ਸਮੇਂ ਤੱਕ ਲਛਵਾੜ ਵਾਲਾ ਜਨਮ ਸਥਾਨ ਹੀ ਮੰਨਣਾ ਠੀਕ ਹੈ ।

## ਨਿਰਵਾਨ ਸਥਾਨ–

ਭਗਵਾਨ ਮਹਾਵੀਰ ਦੇ ਜਨਮ ਦੀ ਤਰ੍ਹਾਂ ਉਨ੍ਹਾਂ ਦੇ ਨਿਰਵਾਨ ਵਾਲੀ ਜਗ੍ਹਾ ਸਬੰਧੀ ਇਤਿਹਾਸਕਾਰਾਂ ਦੇ ਕਾਫੀ ਮਤਭੇਦ ਹਨ ।

ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਆਪਸੀ ਵਿਰੋਧ ਵਾਲਾ ਵਰਨਣ ਹੈ । ਇਨ੍ਹਾ ਪ੍ਰਮਾਣਾਂ ਨੂੰ ਵੇਖ ਕੇ ਕਈ ਲੋਕ ਉਤਰ ਪ੍ਰਦੇਸ਼ ਦੇ ਗੋਰਖਪੁਰ ਜਿਲੇ ਦੇ ਕੋਲ ਪਪਹੁਰ ਦੇ ਪਿੰਡ ਨੂੰ ਪਾਵਾ ਮੰਨਦੇ ਹਨ ।

ਪਰ ਜੈਨ ਗ੍ਰੰਥਾਂ ਵਿਚ ਕਿਧਰੇ ਵੀ ਭਗਵਾਨ ਮਹਾਵੀਰ ਦੇ ਇਨ੍ਹਾਂ ਖੇਤਰਾਂ ਵਿਚ ਘੁੰਮਣ ਦਾ ਵਰਨਣ ਨਹੀਂ । ਦੂਸਰੇ ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਨੂੰ ਮਹਾਤਮਾ ਬੁੱਧ ਵਿਰੋਧੀ ਦਰਸਾਇਆ ਗਿਆ ਹੈ । ਅਜਿਹੇ ਗਲਤ ਪ੍ਰਮਾਣਾਂ ਤੇ ਵਿਸ਼ਵਾਸ਼ ਕਰਨਾ ਕਠਿਨ ਹੈ ।

ਸਮੁਚਾ ਜੈਨ ਸਮਾਜ, ਬਿਹਾਰ ਵਿਚ ਸਥਿਤ ਪਾਵਾਪੁਰੀ ਨੂੰ ਹੀ ਭਗਵਾਨ ਮਹਾਵੀਰ ਦਾ ਨਿਰਵਾਨ ਸਥਾਨ ਮੰਦਰ ਹੈ । ਇਥੇ ਦਿਗੰਬਰ ਤੇ ਸ਼ਵੇਤਾਂਬਰ ਦੋਵੇਂ ਸਮਾਜਾਂ ਦਾ ਇਕਠਾ ਇਕ ਜਲ-ਮੰਦਰ ਹੈ । ਇਹ ਮੰਦਰ ਕਾਫੀ ਪ੍ਰਾਚੀਨ ਹੈ । ਪ੍ਰਸਿਧ ਜੈਨ ਇਤਿਹਾਸਕਾਰ ਗਣੀ ਕਲਿਆਣ ਵਿਜੈ ਅਤੇ ਸਵਰਗਵਾਸੀ ਸ੍ਰੀ ਅਗਰ ਚੰਦ ਨਾਹਟਾ ਨੇ ਇਸਨੂੰ ਭਗਵਾਨ ਮਹਾਵੀਰ ਦਾ ਨਿਰਵਾਣ ਸਥਾਨ ਦਸਿਆ ਹੈ । ਕਿਉਕਿ ਕਲਪਸੂਤਰ ਵਿਚ ਮਧਮ (ਵਿਚਕਾਰਲੀ) ਪਾਵਾ ਦਾ ਜ਼ਿਕਰ ਹੈ । ਉਸ ਸਮੇਂ ਤਿੰਨ ਪਾਵਾ ਨਗਰੀਆਂ ਸਨ (1) ਮਲਾਂ ਦੀ ਪਾਵਾ, ਜਿਥੇ ਬੁਧ ਨੇ ਨਿਰਵਾਨ ਤੋਂ ਪਹਿਲਾਂ ਆਰਾਮ ਕੀਤਾ ਸੀ । ਇਹ ਪਾਵਾ ਕੁਸ਼ੀਆਰਾ ਦੇ ਕਰੀਬ ਹੈ। ਜੋ ਵਿਦਵਾਨ ਬੁਧ ਗ੍ਰੰਥਾਂ ਦੇ ਆਧਾਰ ਤੇ ਭਗਵਾਨ ਮਹਾਵੀਰ ਦੇ ਨਿਰਵਾਨ ਦੀ ਗੱਲ ਕਰਦੇ ਹਨ ਉਹ ਇਸ ਪਾਵਾ ਨੂੰ ਪਾਵਾ ਮੰਨਦੇ ਹਨ । ਪਰ ਇਥੇ ਕੋਈ ਨਵਾਂ ਜਾਂ ਪ੍ਰਾਚੀਨ ਧਰਮ ਅਸਥਾਨ ਭਗਵਾਨ ਮਹਾਵੀਰ ਦੀ ਯਾਦ ਨਾਲ ਸਬੰਧਤ ਨਹੀਂ ।

(2) ਇਕ ਪਾਵਾ ਮਗਧ ਦੇਸ਼ ਦੀ ਹੱਦ ਉਪਰ ਹੈ । ਇਸ ਦਾ ਵਰਨਣ ਉਪਰਲੀਆਂ ਸਤਰਾਂ ਵਿਚ ਆ ਚੁਕਾ ਹੈ ।

(3) ਇਹ ਪਾਵਾ ਭੰਗੀ ਦੇਸ਼ ਦੀ ਰਾਜਧਾਨੀ ਸੀ । ਜੋ ਕਿਸੇ ਵੀ ਸਥਿਤੀ ਵਿਚ ਭਗਵਾਨ ਮਹਾਵੀਰ ਦਾ ਨਿਰਵਾਨ ਸਥਾਨ ਨਹੀਂ ।

ਸਭ ਗਲਾਂ ਦਾ ਸਿਟਾ ਇਕੋ ਹੈ ਕਿ ਮਗਧ ਦੇਸ਼ ਦੇ ਕਰੀਬ ਰਾਜਗਿਰੀ ਦੇ ਪਾਸ ਵਾਲੀ ਪਾਵਾ ਹੀ ਭਗਵਾਨ ਮਹਾਵੀਰ ਦੀ ਨਿਰਵਾਨ ਜਗ੍ਹਾ ਹੈ । ਇਥੇ ਜਲ ਮੰਦਰ ਤੋਂ ਛੁੱਟ ਅਨੇਕਾਂ ਪ੍ਰਾਚੀਨ ਮੰਦਰ, ਖੂਹ, ਸਤੂਪ ਵਰਨਣ ਯੋਗ ਹਨ । 12ਵੀਂ ਸਦੀ ਵਿਚ ਕਈ

ਤੀਰਥ ਕਲਪ ਵਿਚ ਇਸੇ ਪਾਵਾ ਦਾ ਜ਼ਿਕਰ ਹੈ । ਭਗਵਾਨ ਮਹਾਵੀਰ ਨਾਲ ਸਬੰਧਤ ਪਾਵਾ ਲੱਭਣ ਲਈ ਇਹ ਗ੍ਰੰਥ ਬਹੁਤ ਸਹਾਇਕ ਹੈ ।

## ਵੈਦਿਕ ਸਾਹਿਤ ਅਤੇ ਭਗਵਾਨ ਮਹਾਵੀਰ–

ਹਿੰਦੂ ਸਾਹਿਤ ਵਿਚ ਜਿਥੇ ਭਗਵਾਨ ਰਿਸ਼ਭਦੇਵ, ਅਰਿਸ਼ਟਨੇਮਿ ਆਦਿ ਤੀਰਥੰਕਰਾਂ ਦਾ ਜ਼ਿਕਰ ਆਇਆ ਹੈ । ਉਥੇ ਜੈਨ ਧਰਮ ਸਬੰਧੀ ਭਰਪੂਰ ਸਾਮਗਰੀ ਵੇਦ, ਪੁਰਾਣ ਆਦਿ ਵੈਦਿਕ ਸਾਹਿਤ ਵਿਚ ਮਿਲਦੀ ਹੈ । ਕੋਈ ਵੀ ਪੁਰਾਣ ਅਜਿਹਾ ਨਹੀਂ, ਜਿਸ ਵਿਚ ਪਹਿਲੇ ਤੀਰਥੰਕਰ ਭਗਵਾਨ ਰਿਸ਼ਭਦੇਵ ਦਾ ਜ਼ਿਕਰ ਨਾ ਆਇਆ ਹੋਵੇ । ਪੁਰਾਣਕਾਰਾਂ ਨੇ ਭਗਵਾਨ ਰਿਸ਼ਭਦੇਵ ਨੂੰ ਭਗਵਾਨ ਵਿਸ਼ਨੂੰ ਜੀ ਦਾ ਅਵਤਾਰ ਅਤੇ ਸ਼੍ਰਮਣ ਧਰਮ ਦਾ ਪ੍ਰਵਰਤਕ ਮੰਨਿਆ ਹੈ । ਪਰ ਕਿਸੇ ਵੀ ਵੈਦਿਕ ਗ੍ਰੰਥ ਵਿਚ ਅੱਜ ਤੱਕ ਭਗਵਾਨ ਮਹਾਵੀਰ ਬਾਰੇ ਇਕ ਸ਼ਬਦ ਨਹੀਂ ਮਿਲਦਾ । ਹੁਣ ਤੱਕ ਕਿਸੇ ਵੀ ਵੈਦਿਕ ਗ੍ਰੰਥਕਾਰ ਨੇ ਭਗਵਾਨ ਮਹਾਵੀਰ ਦੇ ਹੱਕ ਜਾਂ ਵਿਰੋਧ ਵਿਚ ਕੋਈ ਸ਼ਬਦ ਨਹੀਂ ਲਿਖਿਆ ਇਸੇ ਸਿਟੇ ਵਜੋਂ ਪੱਛਮ ਦੇ ਕੁਝ ਲੇਖਕ 19ਵੀਂ ਸਦੀ ਤਕ (ਡਾ ਲਯੋਸਨ ਆਦਿ ਨੇ ਜੈਨ ਧਰਮ ਅਤੇ ਬੁੱਧ ਧਰਮ ਨੂੰ ਇਕੋ ਸਮਝਦੇ ਰਹੇ । ਮਹਾਤਮਾ ਬੁੱਧ ਨੂੰ ਮਹਾਵੀਰ ਆਖਦੇ ਰਹੇ । ਇਸ ਸਭ ਦਾ ਕਾਰਣ ਕੀ ਹੈ ? ਇਹ ਬਹੁਤ ਵਿਚਾਰ ਕਰਨ ਵਾਲੀ ਗੱਲ ਹੈ ਜਿਸ ਮਹਾਪੁਰਸ਼ਾਂ ਨੇ ਸੰਸਾਰ ਤੇ ਇੰਨੇ ਉਪਕਾਰ ਕੀਤੇ, ਉਸ ਦਾ ਉਸ ਸਮੇਂ ਦੇ ਸਾਹਿਤ ਵਿਚ ਨਾ ਤੱਕ ਨਾ ਆਉਣਾ, ਇਕ ਅਚੰਭੇ ਵਾਲੀ ਗੱਲ ਹੈ । ਸਾਡੀ ਸਮਝ ਅਨੁਸਾਰ ਇਸ ਦੇ ਹੇਠ ਲਿਖੇ ਕਾਰਣ ਹੋ ਸਕਦੇ ਹਨ:

(1) ਇਸ ਵੈਦਿਕ ਧਰਮ ਦਾ ਆਧਾਰ ਚਾਰ ਵੇਦ ਰਹੇ ਹਨ । ਵੈਦਿਕ ਧਰਮ ਵਾਲੇ ਵੇਦਾਂ ਤੋਂ ਉਲਟ ਚੱਲਣ ਵਾਲੇ ਨੂੰ ਨਾਸਤਿਕ ਸਮਝਦੇ ਹਨ । ਇਸੇ ਕਾਰਣ ਸ਼ਾਇਦ ਭਗਵਾਨ ਮਹਾਵੀਰ ਦਾ ਜ਼ਿਕਰ ਨਾ ਆਇਆ ਹੋਵੇ ।

(2) ਭਗਵਾਨ ਮਹਾਵੀਰ ਨੇ ਵੇਦਾਂ ਤੇ ਅਧਾਰਿਤ ਜਾਤ-ਪਾਤ ਅਤੇ ਛੂਤ ਛਾਤ ਆਦਿ ਬੁਰਾਈਆਂ ਨਾਲ ਖੁੱਲ ਕੇ ਟੱਕਰ ਲਈ । ਉਨ੍ਹਾਂ ਆਪਣੇ ਧਰਮ ਸੰਘ ਵਿਚ ਛੋਟੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਨੂੰ ਬਰਾਬਰੀ ਦੀ ਥਾਂ ਦਿਤੀ । ਭਗਵਾਨ ਮਹਾਵੀਰ ਦੀ ਵਿਰੋਧਤਾ ਦਾ ਇਹ ਕਾਰਣ ਵੀ ਹੋ ਸਕਦਾ ਹੈ ।

(3) ਭਗਵਾਨ ਮਹਾਵੀਰ ਨੇ ਯੱਗਾਂ ਤੇ ਅਧਾਰਿਤ ਹਿੰਸਾ ਦਾ, ਪਸ਼ੂ ਬਲੀ ਅਤੇ ਬਹੁਦੇਵ ਵਾਦ ਦੀ ਖੁਲ੍ਹ ਕੇ ਨਿੰਦਾ ਕੀਤੀ । ਇੰਨੀ ਨਿੰਦਾ ਉਸ ਸਮੇਂ ਦੇ ਕਿਸੇ ਵੀ ਧਰਮ ਪ੍ਰਚਾਰਕ ਨੇ ਨਹੀਂ ਕੀਤੀ । ਹੋ ਸਕਦਾ ਹੈ, ਇਸ ਧਾਰਮਿਕ ਵਿਰੋਧਤਾ ਦੇ ਕਾਰਣ ਭਗਵਾਨ ਮਹਾਵੀਰ ਦਾ ਜ਼ਿਕਰ ਨਾ ਆਇਆ ਹੋਵੇ । ਹੋਰ ਤੀਰਥੰਕਰਾਂ ਸਮੇਂ ਇਹ ਬੁਰਾਈਆਂ ਵੈਦਿਕ ਧਰਮ ਵਿਚ ਨਾ ਹੋਣ, ਇਸੇ ਕਾਰਣ ਬਹੁਤ ਸਾਰੇ ਪ੍ਰਮੁਖ ਤੀਰਥੰਕਰਾਂ ਦਾ ਵੈਦਿਕ ਸਾਹਿਤ ਵਿਚ ਵਰਣਨ ਆਇਆ ਹੈ ।

(4) ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਵੈਦਿਕ ਧਰਮ ਵਿਚ ਬ੍ਰਾਹਮਣਾਂ ਦੀ ਪ੍ਰਮੁਖ ਭੂਮਿਕਾ ਰਹੀ ਹੈ । ਜਦੋਂ ਕਿ ਸ਼੍ਰਮਣ ਸੰਸਕ੍ਰਿਤੀ ਵਿਚ ਖਤਰੀ ਹੀ ਧਰਮ ਪ੍ਰਮੁਖ ਰਹੇ

ਹਨ । ਇਕ ਖਤਰੀ ਧਰਮ ਦਾ ਉਪਦੇਸ਼ ਕਰੇ, ਸ਼ਾਇਦ ਇਹ ਗੱਲ ਉਸ ਸਮੇਂ ਦੇ ਪਰੰਪਰਾਵਾਦੀ ਬ੍ਰਾਹਮਣ ਸਮਾਜ ਨੂੰ ਚੰਗੀ ਨਾ ਲਗੀ ਹੋਵੇ । ਕਈ ਲੋਕ ਅੱਜ ਕਲ ਬੁੱਧ ਦੀ ਤਰ੍ਹਾਂ ਹਨੂਮਾਨ ਬਜਰੰਗ ਬਲੀ ਲਈ ਮਹਾਵੀਰ ਸ਼ਬਦ ਵਰਤਦੇ ਹਨ । ਸਾਡੇ ਦੇਸ਼ ਵਿਚ ਬਹਾਦਰ ਫੌਜੀਆਂ ਲਈ ਮਹਾਵੀਰ ਚੱਕਰ ਨਾਂ ਦਾ ਤਗਮਾ ਹੈ । ਸੋ ਸਾਰੀਆਂ ਗਲਾਂ ਦਾ ਨਿਚੋੜ ਇਹ ਹੈ ਕਿ ਮਹਾਵੀਰ ਇਕ ਵਿਸ਼ੇਸ਼ਣ ਹੈ । ਕੋਈ ਵਿਅਕਤੀ ਦਾ ਨਾਂ ਨਹੀਂ ਕਿਉਂਕਿ ਮਹਾਵੀਰ ਵਰਧਮਾਨ ਨਾਲ, ਪ੍ਰਾਚੀਨ ਸਮੇਂ ਤੋਂ ਜੁੜਿਆ ਆ ਰਿਹਾ ਹੈ । ਇਸ ਲਈ ਅਸੀਂ ਤੀਰਥੰਕਰ ਵਰਧਮਾਨ ਨੂੰ ਤੀਰਥੰਕਰ ਭਗਵਾਨ ਮਹਾਵੀਰ ਆਖਦੇ ਹਨ । ਵਰਧਮਾਨ ਵੀ ਬਚਪਨ ਵਿਚ ਬਹਾਦਰ ਸਨ ਜਿਸ ਦੇ ਸਨਮਾਨ ਵਜੋਂ ਇੰਦਰ ਨੇ ਉਨ੍ਹਾਂ ਨੂੰ ਮਹਾਵੀਰ ਨਾਂ ਦਿਤਾ ।

## ਬੁੱਧ ਧਰਮ ਅਤੇ ਭਗਵਾਨ ਮਹਾਵੀਰ

ਈ. ਪੂਰਵ 6ਵੀਂ ਸਦੀ ਦਾ ਸਮਾਂ ਭਾਰਤ ਲਈ ਹੀ ਨਹੀਂ, ਸਗੋਂ ਸਮੁਚੇ ਏਸ਼ੀਆ ਦੇ ਧਾਰਮਿਕ ਉਥਲ ਪੁਥਲ ਅਤੇ ਕ੍ਰਾਂਤੀ ਦਾ ਸਮਾਂ ਹੈ । ਇਸ ਸਮੇਂ ਚੀਨ ਵਿਚ ਲਾਉਤਸੇ, ਗਰੀਸ ਵਿਚ ਪੈਥਾਗੋਰਸ, ਈਰਾਨ ਵਿਚ ਜਰਥੁਸਤ ਨੇ ਜਨਮ ਲਿਆ ।

ਇਸੇ ਭਾਰਤ ਵਿਚ ਜੈਨ ਪਰੰਪਰਾ ਅਨੁਸਾਰ 363 ਮਤ ਅਤੇ ਬੁੱਧ ਪਰੰਪਰਾ ਅਨੁਸਾਰ 63 ਸ਼੍ਰਮਣ ਮਤਾਂ[1] ਦਾ ਵਰਨਣ ਵੀ ਮਿਲਦਾ ਹੈ । ਜੈਨ ਸ਼ਾਸ਼ਤਰ ਸੂਤਰ ਕ੍ਰਿਤਾਂਗ ਵਿਚ ਇਨ੍ਹਾਂ ਮਤਾਂ ਦੇ ਚਾਰ ਭਾਗ ਕਰਕੇ ਵਿਸਥਾਰ ਨਾਲ ਚਰਚਾ ਕੀਤੀ ਹੈ । ਇਨ੍ਹਾਂ ਨੂੰ 4 ਸਮੋਸਰਨ (ਧਰਮ ਸਭਾ) ਆਖਿਆ ਗਿਆ ਹੈ । ਇਹ ਭੇਦ ਇਸ ਪ੍ਰਕਾਰ ਹਨ |[2] (1) **ਕ੍ਰਿਆਵਾਦ** – ਕ੍ਰਿਆਵਾਦੀ ਆਤਮਾ ਦਾ ਕ੍ਰਿਆ ਨਾਲ ਸਬੰਧ ਸਥਾਪਿਤ ਕਰਦੇ ਹਨ। ਉਨ੍ਹਾਂ ਦਾ ਸਿਧਾਂਤ ਹੈ ਕਿ ਕਰਤਾ ਬਿਨਾ ਪੁੰਨ, ਪਾਪ ਆਦਿ ਕ੍ਰਿਆ ਨਹੀਂ ਹੁੰਦੀ । ਇਹ ਜੀਵ ਆਦਿ ਨੌਂ ਪਦਾਰਥ ਨੂੰ ਇਕਾਂਤ ਰੂਪ ਵਿਚ ਮੰਨਦੇ ਹਨ । ਇਨ੍ਹਾਂ ਦੇ 180 ਭੇਦ ਹਨ ।

**(2) ਅਕ੍ਰਿਆਵਾਦੀ :–**

ਇਸ ਦਾ ਵਰਣਨ ਦਸ਼ਾਰਸ਼ਰੁਤ ਸਕੰਧ ਵਿਚ ਆਇਆ ਹੈ । ਇਨ੍ਹਾਂ ਦਾ ਮੱਤ ਹੈ " ਲੋਕ ਨਹੀਂ, ਪਰਲੋਕ ਨਹੀਂ, ਮਾਤਾ ਨਹੀਂ, ਪਿਤਾ ਨਹੀਂ, ਅਰਿਹੰਤ ਨਹੀਂ ਚਕਰਵਰਤੀ ਨਹੀਂ, ਬਲਦੇਵ ਨਹੀਂ, ਵਾਸੂਦੇਵ ਨਹੀਂ, ਨਰਕ ਨਹੀਂ, ਨਰਕ ਵਿਚ ਕੋਈ ਜਨਮ ਨਹੀਂ ਲੈਂਦਾ, ਚੰਗੇ ਜਾਂ ਮਾੜੇ ਦਾ ਕੋਈ ਫਲ ਨਹੀਂ, ਮੁਕਤੀ ਨਹੀਂ, ਇਸ ਲਈ ਸਾਰੀਆਂ ਧਾਰਮਿਕ ਕ੍ਰਿਆਵਾਂ ਬੇਕਾਰ ਹਨ । " ਇਨ੍ਹਾਂ ਦੇ 84 ਭੇਦ ਹਨ ।

---

1. **यानि च तीणि, यानि च सट्ठी** ਸੂਤਰ ਨਿਪਾਤ ਸਭਿਸੁਤ
2. ਸੂਤਰ ਕ੍ਰਿਤਾਂਗ ਵਿਰਤੀ 1/12

**ਅਗਿਆਨਵਾਦ :-**

ਅਗਿਆਨਵਾਦ ਦਾ ਆਖਣਾ ਹੈ " ਸਾਰੇ ਝਗੜੇ ਦੀ ਜੜ੍ਹ ਗਿਆਨ ਹੈ । ਕਿਉਂਕਿ ਗਿਆਨ ਜਾਂ ਅਧੂਰਾ ਗਿਆਨ ਹੀ ਸਭ ਝਗੜਿਆਂ ਦਾ ਮੂਲ ਹੈ । ਜਿਸ ਮਨੁਖ ਨੂੰ ਗਿਆਨ ਹੀ ਨਹੀਂ ਹੋਵੇਗਾ । ਉਸ ਦਾ ਹੀ ਕਲਿਆਣ ਹੋਵੇਗਾ । ਇਸ ਮਤ ਦੇ 67 ਭੇਦ ਹਨ ।

**ਵਿਨੈਵਾਦ :-**

ਵਿਨੈਪੂਰਵਕ ਵਿਵਹਾਰ ਕਰਨ ਵਾਲੇ ਨੂੰ ਵਿਨੈਵਾਦੀ ਆਖਦੇ ਹਨ । ਇਹ ਸਾਧੂ ਗਊ ਅਤੇ ਕੁਤੇ ਦਾ ਇਕੋ ਜਿਹਾ ਸਤਿਕਾਰ ਕਰਦੇ ਹਨ । ਇਹ ਬਿਨਾ ਲਿੰਗ ਭੇਦ ਤੋਂ ਸਭ ਦੀ ਵਿਨੈ (ਸੇਵਾ ਭਗਤੀ) ਕਰਦੇ ਹਨ । ਦੇਵਤਾ, ਰਾਜਾ, ਸਾਧੂ, ਦਾਸ, ਬੁਢੇ, ਪਾਪੀ, ਮਾਤਾ ਅਤੇ ਪਿਤਾ ਦੀ ਮਨ ਬਚਨ ਤੇ ਸਰੀਰ ਰਾਹੀਂ ਯੋਗ ਵਿਨੈ ਆਦਰ ਕਰਨਾ, ਇਨ੍ਹਾਂ ਦਾ ਧਰਮ ਹੈ ।" ਇਹ ਸਿਰਫ ਮੁਕਤੀ ਨੂੰ ਮੰਨਦੇ ਹਨ । ਇਨ੍ਹਾਂ ਦੇ 32 ਭੇਦ ਹਨ ।[1]

## 363 ਮਤਾਂ ਦੇ ਪ੍ਰਵਰਤਕ

ਪ੍ਰਸਿਧ ਜੈਨ ਗ੍ਰੰਥ ਤਤਵਾਰਥ ਰਾਜਵਾਰਤੀਕ ਵਿਚ ਅਚਾਰੀਆ ਅੰਕਲਕ ਨੇ ਇਨ੍ਹਾਂ ਮਤਾਂ ਨੇ ਕੁਝ ਪ੍ਰਸਿੱਧ ਅਚਾਰੀਆ ਦੇ ਨਾਂ ਦਸੇ ਹਨ । ਉਹ ਇਸ ਪ੍ਰਕਾਰ ਹਨ ।[2]

ਕ੍ਰਿਆਵਾਦ ਦੇ ਅਚਾਰੀਆ ਤੇ ਵਿਆਖਿਆਕਾਰ ਕੋਕਲ, ਕਾਠੇਵਿਧੀ, ਕੋਸ਼ਿਕਿ, ਹਰੀ, ਸ਼ਮਸਰੂਮਾਨ, ਕਪਿਲ, ਰੋਮਸ਼ ਹਾਰੀਤ, ਅਸ਼ਵ, ਮੁੰਡ, ਆਸ਼ਵਾਲਾਯਨ ਆਦਿ 180 ਕ੍ਰਿਆਵਾਦ ਮਤ ਦੇ ਅਚਾਰੀਆ ਹਨ ।

ਅਕ੍ਰਿਆਵਾਦ ਦੇ ਅਚਾਰੀਆ ਤੇ ਵਿਆਖਿਆਕਾਰ, ਮਰਿਚਿ, ਕੁਮਾਰ, ਉਲਕ, ਕਪਿਲ, ਗਾਰਗ, ਵਿਆਗਰਭੂਤੀ, ਵਾਦਵਲਿ, ਮਾਠਰ, ਮੋਦਗਾ, ਮੋਦ, ਲਾਯਾਨਨ ਆਦਿ 84 ਅਕ੍ਰਿਆਵਾਦੀ ਮਤਾਂ ਦੇ ਅਚਾਰੀਆ ਅਤੇ ਵਿਆਖਿਆਕਾਰ ਹਨ

ਅਗਿਆਨਵਾਦ ਦੇ ਅਚਾਰੀਆ ਤੇ ਵਿਆਖਿਆਕਾਰ ਸਾਕਲ, ਵਾਸ਼ਕਲ, ਕੁੰਥੁਮੀ, ਸਾਤਯਮੁਗਰੀ, ਚਾਰਾਯਣ, ਕਾਠ, ਮਧਿਆਨੰਦਨੀ, ਮੋਦ, ਪਪਲਿਆਦ, ਵਾਦਰਾਯਣ, ਸ਼ਵਿਸ਼ਠਕ੍ਰਿਤ, ਏਤੀਕਾਯਨ, ਵਸੂ, ਜੇਮਨੀ ਆਦਿ 67 ਅਗਿਆਨਵਾਦ ਅਚਾਰੀਆ ਤੇ ਪ੍ਰਮੁਖ ਵਿਆਖਿਆਕਾਰ ਹਨ ।

ਵਸ਼ਿਸ਼ਟ, ਪ੍ਰਾਸ਼ਰ, ਜਤੂਕਰਨ, ਬਾਲਮੀਕੀ, ਰੋਮਹਰਸਨੀ, ਸਤਯਾਦੱਤ, ਵਿਆਸ, ਏਲਾਪੁਤਰ, ਐਪਮਨੀਅਵ, ਇੰਦਰਦੱਤ, ਅਯਸਥੂਲ ਆਦਿ 32 ਵਿਨੈਵਾਦ ਮੱਤ ਦੇ ਅਚਾਰੀਆ ਤੇ ਵਿਆਖਿਆਕਾਰ ਹਨ ।

ਜੈਨ ਦਰਸ਼ਨ ਅਨੇਕਾਂ ਪਖੋਂ ਕਿਰਿਆਵਾਦੀ ਦਰਸ਼ਨ ਹੈ, ਇਕ ਪਖੋਂ ਨਹੀਂ ।

---

1. ਉਤਰਾਧਿਐਨ ਵਰਿਦ ਵਿਰਤੀ ਪੰਨਾ 444
2. ਤਤਵਾਰਥ ਰਾਜਵਾਰਤਿਕ 8/1 562

ਇਸ ਤੋਂ ਛੁਟ ਸ਼ਭਾਸ਼ਯ ਨਿਸ਼ਥਚੂਰਨੀ ਪੰਨਾ 15 ਵਿਚ ਉਸ ਸਮੇਂ ਦੇ 23 ਮਤਾਂ ਤੇ ਉਨ੍ਹਾਂ ਦੇ ਆਚਾਰੀਆ ਦੇ ਨਾ ਆਏ ਹਨ । ਜੋ ਇਸ ਪ੍ਰਕਾਰ ਹਨ ।

(1) ਆਜੀਵਕ (2) ਈਸ਼ਰਮਤ (3) ਉਲੁਗ (4) ਕਪਿਲ ਮਤ (5) ਕਵਿਲ (6) ਕਾਵਾਲ (7) ਕਾਵਲਿਆ (8) ਚਰਗ (9) ਤਚਨਿਆ (10) ਪਰੀਵਰਾਜਕ (11) ਪੰਡਰੰਗ (12) ਬੋੜੀਤ (13) ਭਿਛੁਗ (ਭਿਕਖੂ) (14) ਭਿਖੂ (15) ਰੱਤਪੜ (16) ਵੇਦ (17) ਸੱਕ (18) ਸਰਖ (19) ਸੁਤੀਵਾਦੀ (20) ਸੇਜਵੜ (21) ਸੇਜਭਿਖੂ (22) ਸ਼ਾਕਯਮਤ (23) ਹਦੁਸਰਖ ।

ਬੁੱਧ ਸਾਹਿਤ ਵਿਚ ਵੀ 6 ਸ਼੍ਰਮਣ ਸੰਪਰਦਾਵਾਂ ਦਾ ਜ਼ਿਕਰ ਆਇਆ ਹੈ, ਜੋ ਇਸ ਪ੍ਰਕਾਰ ਹੈ ।

**6 ਮੱਤ**

(1) ਅਕ੍ਰਿਆਵਾਦ (2) ਨਿਅਤੀਵਾਦ (3) ਉਛੇਦਵਾਦ (4) ਅਨੋਯੋਜਯ ਵਾਦ (5) ਚਤੁਰਯਾਮ ਸੰਭਰਵਾਦ (ਜੈਨ ਧਰਮ) (6) ਵਿਕਸ਼ੇਪ ਵਾਦ ।

6 ਸੰਪਰਦਾਵਾਂ ਦੇ ਪ੍ਰਮੁਖ ਸ਼੍ਰਮਣ ਆਚਾਰੀਆ-

**1. ਪੂਰਨ ਕਾਸ਼ਯਪ-**

ਇਸ ਮਤ ਦਾ ਪੂਰਨ ਕਾਸ਼ਯਪ ਪ੍ਰਵਰਤਕ ਸੀ, ਇਹ ਨੰਗਾ ਰਹਿੰਦਾ ਸੀ । ਇਹ ਅਕ੍ਰਿਆਵਾਦ ਦਾ ਕੱਟੜ ਸਮਰਥਕ ਸੀ । ਉਸ ਦਾ ਮਤ ਸੀ " ਜੇ ਕੋਈ ਕਰੇ ਜਾਂ ਕਰਾਵੇ, ਕਟੇ ਜਾਂ ਕਟਾਵੇ, ਦੁੱਖ ਦੇਵੇ ਜਾਂ ਦਿਲਾਵੇ, ਦੁਖੀ ਕਰੇ ਜਾਂ ਕਰਾਵੇ, ਡਰ ਲਗੇ ਜਾਂ ਡਰਾਵੇ, ਮਾਰੇ ਜਾਂ ਚੋਰੀ ਕਰੇ, ਸੰਨ੍ਹ ਲਾਵੇ, ਡਾਕਾ ਮਾਰੇ, ਇਕੋ ਮਕਾਨ ਤੇ ਹਮਲਾ ਕਰ ਦੇਵੇ, ਪਰਾਈ ਇਸਤਰੀ ਦਾ ਭੋਗ ਕਰੇ ਜਾਂ ਝੂਠ ਬੋਲੇ ਤਾਂ ਵੀ ਕੋਈ ਪਾਪ ਨਹੀਂ ਹੈ । ਅਨੇਕਾਂ ਪਸ਼ੂਆਂ ਨੂੰ ਮਾਰ ਕੇ ਜੇ ਕੋਈ ਮਾਸ ਦਾ ਢੇਰ ਵੀ ਲਾ ਦੇਵੇ ਤਾਂ ਵੀ ਪਾਪ ਨਹੀਂ । ਦਾਨ, ਧਰਮ, ਸੰਜਮ ਅਤੇ ਸਚਾਈ ਕੋਈ ਪੁੰਨ ਨਹੀਂ ।

**2. ਮੰਖਲੀ ਪੁਤਰ ਗੋਸ਼ਾਲਕ-**

ਇਹ ਨਿਅਤੀਵਾਦ ਸਿਧਾਂਤ ਦਾ ਅਚਾਰਿਆ ਸੀ । ਪਹਿਲਾਂ ਇਹ ਭਗਵਾਨ ਮਹਾਵੀਰ ਨਾਲ ਕਰੀਬ 6 ਸਾਲ ਰਿਹਾ । ਉਥੇ ਇਸਨੇ ਤੇਜੋਲੇਸ਼ਿਆ ਨਾਂ ਦੀ ਸ਼ਕਤੀ ਪ੍ਰਾਪਤ ਕੀਤੀ । ਇਸ ਬਾਰੇ ਅਤੇ ਇਸ ਦੇ ਸਿਧਾਂਤ ਵਿਸਥਾਰ ਨਾਲ ਵਰਨਣ ਇਸ ਪੁਸਤਕ ਵਿਚ ਅਤੇ ਭਗਵਤੀ ਸੂਤਰ ਵਿਚ ਦਰਜ ਹੈ । ਇਸ ਦਾ ਮੱਤ 5 ਸਦੀ ਤੱਕ ਚਲਦਾ ਰਿਹਾ । ਇਸ ਦਾ ਸਿਧਾਂਤ ਸੀ " ਕਿ ਸਭ ਕੁਝ ਨਿਅਤ ਹੈ । ਕੁਝ ਕਰਨ ਦੀ ਜਰੂਰਤ ਨਹੀਂ । ਬਲ ਵੀਰਜ਼, ਪੁਰਸ਼ਾਰਥ ਦਾ ਕੋਈ ਮਹੱਤਵ ਨਹੀਂ, ਸਭ ਕੁਝ ਬੇਕਾਰ ਹੈ । ਅਕਲ ਮੰਦ ਤੇ ਮੂਰਖ ਦੋਵੇਂ ਤਰ੍ਹਾਂ ਦੇ ਜੀਵ 80 ਲੱਖ ਮਹਾਂ ਕਲਪ ਤੋਂ ਬਾਅਦ ਆਪਣੇ ਆਪ ਮੁਕਤ ਹੋ ਜਾਂਦੇ ਹਨ ।" ਮੰਖਲੀ ਪੁਤਰ ਉਸ ਸਮੇਂ ਦੇ ਆਚਾਰਿਆ ਵਿਚੋਂ ਮਹਾਤਮਾ ਬੁੱਧ ਤੇ ਮਹਾਵੀਰ ਤੋਂ ਬਾਅਦ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ । ਅਸ਼ੋਕ ਦੇ ਸ਼ਿਲਾ ਲੇਖਾਂ ਵਿਚ ਇਸ ਦੇ ਆਜੀਵਕ ਮਤ ਦੀ ਕਈ

ਜਗ੍ਹਾ ਚਰਚਾ ਆਈ ਹੈ । ਅਸ਼ੋਕ ਦੇ ਪੋਤੇ ਦਸ਼ਰਥ ਨੇ ਆਜੀਵਕ ਭਿਖਸ਼ੂਆਂ ਲਈ ਗੁਫਾਵਾਂ ਬਣਾਈਆਂ ਸਨ ।[1]

### 3. ਅਜੀਤਕੇਸ਼ ਕੰਬਲ–

ਉਛੇਦਵਾਦ ਦਾ ਇਹ ਮੁੱਖ ਪ੍ਰਵਰਤਨ ਸੀ । ਇਹ ਬਾਲਾਂ ਦਾ ਬਣਿਆਂ ਕੰਬਲ ਪਹਿਨਦਾ ਸੀ । ਉਸਦਾ ਮੱਤ ਸੀ । ਦਾਨ, ਯੱਗ, ਹਵਨ ਵਿਚ ਕੁਝ ਤੱਥ ਨਹੀਂ, ਚੰਗੇ ਮੰਦੇ ਕਰਮ ਦਾ ਕੋਈ ਫਲ ਨਹੀਂ । ਮਾਤਾ, ਪਿਤਾ, ਦਾਨ, ਨਰਕ, ਦੇਵਤਾ ਆਦਿ ਕੁਝ ਨਹੀਂ । ਮਨੁੱਖ ਦਾ ਸਰੀਰ ਚਾਰ ਭੂਤਾਂ ਦਾ ਬਣਿਆ ਹੈ । ਮਰਨ ਤੋਂ ਮਿਟੀ-ਮਿਟੀ ਵਿਚ ਪਾਣੀ-ਪਾਣੀ ਵਿਚ ਅੱਗ-ਅੱਗ ਵਿਚ ਅਤੇ ਹਵਾ-ਹਵਾ ਵਿਚ ਜਾ ਮਿਲਦੀ ਹੈ । ਮੌਤ ਤੋਂ ਬਾਅਦ ਕੁਝ ਨਹੀਂ ਬਚਦਾ, ਕੋਈ ਲੋਕ, ਪਰਲੋਕ ਜਾਂ ਪੁਨਰ ਜਨਮ ਆਦਿ ਕੁਝ ਵੀ ਨਹੀਂ ।[2]

### 4. ਪਕੁਧ ਕਾਂਤਯਾਨ–

ਉਹ ਠੰਡਾ ਪਾਣੀ ਇਸਤੇਮਾਲ ਕਰਦਾ ਸੀ । ਉਸਦਾ ਮੱਤ ਸੀ " ਸੱਤ ਪਦਾਰਥ ਕਿਸੇ ਨੇ ਨਹੀਂ ਬਣਾਏ । ਇਹ ਖੰਬੇ ਦੀ ਤਰ੍ਹਾਂ ਅਟਲ ਹਨ । ਇਹ ਨਾ ਹਿਲਦੇ ਹਨ, ਨਾਂ ਬਦਲਦੇ ਹਨ । ਇਕ ਦੂਸਰੇ ਨੂੰ ਨਹੀਂ ਸਤਾਂਦੇ । ਇਕ ਦੂਸਰੇ ਨੂੰ ਸੁਖ ਦੁਖ ਦੇਣ ਵਿਚ ਅਸਮਰਥ ਹਨ । ਇਹ ਪਦਾਰਥ ਹਨ (1) ਜਮੀਨ (2) ਪਾਣੀ (3) ਅੱਗ, (4) ਹਵਾ (5) ਸੁੱਖ (6) ਦੁੱਖ (7) ਜੀਵ, ਇਨ੍ਹਾਂ ਪਦਾਰਥਾਂ ਨੂੰ ਮਾਰਨ ਵਾਲਾ, ਮਰਵਾਣ ਵਾਲਾ, ਸੁਣਨ ਵਾਲਾ, ਜਾਨਣ ਵਾਲਾ, ਵਰਨਣ ਕਰਨ ਵਾਲਾ ਕੋਈ ਨਹੀਂ ।[3]

### 5. ਸੰਜਯ ਵੇਲਠੀ ਪੁਤਰ–

ਇਸ ਮੱਤ ਨੂੰ ਸੰਸ਼ੇਵਾਦੀ ਵੀ ਕਿਹਾ ਜਾਂਦਾ ਹੈ । ਸੰਜੇ ਦਾ ਮੱਤ ਸੀ " ਜੇ ਮੈਨੂੰ ਕੋਈ ਪੁਛੇ ਕਿ ਪਰਲੋਕ ਕੀ ਹੈ ਅਤੇ ਮੈਨੂੰ ਲਗੇ ਕਿ ਪਰਲੋਕ ਹੈ ਤਾਂ ਮੈਂ ਕਹਾਂਗਾ - " ਹਾਂ!" ਜੇ ਮੈਨੂੰ ਅਜਿਹਾ ਨਹੀਂ ਲਗੇਗਾ । ਤਾਂ ਮੈਂ ਆਖਾਂਗਾ ਕਿ ਅਜਿਹਾ ਵੀ ਨਹੀਂ ਕਿ ਪਰਲੋਕ ਨਾ ਹੋਵੇ । ਜੀਵ ਹੈ ਜਾਂ ਨਹੀਂ, ਚੰਗੇ ਬੁਰੇ ਕਰਮ ਦਾ ਫਲ ਮਿਲਦਾ ਹੈ ਜਾਂ ਨਹੀਂ, ਤਥਾਗਤ (ਬੁਧ) ਮੌਤ ਪਿਛੋਂ ਰਹਿੰਦੇ ਹਨ ਜਾਂ ਨਹੀਂ, ਇਨਾਂ ਕਿਸੇ ਸਿਧਾਤਾਂ ਬਾਰੇ ਮੇਰੀ ਕੋਈ ਨਿਸਚਿਤ ਧਾਰਨਾ ਨਹੀਂ ।[4]

### 6. ਨਿਰਗ੍ਰੰਥ ਗਿਆਤ ਪੁਤਰ–

ਇਹ ਭਗਵਾਨ ਮਹਾਵੀਰ ਦਾ ਹੀ ਨਾਮ ਹੈ । 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੀ ਪਰੰਪਰਾ 4 ਵਰਤਾਂ ਵਿਚ ਯਕੀਨ ਰਖਦੀ ਸੀ । ਇਸੇ ਲਈ ਭਗਵਾਨ ਮਹਾਵੀਰ ਨੂੰ ਚਤੁਰਯਾਮ ਧਰਮ ਦਾ ਪ੍ਰਵਤਕ ਆਖਿਆ ਗਿਆ ਹੈ । ਬਾਅਦ ਵਿਚ ਭਗਵਾਨ

---

1. ਭਾਰਤੀ ਸੰਸਕ੍ਰਿਤੀ ਔਰ ਅਹਿੰਸਾ ਪੰਨਾ 45-46
2. ਭਗਵਾਨ ਬੁੱਧ ਪੰਨਾ 18 ।
3. ਧਮ ਪੱਦ ਅਠ ਕਥਾ 1-144
4. ਭਗਵਾਨ ਬੁੱਧ 181-82

ਮਹਾਵੀਰ ਨੇ ਅਪਰਿਗ੍ਰਹਿ ਵਰਤ ਨੂੰ ਸੰਖੇਪ ਕਰਕੇ ਬ੍ਰਹਮਚਰਜ ਵਰਤ ਦੀ ਅੱਡ ਸਥਾਪਨਾ ਕੀਤੀ । ਜਿਸ ਕਾਰਨ ਇਨ੍ਹਾਂ ਪੰਜ ਨਿਯਮਾਂ ਨੂੰ ਪੰਜ ਮਹਾਵਰਤ ਆਖਦੇ ਹਨ । ਨਿਰਗਰੰਥ ਜੈਨ ਧਰਮ ਦਾ ਪੁਰਾਣਾ ਨਾਂ ਹੈ, ਗਿਆਤ ਭਗਵਾਨ ਮਹਾਵੀਰ ਦੀ ਲਿਛਵੀ ਜਾਤੀ ਦੀ ਇਕ ਉਪ ਸ਼ਾਖਾ ਸੀ ।

ਇਸੇ ਪ੍ਰਕਾਰ ਛੇ ਧਰਮ ਪ੍ਰਚਾਰਕਾਂ ਦਾ ਜੀਵਨ, ਬੁੱਧ, ਗ੍ਰੰਥਾਂ ਤੇ ਅਧਾਰਿਤ ਹੈ । ਪਰ ਸਾਨੂੰ ਬੁੱਧ ਗ੍ਰੰਥਾਂ ਤੇ ਪੂਰਾ ਯਕੀਨ ਨਹੀਂ ਰਖਣਾ ਚਾਹੀਦਾ । ਕਿਉਂਕਿ ਬੁੱਧ ਆਚਾਰਿਆ ਦਾ ਇਕੋ ਇਕ ਉਦੇਸ਼ ਮਹਾਤਮਾ ਬੁੱਧ ਨੂੰ ਹੋਰ ਧਰਮ ਅਚਾਰਿਆ ਤੋਂ ਉਪਰ ਵਿਖਾਣਾ ਹੈ । ਅਜਿਹਾ ਤਰਿਪਿਟਕ ਸਾਹਿਤ ਅਤੇ ਮਿਲਿੰਦ ਪ੍ਰਸ਼ਨ ਕਥਾ ਵਿਚ ਆਮ ਮਿਲਦਾ ਹੈ ।

ਇਸਤੋਂ ਛੁਟ ਜੈਨ ਗ੍ਰੰਥ ਰਿਸ਼ੀ ਭਾਸੀਤ ਸੂਤਰ ਵਿਚ, ਅਨੇਕਾਂ ਪੁਰਾਣੇ ਅਤੇ ਭਗਵਾਨ ਮਹਾਵੀਰ ਦੇ ਸਮੇਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ । ਜੋ ਕਿ ਧਾਰਮਿਕ ਪਖੋਂ ਨਹੀਂ ਸਗੋਂ ਇਤਿਹਾਸਕ ਪਖੋਂ ਵੀ ਬਹੁਤ ਮਹੱਤਵਪੂਰਨ ਹੈ ।

ਉਪਰੋਕਤ ਚਰਚਾ ਵਿਚ ਅਸੀਂ ਭਗਵਾਨ ਮਹਾਵੀਰ ਦੇ ਸਮੇਂ ਦੇ ਅਤੇ ਉਨ੍ਹਾਂ ਤੋਂ ਪਹਿਲਾਂ ਮਤਾਂ ਦੀ ਇਤਿਹਾਸ ਪਖੋਂ ਚਰਚਾ ਕੀਤੀ ਹੈ । ਸਿਵਾਏ ਜੈਨ ਅਤੇ ਬੁੱਧ ਧਰਮ ਤੋਂ ਇਨ੍ਹਾ ਮਤਾਂ ਦਾ ਕੋਈ ਇਤਿਹਾਸ ਨਹੀਂ ਮਿਲਦਾ ।

ਜੈਨ ਅਤੇ ਬੁੱਧ ਗ੍ਰੰਥਾਂ ਦਾ ਇਨ੍ਹਾਂ ਮਤਾਂ ਬਾਰੇ ਵਰਨਣ ਬਹੁਤ ਪਖਪਾਤ ਪੂਰਨ ਹੈ । ਇਨ੍ਹਾਂ ਮਤਾਂ ਦਾ ਨਾਂ ਕੋਈ ਗ੍ਰੰਥ ਮਿਲਦਾ ਹੈ ਨਾ ਹੀ ਕੋਈ ਉਪਾਸਕ ਮਿਲਦਾ ਹੈ । ਕਿਸੇ ਵੀ ਜੈਨ ਗ੍ਰੰਥ ਵਿਚ ਮਹਾਤਮਾ ਬੁੱਧ ਦਾ ਜਿਕਰ ਵੀ ਨਹੀਂ ਆਇਆ ।

ਬੁੱਧ, ਗ੍ਰੰਥਾਂ, ਪਿਟਕਾਂ ਸਾਹਿਤ ਵਿਚ ਭਗਵਾਨ ਮਹਾਵੀਰ ਦੀ ਪ੍ਰਾਚੀਨ ਧਰਮ, ਪਰੰਪਰਾ ਬਾਰੇ ਕਾਫੀ ਚਰਚਾ ਮਿਲਦੀ ਹੈ । ਜੇ ਬੁੱਧ ਗ੍ਰੰਥਾਂ ਵਿਚ ਨਿਗੰਠ ਨਾਯ ਪੁੱਤ ਨਾਉ ਨਾ ਹੁੰਦਾ ਤਾਂ ਸ਼ਾਇਦ ਪਛਮੀ ਲੇਖਕ ਭਗਵਾਨ ਮਹਾਵੀਰ ਦੀ ਹੋਂਦ ਨੂੰ ਹੀ ਨਾ ਮੰਨਦੇ । ਮਹਾਤਮਾ ਬੁੱਧ ਦਾ ਚਾਚਾ, ਬੱਪ ਨਿਰਗ੍ਰੰਥਾਂ ਦਾ ਉਪਾਸਕ ਸੀ । ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦੀ ਸਿਧੀ ਮੁਲਾਕਾਤ ਨਹੀਂ ਆਈ, ਸਗੋਂ ਮਹਾਤਮਾ ਬੁੱਧ ਅਤੇ ਭਗਵਾਨ ਮਹਾਵੀਰ ਦੀ ਚੇਲਿਆਂ ਦੀ ਧਰਮ ਚਰਚਾ ਦਾ ਵਰਣਨ ਜਰੂਰ ਆਇਆ ਹੈ । ਇਨ੍ਹਾਂ ਚਰਚਾਵਾਂ ਦਾ ਇਕੋ ਉਦੇਸ਼ ਭਗਵਾਨ ਮਹਾਵੀਰ ਨੂੰ ਨੀਵਾਂ ਵਿਖਾ ਕੇ ਮਹਾਤਮਾ ਬੁੱਧ ਨੂੰ ਉਚਾ ਵਿਖਾਉਣਾ ਹੈ । ਇਨ੍ਹਾਂ ਚਰਚਾਵਾਂ ਵਿਚ ਜੈਨ ਸਿਧਾਤਾਂ ਦੀ ਤੁਲਨਾ, ਬੁੱਧ ਸਿਧਾਤਾਂ ਨਾਲ ਕੀਤੀ ਗਈ ਹੈ ।

ਸਮੁਚੇ ਬੁੱਧ ਸਾਹਿਤ ਵਿਚ ਭਗਵਾਨ ਮਹਾਵੀਰ ਦੀ ਚਰਚਾ 5 ਵਾਰ ਆਈ ਹੈ। ਇਨ੍ਹਾ ਵਿਚੋਂ 32 ਵਾਰ ਮੂਲ ਤਰਿਪ੍ਰਿਟਕ ਗ੍ਰੰਥਾਂ ਵਿਚ ਹੈ । ਮਝੀਮਨਿਕਾਏ ਵਿਚ 10 ਵਾਰ ਹੈ, ਅਤੇ ਦੀਰਘ ਨਿਕਾਏ ਵਿਚ 4 ਵਾਰ ਹੈ । ਅਗੁੰਤਰ ਨਿਕਾਏ, ਸੰਯੁਕਤ ਨਿਕਾਏ ਆਦਿ ਵਿਚ 7-7 ਵਾਰ ਹੈ । ਸੁਤ ਨਿਪਾਤ ਅਤੇ ਵਿਨੈਪਿਟਕ ਵਿਚ ਵੀ 2-2 ਵਾਰ ਚਰਚਾ ਆਈ ਹੈ । ਇਨ੍ਹਾਂ ਚਰਚਾਵਾਂ ਵਿਚ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਚਤਰਯਾਮ ਧਰਮ ਦਾ ਵਰਣਨ, ਨਿਰਗ੍ਰੰਥਾਂ ਦੀਆਂ ਤਪਸਿਆਵਾਂ, ਕਰਮਵਾਦ, ਆਸ਼ਰਵ ਅਭਿਜਾਤੀ (ਲੇਸ਼ਿਆ)

ਲੋਕ, ਪਰਲੋਕ, ਧਿਆਨ, ਕ੍ਰਿਆ, ਅਕ੍ਰਿਆਵਾਂ, ਪਾਤਰ, ਕੁਪਾਤਰ ਦਾਨ ਦਾ ਵਰਨਣ ਜੈਨ ਗ੍ਰੰਥਾਂ ਨਾਲ ਮੇਲ ਖਾਂਦਾ ਹੈ । ਪ੍ਰਸਿੱਧ ਜਰਮਨ ਵਿਦਵਾਨ ਡਾ. ਹੈਰਮਨ ਜੈਕੋਵੀ ਨੇ ਆਪਣੇ ਸੂਤਰ ਕ੍ਰਿਤਾਂਗ ਸੂਤਰ ਅਤੇ ਉਤਰਾਧਿਐਨ ਸੂਤਰ ਦੇ ਅੰਗਰੇਜੀ ਅਨੁਵਾਦ ਵਿਚ ਇਨ੍ਹਾਂ ਚਰਚਾਵਾਂ ਦਾ ਖੁਲ ਕੇ ਵਿਸ਼ਲੇਸ਼ਨ ਕੀਤਾ ਹੈ ।

ਭਗਵਾਨ ਮਹਾਵੀਰ ਅਤੇ ਬੁੱਧ ਇੱਕ ਦੇਸ਼ ਵਿਚ ਜੰਮੇ, ਪਲੇ, ਅਤੇ ਘੁਮੇ ਪਰ ਦੋਹਾਂ ਮਹਾਪੁਰਸ਼ਾਂ ਦਾ ਮਿਲਾਪ ਨਾ ਹੋਣਾ ਬਹੁਤ ਹੀ ਅਨੋਖੀ ਗੱਲ ਹੈ ।

ਪਰ ਕੁਝ ਵੀ ਹੋਵੇ ਬੁੱਧ ਗ੍ਰੰਥਾਂ ਦਾ ਵਰਣਨ, ਭਗਵਾਨ ਮਹਾਵੀਰ ਦੇ ਇਤਿਹਾਸ, ਧਾਰਮਿਕ ਅਤੇ ਸਮਾਜਿਕ ਵਰਨਣ ਪਖੋਂ ਕਾਫੀ ਮਹੱਤਵਪੂਰਨ ਹੈ ।

## ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ

ਕਈ ਪੱਛਮੀ ਇਤਿਹਾਸਕਾਰ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਨੂੰ ਇੱਕ ਹੀ ਸਮਝਦੇ ਰਹੇ । ਇਨ੍ਹਾਂ ਲੇਖਕਾਂ ਨੇ ਬੁੱਧ ਧਰਮ ਨੂੰ ਜੈਨ ਧਰਮ ਦੀ ਸ਼ਾਖਾ ਤੇ ਕਿਸੇ ਨੇ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਆਖਿਆ । ਪਰ ਇਨ੍ਹਾਂ ਲੇਖਕਾਂ ਵਿਚੋਂ ਕਿਸੇ ਨੇ ਵੀ ਬੁੱਧ ਗ੍ਰੰਥਾਂ ਵੱਲ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ । ਭਗਵਾਨ ਮਹਾਵੀਰ ਦੇ ਉਪਾਸਕ ਨੂੰ ਅਸ਼ੋਕ ਦੇ ਸ਼ਿਲਾਲੇਖਾਂ ਵਿਚ ਨਿਰਗ੍ਰੰਥ ਆਖਿਆ ਗਿਆ ਹੈ । ਇਨ੍ਹਾਂ ਵਿਚ ਬੁੱਧ ਭਿਖਸ਼ੂਆਂ ਲਈ ਸ੍ਰਮਣ ਸ਼ਬਦ ਦਾ ਇਸਤੇਮਾਲ ਹੋਇਆ ਹੈ । ਗੋਸ਼ਾਲਕ ਦੇ ਚੇਲਿਆਂ ਲਈ ਆਜੀਵਕ ਅਤੇ ਬ੍ਰਾਹਮਣ ਲਈ ਬ੍ਰਾਹਮਣ ਸ਼ਬਦ ਆਇਆ ਹੈ । ਇਨ੍ਹਾਂ ਇਤਿਹਾਸਕਾਰਾਂ ਦਾ ਉਪਰੋਕਤ ਹਵਾਲੀਆ ਵੱਲ ਧਿਆਨ ਨਾ ਦੇਣਾ ਬਹੁਤ ਹੀ ਹੈਰਾਨ ਕਰਨ ਵਾਲੀ ਗੱਲ ਹੈ । ਇਨ੍ਹਾਂ ਲੇਖਕਾਂ ਨੇ ਜੈਨ ਪੁਰਾਤੱਤਵ ਤੇ ਸਾਹਿਤ ਦਾ ਠੀਕ ਅਧਿਐਨ ਨਹੀਂ ਕੀਤਾ ।

ਡਾ. ਹਰਮਣ ਜੈਕੋਵੀ ਨੇ ਸਭ ਤੋਂ ਪਹਿਲਾਂ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦਾ ਫਰਕ ਸ੍ਰੀ ਅਚਾਰੰਗ ਸੂਤਰ ਦੀ ਭੂਮਿਕਾ ਵਿਚ ਖੁੱਲ ਕੇ ਕੀਤਾ ਹੈ । ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦੀ ਦਿਤੀ ਜਾਣਕਾਰੀ ਦਾ ਅਸੀਂ ਹੁਣ ਚਰਚਾ ਕਰਾਂਗੇ ।

## ਭਗਵਾਨ ਮਹਾਵੀਰ ( 599-527 ਵੀ. ਸੀ.)

| | | | | |
|---|---|---|---|---|
| ਘਰ ਦਾ ਨਾਂ | ਕੁਲ | ਜਨਮ ਸਥਾਨ | ਮਾਤਾ ਦਾ ਨਾਂ | ਪਿਤਾ ਦਾ ਨਾਂ |
| **ਵਰਧਮਾਨ** | **ਗਿਆਤ ਲਿਛਵੀਂ** | **ਖਤਰੀ ਕੁੰਡ ਗ੍ਰਾਮ** | **ਤ੍ਰਿਸ਼ਲਾ** | **ਰਾਜਾ ਸਿਧਾਰਥ** |
| ਬੜੇ ਭਰਾ ਦਾ ਨਾਂ | ਭੈਣ ਦਾ ਨਾਂ | ਪਤਨੀ | ਪੁਤਰੀ | ਜਮਾਈ ਦਾ ਨਾਂ |
| **ਨਦੀ ਵਰਧਨ** | **ਸੁਦਰਸ਼ਨਾ** | **ਯਸ਼ੋਧਾ** | **ਪ੍ਰਿਆਦਰਸ਼ਨਾ** | **ਜਮਾਲੀ** |
| ਦੀਖਿਆ | ਕੇਵਲ ਗਿਆਨ | ਉਮਰ | ਨਿਰਵਾਨ ਸਥਾਨ | ਪ੍ਰਮੁਖ ਚੇਲੇ ਦਾ ਨਾਂ |
| **ਗਿਆਤ ਖੰਡ** | **ਰਿਜੂ ਬਾਲਕਾ ਨਦੀ** | **72 ਸਾਲ** | **ਪਾਵਾਪੁਰੀ** | **ਇੰਦਰਭੂਤੀ** |

## ਮਹਾਤਮਾ ਬੁਧ (581-647 ਈ. ਪੂ.)

| | | | | | |
|---|---|---|---|---|---|
| ਘਰ ਦਾ ਨਾਂ | ਕੁਲ | ਜਨਮ ਸਥਾਨ | ਮਾਤਾ ਦਾ ਨਾਂ | ਪਿਤਾ ਦਾ ਨਾਂ | ਚਾਚੇ ਦਾ ਨਾਂ |
| **ਸਿਧਾਰਥ** | **ਸ਼ਾਕ** | **ਲੁਬਨੀ** | **ਮਾਇਆ ਦੇਵੀ** | **ਸੁਸ਼ੋਧਨ** | **ਬਪ** |
| ਪਤਨੀ | ਪੁਤਰ | ਗਿਆਨ ਸਥਾਨ | ਕੁਲ ਉਮਰ | ਨਿਰਵਾਨ | ਪ੍ਰਮੁਖ ਚੇਲੇ |

| | | | | | |
|---|---|---|---|---|---|
| ਯਸ਼ੋਦਰਾ | ਰਾਹੁਲ | ਬੁਧ (ਗਯਾ) | 80 ਸਾਲ | ਕੁਸ਼ਿਆਰਾ | ਆਨੰਦ |

ਇਨ੍ਹਾਂ ਫਰਕਾਂ ਤੋਂ ਛੁੱਟ ਡਾ: ਹਰਮਨ ਜੈਕੋਬੀ ਨੇ ਬਹੁਤ ਸਪਸ਼ਟ ਕਰਕੇ ਭਗਵਾਨ ਮਹਾਵੀਰ ਨੂੰ ਹੀ ਨਹੀਂ, ਭਗਵਾਨ ਪਾਰਸ਼ਵਨਾਥ ਨੂੰ ਇਤਿਹਾਸਕ ਮਹਾਪੁਰਸ਼ ਸਿੱਧ ਕਰ ਦਿਤਾ ਹੈ । ਬੁਧ ਗ੍ਰੰਥ ਅਨੁਸਾਰ ਮਹਾਤਮਾ ਬੁੱਧ ਦਾ ਚਾਚਾ ਬੱਪ ਪਾਰਸ਼ਵ ਨਾਥ ਦੀ ਪ੍ਰੰਪਰਾ ਦਾ ਉਪਾਸ਼ਕ ਸੀ । ਭਗਵਾਨ ਮਹਾਵੀਰ ਦੇ ਮਾਤਾ-ਪਿਤਾ ਵੀ ਇਸੇ ਪ੍ਰੰਪਰਾ ਨੂੰ ਮੰਨਦੇ ਸਨ ।

ਉਸਨੇ ਜੈਨ ਧਰਮ ਅਤੇ ਬੁਧ ਧਰਮ ਦਾ ਵੀ ਜਿਕਰ ਕੀਤਾ ਹੈ ਵੇਖਣ ਨੂੰ ਜੈਨ ਧਰਮ ਅਤੇ ਬੁੱਧ ਧਰਮ ਕਾਫੀ ਨਜਦੀਕ ਹਨ । ਦੋਵੇਂ ਧਰਮ ਨਿਰਵਾਨ ਨੂੰ ਮੰਨਦੇ ਹਨ । ਪਰ ਬੁੱਧ ਧਰਮ ਵਾਲੇ, ਜੈਨ ਧਰਮ ਦੀ ਤਰ੍ਹਾਂ ਆਤਮਾ ਨੂੰ ਅਜਰ ਅਮਰ ਨਹੀਂ ਮੰਨਦੇ । ਬੁੱਧ ਧਰਮ ਵਿਚ ਅਹਿੰਸਾ ਦੇ ਸਿਧਾਂਤ ਦੇ ਇਨਾ ਜੋਰ ਨਹੀਂ ਦਿਤਾ ਗਿਆ, ਜਿਨ ਜੈਨ ਧਰਮ ਵਿਚ ਦਿਤਾ ਗਿਆ ਹੈ । ਜੈਨੀਆਂ ਦੇ ਅਨੇਕਾਂਤ ਵਾਦ ਦੇ ਨਾਂ ਦੇ ਸਿਧਾਂਤ ਤੋਂ ਦੁਨੀਆਂ ਦਾ ਕੋਈ ਧਰਮ ਵੀ ਜਾਣੂ ਨਹੀਂ ।

ਹਾਂ, ਬੁੱਧ ਧਰਮ ਵਿਚ ਭਿਖਸ਼ੂ ਲਈ ਸ਼੍ਰਮਣ ਸ਼ਬਦ ਆਇਆ ਹੈ । ਇਸਤੋਂ ਛੁੱਟ ਅਰਿਹੰਤ, ਜਿਨ, ਮਹਾਵੀਰ, ਸਵੈ ਬੁਧ ਸ਼ਬਦ ਦੋਵੇਂ ਧਰਮਾਂ ਵਿਚ ਇਕਠੇ ਮਿਲਦੇ ਹਨ ਜਿਸ ਕਾਰਣ ਆਮ ਲੋਕਾਂ ਨੂੰ ਭਗਵਾਨ ਮਹਾਵੀਰ ਅਤੇ ਮਹਾਤਮਾ ਬੁਧ ਵਿਚ ਫਰਕ ਕਰਨਾ ਔਖਾ ਹੋ ਜਾਂਦਾ ਹੈ ।

ਜੈਨ ਧਰਮ ਇਕ ਸੁਤੰਤਰ ਧਰਮ ਹੈ । ਜੈਨ ਪਰੰਪਰਾ ਬਹੁਤ ਪ੍ਰਾਚੀਨ ਹੈ । ਜੈਨ ਧਰਮ ਨਾ ਕਿਸੇ ਧਰਮ ਦੀ ਸ਼ਾਖਾ ਹੈ ਅਤੇ ਨਾ ਹੀ ਭਗਵਾਨ ਮਹਾਵੀਰ ਅਤੇ ਬੁਧ ਇਕ ਸਨ ਇਹ ਠੀਕ ਹੈ ਕਿ ਜੈਨ ਧਰਮ ਦਾ ਬੁੱਧ ਧਰਮ ਉਪਰ ਕਾਫੀ ਅਸਰ ਹੈ ।

# ਤੀਰਥੰਕਰ ਭਗਵਾਨ ਮਹਾਵੀਰ

ਇਹ ਪੁਸਤਕ ਪੰਜਾਬੀ ਭਾਸ਼ਾ ਵਿਚ ਲਿਖੀ ਸੰਸਾਰ ਵਿਚ ਪਹਿਲੀ ਪੁਸਤਕ ਹੈ . ਇਹ ਪੁਸਤਕ ਲਿਖਣ ਲਗਿਆਂ ਸਾਨੂੰ ਪ੍ਰਮਾਣਿਕ ਸਮਗਰੀ ਦੀ ਘਾਟ ਮਹਿਸੂਸ ਹੁੰਦੀ ਰਹੀ ਹੈ । ਪੁਸਤਕ ਲਿਖਣ ਲਗਿਆਂ ਅਸੀਂ ਇਸ ਪੁਸਤਕ ਦੀ ਭਾਸ਼ਾ, ਛਪਾਈ ਅਤੇ ਆਕਾਰ ਦਾ ਖਾਸ ਧਿਆਨ ਰਖਿਆ ਹੈ । ਇਸ ਪੁਸਤਕ ਦੀ ਲਿਖਾਈ ਲਈ ਭਿੰਨ ਭਿੰਨ ਗ੍ਰੰਥਾਂ ਅਤੇ ਪਰੰਪਰਾਵਾਂ ਦੀ ਮਦਦ ਲਈ ਹੈ । ਇਸ ਦੇ ਨਾਲ ਨਾਲ ਅਸੀਂ ਪਰਮ ਸ਼ਰਧੇ ਉਪਾਧਿਆਏ ਸ੍ਰੀ ਅਮਰ ਮੁਨੀ ਜੀ ਦੇ ਉਨ੍ਹਾਂ ਵਲੋਂ ਲਿਖੀ ਭੂਮਿਕਾ ਲਈ ਵੀ ਧੰਨਵਾਦੀ ਹਾਂ । ਸਭ ਤੋਂ ਵੱਧ ਅਸੀਂ ਇਸ ਪੁਸਤਕ ਦੀ ਪ੍ਰੇਰਿਕਾ ਮਹਾਸਾਧਵੀ, ਮਹਾਸ਼੍ਰਮਣੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਦਿਲੋਂ ਰਿਣੀ ਹਾਂ ਕਿ ਉਨ੍ਹਾਂ ਸਾਨੂੰ ਇਕ ਇਤਿਹਾਸਕ ਮੌਕਾ ਦਿਤਾ ਹੈ । ਇਸ ਤੋਂ ਛੁਟ ਅਸੀਂ ਸਾਧੂ ਰਤਨ ਸ੍ਰੀ ਰਤਨ ਮੁਨੀ ਜੀ ਮਹਾਰਾਜ, ਪੰਜਾਬ ਕੇਸਰੀ ਸ੍ਰੀ ਵਿਮਲ ਮੁਨੀ ਜੀ ਮਹਾਰਾਜ, ਅਰਿਹੰਤ ਸੰਘ ਦੇ ਆਚਾਰੀਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ, ਆਚਾਰੀਆ ਸ੍ਰੀ ਤੁਲਸੀ ਦੇ ਸ਼ਿਸ਼ ਸ੍ਰੀ ਰੋਸ਼ਨ ਮੁਨੀ ਜੀ, ਜੈ ਚੰਦ ਜੀ ਮਹਾਰਾਜ, ਅਚਾਰੀਆ ਇੰਦਰਦਿਨ

ਸੂਰੀ ਜੀ ਮਹਾਰਾਜ ਅਤੇ ਅਚਾਰੀਆ ਆਨੰਦ ਰਿਸ਼ੀ ਜੀ ਮਹਾਰਾਜ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਆਪਣੇ ਆਸ਼ੀਰਵਾਦਾਂ ਅਤੇ ਸੁਝਾਵਾਂ ਰਾਹੀਂ ਸਾਡਾ ਹੌਂਸਲਾ ਵਧਾਇਆ ਹੈ ।

ਸਾਨੂੰ ਆਸ ਹੈ ਕਿ ਸਾਡੀ ਇਹ ਕੋਸ਼ਿਸ਼ ਜੈਨ ਧਰਮ ਦੇ ਭਗਵਾਨ ਮਹਾਵੀਰ ਬਾਰੇ ਜਾਣਨ ਵਾਲੇ ਪੰਜਾਬੀ ਪਾਠਕਾਂ ਦੀ ਕੁਝ ਇੱਛਾ ਪੂਰੀ ਕਰ ਸਕੇਗੀ । ਇਸ ਸਮੇਂ ਇਕ ਸ਼ੁਭ ਮੌਕਾ ਕਾਨਫਰੰਸ ਵਿਸ਼ਵ ਪੰਜਾਬੀ ਕਾਨਫਰੰਸ ਦਿੱਲੀ ਦਾ ਹੈ ।

ਪਾਠਕਾਂ ਦੀ ਪੁਰਜ਼ੋਰ ਮੰਗ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ B.A. ਧਰਮ ਲਈ ਭਗਵਾਨ ਮਹਾਵੀਰ ਪੁਸਤਕ ਦਾ ਦੂਸਰਾ ਐਡੀਸ਼ਨ ਮਹਾਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਲਾਲਾ ਸੁਸ਼ੀਲ ਕੁਮਾਰ ਜੈਨ ਪ੍ਰਧਾਨ ਐਸ. ਐਸ. ਜੈਨ ਸਭਾ ਪ੍ਰੇਮ ਭਵਨ ਕਰੋਲ ਬਾਗ ਨੇ ਆਪਣੀ ਪੂਜ ਮਾਤਾ ਜੀ ਦੀ ਯਾਦ ਵਿਚ ਛਪਾਇਆ ਹੈ। ਅਸੀਂ ਇਸ ਸਹਿਯੋਗ ਲਈ ਗੁਰੂਣੀ ਜੀ ਮਹਾਰਾਜ ਦੀ ਪ੍ਰੇਰਣਾ ਨੂੰ ਪ੍ਰਣਾਮ ਕਰਦੇ ਹੋਏ, ਲਾਲਾ ਜੀ ਦੀ ਸੰਸਥਾ ਵਲੋਂ ਧੰਨਵਾਦ ਕਰਦੇ ਹਾਂ ਅਤੇ ਗੁਰੂਣੀ ਜੀ ਨੂੰ ਪ੍ਰਣਾਮ ਕਰਦੇ ਹਾਂ ਇਹ ਪੁਸਤਕ ਉਨ੍ਹਾਂ ਦੇ ਕਰ ਕਮਲਾਂ ਵਿਚ ਸਮਰਪਿਤ ਕਰਦੇ ਹਾਂ ।

ਅੰਤ ਵਿਚ ਅਸੀਂ ਇਸ ਗ੍ਰੰਥ ਵਿਚ ਰਹਿ ਗਈਆਂ ਤਰੁਟੀਆਂ ਪ੍ਰਤੀ ਖਿਮਾ ਚਾਹੁੰਦੇ ਹਾਂ । ਸਾਨੂੰ ਆਸ ਹੈ ਕਿ ਸੂਝਵਾਨ ਪਾਠਕ ਸਾਡੀਆਂ ਗਲਤੀਆਂ ਵੱਲ ਧਿਆਨ ਨਾ ਦਿੰਦੇ ਹੋਏ ਪੁਸਤਕ ਦੇ ਮੂਲ ਉਦੇਸ਼ ਨੂੰ ਸਮਝਣਗੇ ।

**ਸ਼ੁਭ ਕਾਮਨਾਵਾਂ ਸਹਿਤ,**

**ਸ਼ੁਭ ਚਿੰਤਕ**

**ਰਵਿੰਦਰ ਕੁਮਾਰ ਜੈਨ**

**ਪੁਰਸ਼ੋਤਮ ਦਾਸ ਜੈਨ**

**ਮਹਾਵੀਰ ਸਟਰੀਟ,**

**ਮਲੇਰ ਕੋਟਲਾ**

# ਮਹਾਨ ਜੈਨ ਸ਼੍ਰਾਵਿਕਾ, ਪੂਜਣ ਯੋਗ
# ਮਾਤਾ ਲਾਜਵੰਤੀ ਜੀ ਜੈਨ
## (ਸਿਆਲ ਕੋਟ ਵਾਲੇ)

ਜੈਨ ਧਰਮ ਵਿਚ ਇਸਤਰੀ ਦਾ ਮਹੱਤਵਪੂਰਨ ਸਥਾਨ ਹੈ । ਸੰਸਾਰ ਦਾ ਜੈਨ ਧਰਮ ਪਹਿਲਾ ਧਰਮ ਹੈ ਜਿਸਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਧਾਰਮਿਕ ਤੇ ਸਮਾਜਿਕ ਦਰਜਾ ਪ੍ਰਦਾਨ ਕੀਤਾ । ਭਗਵਾਨ ਰਿਸ਼ਵਦੇਵ ਤੋਂ ਭਗਵਾਨ ਮਹਾਵੀਰ ਤਕ 24 ਤੀਰਥੰਕਰਾਂ ਨੇ ਆਪਣੇ ਸੰਘ ਸਥਾਪਿਤ ਕਰਦੇ ਸਮੇਂ ਸਾਧਵੀ ਦੇ ਨਾਲ ਨਾਲ ਸ਼੍ਰਾਵਿਕਾ ਦੇ ਸੰਘ ਦੀ ਸਥਾਪਨਾ ਕੀਤੀ । ਇਸ ਸ੍ਰੀ ਸੰਘ ਨੂੰ ਤੀਰਥੰਕਰ ਕੇਵਲ ਗਿਆਨ ਸਮੇਂ ਨਮਸਕਾਰ ਕਰਦੇ ਹਨ ।

ਜੈਨ ਸ਼੍ਰਾਵਿਕਾ (ਪ੍ਰੰਪਰਾ) ਵਿੱਚ ਮਾਤਾ ਮਰੂ ਦੇਵੀ ਮੋਕਸ਼ ਨੂੰ ਜਾਨ ਵਾਲੀ ਇਸ ਯੁਗ ਦੀ ਪਹਿਲੀ ਉਪਾਸਿਕਾ ਸੀ । ਭਗਵਾਨ ਮਹਾਵੀਰ ਦੇ ਸਮੇਂ ਸੁਲਸਾ, ਰੇਵਤੀ ਆਦਿ ਸ਼੍ਰਾਵਿਕਾਵਾਂ ਜੈਨ ਧਰਮ ਦਾ ਸ਼ਿੰਗਾਰ ਸਨ । ਇਹ ਪ੍ਰੰਪਰਾ ਹੁਣ ਤੱਕ ਚੱਲ ਰਹੀ ਹੈ । ਇਸੇ ਉਪਾਸਿਕਾ ਦੀ ਕੜੀ ਸਨ ਸਾਡੇ ਮਾਤਾ ਸ੍ਰੀਮਤੀ ਲਾਜਵੰਤੀ ਜੈਨ ।

ਆਪ ਸਿਆਲਕੋਟ ਸ਼ਹਿਰ ਦੇ ਪ੍ਰਸਿੱਧ ਉਪਾਸਕ ਲਾਲਾ ਸਰਦਾਰੀ ਲਾਲ ਜੀ ਜੈਨ ਦੀ ਧਰਮ ਪਤਨੀ ਸਨ । ਸਾਰਾ ਜੀਵਨ ਆਪਨੇ ਦਾਨ, ਸ਼ੀਲ ਤਪ ਅਤੇ ਗਿਆਨ ਦੀ ਅਰਾਧਨਾ ਵਿਚ ਅਰਪਨ ਕ਼ੀਤਾ । ਦੋਵੇਂ ਪਤੀ ਪਤਨੀ ਹੀ ਜੈਨ ਧਰਮ ਪ੍ਰਤੀ ਸਮਰਪਿਤ ਸਨ। ਦੀਨ ਦੁਖੀਆਂ ਦੀ ਨਿਸ਼ਕਾਮ ਸੇਵਾ ਕਰਨਾ ਮਾਤਾ ਜੀ ਆਪਣਾ ਕਰਤਵ ਸਮਝਦੇ ਸਨ । ਸਾਧੂ ਸਾਧਵੀਆਂ ਦੀ ਪੂਜਾ, ਭਗਤੀ ਅਤੇ ਦਰਸ਼ਨ ਉਨ੍ਹਾਂ ਦਾ ਜੀਵਨ ਸੀ । ਸਾਰਾ ਦਿਨ ਸਮਾਇਕ, ਤੱਪ, ਪ੍ਰਤਿਕ੍ਰਮਣ, ਮੁਨੀ ਦਰਸ਼ਨ ਅਤੇ ਤੱਤਵ ਚਰਚਾ ਵਿਚ ਗੁਜਰਦਾ ਸੀ।

ਆਪਨੇ ਆਪਣੇ ਜੀਵਨ ਵਿਚ ਅਨੇਕਾਂ ਵਾਰ ਇਕ ਵਰਤ, ਦੋ ਵਰਤ, ਤਿੰਨ ਵਰਤ ਅਤੇ ਅੱਠ ਵਰਤ ਰਖੇ । ਆਪ ਦੀ ਤੱਪਸਿਆ ਸੰਸਾਰਿਕ ਸੁੱਖਾਂ ਲਈ ਨਹੀਂ ਸੀ, ਸਗੋਂ ਕਰਮਾਂ ਦੇ ਕੱਟਣ ਲਈ ਸੀ ।

ਆਪ ਮਹਾ ਸਾਧਵੀ ਜੈਨ ਜਯੋਤੀ ਸ੍ਰੀ ਸਵਰਨ ਕਾਂਤਾਂ ਜੀ ਮਹਾਰਾਜ ਦੀ ਪਰਮ ਭਗਤ ਸਨ । ਲਾਲਾ ਸਰਦਾਰੀ ਲਾਲ ਜੀ ਜੈਨ ਦਾ ਕਰੋਲ ਬਾਗ ਵਿਖੇ ਪ੍ਰੇਮ ਭਵਨ ਜੈਨ ਸਥਾਨਕ ਦੀ ਉਸਾਰੀ ਵਿਚ ਪ੍ਰਮੁਖ ਹੱਥ ਰਿਹਾ ਹੈ । ਆਪ ਲੰਬਾ ਸਮਾਂ ਸਮਾਂ ਐਸ. ਐਸ. ਜੈਨ ਸਭਾ ਕਰੋਲ ਬਾਗ ਦੇ ਪ੍ਰਧਾਨ ਰਹੇ ।

ਮਾਤਾ ਜੀ ਦੇ ਧਾਰਮਿਕ ਸੰਸਕਾਰਾਂ ਦਾ ਅਸਰ ਉਨ੍ਹਾਂ ਦੇ ਸਪੁੱਤਰ ਸ੍ਰੀ ਸੁਸ਼ੀਲ ਕੁਮਾਰ ਜੈਨ ਤੇ ਪੂਰਾ ਹੈ । ਆਪਨੇ ਆਪਣੀ ਮਾਤਾ ਜੀ ਦੀ ਸੇਵਾ ਕਰਕੇ ਰਮਾਇਣ ਕਾਲ ਦੇ ਸਰਵਨ ਕੁਮਾਰ ਦੀ ਉਦਾਹਰਣ ਪੇਸ਼ ਕੀਤੀ । ਆਪ ਅੱਜਕਲ੍ਹ ਕਰੋਲ ਬਾਗ ਪ੍ਰੇਮ ਭਵਨ

ਐਸ. ਐਸ. ਜੈਨ ਸਭਾ ਦੇ ਪ੍ਰਧਾਨ ਹਨ । ਆਪ ਨੇ ਜੈਨ ਸਾਧਵੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਭਗਵਾਨ ਮਹਾਵੀਰ ਦੇ ਜੀਵਨ ਚਰਿਤਰ ਦਾ ਖਰਚ ਕਰਕੇ ਮਾਤਾ ਸ੍ਰੀਮਤੀ ਲਾਜਵੰਤੀ ਦੀ ਯਾਦ ਨੂੰ ਤਾਜਾ ਕੀਤਾ ਹੈ, ਉਥੇ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਰਾਜ ਦਾ ਆਸ਼ੀਰਵਾਦ ਵੀ ਪ੍ਰਾਪਤ ਕੀਤਾ ਹੈ । ਉਨ੍ਹਾਂ ਦੀ ਮਾਤਰ ਭਗਤੀ ਸਰਾਹਣ ਯੋਗ ਹੈ । ਗੁਰੂਣੀ ਦੇ ਪ੍ਰਤਿ ਆਪ ਦਾ ਸਮਰਪਣ ਮਹਾਨ ਹੈ । ਅਸੀਂ ਆਪ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਇਸ ਪੁਸਤਕ ਦੀ ਪ੍ਰੇਰਿਕਾ ਜੈਨ ਸਾਧਵੀ ਉਪ ਪ੍ਰਵਰਤਨੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੇ ਚਰਨਾਂ ਵਿਚ ਬੰਦਨਾ ਨਮਸਕਾਰ ਕਰਦੇ ਹੋਏ, ਉਨ੍ਹਾਂ ਨੂੰ ਭਗਵਾਨ ਮਹਾਵੀਰ ਪੁਸਤਕ ਸਮਰਪਿਤ ਕਰਦੇ ਹਾਂ ।

**ਸ਼ੁਭਚਿੰਤਕ**

**ਰਵਿੰਦਰ ਜੈਨ, ਪੁਰਸ਼ੋਤਮ ਜੈਨ**

# ਜੈਨ ਧਰਮ ਅਤੇ ਮਹਾਵੀਰ

## (ਪਹਿਲਾ ਭਾਗ)

*

ਏਸ਼ੀਆ, ਵਿਸ਼ਵ ਦੇ ਪ੍ਰਮੁਖ ਧਰਮਾਂ ਦਾ ਜਨਮ ਸਥਾਨ ਹੈ । ਏਸ਼ੀਆ ਦੇ ਇਕ ਭਾਗ ਦਾ ਨਾਂ ਭਾਰਤ ਵਰਸ਼ ਹੈ ਜਿਸਨੇ ਸੰਸਾਰ ਦੇ 4 ਪ੍ਰਮੁਖ ਧਰਮਾਂ ਨੂੰ ਜਨਮ ਦਿੱਤਾ ਹੈ । ਇਹ ਧਰਮ ਹਨ-ਵੈਦਿਕ ਧਰਮ, ਜੈਨ ਧਰਮ, ਬੁਧ ਧਰਮ ਅਤੇ ਸਿੱਖ ਧਰਮ ।

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁੱਖ ਰੂਪ ਵਿੱਚ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ - 1. ਵੈਦਿਕ 2. ਸ਼੍ਰਮਣ । ਵੈਦਿਕ ਪਰੰਪਰਾ ਯੱਗ, ਵਰਨ ਆਸ਼ਰਮ, ਜਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿੱਚ ਵਿਸ਼ਵਾਸ਼ ਰੱਖਦੀ ਸੀ । ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰਧਾਰਾ, ਤੱਪਸਿਆ, ਪੁਨਰ ਜਨਮ, ਨਿਰਵਾਨ ਵਿਚ ਵਿਸ਼ਵਾਸ਼ ਰੱਖਦੀ ਸੀ ।

ਆਰੀਆ ਦੇ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਵਿਕਾਸ ਭਰਪੂਰ ਸਭਿਅਤਾ ਇਸ ਧਰਤੀ ਤੇ ਫੈਲੀ ਹੋਈ ਸੀ ਅਤੇ ਜਿਨ੍ਹਾਂ ਲੋਕਾਂ ਨਾਲ ਆਰੀਆ ਜਾਤੀ ਦਾ ਯੁੱਧ ਹੋਇਆ ਉਹ ਇਹ ਸ਼੍ਰਮਣਾਂ ਦੀ ਹੀ ਸਭਿਅਤਾ ਸੀ । ਸ਼੍ਰਮਣਾਂ ਦੇ ਪ੍ਰਮੁੱਖ ਰੂਪ ਵਿੱਚ ਕਈ ਸੰਪਰਦਾਏ ਰਹੇ ਹਨ । ਜਿਨ੍ਹਾਂ ਵਿਚੋਂ ਜੈਨ (ਨਿਰਗ੍ਰੰਥ) ਬੋਧ, ਆਜੀਵਕ, ਗੇਰਿਕ, ਤਾਪਸ ਆਦਿ ਪ੍ਰਸਿਧ ਸਨ ।" [1]

ਸਾਂਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁੱਖ ਵਿਰੋਧੀ ਸੀ । ਉਹ ਦਰਸ਼ਨ ਨੇ ਕਠ, ਸਵੇਤਾਸ਼ਵਰ, ਪ੍ਰਸ਼ਨ ਮੈਤਰਾਯਾਣੀ ਜੇਹੇ ਪੁਰਾਤਨ ਉਪਨਿਸ਼ਧਾ ਨੂੰ ਪ੍ਰਭਾਵਿਤ ਕੀਤਾ ਸੀ । ਅੱਜ ਕੱਲ ਗੇਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ । ਅਜੀਵਕ ਸੰਪਰਦਾਏ ਵੀ ਅੱਜ ਕਲ ਖਤਮ ਹੋ ਗਿਆ ਹੈ । ਸ਼੍ਰਮਣਾਂ ਦੀਆਂ ਦੋ ਪ੍ਰਮੁੱਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁੱਧ ।

## ਸ਼੍ਰਮਣ ਸੰਸਕ੍ਰਿਤੀ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗੱਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋ ਦੀਆਂ ਸਭਿਆਤਾਵਾਂ ਦਿੰਦੀਆਂ ਹਨ ।

---

1. ਪ੍ਰਵਚਨ ਸਾਰੋਦਵਾਰ ਗਾਥਾ 731-33

ਭਾਵੇਂ ਅੱਜ ਤੱਕ ਉਸ ਲਿਪੀ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ ਜਾ ਸਕਿਆ ਪਰ ਮੋਹਨਜੋਦੜੋਂ ਤੋਂ ਪ੍ਰਾਪਤ ਧਿਆਨ ਵਿੱਚ ਬੈਠੇ ਯੋਗੀ ਦੀਆਂ ਮੂਰਤੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਰੀਆ ਤੋਂ ਪਹਿਲਾਂ ਜੋ ਸਭਿਅਤਾ ਭਾਰਤ ਵਿੱਚ ਨਿਵਾਸ ਕਰਦੀ ਸੀ ਉਹ ਸ਼੍ਰਮਣ ਸੰਸਕ੍ਰਿਤੀ ਦਾ ਹੀ ਇੱਕ ਪ੍ਰਮੁੱਖ ਅੰਗ ਸੀ ਅਤੇ ਇਸੇ ਸਭਿਅਤਾ ਦਾ ਆਰੀਆ ਨੇ ਵਿਨਾਸ਼ ਕੀਤਾ ਸੀ । ਅਸੀਂ ਭਾਰਤ ਦੇ ਪੁਰਾਤਨ ਇਤਿਹਾਸ ਤੋਂ ਇਸ ਸਬੰਧੀ ਜਾਨਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ ।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ । ਇਸ ਵਿਚੋਂ ਰਿਗਵੇਦ ਕਾਫੀ ਮਹੱਤਵਪੂਰਨ ਹੈ । ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ । ਰਿਗਵੇਦ ਵਿਚ ' ਵਾਤਰਸ਼ਨਾ ਮੁਨੀ ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ। " ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿੱਚ ਸਥਿਤ ਹੋ ਗਏ ਹਾਂ । ਦੋਸਤੋ ਤੁਸੀਂ ਸਾਡਾ ਸਰੀਰ ਹੀ ਵੇਖਦੇ ਹੋ ।" [1]

ਤੇਤਰੀਆਰਯਨਕ ਨੇ ਸ਼੍ਰਮਣਾਂ ਨੂੰ ਹੀ ਵਾਤਰਸ਼ਨਾ ਰਿਸ਼ੀ ਤੇ ਉਰਧਮੰਥੀ (ਬ੍ਰਹਮਚਾਰੀ) ਆਖਿਆ ਹੈ ।

**वातरशना ह वा ऋषयः श्रमणा उर्ध्वमन्थिनो बभूवुः ।**

(2/7/1 ਸਫਾ 137)

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ । ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪ੍ਰਕਾਰ ਮਿਲਦਾ ਹੈ । " ਭਗਵਾਨ ਰਿਸ਼ਵ ਸ਼੍ਰਮਣਾਂ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ ਦੇ ਰੂਪ ਵਿੱਚ ਪ੍ਰਗਟ ਹੋਏ ।" [2]

ਸ਼੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਧ[3] ਤੇ ਰਾਮਾਇਣ[4] ਵਿੱਚ ਵੀ ਮਿਲਦਾ ਹੈ ।

---

(1) ਰਿਗਵੇਦ 10/11/136/2 |

(2) **धर्मान् दिर्शयितुकामो वातरशनानां श्रमणानामृषीणामूर्ध्वचेतसां शुक्लया तनुनावततार ।**

(3) ਬ੍ਰਹਦਾਰ ਨਕ ਉਪਨਿਸਧ 4/2/22 |

(4) ਬਾਲਕਾਂਡ ਸਰਗ 1422 |

**तापसा भुं जते चापि श्रमणा भुजन्ते तथा**

ਰਿਗੌਂਵੇਦ ਵਿਚ ਸ਼੍ਰਮਣਾਂ ਲਈ ਕੇਸ਼ੀ ਸ਼ਬਦ ਦਾ ਵਰਨਣ ਵੀ ਮਿਲਦਾ ਹੈ । ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ । ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇੱਕਠਾ ਹੀ ਮਿਲਦਾ ਹੈ ।[1]

ਅਥਰਵਵੇਦ ਜਿਸ ਵਿਚ **ਵਰਾਤਿਆ ਕਾਂਡ** ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪਸਿਆ ਨਾਲ ਕੀਤੀ ਜਾ ਸਕਦੀ ਹੈ । ਵਰਾਤਿਆ ਵਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ੍ਰੀ ਸਾਯਨ ਦਾ ਕਥਨ ਹੈ, ਉਹ ਵਿਦਿਆ ਨਾਲ ਭਰਪੂਰ, ਮਹਾਨ, ਅਧਿਕਾਰ ਵਾਲੇ, ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀ ਪੂਜਨ ਯੋਗ ਤੇ ਪ੍ਰਮੁੱਖ ਬ੍ਰਾਹਮਣ ਹਨ । ਇਹ ਵੇਦਿਕ ਸੰਸਕਾਰਾਂ ਤੋਂ ਰਹਿਤ ਹਨ ।"

" ਜੇ ਕੋਈ ' ਵਰਾਤਿਆ ' ਤੱਪਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ ।"[1]

ਰਿਗੰਵੇਦ ਵਿ ਭਗਵਾਨ ਰਿਸ਼ਵਦੇਵ ਦਾ ਕਾਫੀ ਜਿਕਰ ਆਉਂਦਾ ਹੈ[2] ਕਈ ਲੋਕ ਇਹਨਾਂ ਸ਼ਬਦਾਂ ਦੇ ਅਰਥ ਬਦਲ ਦਿੰਦੇ ਹਨ ।

ਰਿਗੰਵੇਦ ਵਿਚ ਸ਼੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ " ਅਰਹਨ" ਵੀ ਮਿਲਦਾ ਹੈ । ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ ।[3]

ਵੇਦਿਕ ਲੋਕ ਵੀ ' ਅਰਹਨ ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। ' ਹਨੂਮਾਨ ਨਾਟਕ ' ਵਿਚ ਆਖਿਆ ਗਿਆ ਹੈ ।

**अर्हन्नित्यथ जैनशासनरताः ।**

---

(1) ੳ) ਅਥਰਵੇਦ ਸਾਯਨ ਭਾਸ਼ਯ 15/1/1/1 |
**कचिंद् विद्वत्तमंमहाधिकारं पुण्यशीलं विश्वसंमान्यं ब्रह्माथ-
विशिष्टे व्रात्य मनुलक्ष्य वचनमिति मंतव्यम् ।**
(ਅ) 15/1/1/1 |
(2) ਰਿਗੱਵੇਦ 1/24/140/1-2 4/3315-5/2/28-4
6/1/1/8, - 6/2/19/11-10/12/166/1 |
(3) ਰਿਗੰਵੇਦ 24/33/10 |

ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ । ਦਾਸ ਲੋਕ ਇੰਨੇ ਵਿਕਾਸਸ਼ੀਲ ਨਹੀਂ ਸਨ । ਇਨ੍ਹਾਂ ਜਾਤੀਆਂ ਨਾਲ ਹੀ ਆਰੀਆ ਦੇ ਕਈ ਯੁੱਧ ਹੋਏ ।

ਪੁਰਾਨਾਂ[1] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਆਸੁਰ ਲੋਕ ਅਰਿਹੰਤਾਂ ਦੇ ਉਪਾਸ਼ਕ ਸਨ ।

ਵਿਸ਼ਨੂੰ ਪੁਰਾਣ ਅਨੁਸਾਰ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਦੇ ਅਸੁਰਾਂ ਨੂੰ ਅਰਿਹੰਤ ਧਰਮ ਦੀ ਦੀਖਿਆ ਦਿੱਤੀ । ਉਹ ਵੇਦਾਂ ਵਿੱਚ ਵਿਸ਼ਵਾਸ਼ ਨਹੀਂ ਰਖਦਾ ਸੀ । ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ਼ ਰੱਖਦਾ ਸੀ ।[2]

ਉਪਨਿਸ਼ਦਾ ਵਿੱਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖੱਤਰੀ ਸਨ । ਇਨ੍ਹਾਂ ਖਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵਦੇਵ ਸੀ[3] ਜੋ ਨਾਭੀ ਤੇ ਮਰੂ ਦੇਵੀ ਦੇ ਪੁੱਤਰ ਸਨ । ਇਹ ਯੱਗ, ਜਾਤ ਪਾਤ ਤੋਂ ਰਹਿਤ ਸੀ । ਇਸ ਵਿਦਿਆ ਵਿਚ ਧਿਆਨ ਤੇ ਤੱਪਸਿਆ ਹੀ ਪ੍ਰਧਾਨ ਸੀ ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਂਭਾਰਤ ਵਿੱਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ ।[4]

## ਜੈਨ ਤੀਰਥੰਕਰ

ਜੈਨ ਪਰੰਪਰਾ ਵਿੱਚ 24 ਤੀਰਥੰਕਰ ਮੰਨੇ ਜਾਂਦੇ ਹਨ । ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਵਾਰੇ ਸ਼ੱਕ ਪ੍ਰਗਟ ਕਰਦੇ ਹਨ । ਕਈ ਲੋਕ ਜੈਨ ਤੇ ਬੁੱਧ ਧਰਮ ਨੂੰ ਵੈਦਿਕ

---

(1) ਵਿਸ਼ਨੂੰ ਪੁਰਾਣ 3/17/18
ਪਦਮ ਪੁਰਾਨ ਸ੍ਰਿਸਟੀ ਖੰਡ ਅਧਿਆਏ 13/170-410
ਮਤਸਯ ਪੁਰਾਣ 24/43-49
ਦੇਵੀ ਭਾਗਵਤ 4/13/54-57 |

(2) ਵਿਸ਼ਨੂੰ ਪੁਰਾਨ 3/18/12-13-14-3/18/27
3/18/25--3/18/28-29-3/18/8-11

(3) ੳ) ਵਾਯੂ ਪੁਰਾਣ ਪੂਰਵ ਅਰਧ 33/50
(ਅ) ਬ੍ਰਹਮਾਂਡ ਪੁਰਾਣ ਪੂਰਵ ਅਰਧ ਅਨੁਸ਼ਪਾਦ 14/60 |

(4) **ऋषभादीनां महायोगिनामाचारे ।**
**दस्यवः अर्हतादयो मोहिताः ।**
ਮਹਾਂਭਾਰਤ ਸ਼ਾਂਤੀ ਪੁਰਵ ਮੋਕਸ਼ ਧਰਮ ਅਧਿਆਏ 263/20

ਧਰਮ ਵਿਰੁਧ ਇਕ ਬਗਾਵਤ ਸਮਝਦੇ ਹਨ । ਕਈ ਲੋਕ ਮਹਾਵੀਰ ਨੂੰ ਗੌਤਮ ਬੁੱਧ ਦਾ ਚੇਲਾ ਜਾਂ ਗੌਤਮ ਬੁੱਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ ।

ਜੈਨ ਧਰਮ ਵਿੱਚ 6 ਆਰੇ ਮੰਨੇ ਜਾਂਦੇ ਹਨ । ਹਰ ਯੁੱਗ ਵਿੱਚ ਚੌਵੀ ਤੀਰਥੰਕਰ ਹੁੰਦੇ ਹਨ । ਵਰਤਮਾਨ ਸਮੇਂ ਹੋਏ ਤੀਰਥੰਕਰਾਂ ਵਾਰੇ ਜਿਥੇ ਵੇਦਾਂ ਵਿੱਚ ਵਰਨਣ ਮਿਲਦਾ ਹੈ ਉਥੇ ਪੁਰਾਣਾ[1] ਮਹਾਂਭਾਰਤ[2] ਦੇ ਬੋਧ ਗਰੰਥਾਂ ਵਿਚ ਕਾਫੀ ਜਾਣਕਾਰੀ ਮਿਲਦੀ ਹੈ । ਡਾ. ਰਾਧਾ ਕ੍ਰਿਸ਼ਨ ਨੇ ਯਜੁਰਵੇਦਂ ਵਿੱਚ ਰਿਸ਼ਵ, ਅਜਿਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿਤੀ ਹੈ ।

ਬੋਧ ਗ੍ਰੰਥ ਅੰਗੁਤਰਨਿਕਾਏ ਵਿਚ ਅਰਕ (ਅਰ) ਨਾਮ ਦੇ ਤੀਰਥੰਕਰ ਦਾ ਵਰਨਣ ਹੈ । ਇਸੇ ਪ੍ਰਕਾਰ ਬੁੱਧ ਥੇਰਗਾਥਾ ਵਿੱਚ ਅਜਿੱਤ ਨਾਂ ਦੇ ਪ੍ਰਤਯੇਕ ਬੁੱਧ ਦਾ ਵਰਨਣ ਹੈ ।[3]

ਬੋਧ ਪਿਟਕਾਂ ਗ੍ਰੰਥਾਂ ਵਿੱਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ । ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗੰਠ ਨਾਥ ਪੁਤ (ਨਿਰਗ੍ਰੰਥ ਗਿਆਤਾ ਪੁੱਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ, ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ ।

' ਸੋਰਸ਼ਨ ' ਨੇ ਮਹਾਂਭਾਰਤ ਦੇ ਖਾਸ ਨਾਂ ਦਾ ਇਕ ਕੋਸ਼ ਬਨਾਇਆ ਹੈ । ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ । ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸ਼ਕ ਹਨ । ਇਨ੍ਹਾਂ ਤਿੰਨ੍ਹਾਂ ਨੂੰ ਅੰਸ਼ਾਂ ਅਵਤਾਰ ਮੰਨਿਆ ਗਿਆ ਹੈ । ਸੁਮਤੀ ਨਾਂ ਦੇ ਇੱਕ ਰਿਸ਼ੀ ਦਾ ਵਰਨਣ ਵੀ ਆਇਆ ਹੈ ।

ਭਾਗਵਤ ਵਿਚ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ । ਅਵਤਾਰ ਦੇ ਰੂਪ ਵਿੱਚ ਤਾਂ ਨਹੀਂ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਂਭਾਰਤ ਵਿੱਚ ਦਰਜ ਹਨ ਉਹਨਾਂ ਵਿਚ ਵਿਸ਼ਨੂੰ ਦੇ ਸਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸੰਭਵ ਨਾਂ ਵੀ ਦਿਤੇ ਗਏ ਹਨ । ਸ਼ਿਵ ਦੇ ਨਾਉ ਵਿਚ ਅਜਿੱਤ ਤੇ ਰਿਸ਼ਵ ਦੇ ਨਾਉ ਆਉਦੇ ਹਨ ਜੋ ਸਭ ਤੀਰਥੰਕਰਾਂ ਦੇ ਨਾਉ ਹਨ ।[4]

' ਸ਼ਾਂਤੀ ' ਵਿਸ਼ਨੂੰ ਦਾ ਨਾ ਵੀ ਕਿਹਾ ਗਿਆ ਹੈ । ਵਿਸ਼ਨੂੰ ਤੇ ਸ਼ਿਵ ਦਾ ਨਾਂ ' ਸੁਵਰਤ ' ਵੀ ਹੈ । ਇਹ ਸਭ ਤੀਰਥੰਕਰਾਂ ਦੇ ਨਾਉ ਵੀ ਹਨ । ਇਹਨਾਂ ਨਾਵਾਂ ਦੀ

---

(1) ਜੈ: ਸਾ: ਈ: ਪੁ: ਪੰਨਾ 108
(2) ਦੀਰਘ ਨਿਕਾਏ 1/1 [5-15] 1/2 [21]
(3) ਥੇਰ ਗਾਥਾ [1-20]
(4) ਜੈਨ ਸਾਹਿਤ ਦਾ ਇਤਿਹਾਸ ਭਾਗ : 1 ਪੰਨਾ 23-24-25

ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ, ਅਸੁਰ ਸਨ । ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ ।

# ਜੈਨ ਧਰਮ ਦੇ ਪੁਰਾਣੇ ਨਾਂ

ਜੈਨ ਧਰਮ ਦਾ ਪੁਰਾਣਾ ਨਾਂ ਜੈਨ ਬਹੁਤ ਹੀ ਨਵਾਂ ਹੈ, ਪ੍ਰਾਚੀਨ ਵੈਦਿਕ ਗ੍ਰੰਥਾਂ ਵਿੱਚ ਜੈਨ ਧਰਮ ਦੇ ਕਈ ਨਾਂ ਆਏ ਹਨ ।

ਰਿਗਵੇਦ ਵਿਚ ਅਰਹਨ ਸ਼ਬਦ ਕਈ ਵਾਰੀ ਆਇਆ ਹੈ ਇਸਤੋਂ ਛੁੱਟ ਜੈਨ ਸਾਧੂਆਂ ਦੇ ਵਾਤਰਸ਼ਨਾਂ, ਵਰਾਤੀਆ ਅਤੇ ਕੇਸ਼ੀ ਨਾਂ ਵੀ ਆਏ ਹਨ ।

ਪਦਮ ਪੁਰਾਣ ਵਿੱਚ ਅਰਹਤ ਧਰਮ ਦੇ ਪ੍ਰਵਤਕ ਭਗਵਾਨ ਰਿਸ਼ਵਦੇਵ ਨੂੰ ਮੰਨਿਆ ਗਿਆ ਹੈ ।[1]

ਰਿਗਵੇਦ ਵਿੱਚ ਅਰਹਨ ਨੂੰ ਸੰਸਾਰ ਦੀ ਰਖਿਆ ਕਰਨ ਵਾਲਾ ਮੰਨਿਆ ਗਿਆ ਹੈ ।[2]

ਸ਼ਤਪਥ ਬ੍ਰਾਹਮਣ ਅਤੇ ਸਾਯਣ ਟੀਕਾ ਵਿਚ ਵੀ ਅਰਹਣ ਨੂੰ ਸਰੇਸ਼ਟ ਕਿਹਾ ਗਿਆ ਹੈ ।

ਜੈਨ ਅਚਾਰਿਆ ਭਦਰਵਾਹੂ ਨੇ ਭਗਵਾਨ ਅਰਿਸ਼ਟ ਨੇਮੀ ਲਈ ਅਰਹਤ ਸ਼ਬਦ ਦਾ ਪ੍ਰਯੋਗ ਕੀਤਾ ਹੈ ।[3]

ਪਦਮ ਪੁਰਾਣ ਅਤੇ ਵਿਸ਼ਨੂੰ ਪੁਰਾਣਾਂ ਵਿੱਚ ਜੈਨ ਧਰਮ ਲਈ ਅਰਹਤ ਸ਼ਬਦ ਦਾ ਪ੍ਰਯੋਗ ਕੀਤਾ ਹੈ ।[4]

23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਲਈ ਅਰਹਤ ਸ਼ਬਦ ਜੈਨ ਧਰਮ ਵਿੱਚ ਪ੍ਰਯੋਗ ਹੁੰਦਾ ਰਿਹਾ ਹੈ ।[5]

---

1. ਪਦਮ ਪੁਰਾਣ 13/350

2. ਰਿਗਵੇਦ 2 /33/10, 2/3/13, 7/18/22, 10/2/2, 99/7 |

3. ਕਲਪਸੂਤਰ ਸੰਪਾਦਕ ਦੇਵਿੰਦਰ ਮੁਨੀਜੀ 161-162

4. ੳ) ਪਦਮ ਪੁਰਾਣ 13/350, (ਅ) ਵਿਸ਼ਨੂੰ ਪੁਰਾਣ 3/18/12 |

5. (ੳ) ਬਾਬੂ ਛੋਟੇ ਲਾਲ ਸਮਰਿਤੀ ਗ੍ਰੰਥ ਪੰਨਾ 20 ।
   (ਅ) ਅਤੀਤਕਾ ਅਨਾਵਰਨ ਪੰਨਾ 60 ।

ਭਗਵਾਨ ਮਹਾਵੀਰ ਸਮੇਂ ਜੈਨ ਧਰਮ ਲਈ ਨਿਰਗ੍ਰੰਥ ਸ਼ਬਦ ਇਸਤੇਮਾਲ ਹੋਇਆ ਹੈ ।[1]

ਬੋਧ ਸਾਹਿਤ ਅਤੇ ਅਸ਼ੋਕ ਦੇ ਸ਼ਿਲਾਲੇਖਾਂ ਵਿੱਚ ਵੀ ਨਿਗੰਠ ਸ਼ਬਦ ਮਿਲਦਾ ਹੈ ।[2]

ਵੈਦਿਕ ਗ੍ਰੰਥਾਂ ਵਿਚ ਵੀ ਨਿਰਗ੍ਰੰਥ ਸ਼ਬਦ ਆਇਆ ਹੈ[3] ਸਤਵੀਂ ਸਦੀ ਵਿਚ ਬੰਗਾਲ ਵਿਚ ਨਿਰਗ੍ਰੰਥ ਸੰਪਰਦਾਏ ਦਾ ਜਿਕਰ ਮਿਲਦਾ ਹੈ ।[4]

ਦਸ਼ਵੇਕਾਲੀਕ, ਉਤਰਾਧਿਐਨ ਅਤੇ ਸੂਤਰਕ੍ਰਿਤਾਂਗ ਆਦਿ ਪ੍ਰਾਚੀਨ ਜੈਨ ਗ੍ਰੰਥਾਂ ਵਿਚ ਜੈਨ ਧਰਮ ਲਈ ਜਿਨ ਸ਼ਾਸ਼ਨ, ਜਿਨ ਮਾਰਗ ਅਤੇ ਜਿਨ ਬਚਨ ਸ਼ਬਦ ਮਿਲਦਾ ਹੈ।

ਸਭ ਤੋਂ ਪਹਿਲਾਂ ਜੈਨ ਸ਼ਬਦ ਦਾ ਪ੍ਰਯੋਗ ਪ੍ਰਸਿੱਧ ਜੈਨ ਆਚਾਰਿਆ ਜਿਨਭਦਰ ਸ਼ਮਾਸ਼੍ਰਮਣ ਨੇ ਆਪਣੇ ਵਿਸ਼ੇਸ਼ ਆਵਸਕ ਭਾਸ਼ਯ ਵਿਚ ਕੀਤਾ ਹੈ ।[5]

ਮੱਤਸ ਪੁਰਾਣ ਵਿਚ ਜਿਨ ਧਰਮ[6] ਵਿੱਚ ਦੇਵੀ ਭਾਗਵਤ[7] ਵਿਚ ਜੈਨ ਧਰਮ ਆਇਆ ਹੈ ।

ਸਭ ਗੱਲਾਂ ਦਾ ਸਿੱਟਾ ਇਹੋ ਹੈ ਕਿ ਭਿੰਨ ਭਿੰਨ ਸਮੇਂ ਵਿਚ ਜੈਨ ਧਰਮ ਦੇ ਕਈ ਨਾਂ, ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਂਵੀਰ ਤੱਕ ਮਿਲਦੇ ਹਨ । ਰਿਸ਼ਵਦੇਵ ਦੇ ਸਮੇਂ ਦਾ ਅਰਹਤ ਸੰਘ ਹੀ ਜਿਨ ਧਰਮ ਹੈ ਅਤੇ ਜਿਨ ਧਰਮ ਹੀ ਜੈਨ ਧਰਮ ਹੈ ।

---

1. ੳ) ਆਚਾਰਾਂਗ 1/3/1/10 |

   ਅ) ਭਗਵਤੀ 9/6/383
2. ੳ) ਦੀਰਘ ਨਿਕਾਏ ਸਾਮਜਫੁਲ ਸੂਤਰ 18/21

   (ਅ) ਵਿਨੈਪਿੱਟਕ ਮਹਾਵਗ ਪਨਾ 242 |
3. ਤੇਤਰੀਆਰਣਯਕ 10/63 ਸਾਯਣ ਭਾਸ਼ਯ ਭਾਗ-2
4. The age of Imperial kanoj page no 288
5. ਵਿਸ਼ੇਸ਼ ਆਵਸ਼ਕ ਭਾਸ਼ਯ ਗਾਥਾ 1043, 1045, 1046 .
6. ਮੱਤਸਯ ਪੁਰਾਨ 4/13/54
7. ਦੇਵੀ ਭਾਗਵਤ 4/13/54 |

# ਅਰਿਹੰਤ ਤੇ ਤੀਰਥੰਕਰ

*

ਜੈਨ ਧਰਮ ਕਰਮ ਪ੍ਰਧਾਨ ਧਰਮ ਹੈ । ਮਨੁੱਖ ਦੇ ਚੰਗੇ ਮੰਦੇ ਕਰਮ (ਕੰਮ) ਹੀ ਨਰਕ ਅਤੇ ਸਵਰਗ ਦਾ ਕਾਰਣ ਹਨ । ਮਨੁੱਖ ਆਪਣੇ ਭਾਗ ਨੂੰ ਆਪ ਬਨਾਉਣ ਵਾਲਾ ਹੈ । ਕੋਈ ਤੀਸਰੀ ਤਾਕਤ ਸੰਸਾਰ ਦੇ ਕਿਸੇ ਮਾਮਲੇ ਵਿਚ ਦਖਲ ਨਹੀਂ ਦਿੰਦੀ । ਆਤਮਾ ਅੱਲਗ ਹੈ ਅਤੇ ਸ਼ਰੀਰ ਅੱਲਗ ਹੈ । ਜਦ ਆਤਮਾ ਕਰਮਾਂ ਦਾ ਚੱਕਰ ਪੂਰਾ ਕਰਕੇ ਜਨਮ ਮਰਨ ਤੋਂ ਮੁਕਤ ਹੋ ਜਾਂਦੀ ਹੈ । ਉਸਨੂੰ ਹੀ ਜੈਨ ਧਰਮ ਵਿੱਚ ਪ੍ਰਮਾਤਮਾ ਆਖਿਆ ਗਿਆ ਹੈ । ਆਤਮਾ ਦੀ ਸਰਵ ਉੱਚ ਅਵਸਥਾ ਹੀ ਪ੍ਰਮਾਤਮਾ ਹੈ । ਰਾਗ ਅਤੇ ਦਵੇਸ਼, ਕਰਮ ਸੰਗ੍ਰਹਿ ਦਾ ਮੁੱਖ ਕਾਰਣ ਹਨ । ਜਿਸ ਦੇ ਸਿਟੇ ਵਜੋਂ ਆਤਮਾ, ਅਨੰਤ ਸਮੇਂ ਤੋਂ ਕਾਮ, ਕਰੋਧ, ਮੋਹ ਤੇ ਲੋਭ ਦੇ ਵੱਸ਼ ਪੈ ਕੇ ਸੰਸਾਰ ਵਿੱਚ, ਭਿੰਨ ਭਿੰਨ ਜਨਮ ਲੈ ਕੇ ਭਟਕ ਰਹੀ ਹੈ । ਜਦੋਂ ਇਹ ਆਤਮਾ ਰਾਗ ਦਵੇਸ਼ ਤੋਂ ਮੁਕਤ ਹੋ ਜਾਂਦੀ ਹੈ ਤਾਂ ਇਸੇ ਆਤਮਾ ਨੂੰ ਕੇਵਲ ਗਿਆਨ (ਸਵਰਗ ਅਵਸਥਾ) ਪ੍ਰਾਪਤ ਹੋ ਜਾਂਦੀ ਹੈ । ਅਨੰਤ ਕਾਲ ਤੋਂ ਆਤਮਾ ਰੂਪੀ ਸ਼ੁਧ ਸੋਨੇ ਉਪਰ ਪਈ ਕਰਮ ਰੂਪੀ ਧੂੜ ਝੜ ਜਾਂਦੀ ਹੈ । ਚਾਰੋਂ ਪਾਸੇ ਪ੍ਰਕਾਸ਼ਮਾਨ ਕੇਵਲ ਗਿਆਨ ਪ੍ਰਗਟ ਹੋ ਜਾਂਦਾ ਹੈ । ਇਸੇ ਕੇਵਲ ਗਿਆਨ ਅਵਸਥਾ ਨੂੰ ਅਰਿਹੰਤ ਅਵਸਥਾ ਆਖਦੇ ਹਨ ।

ਜੈਨ ਸ਼ਾਸ਼ਤਰਾਂ ਅਨੁਸਾਰ ਇਸ ਅਵਸਥਾ ਵਿਚ ਮਨੁੱਖ, ਪਸ਼ੂ, ਪੰਛੀ, ਦੇਵਤੇ ਆਦਿ ਸਭ ਜੂਨਾਂ ਦੇ ਜੀਵ ਅਰਿਹੰਤਾਂ ਦੀ ਭਗਤੀ ਕਰਦੇ ਹਨ । ਅਰਿ ਦਾ ਅਰਥ ਹੈ ਦੁਸ਼ਮਣ ਹੰਤ ਦਾ ਅਰਥ ਹੈ ਕਰਮ ਖਤਮ ਕਰਨ ਵਾਲਾ, ਭਾਵ ਇਹ ਕਿ ਆਤਮਾ ਦੇ ਦੁਸ਼ਮਣ ਤੇ ਜਿੱਤ ਹਾਸਲ ਕਰਨ ਵਾਲਾ । ਇਸੇ ਅਰਿਹੰਤ ਅਵਸਥਾ ਨੂੰ ' ਜਿਨ ' ਭਾਵ ਜੇਤੂ ਆਖਦੇ ਹਨ । ਜੈਨ ਸ਼ਬਦ ਦੀ ਉਤਪੱਤੀ ਇਸੇ ਜਿਨ ' ਸ਼ਬਦ ' ਤੋਂ ਹੋਈ ਹੈ, ਤੀਰਥੰਕਰ ਬਾਰੇ ਜੈਨ ਸ਼ਾਸ਼ਤਰਾਂ ਵਿਚ ਉਨ੍ਹਾਂ ਦੇ ਕੁਝ ਖਾਸ ਲੱਛਣ ਵਰਨਣ ਕੀਤੇ ਗਏ ਹਨ । ਜੋ ਕਿ ਉਨ੍ਹਾਂ ਨੂੰ ਕੇਵਲ ਗਿਆਨ ਪ੍ਰਾਪਤ ਹੋਣ ਤੋਂ ਬਾਅਦ ਪੈਦਾ ਹੁੰਦੇ ਹਨ । ਆਤਮਾ ਗੁਣਾ ਪਖੋਂ ਇਕ ਹੈ ਪਰ ਸੰਖਿਆ ਪਖੋਂ ਅਨੰਤ ਹਨ । ਹਰ ਆਤਮਾ ਦੀ ਆਪਣੀ ਸੱਤਾ ਹੈ ।

## ਤੀਰਥੰਕਰ –

ਮੁੱਖ ਰੂਪ ਵਿੱਚ ਸਾਰੇ ਤੀਰਥੰਕਰ ਹੀ ਅਰਹਿੰਤ ਹੁੰਦੇ ਹਨ । ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ । ਜੈਨ ਪ੍ਰੰਪਰਾ ਵਿਚ ਤੀਰਥੰਕਰ ਦਾ ਆਪਣਾ ਪ੍ਰਮੁਖ ਸਥਾਨ ਹੈ ਤੀਰਥੰਕਰ ਤੋਂ ਭਾਵ ਹੈ ਕਿ ਸਾਧੂ, ਸਾਧਵੀ, ਸ਼੍ਰਾਵਿਕ ਅਤੇ ਸ਼੍ਰਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲਾ ।

ਜੈਨ ਪ੍ਰੰਪਰਾ ਕਿਉਂਕਿ ਸ੍ਰਿਸ਼ਟੀ ਦਾ ਆਰੰਭ ਜਾਂ ਅੰਤ ਨਹੀਂ ਮੰਨਦੀ । ਸੰਸਾਰ ਦੇ ਸਾਰੇ ਦਰਵ ਅਨਾਦਿ ਹਨ । ਇਨ੍ਹਾਂ ਦਰਵਾਂ ਦਾ ਕੋਈ ਸ਼ੁਰੂ ਨਹੀਂ ਨਾ ਹੀ ਅੰਤ ਹੈ । ਸਮਾਂ ਪੈਣ ਤੇ ਉਤਪਤੀ, ਵਿਕਾਸ ਤੇ ਪਰਿਵਰਤਨ ਆਪਣੇ ਆਪ ਹੁੰਦਾ ਰਹਿੰਦਾ ਹੈ । ਸੋ ਸ੍ਰਿਸ਼ਟੀ ਦਾ ਵਿਨਾਸ਼ ਕਦੇ ਨਹੀਂ ਹੁੰਦਾ, ਸਮੇਂ-ਸਮੇਂ ਵਰਨ, ਗੰਧ, ਰਸ, ਸਪਰਸ਼, ਆਕਾਰ, ਸੰਸਥਾਨ, ਉਮਰ, ਸ਼ਰੀਰ ਤੇ ਸੁੱਖ ਵਿੱਚ ਫਰਕ ਆਉਂਦਾ ਰਹਿੰਦਾ ਹੈ । ਇਸ ਕਾਲ (ਸਮੇਂ) ਚੱਕਰ ਨੂੰ ਜੈਨ ਧਰਮ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਜਦੋਂ ਉਪਰੋਕਤ ਚੀਜਾਂ ਦੀ ਹਾਨੀ ਹੁੰਦੀ ਹੈ ਉਸ ਸਮੇਂ ਨੂੰ ਅਵਸਰਪਨੀ ਕਾਲ ਆਖਦੇ ਹਨ । 1 ਜਦੋਂ ਉਪਰੋਕਤ ਚੀਜਾਂ ਵਿਚ ਵਾਧਾ ਹੁੰਦਾ ਹੈ ਤਾਂ ਉਸਨੂੰ ਉਤਸਰਪਨੀ ਕਾਲ ਆਖਦੇ ਹਨ । ਦੋ ਕਾਲ ਦੇ ਅਗੇ 6-6 ਉਪ ਭਾਗ ਹਨ ਜੋ ਇਸ ਪ੍ਰਕਾਰ ਹਨ-

## ਕਾਲ

| | ਉਤਸਰਪਨੀ | ਸਮਾਂ |
|---|---|---|
| 1. | ਦੁਖਮਾ-ਦੁਖਮਾਂ | 21 ਹਜਾਰ ਸਾਲ |
| 2. | ਦੁਖਮਾ | 21 ਹਜਾਰ ਸਾਲ |
| 3. | ਦੁਖਮਾ-ਸੁਖਮਾ | 42 ਹਜਾਰ ਸਾਲ ਘੱਟ ਇਕਇੱਕ ਕਰੋੜ ਸਾਗਰੋਪਮ |
| 4. | ਸੁਖਮਾ-ਦੁਖਮਾ | 5 ਕਰੋੜ x5 ਕਰੋੜ ਸਾਗਰੋਪਮ |
| 5. | ਸੁਖਮਾ | 3 ਕਰੋੜ x3 ਕਰੋੜ ਸਾਗਰੋਪਮ |
| 6. | ਇੱਕਲਾ ਸੁਖਮ | 4 ਕਰੋੜ x4 ਕਰੋੜ ਸਾਗਰੋਪਮ |

| | ਅਵਸਰਪਨੀ | ਸਮਾਂ |
|---|---|---|
| 1. | ਇਕਲਾ ਸੁਖਮਾ (ਇਕਲ ਸੁੱਖ ਵਾਲਾ ਸਮਾਂ) | 4 ਕਰੋੜ x4 ਕਰੋੜ ਸਾਗਰੋਪਮ |
| 2. | ਸੁਖਮਾਂ (ਥੋੜਾ ਸੁੱਖ ਵਾਲਾ ਸਮਾਂ) | 3 ਕਰੋੜ x3ਕਰੋੜ ਸਾਗਰੋਪਮ |
| 3. | ਸੁਖਮਾ-ਦੁਖਮਾ(ਸੁੱਖ ਦੁੱਖ ਵਾਲਾ ਸਮਾਂ) | 2 ਕਰੋੜ x2ਕਰੋੜ ਸਾਗਰੋਪਮ |
| 4. | ਦੁਖਮਾਂ-ਸੁਖਮਾਂ (ਦੁੱਖ ਸੁੱਖ ਵਾਲਾ ਸਮਾਂ) | 42 ਸਾਲ ਘੱਟ ਇਕ ਕਰੋੜ ਇੱਕ ਕਰੋੜ ਸਾਗਰੋਪਮ |
| 5. | ਦੁਖਮਾਂ (ਦੁੱਖ ਵਾਲਾ ਸਮਾਂ) | 21 ਹਜਾਰ ਸਾਲ |
| 6. | ਦੁਖਮਾਂ-ਦੁਖਮਾਂ (ਦੁੱਖ ਹੀ ਦੁੱਖ ਵਾਲਾ ਸਮਾਂ) | 21 ਹਜਾਰ ਸਾਲ |

ਇਸ ਤਰ੍ਹਾਂ ਸੁੱਖ-ਦੁੱਖ ਦਾ ਅਨੰਤਾਂ ਸਾਲਾਂ ਦਾ ਚੱਕਰ ਚਲਦਾ ਰਹਿੰਦਾ ਹੈ । ਅੱਜ ਕਲ ਅਸੀਂ ਅਵਸਰਪਨੀ ਕਾਲ ਦੇ ਪੰਜਵੇਂ ਭਾਗ ਦੁਖਮਾਂ ਵਿਚੋਂ ਲੰਘ ਰਹੇ ਹਾਂ । ਸਾਡੀ ਜਿੰਦਗੀ ਸ਼ੁਰੂ ਇੱਕਲੀ ਸੁਖਮਾਂ ਭਾਗ ਤੋਂ ਸ਼ੁਰੂ ਹੁੰਦੀ ਹੈ । ਇਸੇ ਕਾਲ ਦੇ ਤੀਸਰੇ ਚੌਥੇ ਭਾਗ

ਵਿਚ ਤੀਰਥੰਕਰ ਪੈਦਾ ਹੁੰਦੇ ਹਨ । ਤੀਰਥੰਕਰਾਂ ਦੀ ਗਿਣਤੀ 24 ਹੁੰਦੀ ਹੈ । ਇਸ ਕਾਲ ਵਿੱਚ ਰਿਸ਼ਵਦੇਵ ਪਹਿਲੇ ਤੀਰਥੰਕਰ ਹੋਏ ਹਨ । ਉਨਾਂ ਨੇ ਪੁਰਸ਼ਾਂ ਨੂੰ ਖੇਤੀ ਕਰਨਾ, ਲਿਖਣਾ ਅਤੇ ਹਥਿਆਰ ਚਲਾਉਣ ਸਮੇਤ 72 ਕਲਾਵਾਂ ਸਿਖਾਈਆਂ । ਇਸੇ ਪ੍ਰਕਾਰ ਉਨ੍ਹਾਂ ਨੇ ਇਸਤਰੀਆਂ ਨੂੰ ਵੀ 64 ਕਲਾਵਾਂ ਸਿਖਾਈਆਂ । ਭਗਵਾਨ ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ ਸਾਰੇ ਤੀਰਥੰਕਰ ਖੱਤਰੀ ਕੁੱਲ ਵਿੱਚ ਹੀ ਪੈਦਾ ਹੋਏ ਹਨ । ਜੈਨ ਪਰੰਪਰਾ ਅਨੁਸਾਰ ਸਾਰੇ ਤੀਰਥੰਕਰ ਖੱਤਰੀ ਕੁਲ ਵਿੱਚ ਹੀ ਪੈਦਾ ਹੁੰਦੇ ਹਨ ।

ਤੀਰਥੰਕਰ ਬਚਪਨ ਤੋਂ 1008 ਸ਼ਰੀਰਕ ਸ਼ੁਭ ਲੱਛਣਾਂ ਦੇ ਮਾਲਕ ਹੁੰਦੇ ਹਨ । ਬਚੁਪਨ ਤੋਂ ਹੀ ਤਿੰਨ ਗਿਆਨਾਂ ਦੇ ਮਾਲਿਕ ਹੁੰਦੇ ਹਨ । ਤੀਰਥੰਕਰ ਦੀ ਮਾਤਾ ਤੀਰਥੰਕਰ ਦੇ ਜਨਮ ਤੋਂ ਪਹਿਲਾਂ 14 ਸ਼ੁਭ ਸੁਪਨੇ ਵੇਖਦੀ ਹੈ ਤੀਰਥੰਕਰਾਂ ਦੇ ਗਰਭ ਵਿਚ ਆਉਣ ਜਨਮ, ਦੀਖਿਆ, ਕੇਵਲ ਗਿਆਨ ਅਤੇ ਮੋਕਸ਼ ਸਮੇਂ ਸਵਰਗ ਦੇਇੰਦਰ ਦੇਵ ਪਰਿਵਾਰ ਸਮੇਤ ਧਰਤੀ ਤੇ ਆ ਕੇ ਜਸ਼ਨ ਮਨਾਉਦੇ ਹਨ ਤੀਰਥੰਕਰ ਸਾਧੂ, ਸਾਧਵੀ ਸ਼੍ਰਾਵਕ ਤੇ ਸ਼੍ਰਾਵਿਕਾ ਰੂਪੀ ਧਰਮ ਤੀਰਥ ਦੇ ਸੰਸਥਾਪਕ ਹੋਣ ਕਾਰਣ ਤੀਰਥੰਕਰ ਅਖਵਾਉਦੇ ਹਨ । ਇਸ ਪ੍ਰਕਾਰ ਤੀਰਥੰਕਰ ਨੂੰ ਕੇਵਲ ਗਿਆਨ ਪ੍ਰਾਪਤ ਹੋਣਾ ਨਿਸਚਿਤ ਹੈ । ਜਦ ਤੀਰਥੰਕਰ ਤੋਂ ਛੁਟ ਆਮ ਆਦਮੀ ਕੇਵਲ ਗਿਆਨੀ ਬਣਦਾ ਹੈ ਤਾਂ ਉਸਨੂੰ ਸਾਧਾਰਣ ਕੇਵਲੀ (ਅਰਿਹੰਤ) ਆਖਦੇ ਹਨ । ਤੀਰਥੰਕਰ ਅਤੇ ਅਰਿਹੰਤਾਂ ਦਾ ਮੁੱਖ ਇਹੋ ਫਰਕ ਹੈ । ਵਰਤਮਾਨ ਯੁੱਗ ਵਿਚ ਜੋ 24 ਤੀਰਥੰਕਰ ਹੋਏ ਹਨ ਉਨ੍ਹਾਂ ਦੀ ਸੰਖੇਪ ਜੀਵਨ ਰੇਖਾ ਇਸ ਪ੍ਰਕਾਰ ਹੈ।

ਭਾਵੇਂ ਭਗਵਾਨ ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ ਤੀਰਥੰਕਰ ਪਰੰਪਰਾ ਲੰਬਾ ਫਾਸਲਾ ਹੈ, ਪਰ 24 ਤੀਰਥੰਕਰਾਂ ਨੇ ਇਕੋ ਹੀ ਧਰਮ ਦਰਸ਼ਨ ਦਾ ਉਪਦੇਸ਼ ਦਿੱਤਾ ਹੈ ।

ਇਹੋ ਅਰਿਹੰਤ ਜਾਂ ਤੀਰਥੰਕਰ ਆਪਣਾ ਸੰਸਾਰਿਕ ਜੀਵਨ ਨੂੰ ਪੂਰਾ ਕਰਕੇ, ਜਨਮ, ਦੁੱਖ, ਬੁਢਾਪੇ ਨਾਲ ਭਰੇ ਸੰਸਾਰ ਤੋਂ ਮੁਕਤ ਹੋ ਕੇ ਸਿੱਧ ਅਖਵਾਉਦੇ ਹਨ । ਇਸੇ ਨੂੰ ਜੈਨ ਪ੍ਰੰਪਰਾ ਵਿੱਚ ਆਤਮਾ ਦੀ ਪ੍ਰਮਾਤਮ ਅਵਸਥਾ ਅਤੇ ਜਿੰਦਗੀ ਦਾ ਟੀਚਾ ਮੰਨਿਆ ਗਿਆ ਹੈ । ਜੈਨ ਧਰਮ ਵਿਚ ਇਹੋ ਨਿਰਵਾਨ ਜਾਂ ਮੁਕਤੀ ਹੈ । ਇਸਤੋਂ ਬਾਅਦ ਇਹ ਮੁਕਤ ਆਤਮਾ ਸੰਸਾਰਿਕ ਆਤਮਾਵਾਂ ਲਈ ਆਦਰਸ਼ ਬਣ ਜਾਂਦੀ ਹੈ ਅਤੇ ਹਰ ਜੈਨ ਧਰਮੀ ਇਸੇ ਵੀਤਰਾਗ, ਅਰਹੰਤ ਜਿਨ, ਸਰਵਗ, ਕੇਵਲੀ (ਬ੍ਰਹਮ ਗਿਆਨ) ਅਵਸਥਾ ਦੀ ਭਗਤੀ ਪੂਜਾ ਕਰਦਾ ਹੈ ਤਾਂ ਕਿ ਉਹ ਵੀ ਇਸੇ ਰਾਹ ਤੇ ਚਲ ਕੇ ਆਤਮਾ, ਪ੍ਰਮਾਤਮਾ ਦੇ ਵਿਚਕਾਰ ਕਰਮਾਂ ਤੇ ਪਏ ਪਰਦੇ ਨੂੰ ਚੁੱਕ ਕੇ ਆਪ ਵੀ ਭਗਵਾਨ ਬਣ ਸਕੇ ।

## ਕੁਝ ਪ੍ਰਮੁਖ ਤੀਰਥੰਕਰ–

ਜੈਨ ਸ਼ਾਸ਼ਤਰਾਂ ਵਿਚ 24 ਤੀਰਥੰਕਰਾਂ ਵਿਚੋਂ ਕੁਝ ਦਾ ਵਰਨਣ ਬੜੇ ਵਿਸਥਾਰ ਨਾਲ ਮਿਲਦਾ ਹੈ । ਜਿਨ੍ਹਾਂ ਵਿਚੋਂ 4 ਤੀਰਥੰਕਰਾਂ ਦਾ ਵਰਨਣ ਪ੍ਰਮੁੱਖ ਹੈ ।

## 1. ਭਗਵਾਨ ਰਿਸ਼ਵਦੇਵ

ਆਪ ਪਹਿਲੇ ਜੈਨ ਤੀਰਥੰਕਰ ਸਨ ।[1] ਆਪ ਦੇ ਪਿਤਾ ਦਾ ਨਾਂ ਨਾਭੀ ਅਤੇ ਮਾਤਾ ਦਾ ਨਾਂ ਮਰੂ ਦੇਵੀ ਸੀ । ਆਪ ਮਨੁੱਖੀ ਸਭਿਅਤਾ ਦੇ ਸੰਸਥਾਪਕ ਸਨ । ਆਪ ਦੇ 100 ਪੁੱਤਰ ਤੇ 2 ਪੁੱਤਰੀਆਂ ਬ੍ਰਾਹਮੀ ਤੇ ਸੁੰਦਰੀ ਸਨ । ਆਪਦੇ ਵਡੇ ਪੁੱਤਰ ਦਾ ਨਾਂ ਭਰਤ ਸੀ ਜਿਸ ਕਾਰਨ ਇਸ ਦੇਸ਼ ਦਾ ਨਾਂ ਭਾਰਤਵਰਸ਼ ਪਿਆ । ਆਪ ਆਪਣੇ ਯੁੱਗ ਦੇ ਪਹਿਲੇ ਰਾਜਾ ਅਤੇ ਵਿਗਿਆਨਕ ਸਨ । ਆਪ ਨੇ ਲੋਕਾਂ ਨੂੰ ਕੁਦਰਤ ਉਪਰ ਨਾ ਰਹਿ ਕੇ ਹਥੀਂ ਕੰਮ ਕਰਨ ਦਾ ਉਪਦੇਸ਼ ਦਿਤਾ । ਆਪ ਦਾ ਵਰਨਣ ਜੈਨ ਗ੍ਰੰਥਾਂ ਤੋਂ ਛੁੱਟ ਵੈਦਿਕ ਗਰੰਥ ਰਿਗਵੇਦ ਅਤੇ 18 ਪੁਰਾਣਾਂ ਵਿਚ ਮਿਲਦਾ ਹੈ ।

## 2. ਭਗਵਾਨ ਨੇਮੀ ਨਾਥ–

ਆਪ 22ਵੇਂ ਤੀਰਥੰਕਰ ਸਨ । ਆਪ ਜੀ ਦੀ ਮਾਤਾ ਦਾ ਨਾਂ ਸ਼ਿਵਾ ਦੇਵੀ ਅਤੇ ਪਿਤਾ ਦਾ ਨਾਂ ਸਮੁੰਦਰ ਵਿਜੇ ਸੀ । ਆਪ ਸੰਸਾਰਿਕ ਪਖੋਂ ਸ੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ। ਆਪ ਦੇ ਸਮੇਂ ਪਸ਼ੂਆਂ ਉਪਰ ਅਤਿਆਚਾਰ ਹੋਣ ਲੱਗ ਪਿਆ ਸੀ । ਆਪ ਜਦੋਂ ਆਪਣੀ ਸ਼ਾਦੀ ਲਈ ਰਾਜਕੁਮਾਰੀ ਰਾਜੁਲ ਨੂੰ ਵਿਆਹੁਣ ਗਏ, ਤਾਂ ਆਪਨੇ ਵੇਖਿਆ ਕਿ ਅਨੇਕਾਂ ਪਸ਼ੂ ਬਰਾਤੀਆਂ ਲਈ ਵਾੜੇ ਵਿੱਚ ਬੰਦ ਸਨ । ਆਪਨੇ ਉਸ ਸਮੇਂ ਬਰਾਤ ਵਾਪਸ ਕਰ ਦਿੱਤੀ ਅਤੇ ਕੈਦੀ ਪਸ਼ੂਆਂ ਨੂੰ ਛੁੜਵਾਇਆ । ਉਸ ਸਮੇਂ ਆਪਣੇ ਜੈਨ ਸਾਧੂ ਦੀਖਿਆ ਗ੍ਰਹਿਣ ਕਰ ਲਈ । ਆਪ ਦਾ ਨਿਰਵਾਣ ਗੁਜਰਾਤ ਵਿਚ ਗਿਰਨਾਰ ਵਿਖੇ ਹੋਇਆ ।

## 3. ਭਗਵਾਨ ਪਾਰਸ਼ ਨਾਥ–

ਆਪ ਦਾ ਜਨਮ ਭਗਵਾਨ ਮਹਾਂਵੀਰ ਤੋਂ 250 ਸਾਲ ਪਹਿਲਾਂ ਬਨਾਰਸ ਵਿਖੇ ਹੋਇਆ । ਭਾਰਤੀ ਅਤੇ ਵਿਦੇਸ਼ੀ ਇਤਿਹਾਸਕਾਰ, ਜੈਨ ਧਰਮ ਦੀ ਪ੍ਰਾਚੀਨਤਾ ਭਗਵਾਨ ਪਾਰਸ਼ ਨਾਥ ਤੋਂ ਹੀ ਮੰਨਦੇ ਹਨ । ਆਪ ਦੇ ਪਿਤਾ ਦਾ ਨਾਂ ਰਾਜਾ ਅਸ਼ਵਸੈਨ ਅਤੇ ਮਾਤਾ ਦਾ ਨਾਂ ਵਾਮਾ ਦੇਵੀ ਸੀ । 100 ਸਾਲ ਦੀ ਉਮਰ ਵਿਚ ਆਪਦਾ ਨਿਰਵਾਨ ਸ਼ਮੇਤ ਸ਼ਿਖਰ (ਬਿਹਾਰ) ਵਿਖੇ ਹੋਇਆ । ਇਸ ਸਥਾਨ ਨੂੰ ਅੱਜਕੱਲ ਪਾਰਸ਼ਨਾਥ ਹਿੱਲ ਆਖਦੇ ਹਨ ।

---

1. ਕੁਲ ਤੀਰਥੰਕਰ ਜਿਆਦਾ ਤੋਂ ਜਿਆਦਾ 170 ਹੋ ਸਕਦੇ ਹਨ । ਉਤਸਰਪਨੀ ਅਤੇ ਅਵਸਰਪਣੀ ਕਾਲ ਜੰਬੂਦੀਪ ਦੇ ਭਰਤ ਖੰਡ ਵਿਚ ਹੀ ਚਲਦਾ ਹੈ । ਮਹਾਵਿਦੇਹ ਖੇਤਰ ਵਿਚ ਹਮੇਸ਼ਾਂ 20 ਹੀ ਤੀਰਥੰਕਰ ਵਿਚਰਦੇ ਹਨ । ਉਥੇ ਹਮੇਸ਼ਾਂ ਚੌਥਾ ਕਾਲ ਹੀ ਚਲਦਾ ਹੈ । 24 ਤੀਰਥੰਕਰਾਂ ਦੀ ਪਰੰਪਰਾ ਭਰਤ ਖੰਡ ਵਿੱਚ ਹੀ ਹੈ ।

# ਭਗਵਾਨ ਮਹਾਵੀਰ ਦੇ ਪਿਛਲੇ ਜਨਮ

*

ਤੀਰਥੰਕਰ ਬਨਣ ਲਈ ਪਿਛਲੇ ਜਨਮਾਂ ਵਿਚ ਸ਼ੁਭ ਕਰਮ ਜਿਥੇ ਬਹੁਤ ਜਰੂਰੀ ਹਨ, ਉਥੇ ਤੀਰਥੰਕਰ ਗੋਤ (ਪਦਵੀ) ਲਈ 20 ਪ੍ਰਕਾਰ ਦੀ ਸਾਧਨਾਂ, ਉਪਾਸਨਾਂ ਅਤੇ ਸੇਵਾ ਭਗਤੀ ਬਹੁਤ ਜਰੂਰੀ ਹੈ । ਇਹ 20 ਗੁਣ ਇਸ ਪ੍ਰਕਾਰ ਹਨ ।

(1) ਅਰਿਹੰਤ ਦੀ ਸੇਵਾ ਭਗਤੀ (2) ਸਿੱਧ ਦੀ ਸੇਵਾ ਭਗਤੀ (3) ਪ੍ਰਵਚਨ ਪੱਦ-12 ਅੰਗ ਸ਼ਾਸ਼ਤਰਾਂ ਵਿੱਚ ਵਿਸ਼ਵਾਸ਼ ਰਖਨਾ, (4) ਅਚਾਰਿਆ ਦੀ ਸੇਵਾ-ਭਗਤੀ, (5) ਸਥਵਿਰ ਪੱਦ-60 ਸਾਲ ਦੇ ਵਿਰਧ ਸਾਧੂ ਦੀ ਸੇਵਾ ਕਰਨਾ, (6) ਉਪਾਧਿਆ ਦੀ ਸੇਵਾ ਕਰਨਾ । (7) ਤਪਸਵੀ ਸਾਧੂਆਂ ਦੀ ਸੇਵਾ ਭਗਤੀ ਕਰਨਾ (8) ਗਿਆਨ ਅਤੇ ਗਿਆਨੀਆਂ ਦੀ ਪੂਜਾ ਕਰਨਾ (9) ਦਰਸ਼ਨ ਪੱਦ-ਗਲਤ ਵਿਸ਼ਵਾਸ਼ਾਂ ਨੂੰ ਤਿਆਗ, ਜੈਨ ਸਿਧਾਂਤਾਂ ਤੇ ਵਿਸ਼ਵਾਸ਼ ਕਰਨਾ (10) ਵਿਨੈ, ਨਿਮਰਤਾ ਆਦਿ ਨਿਯਮਾਂ ਦਾ ਪਾਲਣ ਕਰਨਾ (11) ਆਵਸ਼ਯਕ ਪੱਦ-ਦਿਨ ਵਿੱਚ ਕੀਤੀਆਂ ਗਲਤੀਆਂ ਦਾ ਸਵੇਰੇ ਸ਼ਾਮ ਪ੍ਰਾਸ਼ਚਿਤ ਕਰਨਾ (12) ਸ਼ੀਲ ਪੱਦ-ਬ੍ਰਹਮ ਚਰਜ ਦਾ ਪਾਲਣਾ ਕਰਨਾ ਅਤੇ 6 ਜਰੂਰੀ ਧਾਰਮਿਕ ਕੰਮਾਂ ਸਮਾਇਕ, ਚਤੁਰਵਿਸਤਿ, ਗੁਰੂਬੰਦਨਾ, ਪ੍ਰਤਿਕ੍ਰਮਨ, ਕਾਯੋਤਸਰਗ ਅਤੇ ਪ੍ਰਤਿਖਿਆਨ (ਤਿਆਗ) ਕਰਨਾ, (13) ਵੈਰਾਗਪੱਦ-ਦੁਨਿਆਵੀ ਬੰਧਨਾਂ ਤੋਂ ਆਪਣੇ ਆਪ ਨੂੰ ਮੁਕਤ ਕਰਨਾ (14) ਤੱਪ ਰਾਹੀਂ ਮਨ ਅਤੇ ਸਰੀਰ ਦੇ ਵਿਕਾਰਾਂ ਤੇ ਕਾਬੂ ਪਾਉਣਾ (15) ਸੁਪਾਤਰ ਦਾਨ-ਦਾਨ ਦੇ ਯੋਗ ਸਾਧੂ ਨੂੰ 10 ਪ੍ਰਕਾਰ ਦਾ ਪੁਨ ਦਾਨ ਦੇਣਾ (16) ਸਮਾਧੀ ਪੱਦ-ਸੰਘ ਦੇ ਸਾਧੂ ਸਾਧਵੀਆਂ ਉਪਾਸਕ ਤੇ ਉਪਾਸਿਕਾ ਦੀ ਸੇਵਾ ਕਰਨਾ (17) ਗੁਰੂ ਪਦ-ਗੁਰੂਆਂ, ਸਾਧੂਆਂ ਅਤੇ ਨਵੇਂ ਤਪਸਵੀ ਨੂੰ ਆਤਮ ਸਮਾਧੀ ਵਿੱਚ ਸਹਿਯੋਗ ਕਰਨਾ । (18) ਹਮੇਸ਼ਾਂ ਨਵੇਂ ਤੋਂ ਨਵਾਂ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਨਾ । (19) ਜਿਨਵਾਨੀ ਪੱਦ-ਤੀਰਥੰਕਰਾਂ ਰਾਹੀਂ ਦਿਤੇ ਉਪਦੇਸ਼ ਤੇ ਸ਼ਰਧਾ, ਵਿਸ਼ਵਾਸ਼ ਰਖਣਾ, ਅਮਲ ਕਰਨਾ ਅਤੇ ਅਣਗਹਿਲੀ ਦਾ ਤਿਆਗ ਕਰਨਾ (20) ਜੈਨ ਧਰਮ ਦੇ ਫੈਲਾਣ ਲਈ ਦਿਲ ਜਾਨ ਨਾਲ ਕੋਸ਼ਿਸ਼ ਕਰਨਾ । ਤੀਰਥੰਕਰ ਆਪਣੇ ਪਿਛਲੇ ਜਨਮ ਵਿਚ ਇਨ੍ਹਾਂ 20 ਬੋਲਾਂ ਦੀ ਆਰਾਧਨਾ ਰਾਹੀਂ ਤੀਰਥੰਕਰ ਪਦ ਪ੍ਰਾਪਤ ਕਰਦੇ ਹਨ ।

ਇਹ 20 ਬੋਲ ਜੈਨ ਸ਼ਾਸ਼ਤਰ ਵਿਚ ਬਹੁਤ ਮਹੱਤਵਪੂਰਨ ਹਨ । ਇਨ੍ਹਾਂ 20 ਗੁਣਾਂ ਦੇ ਉਪਾਸਨਾ ਸਦਕਾ ਹੀ ਭਗਵਾਨ ਮਹਾਵੀਰ ਦੀ ਆਤਮਾ ਦਾ ਜੀਵ ਅਨੰਤ ਜਨਮ ਭਟਕਦਾ ਹੋਇਆ 27ਵੇਂ ਜਨਮ ਵਿੱਚ ਭਗਵਾਨ ਮਹਾਵੀਰ ਦੇ ਰੂਪ ਵਿਚ ਪ੍ਰਗਟ ਹੋਇਆ।

ਭਗਵਾਨ ਮਹਾਂਵੀਰ ਦਾ ਇਹ ਜਨਮ ਬਹੁਤ ਮਹੱਤਵਪੂਰਨ ਹੈ । ਜਿਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

## ਭਗਵਾਨ ਮਹਾਵੀਰ ਦਾ ਪਹਿਲਾ ਜਨਮ-

ਇਹ ਭਗਵਾਨ ਮਹਾਂਵੀਰ ਦੇ ਉਸ ਜਨਮ ਦਾ ਵਰਨਣ ਹੈ ਜਿਸਦੇ ਸਿਟੇ ਵਜੋਂ ਭਗਵਾਨ ਮਹਾਂਵੀਰ ਦੀ ਆਤਮਾ ਨੇ ਤੀਰਥੰਕਰ ਪਦਵੀ ਹਾਸਲ ਕਰਨ ਦੀ ਯਾਤਰਾ ਆਰੰਭ ਕੀਤੀ । ਉਸ ਸਮੇਂ ਉਹ ਨਯਸਾਰ ਨਾਂ ਦੇ ਇਕ ਰਾਜੇ ਦਾ ਨੌਕਰ ਸੀ । ਇਕ ਵਾਰ ਰਾਜੇ ਨੇ ਉਸਨੂੰ ਹੁਕਮ ਦਿਤਾ, " ਜੰਗਲ ਵਿਚੋਂ ਲਕੜੀਆਂ ਲਿਆਉ ।" ਨਯਸਾਰ ਆਪਣੇ ਅਨੇਕਾਂ ਸਾਥੀਆਂ ਨਾਲ ਕਾਫੀ ਬੈਲ ਗਡੀਆਂ ਲੈ ਕੇ ਜੰਗਲ ਵਿਚ ਪੁੱਜਾ । ਉਹ ਦੁਪਿਹਰ ਤੱਕ ਲੱਕੜਾਂ ਚੀਰਦਾ ਰਿਹਾ । ਦੁਪਿਹਰ ਸਮੇਂ ਹੋਰ ਮਜ਼ਦੂਰਾਂ ਦੀ ਤਰ੍ਹਾਂ ਉਹ ਵੀ ਆਪਣਾ ਭੋਜਨ ਖਾਣ ਦਾ ਇਰਾਦਾ ਬਣਾਉਣ ਲੱਗਾ ।

ਜਦ ਖਾਣਾ ਖਾਣ ਬੈਠਾ ਤਾਂ ਉਸਦੇ ਮਨ ਵਿਚ ਇਕ ਸ਼ੁਭ ਵਿਚਾਰ ਆਇਆ 'ਚੰਗਾ ਹੋਵੇ ਜੇ ਅਜਿਹੇ ਸਮੇਂ ਕੋਈ ਮੁਨੀ ਤੱਪਸਵੀ ਆ ਜਾਵੇ ਤਾਂ ਕਿ ਮੈਂ ਆਪਣੇ ਭੋਜਨ ਵਿਚੋਂ ਕੁਝ ਦਾਨ ਕਰ ਸਕਾਂ ।" ਅਜਿਹਾ ਸੋਚਦੇ ਹੀ ਉਸਦੇ ਸ਼ੁਭ ਭਾਗਾਂ ਨੂੰ ਇੱਕ ਜੰਗਲ ਵਿਚ ਘੁਮਦਾ ਸਾਧੂਆਂ ਦਾ ਟੋਲਾ, ਉਸ ਕੋਲ ਪੁੱਜਾ । ਇਹ ਸਾਧੂ ਜੰਗਲ ਹੋਣ ਕਾਰਣ ਆਪਣਾ ਰਸਤਾ ਭੁੱਲ ਚੁਕੇ ਸਨ । ਨਯਸਾਰ ਨੇ ਮੁਨੀਆਂ ਨੂੰ ਭੋਜਨ ਦਾਨ ਕੀਤਾ ਅਤੇ ਉਹਨਾਂ ਦੀ ਸੇਵਾ ਭਗਤੀ ਕਰਦਾ ਰਿਹਾ । ਮੁਨੀਆਂ ਨੇ ਉਸਨੂੰ ਧਰਮ ਉਪਦੇਸ਼ ਦਿਤਾ । ਥੋੜੇ ਜਿਹੇ ਉਪਦੇਸ਼ਾਂ ਨਾਲ ਹੀ ਨਯਸਾਰ ਨੇ ਸਮਿਅੱਕਤਵ (ਸਚਾ ਗਿਆਨ, ਸਚਾ ਦਰਸ਼ਨ, ਸਚਾ ਚਰਿੱਤਰ) ਨੂੰ ਧਾਰਨ ਕੀਤਾ । ਇਹੋ ਜਨਮ ਸੀ ਕਿ ਨਯਸਾਰ ਦੇ ਰੂਪ ਵਿਚ ਭਗਵਾਨ ਮਹਾਵੀਰ ਦੀ ਆਤਮਾ ਨੇ ਤੀਰਥੰਕਰ ਯੋਗ ਬਣਨ ਦੀ ਯਾਤਰਾ ਆਰੰਭ ਕੀਤੀ ।

## ਦੂਸਰਾ ਜਨਮ

ਨਯਸਾਰ ਦਾ ਜੀਵ ਮਾਰਕੇ ਸ਼ੁਭ ਕਰਮਾਂ ਸਦਕਾ ਸ਼ੋਧਰਮ ਕਲਪ (ਦੇਵ ਲੋਕ) ਵਿਚ ਪੈਦਾ ਹੋਇਆ । ਉਥੇ ਉਸਦੀ ਉਮਰ ਪਲਯੋਪਮ ਹੈ ।

## ਤੀਸਰਾ ਤੇ ਚੌਥਾ ਜਨਮ-

ਦੇਵਤੇ ਦਾ ਜੀਵਨ ਭੋਗ ਕੇ ਨਯਸਾਰ ਦਾ ਜੀਵ, ਤੀਸਰੇ ਜਨਮ ਵਿਚ ਭਗਵਾਨ ਰਿਸ਼ਵਦੇਵ ਦੇ ਪੁਤਰ ਚੱਕਰਵਰਤੀ ਭਰਤ ਦੇ ਪੁੱਤਰ ਰੂਪ ਪੈਦਾ ਹੋਇਆ । ਉਥੇ ਉਸਦਾ ਨਾਂ ਮਰਿਚਿ ਸੀ ।

ਇੱਕ ਵਾਰ ਭਗਵਾਨ ਰਿਸ਼ਵਦੇਵ ਪੁਰਮੀਤਾਲ ਸ਼ਹਿਰ ਦੇ ਬਾਗ ਵਿਚ ਠਹਿਰੇ ਹੋਏ ਸਨ । ਭਗਵਾਨ ਰਿਸ਼ਵਦੇਵ ਦੇ ਤੱਪ, ਤਿਆਗ ਅਤੇ ਵੈਰਾਗ ਭਰਪੂਰ ਉਪਦੇਸ਼ ਸੁਣਕੇ ਮਰਿਚਿ ਭਗਵਾਨ ਰਿਸ਼ਵਦੇਵ ਦਾ ਚੇਲਾ ਬਣ ਗਿਆ । ਪਰ ਉਹ ਥੋੜਾ ਸਮਾਂ ਹੀ ਸ਼੍ਰਮਣ (ਜੈਨ ਸਾਧੂ) ਧਰਮ ਦਾ ਪਾਲਣ ਕਰ ਸਕਿਆ । ਬੜੀ ਛੇਤੀ ਹੀ ਉਸਨੇ ਗੇਰੂ ਰੰਗ ਦਾ ਭੇਸ

ਧਾਰਨ ਕਰ ਲਿਆ । ਮਥੇ ਤੇ ਤਿੰਨ ਲਕੀਰਾਂ ਵਾਲਾ ਟਿੱਕਾ, ਸਿਰ ਤੇ ਬੋਦੀ, ਛਤਰ ਖੜਾਵਾਂ ਧਾਰਨ ਕਰਨ ਲੱਗ ਪਿਆ । ਇਸ ਤਰ੍ਹਾਂ ਉਸ ਮਰਿਚਿ ਦੇ ਜੀਵ ਨੇ ਗੇਰਵਾਂ ਰੰਗ ਦਾ ਨਵਾਂ ਭੇਸ ਚਲਾਇਆ ।

ਕਿਸੇ ਸਮੇਂ ਭਗਵਾਨ ਰਿਸ਼ਵਦੇਵ ਨੇ, ਭਰਤ ਚੱਕਰਵਰਤੀ ਨੂੰ ਦਸਿਆ "ਮਰਿਚਿ ਪਹਿਲਾ ਤਰਿਪਰਿਸ਼ਟ ਵਾਸੂਦੇਵ ਹੋਵੇਗਾ । ਮਹਾਵਿਦੇਹ ਖੇਤਰ ਵਿਚ ਪ੍ਰਿਆਮਿੱਤਰ ਨਾਉ ਦਾ ਚੱਕਰਵਰਤੀ ਹੋਵੇਗਾ ਅਤੇ ਅੰਤ ਵਿਚ 24ਵਾਂ ਤੀਰਥੰਕਰ ਵਰਧਮਾਨ ਹੋਵੇਗਾ ।" ਭਗਵਾਨ ਰਿਸ਼ਵਦੇਵ ਦੇ ਮੁਖੋਂ ਆਪਣੇ ਅਗਲੇ ਜਨਮਾਂ ਦਾ ਵਰਨਣ ਸੁਣਕੇ, ਮਰਿਚਿ ਦੇ ਮਨ ਵਿਚ ਅਭਿਮਾਨ ਪੈਦਾ ਹੋ ਗਿਆ । ਉਹ ਸੋਚਣ ਲੱਗਾ " ਮੇਰੇ ਕੁਲ ਵਿਚ ਪਹਿਲੇ ਤੀਰਥੰਕਰ ਰਿਸ਼ਵਦੇਵ ਹੋਏ ਹਨ । ਚੱਕਰਵਰਤੀਆਂ ਵਿਚ ਪਹਿਲਾ ਚੱਕਰਵਰਤੀ ਭਰਤ ਮੇਰਾ ਪਿਤਾ ਹੈ, ਮੈਂ ਵਾਸੁਦੇਵ ਅਤੇ ਤੀਰਥੰਕਰ ਬਣਾਂਗਾ, ਵੇਖੋ ਮੇਰਾ ਕੁਲ ਕਿਨਾਂ ਉਤਮ ਹੈ ?"

ਭਗਵਾਨ ਰਿਸ਼ਵਦੇਵ ਦੇ ਨਿਰਵਾਨ (ਮੁਕਤੀ) ਤੋਂ ਬਾਅਦ ਮਰਿਚਿ ਅਲਗ ਉਪਦੇਸ਼ ਕਰਨ ਲੱਗਾ । ਉਸ ਕੋਲ ਜੋ ਵੀ ਉਪਦੇਸ਼ ਸੁਨਣ ਆਉਂਦਾ ਉਹ ਹਰੇਕ ਨੂੰ ਆਖਦਾ " ਮੈਂ ਸੱਚਾ ਸਾਧੂ ਨਹੀਂ, ਸੱਚਾ ਧਰਮ ਤਾਂ ਤੀਰਥੰਕਰ ਭਗਵਾਨ ਰਿਸ਼ਵਦੇਵ ਦਾ ਹੈ ।"

ਇੱਕ ਵਾਰ ਮਰਿਚਿ ਬਿਮਾਰ ਹੋ ਗਿਆ । ਕਿਸੇ ਸਾਧੂ ਨੇ ਵੀ ਉਸ ਦੀ ਸੇਵਾ ਨਾ ਕੀਤੀ । ਉਸਨੇ ਕਪਿਲ ਨਾਂ ਦੇ ਰਾਜਕੁਮਾਰ ਨੂੰ ਆਪਣਾ ਚੇਲਾ ਬਣਾਇਆ । ਅਗੇ ਚੱਲਕੇ ਉਸੇ ਕਪਿਲ ਮੁਨੀ ਦਾ ਸਿਧਾਂਤ ਹੀ ਕਪਿਲ ਦਰਸ਼ਨ ਅਖਵਾਇਆ । 84 ਲੱਖ ਪੂਰਵ ਦੀ ਸਾਲ ਉਮਰ ਪੂਰੀ ਕਰਕੇ ਉਹ ਬ੍ਰਹਮ ਦੇਵ ਲੋਕ ਵਿਚ ਪੈਦਾ ਹੋਇਆ । ਜਿਥੇ ਉਸਨੇ 10 ਸਾਗਰੋਪਮ ਦੀ ਉਮਰ ਪੂਰੀ ਕੀਤੀ ।

## ਪੰਜਵਾਂ ਜਨਮ—

10 ਸਾਗਰੋਪਮ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਕੋਲਾਂਗ ਸਨੀਵੇਸ਼ ਵਿਚ ਪੈਦਾ ਹੋਇਆ । ਉਥੇ ਉਸਦੀ ਉਮਰ 80 ਲੱਖ ਪੁਰਵ ਸੀ । ਉਥੋਂ ਮਰਕੇ ਉਸ ਬ੍ਰਾਹਮਣ ਨੇ ਅਨੰਤਾ ਵਾਰ ਕਈ ਜੂਨਾਂ ਵਿਚ ਜਨਮ ਲਿਆ । ਜਿਹਨਾਂ ਦੀ ਕੋਈ ਗਿਣਤੀ ਨਹੀਂ ।

## ਛੇਵਾਂ ਤੇ ਸਤਵਾਂ ਜਨਮ—

ਇਸ ਵਾਰ ਨਯਸਾਰ ਦਾ ਜੀਵ ਸਥੂਣਾ ਨਗਰੀ ਵਿੱਚ ਪੁਸ਼ਮਿੱਤਰ ਨਾਉ ਦੇ ਬ੍ਰਾਹਮਣ ਰੂਪ ਵਿਚ ਪੈਦਾ ਹੋਇਆ । ਜਿਥੇ ਉਸਨੇ 70 ਲੱਖ ਪੂਰਵ ਦੀ ਉਮਰ ਭੋਗੀ । ਇਸ ਉਮਰ ਦੇ ਆਖਰੀ ਹਿਸੇ ਵਿਚ ਉਹ ਪਰਿਵਰਾਜਿਕ (ਸ਼੍ਰਮਨ ਸਾਧੂਆਂ ਦੀ ਇਕ ਕਿਸਮ) ਬਣ ਗਿਆ ਅਤੇ ਉਥੋਂ ਉਮਰ ਪੂਰੀ ਕਰਕੇ ਉਹ ਸੋਧਰਮ ਦੇਵ ਲੋਕ ਵਿਚ ਪੈਦਾ ਹੋਇਆ।

## ਅੱਠਵਾਂ ਤੇ ਨੌਵਾਂ ਜਨਮ—

ਨਯਸਾਰ ਦਾ ਜੀਵ ਸੋਧਰਮ ਦੇਵ ਲੋਕ ਵਿੱਚ ਆਪਣੀ ਉਮਰੀ ਪੂਰੀ ਕਰਕੇ ਚੇਤਯਸਨੀਵੇਸ਼ ਵਿਚ ਅਗਨੀ ਉਦਯੋਤ ਨਾਂ ਦੇ ਬ੍ਰਾਹਮਣ ਰੂਪ ਵਿੱਚ ਪੈਦਾ ਹੋਇਆ । ਉਮਰ

ਦੇ ਆਖਰੀ ਹਿਸੇ ਵਿਚ ਉਹ ਪਰਿਵਰਾਜਿਕ ਭਿਕਸ਼ੂ ਬਣਿਆ । ਇਸ ਜਨਮ ਵਿੱਚ ਉਹ 64 ਲੱਖ ਪੂਰਵ ਦੀ ਉਮਰ ਪੂਰੀ ਕਰਕੇ ਈਸ਼ਾਨ ਦੇਵ ਲੋਕ ਵਿਚ ਮਾਧਿਅਮ ਸਥਿਤੀ ਵਾਲਾ ਦੇਵਤਾ ਬਣਿਆ ।

## ਦਸਵਾਂ ਤੇ ਗਿਆਰਵਾਂ ਜਨਮ–

ਦਸਵੇਂ ਜਨਮ ਵਿੱਚ ਵੀ ਨਯਸਾਰ ਦਾ ਜੀਵ ਮੰਦਰ ਸਨੀਵੇਸ਼ ਵਿਚ ਪੈਦਾ ਹੋਇਆ, ਉੱਥੇ ਉਸਦਾ ਨਾਂ ਅਗਨੀਭੂਤੀ ਤੇ ਕੁੱਲ ਬ੍ਰਾਹਮਣ ਸੀ । ਇੱਥੇ ਉਸਨੇ ਫੇਰ ਪਰਿਵਰਾਜਿਕ ਸਾਧੂ ਦੀ ਦੀਖਿਆ ਗ੍ਰਹਿਣ ਕੀਤੀ । ਇੱਥੇ ਇਸਦੀ ਉਮਰ 56 ਲੱਖ ਪੂਰਵ ਸੀ । ਗਿਆਰਵੇਂ ਜਨਮ ਇਹ ਜੀਵ ਆਤਮਾ ਸਨਤਕੁਮਾਰ ਦੇਵ ਲੋਕ ਵਿੱਚ ਮਾਧਿਅਮ ਸਥਿਤੀ ਰੂਪ ਵਿੱਚ ਪੈਦਾ ਹੋਈ ।

## ਬਾਰਹਵਾਂ ਤੈ ਤੇਰਹਵਾਂ ਜਨਮ–

ਸਨਤਕੁਮਾਰ ਦੇਵ ਲੋਕ ਵਿਚੋਂ ਨਿਕਲ ਕੇ ਨਯਸ਼ਾਰ ਦਾ ਜੀਵ ਸਵੇਤਾਂਵੀਕਾ ਨਗਰੀ ਵਿੱਚ ਭਾਰਦਵਾਜ਼ ਬ੍ਰਾਹਮਣ ਦੇ ਰੂਪ ਵਿਚ ਪੈਦਾ ਹੋਇਆ । ਉਸਨੇ ਫੇਰ ਪਰਿਵਰਾਜਿਕ ਦੀਖਿਆ ਗ੍ਰਹਿਣ ਕੀਤੀ । ਇਸ ਜਨਮ ਵਿਚ ਉਸਦੀ ਉਮਰ 44 ਲੱਖ ਪੂਰਵ ਸੀ । ਉਥੋਂ ਚਲ ਕੇ ਨਯਸਾਰ ਦਾ ਜੀਵ ਮੋਹੇਦੰਰ ਦੇਵ ਲੋਕ ਵਿਚ ਪੈਦਾ ਹੋਇਆ । ਇਸ ਦੇਵ ਲੋਕ ਤੋਂ ਨਿਕਲ ਕੇ ਉਸ ਅਣਗਣਿਤ ਜਨਮ ਗ੍ਰਹਿਣ ਕੀਤੇ । ਜੋ ਗਿਣਤੀ ਤੋਂ ਬਾਹਰ ਹਨ ।

## ਚੌਦਵਾਂ ਅਤੇ ਪੰਦਰਵਾਂ ਜਨਮ–

ਚੌਂਦਵੇਂ ਜਨਮ ਵਿੱਚ ਨਯਸਾਰ ਦਾ ਜੀਵ ਰਾਜਗ੍ਰਹਿ ਵਿਖੇ ਸਥਾਵਰ ਬ੍ਰਾਹਮਣ ਦੇ ਰੂਪ ਵਿੱਚ ਪੈਦਾ ਹੋਇਆ । ਜਿਥੇ ਉਸਦੀ ਉਮਰ 34 ਲੱਖ ਪੂਰਵ ਸੀ । ਉਥੇ ਵੀ ਇਹ ਪਰਿਵਰਾਜਿਕ ਪਰੰਪਰਾ ਦਾ ਸਾਧੂ ਬਣਿਆ । ਅੰਤ ਸਮੇਂ ਉਮਰ ਪੂਰੀ ਕਰਕੇ ਬ੍ਰਹਮ ਦੇਵ ਲੋਕ ਪੈਦਾ ਹੋਇਆ ।

ਬ੍ਰਹਮ ਲੋਕ ਤੋਂ ਚਲਕੇ ਨਯਸ਼ਾਰ ਦਾ ਜੀਵ ਅਨੰਤ ਜੂਨਾਂ ਵਿਚ ਜਨਮ ਲਿਆ । ਇਨ੍ਹਾਂ ਜਨਮਾਂ ਦੀ ਗਿਣਤੀ, ਸੰਖਿਆ ਤੋਂ ਬਾਹਰ ਹੈ ।

## ਸੋਲ੍ਹਵਾਂ ਤੇ ਸਤਾਰ੍ਹਵਾਂ ਜਨਮ–

ਸੋਲ੍ਹਵੇਂ ਮਹੱਤਵਪੂਰਨ ਜਨਮ ਵਿੱਚ ਨਯਸਾਰ ਦਾ ਜੀਵ ਵਿਸ਼ਵਨੰਦੀ ਰਾਜੇ ਦੇ ਭਰਾ ਵਿਸਾਖਭੂਤੀ ਦੇ ਪੁੱਤਰ ਰੂਪ ਵਿੱਚ ਰਾਜਗ੍ਰਹਿ ਵਿਖੇ ਪੈਦਾ ਹੋਇਆ । ਇਥੇ ਇਸ ਦਾ ਨਾਂ ਵਿਸ਼ਵਭੂਤੀ ਸੀ । ਵਿਸ਼ਵਭੂਤੀ ਵੱਡਾ ਹੋ ਕੇ ਪੁਸ਼ਪ ਕੰਰਡਕ ਬਾਗ ਵਿਖੇ ਬਣੇ ਰਾਜ ਮਹਿਲ ਵਿਚ ਐਸ਼ ਭਰਪੂਰ ਜਿੰਦਗੀ ਬਿਤਾਉਣ ਲੱਗਾ ।

ਵਿਸ਼ਵਨੰਦੀ ਰਾਜੇ ਦੀਆਂ ਦਾਸੀਆਂ ਤੋਂ ਵਿਸ਼ਵਭੂਤੀ ਦਾ ਇਹ ਐਸ਼ ਭਰਪੂਰ ਜੀਵਨ ਸਹਿਣ ਨਾ ਹੋਇਆ । ਉਨ੍ਹਾਂ ਨੇ ਰਾਜੇ ਵਿਸ਼ਵਨੰਦੀ ਦੀ ਰਾਣੀਆਂ ਨੂੰ ਵਿਸ਼ਵਭੂਤੀ

ਦੇ ਭੋਗ ਵਿਲਾਸ ਦਾ ਜਿਕਰ ਕੀਤਾ । ਦਾਸੀਆਂ ਦੀ ਭੜਕਾਹਟ ਦੇ ਨਾਲ ਤੇ ਰਾਣੀ ਦੇ ਮਨ ਵਿੱਚ ਖਿਆਲ ਆਇਆ ਕਿ " ਮੇਰਾ ਪੁੱਤਰ ਰਾਜੇ ਦਾ ਪੁੱਤਰ ਹੋ ਕੇ ਵੀ ਇੰਨਾ ਸੁੱਖ ਭੋਗ ਨਹੀਂ ਸਕਦਾ । ਮੇਰਾ ਰਾਣੀ ਜੀਵਨ ਬੇਕਾਰ ਹੈ, ਜੋ ਮੈਂ ਆਪਣੇ ਪੁੱਤਰ ਨੂੰ ਰਾਜਕੁਮਾਰਾਂ ਵਾਲਾ ਜੀਵਨ ਨਾ ਦੇ ਸਕਾਂ । "

ਰਾਣੀ ਦੀ ਇਸ ਈਰਖਾ ਬਾਰੇ ਮਹਾਰਾਜਾ ਵਿਸ਼ਵਨੰਦੀ ਨੂੰ ਪਤਾ ਲੱਗਾ । ਉਸਨੇ ਰਾਣੀ ਨੂੰ ਸਮਝਾਉਂਦੇ ਹੋਏ ਕਿਹਾ " ਸਾਡੇ ਕੁੱਲ ਦੀ ਇਹ ਮਰਿਆਦਾ ਹੈ ਕਿ ਜਦ ਤੱਕ ਪਹਿਲਾਂ ਬਾਗ ਵਿਚ ਗਿਆ ਪੁਰਸ਼ ਬਾਹਰ ਨਾ ਆ ਜਾਵੇ, ਦੂਸਰਾ ਪੁਰਸ਼ ਬਾਗ ਅੰਦਰ ਨਹੀਂ ਜਾ ਸਕਦਾ । ਵਿਸ਼ਵਭੂਤੀ ਬਸੰਤ ਦਾ ਮੌਸਮ ਗੁਜਾਰਨ ਲਈ ਬਾਗ ਵਿਚ ਠਹਿਰਿਆ ਹੋਇਆ ਹੈ । ਉਹ ਬਾਹਰ ਨਹੀਂ ਨਿਕਲ ਸਕੇਗਾ । "

ਰਾਣੀ, ਰਾਜੇ ਦੇ ਲੱਖ ਸਮਝਾਉਣ ਤੇ ਵੀ ਨਹੀਂ ਮੰਨੀ । ਅੰਤ ਰਾਜੇ ਨੇ ਆਪਣੇ ਮੰਤਰੀ ਦੀ ਰਾਏ ਨਾਲ ਵਿਸ਼ਵਭੂਤੀ ਨੂੰ ਬਾਗ ਵਿਚੋਂ ਬਾਹਰ ਕਰਨ ਦੀ ਯੋਜਨਾ ਬਣਾਈ । ਮੰਤਰੀ ਨੇ ਕਿਸੇ ਮਨੁੱਖ ਹੱਥ, ਰਾਜੇ ਦਾ ਫਰਜੀ ਹੁਕਮ ਭੇਜਿਆ, ਜਿਸ ਵਿਚ ਵਿਸ਼ਵਭੂਤੀ ਨੂੰ ਫੌਰਨ ਜੰਗ ਲੜਨ ਲਈ ਕਿਹਾ ਗਿਆ ਸੀ । ਵਿਸ਼ਵਭੂਤੀ ਉਸ ਫਰਜੀ ਹੁਕਮ ਮੁਤਾਬਿਕ ਫੌਜਾਂ ਸਮੇਤ ਜੰਗ ਦੇ ਮੈਦਾਨ ਵਿਚ ਪਹੁੰਚ ਗਿਆ । ਪਰ ਉਸ ਨੂੰ ਕਿਸੇ ਥਾਂ ਵੀ ਦੁਸ਼ਮਨ ਦੀ ਫੌਜ ਨਜ਼ਰ ਨਹੀਂ ਆਈ । ਉਹ ਫੌਜਾਂ ਸਮੇਤ ਵਾਪਸ ਘਰ ਪਹੁੰਚਾ । ਜਦੋਂ ਉਹ ਬਾਗ ਅੰਦਰ ਜਾਣ ਲੱਗਾ ਤਾਂ ਉਸਨੂੰ ਪਤਾ ਲੱਗਾ ਕਿ ਰਾਜਕੁਮਾਰ ਵਿਸ਼ਵਨੰਦੀ ਆਪਣੇ ਪਰਿਵਾਰ ਸਮੇਤ ਬਾਗ ਵਿਚ ਠਹਿਰਿਆ ਹੋਇਆ ਹੈ ।

ਵਿਸ਼ਵਭੂਤੀ ਨੂੰ ਸਾਰੀ ਗੱਲ ਸਮਝ ਆ ਗਈ ਕਿ ਯੁੱਧ ਦੇ ਬਹਾਨੇ ਉਸ ਤੋਂ ਬਾਗ ਖਾਲੀ ਕਰਵਾਇਆ ਗਿਆ ਹੈ । ਵਿਸ਼ਵਭੂਤੀ ਦੇ ਮਨ ਤੇ ਇਸ ਘਟਨਾ ਦਾ ਡੂੰਘਾ ਅਸਰ ਹੋਇਆ, ਉਸਨੇ ਸੰਸਾਰ ਤਿਆਗਨ ਦਾ ਫੈਸਲਾ ਕਰ ਲਿਆ ।

ਵਿਸ਼ਵਭੂਤੀ ਨੂੰ ਆਰੀਆ ਸੰਭੂਤ ਨਾਮ ਦੇ ਸਾਧੂ ਪਾਸ ਜੈਨ (ਨਿਰਗ੍ਰੰਥ) ਸਾਧੂ ਦੀਖਿਆ ਗ੍ਰਹਿਣ ਕਰ ਲਈ ।

ਰਾਜੇ ਨੇ ਆਪਣੀ ਪ੍ਰਜਾ ਸਮੇਤ, ਵਿਸ਼ਵਭੂਤੀ ਤੋਂ ਆਪਣੇ ਕੀਤੇ ਗਲਤ ਕੰਮ ਦੀ ਮੁਆਫੀ ਮੰਗੀ । ਉਸਨੇ ਵਿਸ਼ਵਭੂਤੀ ਮੁਨੀ ਨੂੰ ਮੁੜ ਘਰ ਪਰਤਣ ਲਈ ਆਖਿਆ । ਪਰ ਵਿਸ਼ਵਭੂਤੀ ਮੁਨੀ ਆਪਣੇ ਸਾਧੂ ਜੀਵਨ ਤੇ ਪਕੇ ਰਹੇ । ਤੱਪ ਕਾਰਣ ਉਨ੍ਹਾਂ ਦਾ ਸਰੀਰ ਸੁੱਕ ਗਿਆ ।

ਕਿਸੇ ਸਮੇਂ ਵਿਸ਼ਵਭੂਤੀ ਮੁਨੀ ਮਹੀਨੇ ਦੀ ਤਪਸਿਆ ਦੇ ਪੂਰਨਤਾ ਲਈ ਮਥੁਰਾ ਨਗਰੀ ਵਿਚ ਘੁਮ ਰਹੇ ਸਨ । ਉਨ੍ਹਾਂ ਦਿਨਾਂ ਵਿਚ ਰਾਜ ਕੁਮਾਰ ਵਿਸ਼ਾਖਨੰਦੀ ਆਪਣੀ ਸ਼ਾਦੀ ਲਈ ਮਥੁਰਾ ਪਹੁੰਚਿਆ ਹੋਇਆ ਸੀ । ਵਿਸ਼ਾਖਨੰਦੀ ਰਾਜਕੁਮਾਰ ਨੇ ਆਦਮੀਆਂ ਨੇ ਵਿਸ਼ਵਭੂਤੀ ਮੁਨੀ ਨੂੰ ਪਛਾਣ ਲਿਆ । ਉਸ ਸਮੇਂ ਇਕ ਗਊ ਨੇ ਸਿੰਗ ਮਾਰ ਕੇ ਵਿਸ਼ਵਭੂਤੀ ਮੁਨੀ ਨੂੰ ਜਮੀਨ ਤੇ ਸੁੱਟ ਦਿੱਤਾ । ਇਹ ਸਭ ਕੁਝ ਵੇਖ ਕੇ ਵਿਸ਼ਾਖਨੰਦੀ ਬਹੁਤ ਖੁਸ਼ ਹੋਇਆ

ਅਤੇ ਆਖਣ ਲੱਗਾ " ਉਏ ਤੇਰੇ ਦਰਖਤਾਂ ਨੂੰ ਡਿਗਾਉਣ ਵਾਲਾ ਬਲ ਕਿਥੇ ਹੈ ? " ਇਹ ਗੱਲ ਸੁਣਦੇ ਹੀ ਵਿਸ਼ਵਭੂਤੀ ਮੁਨੀ ਨੂੰ ਗੁੱਸਾ ਆ ਗਿਆ । ਉਸਨੇ ਉਸ ਗਊ ਨੂੰ ਸਿੰਗਾਂ ਤੋਂ ਫੜ ਕੇ ਚੱਕਰ ਦੀ ਤਰ੍ਹਾਂ ਘੁਮਾਂਦੇ ਹੋਏ ਕਿਹਾ, " ਕਮਜੋਰ ਸ਼ੇਰ ਦੀ ਤਾਕਤ ਨੂੰ ਕਦੇ ਗਿੱਦੜ ਪਾ ਸਕਦਾ ਹੈ ?

ਵਿਸ਼ਵਭੂਤੀ ਮੁਨੀ ਨੂੰ ਗੁੱਸਾ ਇਥੇ ਹੀ ਠੰਡਾ ਨਾ ਹੋਇਆ । ਉਸ ਦੇ ਮਨ ਵਿਚ ਆਖਿਆ, " ਜੇ ਮੇਰੇ ਜਪ, ਤਪ, ਬ੍ਰਹਮਰਜ ਵਿੱਚ ਸ਼ਕਤੀ ਹੈ ਤਾਂ ਮੈਂ ਅਗਲੇ ਜਨਮ ਵਿੱਚ ਬੇਹੱਦ ਸ਼ਕਤੀਸ਼ਾਲੀ ਬਣਾਂ ।"

ਵਿਸ਼ਵਭੂਤੀ ਨੇ ਆਪਣੇ ਇਸ ਗੁਸੇ ਦਾ ਕਦੇ ਪ੍ਰਾਯਸ਼ਚਿਤ ਨਾ ਕੀਤਾ । ਅੰਤ ਵਿਚ ਸਾਧੂ ਜੀਵਨ ਪੂਰਾ ਕਰਕੇ ਉਹ ਮਹਾਸ਼ੁਕਲ ਕਲਪ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ।

## ਅਠਾਰ੍ਹਵਾਂ ਤੇ ਉਨੀਵਾਂ ਜਨਮ-

ਮਹਾਂਸ਼ੁਕਲ ਲੋਕ ਸਵਰਗ ਵਿਚੋਂ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਪੋਦਨਪੁਰ ਵਿਚ ਤਰਿਪ੍ਰਿਸ਼ਟ ਨਾਉ ਦੇ ਵਾਸਦੇਵ ਰੂਪ ਵਿਚ ਪੈਦਾ ਹੋਇਆ । ਪੋਦਨਪੁਰ ਦਾ ਰਾਜਾ ਪ੍ਰਜਾਪਤਿ, ਪ੍ਰਤਿਵਾਸਦੇਵ ਅਸ਼ਵਗ੍ਰੀਵ ਦੇ ਅਧੀਨ ਛੋਟਾ ਰਾਜਾ ਸੀ । ਉਸ ਦੇ ਦੋ ਪੁੱਤਰ ਹੋਏ ਇੱਕ ਅਚਲ ਦੂਸਰਾ ਤਰਿਪ੍ਰਿਸ਼ਟ ।

ਇਕ ਵਾਰ ਪੋਦਨਪੁਰ ਦੇ ਮਹਿਲਾਂ ਵਿਚ ਨਾਚ ਰੰਗ ਦੀ ਮਹਿਫਲ ਲੱਗੀ ਹੋਈ ਸੀ । ਸਾਰੇ ਲੋ ਗੀਤ ਸੁਣਨ ਵਿੱਚ ਮਸਤ ਸਨ । ਇਸ ਮਹਿਫਲ ਵਿਚਕਾਰ ਹੀ ਰਾਜਾ ਅਸ਼ਵਗ੍ਰੀਵ ਦਾ ਦੂਤ ਇਕ ਮਹਤਵਪੂਰਨ ਸੁਨੇਹਾ ਲੈ ਕੇ ਰਾਜ ਸਭਾ ਵਿਚ ਹਾਜਰ ਹੋਇਆ। ਰਾਜਾ ਪ੍ਰਜਾਪਤਿ ਨੇ ਗੀਤ ਆਦਿ ਬੰਦ ਕਰਵਾ ਕੇ ਸੁਨੇਹਾ ਸੁਣਨਾ ਸ਼ੁਰੂ ਕੀਤਾ । ਰੰਗ ਵਿਚ ਭੰਗ ਪਾਉਣ ਵਾਲੇ ਇਸ ਦੂਤ ਦਾ ਦੋਹਾਂ ਰਾਜਕੁਮਾਰਾਂ ਨੇ ਬਹੁਤ ਅਪਮਾਨ ਕੀਤਾ । ਜਦ ਰਾਜਾ ਪ੍ਰਜਾਪਤਿ ਨੂੰ ਆਪਣੇ ਰਾਜਕੁਮਾਰਾਂ ਦੀ ਇਸ ਕਾਰਵਾਈ ਦਾ ਪਤਾ ਲਗਾ ਤਾਂ ਉਸਨੇ ਉਸ ਦੂਤ ਤੋਂ ਮੁਆਫੀ ਮੰਗੀ ਅਤੇ ਉਸਨੂੰ ਬੇਨਤੀ ਕੀਤੀ " ਕਿਰਪਾ ਕਰਕੇ ਰਾਜਾ ਅਸ਼ਵਗ੍ਰੀਵ ਕੋਲ ਇਸ ਘਟਨਾ ਦਾ ਜਿਕਰ ਨਾ ਕਰਨਾ " ਪਰ ਰਾਜਾ ਅਸ਼ਵਗ੍ਰੀਵ ਨੂੰ ਇਸ ਅਪਮਾਨ ਦਾ ਪਤਾ ਲੱਗ ਚੁੱਕਾ ਸੀ । ਉਸ ਨੇ ਦੋਹਾਂ ਰਾਜਕੁਮਾਰਾਂ ਨੂੰ ਮਾਰਨ ਦਾ ਨਿਸ਼ਚਾ ਕੀਤਾ ।

ਰਾਜਾ ਅਸ਼ਵਗ੍ਰੀਵ ਨੂੰ ਕਿਸੇ ਜੋਤਸ਼ੀ ਨੇ ਕਿਸੇ ਸਮੇਂ ਆਖਿਆ ਸੀ ਕਿ " ਜੋ ਆਦਮੀ ਤੁਹਾਡੇ ਚੰਡਮੇਘ ਨਾਂ ਦੇ ਦੂਤ ਦਾ ਅਪਮਾਨ ਕਰੇਗਾ ਅਤੇ ਜੰਗਲ ਵਿਚ ਰਹਿੰਦੇ ਬਹਾਦਰ ਸ਼ੇਰ ਨੂੰ ਮਾਰੇਗਾ ਉਸ ਹਥੋਂ ਹੀ ਤੇਰੀ ਮੌਤ ਹੋਵੇਗੀ ।"

ਰਾਜਾ ਅਸ਼ਵਗ੍ਰੀਵ ਨੇ ਦੂਸਰੇ ਦੂਤ ਰਾਹੀਂ ਰਾਜਾ ਪ੍ਰਜਾਪਤਿ ਨੂੰ ਸੁਨੇਹਾ ਭੇਜਿਆ " ਤੁਸੀਂ ਸਾਡੇ ਚੌਲਾਂ ਦੇ ਖੇਤਾਂ ਦੀ ਰਾਖੀ ਕਰੋ ।" ਆਪਣੇ ਤੋਂ ਬੜੇ ਮਹਾਰਾਜ ਦਾ ਹੁਕਮ ਸੁਣ ਕੇ ਪ੍ਰਜਾਪਤਿ ਨੂੰ ਆਪਣੇ ਦੋਹਾਂ ਪੁੱਤਰਾਂ ਤੇ ਬਹੁਤ ਗੁੱਸਾ ਆਇਆ । ਪਰ ਆਖਿਰ ਵਿਚ ਉਸਨੇ ਆਪਣੇ ਦੋਹਾਂ ਪੁੱਤਰਾਂ ਨੂੰ ਖੇਤਾਂ ਦੀ ਰਖਿਆ ਕਰਨ ਲਈ ਭੇਜ ਦਿਤਾ । ਜਿਮੀਂਦਾਰ

ਨੇ ਰਾਜਕੁਮਾਰਾਂ ਨੂੰ ਦਸਿਆ ਕਿ ਜਦ ਤਕ ਫਸਲ ਨਹੀਂ ਪੱਕ ਜਾਂਦੀ, ਉਦੋਂ ਤੱਕ ਰਾਜਾ ਇਥੇ ਫੌਜ ਨਾਲ ਠਹਿਰ ਕੇ ਖੇਤਾਂ ਦੀ ਰਖਿਆ ਕਰਦਾ ਹੈ ਕਿਉਂਕਿ ਇਥੇ ਇਕ ਤਕੜਾ ਸ਼ੇਰ ਗੁਫਾ ਵਿਚ ਰਹਿੰਦਾ ਹੈ ।" ਰਾਜ ਕੁਮਾਰ ਤਰਿਪ੍ਰਿਸ਼ਟ ਨੇ ਕਿਹਾ "ਇੰਨਾ ਸਮਾਂ ਇਥੇ ਕੌਣ ਰਹੇਗਾ? ਮੈਨੂੰ ਉਹ ਜਗਾ ਦੱਸ ਦੇਵੋ ਜਿਥੇ ਸ਼ੇਰ ਰਹਿੰਦਾ ਹੈ ।" ਰਾਜ ਕੁਮਾਰ ਤਰਿਪ੍ਰਿਸ਼ਟ ਆਪਣੇ ਸਾਰਥੀ ਨਾਲ ਰਥ ਵਿਚ ਬੈਠ ਕੇ ਸ਼ੇਰ ਦੀ ਗੁਫਾ ਵੱਲ ਗਿਆ । ਰਾਜਕੁਮਾਰ ਨੂੰ ਵੇਖ ਕੇ ਸ਼ੇਰ ਮੁਕਾਬਲਾ ਕਰਨ ਲਈ ਗੁਫਾ ਵਿਚੋਂ ਬਾਹਰ ਆਇਆ । ਰਾਜਕੁਮਾਰ ਤਰਿਪ੍ਰਿਸ਼ਟ ਨੇ ਬੜੀ ਬਹਾਦਰੀ ਨਾਲ ਉਸ ਸ਼ੇਰ ਦਾ ਖਾਤਮਾ ਕਰ ਦਿੱਤਾ ।

ਰਾਜਕੁਮਾਰ ਦੀ ਬਹਾਦਰੀ ਦੀ ਚਰਚਾ ਸਾਰੇ ਕਿਸਾਨਾਂ ਵਿਚ ਫੈਲ ਗਈ ।

ਇਕ ਵਾਰ ਅਸ਼ਵਗ੍ਰੀਵ ਨੇ ਪ੍ਰਜਾਪਤਿ ਨੂੰ ਸੁਨੇਹਾ ਭੇਜਿਆ, "ਹੁਣ ਤੁਸੀਂ ਬੇਸ਼ਕ ਨਾ ਆਵੋ, ਆਪਣੇ ਪੁਤਰਾਂ ਨੂੰ ਮੇਰੀ ਸੇਵਾ ਵਿਚ ਹਾਜ਼ਰ ਕਰੋ ।" ਇਸ ਵਾਰ ਵੀ ਰਾਜਕੁਮਾਰਾਂ ਨੇ ਦੂਤ ਦੀ ਬੇਇਜੱਤੀ ਕੀਤੀ । ਰਾਜਾ ਅਸ਼ਵਗ੍ਰੀਵ ਨੇ ਬਹੁਤ ਗੁੱਸਾ ਮਨਾਇਆ । ਰਾਜਾ ਅਸ਼ਵਗ੍ਰੀਵ ਨੇ ਰਾਜਾ ਪ੍ਰਜਾਪਤਿ ਉਪਰ ਹਮਲਾ ਕਰ ਦਿਤਾ । ਤਰਿਪ੍ਰਿਸ਼ਟ ਆਦਿ ਰਾਜ-ਕੁਮਾਰ ਫੌਜਾਂ ਲੈ ਕੇ ਯੁੱਧ ਦੇ ਮੈਦਾਨ ਵਿਚ ਪੁਜੇ । ਘਮਸਾਨ ਯੁੱਧ ਨੂੰ ਵੇਖ ਕੇ ਤਰਿਪ੍ਰਿਸ਼ਟ ਨੇ ਆਖਿਆ "ਬੇਅਰਥ ਮਨੁੱਖਾਂ ਦਾ ਖੂਨ ਵਹਾਉਣਾ ਚੰਗਾ ਨਹੀਂ ਕਿਉ ਨਾ ਅਸੀਂ ਦੋਵੇਂ ਰਾਜੇ ਮਿਲ ਕੇ ਯੁੱਧ ਕਰ ਲਈਏ, ਜੋ ਜਿਤੇਗਾ ਉਸ ਦੀ ਹੀ ਜਿੱਤ ਮੰਨ ਲਈ ਜਾਵੇਗੀ ।"

ਇਸ ਵਾਰ ਅਸ਼ਵਗ੍ਰੀਵ ਤੇ ਤਰਿਪ੍ਰਿਸ਼ਟ ਵਿਚਕਾਰ ਲੜਾਈ ਹੋਈ । ਅਸ਼ਵਗ੍ਰੀਵ ਨੇ ਆਪਣਾ ਚਕਰ ਨਾਮ ਦਾ ਹਥਿਆਰ ਇਸਤੇਮਾਲ ਕੀਤਾ । ਪਰ ਸਭ ਹਥਿਆਰ ਬੇਕਾਰ ਗਏ । ਚੱਕਰ ਦਾ ਅਸਰ ਵੀ ਤਰਿਪ੍ਰਿਸ਼ਟ ਤੇ ਨਾ ਹੋਇਆ । ਉਸਨੇ ਚੱਕਰ ਨੂੰ ਕਾਬੂ ਕਰਕੇ, ਉਸੇ ਚੱਕਰ ਨਾਲ ਅਸ਼ਵਗ੍ਰੀਵ ਦਾ ਸਿਰ ਉਡਾ ਦਿੱਤਾ । ਉਸੇ ਸਮੇਂ ਅਕਾਸ਼-ਵਾਣੀ ਹੋਈ "ਤਰਿਪ੍ਰਿਸ਼ਟ ਨਾਂ ਦਾ ਵਾਸਦੇਵ ਪ੍ਰਗਟ ਹੋ ਗਿਆ ਹੈ ।" ਇਸ ਪ੍ਰਕਾਰ ਤਰਿਪ੍ਰਿਸ਼ਟ ਨੇ ਅਧੇ ਭਾਰਤ ਦੇ ਰਾਜਿਆਂ ਨੂੰ ਅਧੀਨ ਕੀਤਾ ।

ਉਸਨੂੰ ਸੰਗੀਤ ਸੁਨਣ ਦਾ ਬੜਾ ਸ਼ੌਕ ਸੀ । ਇਕ ਵਾਰ ਤਰਿਪ੍ਰਿਸ਼ਟ ਗੀਤ ਸੁਣ ਰਿਹਾ ਸੀ । ਸਾਰੇ ਲੋਕ ਸੰਗੀਤ ਦਾ ਸਮੂਹ ਰੂਪ ਵਿਚ ਮਜ਼ਾ ਲੈ ਰਹੇ ਸਨ । ਤਰਿਪ੍ਰਿਸ਼ਟ ਨੂੰ ਨੀਂਦ ਆਉਣ ਲੱਗੀ । ਉਸਨੇ ਆਪਣੇ ਨੌਕਰ ਨੂੰ ਕਿਹਾ "ਜਦੋਂ ਮੈਨੂੰ ਨੀਂਦ ਆ ਜਾਵੇ ਤਾਂ ਸੰਗੀਤ ਬੰਦ ਕਰਵਾ ਦੇਣਾ ।" ਪਰ ਸੰਗੀਤ ਇੰਨਾ ਮਿਠਾ ਤੇ ਦਿਲ ਖਿਚਵਾਂ ਸੀ ਕਿ ਸਾਰੇ ਲੋਕ ਗੀਤ ਸੁਣਦੇ ਰਹੇ । ਨੌਕਰ ਵੀ ਤਰਿਪ੍ਰਿਸ਼ਟ ਦੇ ਹੁਕਮ ਅਨੁਸਾਰ ਗੀਤ ਬੰਦ ਕਰਵਾਉਣਾ ਭੁੱਲ ਗਿਆ । ਆਖਰ ਸਵੇਰ ਹੋ ਗਈ । ਤਰਿਪ੍ਰਿਸ਼ਟ ਨੇ ਵੇਖਿਆ ਗੀਤ ਚੱਲ ਰਿਹਾ ਹੈ । ਉਸਨੂੰ ਬਹੁਤ ਗੁੱਸਾ ਆਇਆ । ਉਸਨੇ ਨੌਕਰ ਨੂੰ ਬੁਲਾਇਆ । ਨੌਕਰ ਨੇ ਆਪਣੀ ਕਮਜੋਰੀ ਲਈ ਖਿਮਾ ਮੰਗੀ । ਪਰ ਤਰਿਪ੍ਰਿਸ਼ਟ ਨੇ ਉਸ ਨੌਕਰ ਨੂੰ ਮੁਆਫ ਨਾ ਕੀਤਾ । ਤਰਿਪ੍ਰਿਸ਼ਟ ਨੇ ਉਸਦੇ ਕੰਨਾਂ ਵਿਚ ਗਰਮ ਸ਼ੀਸ਼ਾ ਪਿਘਲਾ ਕੇ ਭਰਵਾ ਦਿਤਾ । ਇਸੇ ਭੈੜੇ ਕਰਮ ਕਰਕੇ

ਤਰਿਪ੍ਰਿਸ਼ਟ ਦੇ ਜੀਵ ਨੂੰ ਮਰਕੇ ਨਰਕ ਭੁਗਤਨਾ ਪਿਆ, ਜਿਥੇ ਉਸਦੀ ਉਮਰ 33 ਸਾਗਰੋਪਮ ਸੀ ।

## ਵੀਹਵਾਂ, ਇਕੀਵਾਂ ਅਤੇ ਬਾਈਵਾਂ ਜਨਮ—

ਇਸ ਨਰਕ ਵਿਚੋਂ ਨਿਕਲ ਕੇ ਨਯਸਾਰ ਦਾ ਜੀਵ ਸ਼ੇਰ ਦੇ ਰੂਪ ਵਿਚ ਪੈਦਾ ਹੋਇਆ । ਮਰਕੇ ਫੇਰ ਨਰਕ ਵਿਚ ਪੈਦਾ ਹੋਇਆ । ਨਰਕ ਵਿਚੋਂ ਨਿਕਲ ਕੇ ਨਯਸਾਰ ਦਾ ਜੀਵ ਅਨੰਤ ਸਮੇਂ ਸੰਸਾਰ ਵਿਚ ਭਟਕਦਾ ਰਿਹਾ ਅਤੇ ਆਖਿਰ ਵਿਚ ਮਨੁੱਖ ਦੇ ਰੂਪ ਵਿਚ ਪੈਦਾ ਹੋਇਆ ।

## ਤੇਈਵਾਂ ਅਤੇ ਚੌਵੀਵਾਂ ਜਨਮ—

ਤੇਈਵੇਂ ਜਨਮ ਵਿੱਚ ਨਯਸਾਰ ਦਾ ਜੀਵ ਪੱਛਮ ਵਿਦੇਹ ਦੀ ਮੋਕਾ ਨਗਰੀ ਵਿਖੇ ਪ੍ਰਿਯ ਮਿਤਰ ਚਕਰਵਰਤੀ ਦੇ ਰੂਪ ਵਿਚ ਪੈਦਾ ਹੋਇਆ । ਉਸ ਨੇ ਅੰਤ ਸਮੇਂ ਪ੍ਰੋਸਟਲਾ ਅਚਾਰੀਆ ਤੋਂ ਨਿਰਗ੍ਰੰਥ ਜੈਨ ਸਾਧੂ ਦੀ ਦੀਖਿਆ ਗ੍ਰਹਿਣ ਕੀਤੀ । ਇਥੇ ਉਸਦੀ ਉਮਰ 84 ਲੱਖ ਪੂਰਵ ਹੈ । ਇਥੇ ਇਹ ਜਨਮ ਪੂਰਾ ਕਰਕੇ ਨਯਸਾਰ ਦਾ ਜੀਵ ਮਹਾਸ਼ੁਕਲ ਦੇ ਸਰਵਾਰਥ ਸਿੱਧ ਨਾਉ ਦੇ ਵਿਮਾਨ ਵਿੱਚ ਦੇਵਤਾ ਰੂਪ ਵਿਚ ਪੈਦਾ ਹੋਇਆ ।

## ਪੱਚੀਵਾਂ ਅਤੇ ਛਬੀਵਾਂ ਜਨਮ—

ਸਰਵਾਰਥ ਸਿੱਧ ਵਿਮਾਨ ਦੀ ਦੇਵਤੇ ਦੀ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਜਿੱਤਸ਼ਤਰੂ ਰਾਜੇ ਦੇ ਘਰ ਰਾਜਕੁਮਾਰ ਦੇ ਰੂਪ ਵਿਚ ਪੈਦਾ ਹੋਇਆ । ਇਥੇ ਇਸਦਾ ਨਾਂ ਨੰਦਨ ਕੁਮਾਰ ਸੀ । 84 ਲੱਖ ਸਾਲ ਰਾਜ ਕਰਨ ਤੋਂ ਬਾਅਦ ਮਹਾਰਾਜ ਨੰਦਨ ਕੁਮਾਰ ਨੇ ਪ੍ਰੋਸਟਲਾ ਅਚਾਰੀਆ ਪਾਸ ਨਿਰਗ੍ਰੰਥ ਜੈਨ ਦੀਖਿਆ ਗ੍ਰਹਿਣ ਕੀਤੀ । ਨੰਦਨ ਮੁਨੀ ਨੇ ਮਹੀਨੇ ਮਹੀਨੇ ਦੀਆਂ ਲੰਬੀਆਂ ਤੱਪਸਿਆ ਕੀਤੀਆਂ । ਤੀਰਥੰਕਰ ਗੋਤ ਦੇ 20 ਗੁਣਾਂ ਦੀ ਯੋਗ ਭਗਤੀ ਕੀਤੀ । ਇਸ ਜਨਮ ਵਿਚ ਨਯਸਾਰ ਦੇ ਜੀਵ ਨੇ ਤੀਰਥੰਕਰ ਗੋਤਰ ਦੀ ਪ੍ਰਾਪਤੀ ਕੀਤੀ ।

ਅੰਤ ਵਿਚ ਉਸਨੇ 2 ਮਹੀਨੇ ਦੀ ਤਪਸਿਆ ਕਰਕੇ ਸਮਾਧੀ ਪੂਰਵਕ ਸ਼ਰੀਰ ਤਿਆਗ ਦਿਤਾ । ਇਥੋਂ ਚੱਲ ਕੇ ਨਯਸਾਰ ਦਾ ਜੀਵ ਪ੍ਰਾਣਤ ਕਲਪ ਦੇ ਪੁਸ਼ਪੋਤਰ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ ।

## ਸਤਾਈਵਾਂ ਜਨਮ—

ਪ੍ਰਾਣਤ ਦੇਵ ਲੋਕ ਵਿੱਚ ਦੇਵ ਸੁੱਖ ਭੋਗ ਕੇ ਨਯਸਾਰ ਦਾ ਜੀਵ ਬ੍ਰਾਹਮਣ ਕੁੰਡ ਗ੍ਰਾਮ ਵਿਖੇ ਪੈਦਾ ਹੋਇਆ । ਇਸਦੀ ਮਾਤਾ ਦਾ ਨਾਂ ਦੇਵਾਨੰਦਾ ਬ੍ਰਾਹਮਣੀ ਅਤੇ ਪਿਤਾ ਰਿਸ਼ਵਦੇਵ ਬ੍ਰਾਹਮਣ ਸੀ । ਇਹ ਆਪਣੀ ਮਾਤਾ ਦੇ ਗਰਭ ਵਿਚ 82 ਦਿਨ ਰਹੇ । ਨਯਸਾਰ ਦੇ ਜੀਵ ਨੇ ਤੀਸਰੇ ਜਨਮ ਵਿਚ ਜੋ ਜਾਤ, ਕੁਲ ਦਾ ਅਭਿਮਾਨ ਕੀਤਾ ਸੀ ਉਸਦੇ ਸਿਟੇ

ਵਜੋਂ ਉਨ੍ਹਾਂ ਨੂੰ ਬ੍ਰਾਹਮਣ ਕੁਲ ਵਿਚ ਜਨਮ ਲੈਣਾ ਪਿਆ । ਜੋ ਤੀਰਥੰਕਰ ਪਰੰਪਰਾ ਦੇ ਉਲਟ ਸੀ । ਕਿਉਂਕਿ ਤੀਰਥੰਕਰ ਹਮੇਸ਼ਾਂ ਖੱਤਰੀ ਕੁੱਲ ਵਿੱਚ ਪੈਦਾ ਹੁੰਦੇ ਹਨ । ਜਦੋਂ ਨਯਸਾਰ ਦਾ ਜੀਵ ਗਰਭ ਵਿੱਚ ਆਇਆ ਤਾਂ ਉਸਦੀ ਮਾਤਾ ਨੇ ਵੀ ਤੀਰਥੰਕਰ ਦੀ ਮਾਤਾ ਵਾਲੇ 14 ਸੁਪਨੇ ਵੇਖੇ । ਜਦ ਸਵਰਗ ਦੇ ਰਾਜੇ ਇੰਦਰ ਨੇ ਆਪਣੇ ਗਿਆਨ ਨਾਲ ਵੇਖਿਆ ਤਾਂ ਉਸਨੂੰ ਇਸ ਅਚੰਭੇ ਤੇ ਹੈਰਾਨੀ ਹੋਈ । ਉਸਨੇ ਆਪਣੇ ਦੇਵਤੇ ਹਰਿਨੇਗਮੇਸ਼ੀ ਨੂੰ ਨਯਸਾਰ ਦਾ ਜੀਵ ਦਾ ਗਰਭ ਬਦਲਣ ਦਾ ਹੁਕਮ ਦਿਤਾ । ਅਜਿਹਾ ਕਰਨ ਤੋਂ ਪਹਿਲਾਂ ਹਰਿਨੇਗਮੇਸ਼ੀ ਦੇਵਤੇ ਨੇ ਭਗਵਾਨ ਮਹਾਵੀਰ ਦੇ ਜੀਵ ਨੂੰ ਪਹਿਲਾ ਨਮਸਕਾਰ ਕੀਤਾ । ਨਮਸਕਾਰ ਕਰਕੇ ਦੋਵੇਂ ਮਾਤਾਵਾਂ ਨੇ ਬਨਾਵਟੀ ਨੀਂਦ ਨਾਲ ਸੁਲਾ ਦਿਤਾ । ਫੇਰ ਬੜੇ ਆਰਾਮ ਨਾਲ, ਉਸ ਗਰਭ ਨੂੰ ਦੇਵਾਨੰਦਾ ਬ੍ਰਾਹਮਣੀ ਤੋਂ ਬਦਲ ਕੇ ਕੁੰਡਲਪੁਰ ਦੇ ਰਾਜੇ ਸਿਧਾਰਥ ਦੀ ਮਹਾਰਾਣੀ ਤ੍ਰਿਸ਼ਲਾ ਦੇ ਗਰਭ ਵਿੱਚ ਰੱਖ ਦਿੱਤਾ ।

## ਦਿਗੰਬਰ ਪਰੰਪਰਾ–

ਪ੍ਰਸਿੱਧ ਦਿਗੰਬਰ ਜੈਨ ਅਚਾਰੀਆ ਗੁਣਭੱਦਰ ਨੇ ਭਗਵਾਨ ਮਹਾਵੀਰ ਦੇ ਪਿਛਲੇ 34 ਜਨਮਾਂ ਦਾ ਵਰਨਣ ਕੀਤਾ ਹੈ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

1. ਪੁਰੁਰਵਾ ਭੀਲ
2. ਸੌਧਰਮ ਦੇਵਤਾ
3. ਮਰਿਚਿ
4. ਬ੍ਰਹਮ ਦੇਵਤਾ
5. ਜਟਿਲ ਪਰਿਵਰਾਜਕ
6. ਸੌਧਰਮ ਦੇਵ
7. ਪੁਸ਼ਯਮਿਤਰ ਪਰਿਵਰਾਜਕ
8. ਸੌਧਰਮ ਦੇਵ
9. ਅਗਨੀਵਸ ਪਰਿਵਰਾਜਕ
10. ਸਨਤ ਕੁਮਾਰ ਦੇਵ
11. ਅਗਨੀਮਿਤਰ ਪਰਿਵਰਾਜਕ
12. ਮਹੇਂਦਰ ਦੇਵ
13. ਭਾਰਦਵਾਜ ਪਰਿਵਰਾਜਕ
14. ਮਹੇਂਦਰ ਦੇਵ
15. ਪਸ਼ੂ ਪੰਛੀਆਂ ਦੇ ਅਨੇਕਾਂ ਜਨਮ-ਮਰਨ
16. ਸਥਾਵਰ ਪਰਿਵਰਾਜਕ
17. ਮਹੇਂਦਰ ਦੇਵ
18. ਵਿਸ਼ਵਨੰਦੀ ਰਾਜਕੁਮਾਰ ਬਣਕੇ ਜੈਨ ਸਾਧੂ ਬਣਨਾ
19. ਮਹਾਸ਼ੁਕਰ ਦੇਵ
20. ਤਰਿਪ੍ਰਿਸ਼ਟ ਵਾਸੂਦੇਵ
21. ਸਤਵੀਂ ਨਰਕ ਵਿਚ ਪੈਦਾ ਹੋਣਾ
22. ਸ਼ੇਰ ਦੇ ਰੂਪ ਵਿੱਚ ਪੈਦਾ ਹੋਣਾ
23. ਪਹਿਲੀ ਨਰਕ ਵਿੱਚ ਪੈਦਾ ਹੋਣਾ
24. ਸ਼ੇਰ ਦੇ ਰੂਪ ਵਿਚ ਪੈਦਾ ਹੋਣਾ ਅਤੇ ਚਾਰਣ ਮੁਨੀ ਦੀ ਪ੍ਰੇਰਨਾ ਨਾਲ ਸ਼੍ਰਾਵਕ ਦੇ ਵਰਤ ਗ੍ਰਹਿਣ ਕਰਕੇ ਹਿੰਸਾ ਦਾ ਤਿਆਗਣਾ
25. ਸੌਧਰਮ ਦੇਵ
26. ਕਨਕੋਉਜਵੱਲ ਵਿਦਿਆਧਰ ਬਣਕੇ ਜੈਨ ਸਾਧੂ ਬਣਨਾ
27. ਸਤਵੇਂ ਸਵਰਗ ਵਿਚ ਦੇਵਤਾ ਬਣਨਾ

28. ਹਰੀਸ਼ੇਨ ਬਣਕੇ ਜੈਨ ਸਾਧੂ ਵਰਤ ਦਾ ਪਾਲਨ ਕਰਨਾ
29. ਮਹਾਸ਼ੁਕਰ ਦੇਵ
30. ਪ੍ਰਿਆਵਰਤ ਚੱਕਰਵਰਤੀ ਬਣਕੇ ਸਾਧੂ ਬਣਨਾ
31. ਸਹਸਤਾਰ ਕਲਪ ਸਵਰਗ ਵਿੱਚ ਸੂਰਿਆਪ੍ਰਭ ਦੇ ਰੂਪ ਵਿਚ ਪੈਦਾ ਹੋਣਾ
32. ਨੰਦ ਬਣ ਕੇ ਜੈਨ ਸਾਧੂ ਬਣਨਾ
33. ਅਚਯੂਤ ਸਵਰਗ ਵਿਚ ਪੁਸ਼ਪੋਤਰ ਵਿਮਾਨ ਵਿਚ ਦੇਵ ਰੂਪ ਵਿਚ ਪੈਦਾ ਹੋਣਾ ।
34. ਤ੍ਰਿਸ਼ਲਾ ਰਾਣੀ ਅਤੇ ਸਿਧਾਰਥ ਰਾਜਾ ਦੇ ਘਰ ਵਰਧਮਾਨ ਰੂਪ ਵਿਚ ਪੈਦਾ ਹੋਣਾ ।

ਸ਼ਵੇਤਾਂਬਰ ਅਤੇ ਦਿਗੰਬਰ ਪਰੰਪਰਾ ਵਿਚ ਗਿਣਤੀ ਤੋਂ ਛੁੱਟ ਮਹਾਵੀਰ ਦੇ ਪਿਛਲੇ ਇਕ ਜਨਮ ਦਾ ਫਰਕ ਹੀ ਜਾਪਦਾ ਹੈ ਦੇਵਾਨੰਦਨੀ ਬ੍ਰਾਹਮਣੀ ਦੀ ਕੁੱਖ ਵਿੱਚ 84 ਦਿਨ ਰਹਿਣਾ । ਇਸ ਤੋਂ ਛੁੱਟ ਦੋਹਾਂ ਪਰੰਪਰਾ ਵਿੱਚ ਹੋਰ ਕੋਈ ਮੁੱਖ ਫਰਕ ਨਹੀਂ ।

ਪਹਿਲੇ ਜਨਮ ਵਿਚ ਦਿਗੰਬਰ ਪ੍ਰੰਪਰਾ ਅਨੁਸਾਰ ਮਹਾਵੀਰ ਦਾ ਜੀਵ ਪੁਰਰਵਾਂ ਭੀਲ ਸੀ । ਜੋ ਭੀਲਾਂ ਦਾ ਰਾਜਾ ਸੀ । ਮਾਸ ਹੀ ਉਸ ਦਾ ਭੋਜਨ ਸੀ । ਇਕ ਵਾਰ ਮੁਨੀ ਦੀ ਪ੍ਰੇਰਣਾ ਨਾਲ ਉਸਨੇ ਸਿਰਫ ਕੋਂ ਦੇ ਮਾਸ ਦਾ ਤਿਆਗ ਕਰ ਦਿੱਤਾ । ਇਕ ਵਾਰ ਬੀਮਾਰ ਹੋ ਜਾਣ ਤੇ ਵੈਦ ਨੇ ਉਸ ਨੂੰ ਕੋਂ ਦਾ ਮਾਸ ਖਾਣ ਦੀ ਹਿਦਾਇਤ ਕੀਤੀ, ਪਰ ਪੁਰਰਵਾ ਭੀਲ ਆਪਣੇ ਨਿਯਮ ਤੇ ਪੱਕਾ ਰਿਹਾ । ਉਸ ਨੇ ਆਪਣੀ ਪ੍ਰਤੀਗਿਆ ਨਿਭਾਉਂਦੇ ਹੋਏ, ਮਰਨਾ ਕਬੂਲ ਕਰ ਲਿਆ, ਪਰ ਆਪਣਾ ਧਰਮ ਨਹੀਂ ਛਡਿਆ ।

## ਭਾਗ ਦੂਜਾ

# ਭਗਵਾਨ ਮਹਾਵੀਰ ਤੋਂ ਪਹਿਲਾਂ ਭਾਰਤੀ ਸਮਾਜ

ਭਾਰਤੀ ਇਤਿਹਾਸ, ਧਰਮ ਅਤੇ ਸਮਾਜ ਵਿੱਚ ਅੱਜ ਤੋਂ 2500 ਸਾਲ ਪਹਿਲਾਂ ਦਾ ਸਮਾਜ ਕਾਫੀ ਹਨੇਰ ਪੂਰਨ ਰਿਹਾ ਹੈ । ਇਤਿਹਾਸਕ ਪੱਖ ਤੋਂ ਇਸ ਸਮੇਂ ਭਾਰਤ ਦੇ ਕਈ ਮਹਾਨ ਪੁਰਸ਼ਾਂ ਦਾ ਜਨਮ ਹੋਇਆ । ਜਿਨ੍ਹਾਂ ਵਿਚ ਭਗਵਾਨ ਮਹਾਵੀਰ, ਮਹਾਤਮਾ ਬੁੱਧ ਆਦਿ ਦੇ ਨਾਉ ਪ੍ਰਸਿੱਧ ਹਨ । ਜਿਨ੍ਹਾਂ ਉਸ ਸਮੇਂ ਦੀ ਧਾਰਮਿਕ ਅਤੇ ਦਾਰਸ਼ਨਿਕ ਵਿਚਾਰਧਾਰਾ ਵਿਚ ਮਹੱਤਵਪੂਰਨ ਹਿਸਾ ਪਾਇਆ ।

ਉਸ ਸਮੇਂ ਪੁਰਾਤਨ ਭਾਰਤੀ ਧਰਮ ਵੇਦਾਂ ਤੇ ਅਧਾਰਿਤ ਯੱਗਾਂ ਉਪਰ ਸੀ । ਇਨ੍ਹਾਂ ਯੱਗਾਂ ਵਿਚ ਲੱਖਾਂ ਪਸ਼ੂਆਂ ਦੀਆਂ ਬਲੀਆਂ ਦਿਤੀਆਂ ਜਾਂਦੀਆਂ ਸਨ । ਭਾਰਤੀ ਸਮਾਜ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ । ਇਹ ਵਰਣ ਸਨ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ । ਬ੍ਰਾਹਮਣ ਉਸ ਸਮੇਂ ਦੇ ਸਮਾਜ ਵਿੱਚ ਪ੍ਰਮੁਖ ਸਥਾਨ ਰਖਦਾ ਸੀ । ਵੇਦ ਪੜ੍ਹਨ, ਦਾਨ ਲੈਣ, ਸਾਰੇ ਧਾਰਮਿਕ ਸੰਸਕਾਰ ਕਰਨ ਦਾ ਅਧਿਕਾਰ ਵੀ ਇਸ ਬ੍ਰਾਹਮਣ ਵਰਗ ਕੋਲ ਸੀ । ਖੱਤਰੀ ਦਾ ਕੰਮ ਦੇਸ਼ ਦੀ ਰਾਖੀ ਕਰਨਾ, ਵੈਸ਼ ਦਾ ਕੰਮ ਖੇਤੀ, ਵਿਉਪਾਰ ਅਤੇ ਪਸ਼ੂ ਪਾਲਨ ਕਰਨਾ ਅਤੇ ਸ਼ੂਦਰ ਦਾ ਕੰਮ ਉਪਰਲੇ ਤਿੰਨ ਵਰਗਾਂ ਦੀ ਸੇਵਾ ਕਰਨਾ ਹੁੰਦਾ ਸੀ। ਸ਼ੂਦਰ ਨੂੰ ਹਰ ਪਖੋਂ ਨੀਵਾਂ ਮੰਨਿਆ ਜਾਂਦਾ ਸੀ । ਉਸਨੂੰ ਕਿਸੇ ਵੀ ਧਾਰਮਿਕ ਕੰਮ ਕਰਨ ਦਾ ਅਧਿਕਾਰ ਹੁੰਦਾ ਸੀ । ਜੇ ਸ਼ੂਦਰ ਵੇਦ ਪੜ੍ਹਦਾ ਫੜਿਆ ਜਾਂਦਾ ਸੀ ਤਾਂ ਉਸਦੀ ਜੀਭ ਕੱਟਣ ਦੀ ਸਜ਼ਾ ਸੀ ਜੇ ਸ਼ੂਦਰ ਵੇਦ ਸੁਣਦਾ ਫੜਿਆ ਜਾਂਦਾ ਤਾਂ ਉਸ ਦੇ ਕੰਨਾਂ ਵਿੱਚ ਸ਼ੀਸ਼ਾ ਪਿਘਲਾ ਕੇ ਪਾ ਦਿਤਾ ਜਾਂਦਾ । ਸ਼ੂਦਰ ਨੂੰ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਤੇ ਸਮਾਜਿਕ ਅਧਿਕਾਰ ਨਹੀਂ ਸੀ ।

ਇਸਤਰੀ ਸਮਾਜ ਦੀ ਹਾਲਤ ਵੀ ਉਸ ਸਮੇਂ ਕਾਫੀ ਖਰਾਬ ਸੀ-। ਸ਼ੂਦਰਾਂ ਦੀ ਤਰ੍ਹਾਂ ਇਸਤਰੀਆਂ ਨੂੰ ਵੀ ਵੇਦ ਪੜ੍ਹਨ ਦਾ ਕੋਈ ਹੱਕ ਨਹੀਂ ਸੀ । ਇਸਤਰੀਆਂ ਨੂੰ ਭੋਗ ਵਿਲਾਸ ਦੀ ਸੱਮਗਰੀ ਸਮਝਿਆ ਜਾਂਦਾ ਸੀ । ਬੜੇ ਬੜੇ ਸ਼ਹਿਰਾਂ ਵਿੱਚ ਸ਼ੂਦਰਾਂ, ਦਾਸਾਂ ਅਤੇ ਇਸਤਰੀਆਂ ਦੀਆਂ ਮੰਡੀਆਂ ਲਗਦੀਆਂ ਸਨ । ਪਸ਼ੂਆਂ ਅਤੇ ਇਸਤਰੀਆਂ ਵਿੱਚ ਕੋਈ ਅੰਤਰ ਨਹੀਂ ਸੀ ਮੰਨਿਆ ਜਾਂਦਾ । ਇਸਤਰੀ, ਪਸ਼ੂ ਤੋਂ ਸ਼ੂਦਰਾਂ ਨੂੰ ਕੋਈ ਆਜ਼ਾਦੀ ਨਹੀਂ ਸੀ।

ਉਸ ਸਮੇਂ ਦਾ ਧਰਮ, ਕਰਮ ਕਾਂਡਾਂ ਤੇ ਆਧਾਰਿਤ ਸੀ । ਧਰਮ ਦਾ ਮੂਲ ਉਦੇਸ਼ ਗੁੰਮ ਹੋ ਚੁੱਕਾ ਸੀ । ਭਗਵਾਨ ਪਾਰਸ਼ਨਾਥ ਦਾ ਪ੍ਰਾਚੀਨ ਜੈਨ ਧਰਮ ਬਿਖਰ ਚੁੱਕਾ ਸੀ । ਇਸ ਪਰੰਪਰਾ ਦੇ ਸਾਧੂ ਤੇ ਸਾਧਵੀਆਂ ਆਪਣੇ ਧਰਮ ਤੇ ਦਰਸ਼ਨ ਨੂੰ ਭੁਲ ਚੁਕੇ ਸਨ ।

ਰਾਜਨੀਤਿਕ ਖੇਤਰ ਵਿਚ ਵੀ ਬ੍ਰਾਹਮਣ ਵਰਗ ਦਾ ਖੱਤਰੀਆਂ ਤੇ ਕਾਫ਼ੀ ਪ੍ਰਭਾਵ ਸੀ । ਉਸ ਸਮੇਂ ਭਾਰਤ ਵਿਚ ਦੋ ਤਰ੍ਹਾਂ ਦੀਆਂ ਰਾਜ ਪ੍ਰਣਾਲੀਆਂ ਸਨ । ਰਾਜ ਤੰਤਰ ਅਤੇ ਗਣਤੰਤਰ ।

ਅੰਗ, ਮਘਧ, ਵਤਸ਼, ਦਸਾਰਣ, ਅਵੰਤੀ, ਸਿੰਧੂ ਆਦਿ ਅਨੇਕ ਦੇਸ਼ਾਂ ਵਿਚ ਰਾਜਤੰਤਰ ਪ੍ਰਣਾਲੀ ਲਾਗੂ ਸੀ । ਕਾਂਸੀ, ਕੌਸ਼ਲ, ਵਿਦੇਹ ਆਦਿ ਅਨੇਕਾਂ ਦੇਸ਼ਾਂ ਵਿੱਚ ਗਣਤੰਤਰ ਪ੍ਰਣਾਲੀ ਸੀ । ਇਨ੍ਹਾਂ ਦੇਸ਼ਾਂ ਦੇ ਰਾਜੇ ਨਾਮ ਮਾਤਰ ਦੇ ਹੀ ਰਾਜਾ ਨਹੀਂ ਸਨ । ਅਸਲ ਵਿੱਚ ਇਥੋਂ ਦਾ ਰਾਜ ਪ੍ਰਬੰਧ ਹਰ ਜਾਤੀ ਦੇ ਮੁਖੀ ਦੇ ਹੱਥ ਵਿੱਚ ਹੁੰਦਾ ਸੀ । ਇਸ ਮੁਖੀ ਨੂੰ ਗਣਰਾਜ ਜਾਂ ਰਾਜਾ ਆਖਦੇ ਸਨ । ਦੇਸ਼ ਦੇ ਹਰ ਕੰਮਾਂ ਵਿਚ ਗਣਰਾਜਿਆਂ ਦੀ ਮਦਦ ਲਈ ਜਾਂਦੀ ਸੀ । ਲੜਾਈ ਦੇ ਸਮੇਂ ਇਹ ਰਾਜੇ ਇਕਠੇ ਹੁੰਦੇ ਸਨ ਅਤੇ ਆਪਣੇ ਬੜੇ ਮੁਖੀਆਂ ਦੀ ਇਜਾਜਤ ਬਿਨਾਂ, ਕੋਈ ਵੀ ਕਦਮ ਨਹੀਂ ਸੀ ਪੁੱਟਦੇ ।

ਉਸ ਸਮੇਂ ਵਿਦੇਹ ਦੇਸ਼ ਦੀ ਰਾਜਧਾਨੀ ਵੈਸ਼ਾਲੀ ਸੀ । ਇਸ ਵਿਦੇਹ ਗਣਤੰਤਰ ਦੇ ਚੁਣੇ ਮੁਖੀਆਂ ਦਾ ਨਾਮ ਚੇਟਕ ਸੀ । ਜੋ ਭਗਵਾਨ ਪਾਰਸ਼ਵ ਨਾਥ ਅਤੇ ਜੈਨ ਧਰਮ ਦਾ ਕੱਟੜ ਉਪਾਸਕ ਸੀ । ਇਸ ਵੈਸ਼ਾਲੀ ਦੇ ਕਈ ਉਪਨਗਰ ਸਨ ।

ਇਸ ਚੇਟਕ ਰਾਜੇ ਦੇ 7 ਪੁੱਤਰੀਆਂ ਸਨ । (1) ਮਿਰਗਾਵਤੀ (2) ਪਦਮਾਵਤੀ (3) ਸੁਜ਼ੇ ਸਠਾ (4) ਚੇਲਣਾ (5) ਸ਼ਿਵਾ (6) ਪ੍ਰਭਾਵਤੀ (7) ਜੇਸ਼ਠਾ । ਵੈਸ਼ਾਲੀ ਗਣਤੰਤਰ ਵਿਚ ਲਿਛਵੀਆਂ ਜਾਤੀ ਦਾ ਰਾਜ ਸੀ । ਜਿਨ੍ਹਾਂ ਦੀਆਂ ਕਈ ਉਪ-ਸ਼ਾਖਾਵਾਂ ਸਨ ।

ਮਹਾਰਾਜਾ ਚੇਟਕ ਨੇ ਆਪਣੀਆਂ ਪੁੱਤਰੀਆਂ ਦੇ ਵਿਆਹ ਕਈ ਬਹਾਦਰ ਤੇ ਇਤਿਹਾਸਕ ਰਾਜਿਆਂ ਨਾਲ ਕੀਤੇ ਸਨ । ਉਨ੍ਹਾਂ ਦੀ ਸਭ ਤੋਂ ਛੋਟੀ ਭੈਣ ਤ੍ਰਿਸ਼ਲਾ ਦਾ ਵਿਆਹ ਖਤਰੀ ਕੁੰਡ ਗ੍ਰਾਮ ਦੇ ਰਾਜੇ ਸਿਧਾਰਥ ਨਾਲਹੋਇਆ ਸੀ । ਜੋ ਲਿਛਵੀਆਂ ਦੀ ਗਿਆਤ ਨਾਉ ਦੀ ਜਾਤੀ ਦਾ ਮੁਖੀਆ ਸੀ । ਇਸ ਪ੍ਰਕਾਰ ਭਗਵਾਨ ਮਹਾਵੀਰ ਦਾ ਮਾਮਾ ਸ਼ਕਤੀਸ਼ਾਲੀ ਵੈਸ਼ਾਲੀ ਗਣਰਾਜ ਦਾ ਮੁਖੀਆ ਸੀ ।[1] ਮਹਾਰਾਜ ਸਿਧਾਰਥ ਦੇ ਬੜੇ ਪੁੱਤਰ ਦਾ ਨਾਉ ਨੰਦੀਵਰਧਨ ਸੀ ਅਤੇ ਪੁਤਰੀ ਦਾ ਨਾਉ ਸੁਦਰਸ਼ਨਾ ਸੀ । ਖਤਰੀ ਕੁੰਡ ਗਰਾਮ ਵਿਚ ਇਹ ਰਾਜ ਪਰਿਵਾਰ ਇੱਕ ਆਦਰਸ਼ ਪਰਿਵਾਰ ਸੀ । ਰਾਜਾ ਸਿਧਾਰਥ ਵੀ ਭਗਵਾਨ ਰਿਸ਼ਵਦੇਵ ਤੋ ਭਗਵਾਨ ਪਾਰਸ਼ਵ ਨਾਥ ਤੱਕ ਦੀ ਸਾਰੇ ਤੀਰਥੰਕਰਾਂ ਦੀ ਸ਼੍ਰਮਣ ਪ੍ਰੰਪਰਾ ਦਾ

---

1. ਦਿਗੰਬਰ ਜੈਨ ਪ੍ਰੰਪਰਾ ਵਿਚ ਮਹਾਰਾਜਾ ਚੇਟਕ ਨੂੰ ਭਗਵਾਨ ਮਹਾਵੀਰ ਦਾ ਨਾਨਾ ਮੰਨਿਆ ਗਿਆ ਹੈ ਅਤੇ ਮਹਾਰਾਣੀ ਤ੍ਰਿਸ਼ਲਾ ਨੂੰ ਮਹਾਰਾਜ ਚੇਟਕ ਦੀ ਪੁੱਤਰੀ ਕਿਹਾ ਗਿਆ ਹੈ। ਸ਼ਵੇਤਾਂਬਰ ਪ੍ਰੰਪਰਾ ਭਗਵਾਨ ਮਹਾਵੀਰ ਦਾ ਜਨਮ ਸਥਾਨ ਲਛਵਾੜ ਮੰਨਦੀ ਹੈ। ਪੰ. ਹੀਰਾ ਲਾਲ ਦੁਗੜ ਅਨੁਸਾਰ 1200 ਸਾਲ ਤੋਂ ਜੈਨ ਮੁਨੀ ਇਸ ਤੀਰਥ ਦੀ ਯਾਤਰਾ ਕਰਦੇ ਰਹੇ ਹਨ । ਵੈਸ਼ਾਲੀ ਵਿਚ ਭਗਵਾਨ ਮਹਾਵੀਰ ਸਬੰਧੀ ਕੋਈ ਸਾਮਗਰੀ ਨਹੀਂ ਮਿਲਦੀ। ਪੁਰਾਤੱਤਵ ਅਤੇ ਆਸ ਪਾਸ ਦੀਆਂ ਮਾਨਤਾਵਾਂ ਇਹੋ ਸਿੱਧ ਕਰਦੀਆਂ ਹਨ

ਉਪਾਸਕ ਸੀ । ਮਹਾਰਾਣੀ ਤ੍ਰਿਸ਼ਲਾ ਵੀ ਆਪਣੇ ਭਰਾ ਅਤੇ ਪਤੀ ਤੋਂ ਪਿਛੇ ਨਹੀ ਸੀ । ਉਹ ਹਰ ਰੋਜ ਤੀਰਥੰਕਰਾਂ ਦਾ ਗੁਣਗਾਨ ਕਰਦੀ ਅਤੇ ਸ੍ਰੀ ਸੰਘ ਦੀ ਸੇਵਾ ਵਿੱਚ ਸਮਾਂ ਗੁਜਾਰਦੀ ਸੀ ।

ਮਹਾਰਾਣੀ ਤ੍ਰਿਸ਼ਲਾ ਦੇ ਸ਼ਾਸ਼ਤਰਾਂ ਵਿਚ ਦੋ ਨਾਉ ਹੋਰ ਮਿਲਦੇ ਹਨ ।

(1) ਵਿਦੇਹਦਿਨਾ (2) ਪ੍ਰਿਆਕਾਰਣੀ

ਇਸੇ ਪ੍ਰਕਾਰ ਮਹਾਰਾਜਾ ਸਿਧਾਰਥ ਦੇ ਸ਼ਰੇਆਮ ਤੇ ਯਸ਼ਸਵੀ ਦੋ ਹੋਰ ਨਾਉ ਮਿਲਦੇ ਹਨ ।

## ਭਗਵਾਨ ਮਹਾਵੀਰ ਦਾ ਜਨਮ–

ਆਧੁਨਿਕ ਇਤਿਹਾਸਕਾਰ ਭਗਵਾਨ ਮਹਾਵੀਰ ਦਾ ਜਨਮ ਸਥਾਨ ਖੱਤਰੀ ਕੁੰਡ ਗ੍ਰਾਮ ਮੰਨਦੇ ਹਨ । ਜੋ ਕਿ ਬਿਹਾਰ ਪ੍ਰਾਂਤ ਮੁੱਜਫਰ ਪੁਰ ਜ਼ਿਲੇ ਵਿਚ ਵੈਸ਼ਾਲੀ ਕਸਬੇ ਤੋਂ ਦੋ ਕਿਲੋਮੀਟਰ ਦੂਰ ਹੈ। ਆਪ ਦੇ ਜਨਮ ਤੋਂ ਪਹਿਲਾਂ ਆਪ ਜੀ ਦੀ ਮਾਤਾ ਨੇ 14 ਸ਼ੁਭ ਸੁਪਨੇ ਵੇਖੇ ਜੋ ਕਿ ਤੀਰਥੰਕਰ ਅਤੇ ਚਕਰਵਰਤੀ ਦੀ ਮਾਂ ਹੀ ਵੇਖਦੀ ਹੈ । ਇਹ ਸ਼ੁਭ ਸੁਪਨੇ ਇਸ ਪ੍ਰਕਾਰ ਹਨ ।

(1) ਹਾਥੀ (2) ਬਲਦ (3) ਸ਼ੇਰ (4) ਲੱਛਮੀ (5) ਫੁਲਾਂ ਦਾ ਹਾਰ (6) ਚੰਦ (7) ਸੂਰਜ (8) ਧਵਜਾ ਝੰਡਾ (9) ਕਲਸ਼ (ਘੜਾ) (10) ਪਦਮ ਸਰੋਵਰ (11) ਖੀਰ ਸਮੁੰਦਰ (12) ਦੇਵਤੇ ਦਾ ਵਿਮਾਨ (13) ਰਤਨਾਂ ਦੇ ਢੇਰ (14) ਬਿਨਾਂ ਧੂਏ ਤੋਂ ਅੱਗ

ਇਹ ਸੁਪਨੇ ਵੇਖਣ ਤੋਂ ਫੌਰਨ ਬਾਅਦ, ਮਹਾਰਾਨੀ ਤ੍ਰਿਸ਼ਲਾ ਦੀ ਅੱਖ ਖੁੱਲ ਗਈ। ਉਸਨੇ ਆਪਣੇ ਵੇਖੇ ਸ਼ੁਭ ਸੁਪਨਿਆਂ ਦਾ ਜਿਕਰ ਮਹਾਰਾਜਾ ਸਿਧਾਰਥ ਪਾਸ ਕੀਤਾ ।

ਅਗਲੇ ਦਿਨ ਰਾਜ ਦਰਬਾਰ ਵਿਚ ਮਹਾਰਾਜਾ ਸਿਧਾਰਥ ਪਧਾਰੇ । ਉਨ੍ਹਾਂ ਸੁਪਨੇ ਦੱਸਣ ਵਾਲਿਆਂ ਵਿਦਵਾਨਾਂ ਤੋਂ ਇਸ ਦਾ ਅਰਥ ਪੁਛਿਆ । ਜਦ ਦਰਬਾਰ ਵਿਚਕਾਰ ਪਰਦੇ ਪਿਛੇ ਬੈਠੀ ਮਹਾਰਾਣੀ ਤ੍ਰਿਸ਼ਲਾ ਨੇ ਆਪਣੇ ਵੇਖੇ ਸ਼ੁਭ ਸੁਪਨਿਆਂ ਦਾ ਫਲ ਸੁਣਿਆ ਤਾਂ ਉਹ ਬਹੁਤ ਖੁਸ਼ ਹੋਈ ।

## ਮਾਤਾ ਪਿਤਾ ਦਾ ਸਤਿਕਾਰ–

ਜੈਨ ਪਰੰਪਰਾ ਅਨੁਸਾਰ ਤੀਰਥੰਕਰ ਦਾ ਜੀਵ ਮਾਤਾ ਦੇ ਗਰਭ ਵਿਚ ਹੀ ਤਿੰਨ ਗਿਆਨਾਂ ਦਾ ਧਾਰਕ ਹੁੰਦਾ ਹੈ ਸਿਟੇ ਵਜੋਂ ਨਯਸਾਰ ਦਾ ਜੀਵ ਵੀ ਆਪਣੀ ਮਾਤਾ ਦੇ ਗਰਭ ਵਿਚ ਭਗਵਾਨ ਮਹਾਵੀਰ ਦੇ ਰੂਪ ਵਿਚ ਪਲ ਰਿਹਾ ਸੀ । ਇਸ ਪਵਿੱਤਰ ਆਤਮਾ ਨੇ ਆਪਣੇ ਅਵਧੀ ਗਿਆਨ ਦੇ ਸਹਾਰੇ ਸੋਚਿਆ " ਮੇਰੇ ਹਿੱਲਣ ਜੁੱਲਣ ਨਾਲ ਮੇਰੀ ਮਾਂ ਨੂੰ ਕਸ਼ਟ ਹੁੰਦਾ ਹੈ ਕਿਉ ਨਾ ਮੈਂ ਆਪਣਾ ਹਿਲਣਾ ਜੁਲਣਾ ਬੰਦ ਕਰ ਦੇਵਾਂ ।" ਅਜਿਹਾ ਸੋਚ ਕੇ ਨਯਸਾਰ ਦੇ ਜੀਵ ਨੇ ਗਰਭ ਵਿਚ ਹਰਕਤ ਬੰਦ ਕਰ ਦਿੱਤੀ । ਇਸ ਘਟਨਾ ਦਾ

ਮਹਾਰਾਣੀ ਤ੍ਰਿਸ਼ਲਾ ਨੂੰ ਬਹੁਤ ਦੁੱਖ ਹੋਇਆ । ਉਹ ਵੀ ਮਾਂ ਸੀ, ਮਾਂ ਨੂੰ ਆਪਣੀ ਔਲਾਦ ਦੀ ਚਿੰਤਾ ਸੁਭਾਵਿਕ ਹੀ ਹੁੰਦੀ ਹੈ । ਉਹ ਸੋਚਣ ਲੱਗੀ " ਮੇਰਾ ਗਰਭ ਨਸ਼ਟ ਹੋ ਗਿਆ ਹੈ। ਇਸ ਲਈ ਹਿਲ-ਜੁਲ ਨਹੀਂ ਰਿਹਾ, ਬੜੇ ਸ਼ੁਭ ਕਰਮਾਂ ਸਦਕਾ ਮੈਂ ਚਕਰਵਰਤੀ ਦੀ ਮਾਂ ਬਣਨ ਵਾਲੀ ਸੀ । ਕਿਸੇ ਬੁਰੇ ਕਰਮਾਂ ਦਾ ਫਲ ਮੈਨੂੰ ਮਿਲ ਰਿਹਾ ਹੈ ਮੇਰਾ ਜਿਉਣਾ ਬੇਕਾਰ ਹੈ ।" ਇਸ ਤਰ੍ਹਾਂ ਸੋਚਦੀ ਸੋਚਦੀ ਮਹਾਰਾਣੀ ਤ੍ਰਿਸ਼ਲਾ ਬੇਹੋਸ਼ ਹੋ ਗਈ । ਮਹਾਰਾਜਾ ਸਿਧਾਰਥ ਸਾਰੇ ਦਰਬਾਰੀਆਂ ਸਮੇਤ ਮਹਾਰਾਣੀ ਤ੍ਰਿਸ਼ਲਾ ਦੇ ਮਹਿਲ ਪਹੁੰਚੇ । ਇਧਰ ਭਗਵਾਨ ਮਹਾਵੀਰ ਨੇ ਸੋਚਿਆ ਕਿ ਜੇ ਇਸ ਮਾਤਾ ਨੂੰ ਮੇਰੇ ਨਾਲ ਗਰਭ ਵਿਚ ਹੀ ਇੰਨਾ ਪਿਆਰ ਹੈ ਤਾਂ ਮੈਂ ਪ੍ਰਤੀਗਿਆ ਕਰਦਾ ਹਾਂ ਕਿ ਜਦੋਂ ਤੱਕ ਮੇਰੇ ਮਾਤਾ ਪਿਤਾ ਜਿਉਂਦੇ ਰਹਿਣਗੇ, ਮੈਂ ਸਾਧੂ ਜੀਵਨ ਅੰਗੀਕਾਰ ਨਹੀਂ ਕਰਾਂਗਾ ।" ਇਹ ਗੱਲ ਸੋਚ ਕੇ ਭਗਵਾਨ ਮਹਾਵੀਰ ਦੇ ਜੀਵ ਨੇ ਆਪਣੀ ਹਰਕਤ ਫਿਰ ਚਾਲੂ ਕਰ ਦਿੱਤੀ । ਮਹਾਰਾਣੀ ਤ੍ਰਿਸ਼ਲਾ ਨੂੰ ਵੀ ਹੋਸ਼ ਆ ਗਈ । ਉਸਨੇ ਮਹਿਸੂਸ ਕੀਤਾ ਕਿ " ਮੇਰਾ ਗਰਭ ਦਾ ਜੀਵ ਠੀਕ ਹੈ ।"

## ਜਨਮ–

ਜੈਨ ਸ਼ਾਸ਼ਤਰਾਂ ਦੀ ਮਾਨਤਾ ਹੈ ਕਿ ਮਨੁੱਖਾਂ ਦੀ ਤਰ੍ਹਾਂ ਦੇਵਤੇ ਤੇ ਇੰਦਰ ਵੀ ਤੀਰਥੰਕਰਾਂ ਦੀ ਉਪਾਸਨਾ ਕਰਦੇ ਹਨ । ਉਹ ਸਾਰੇ ਤੀਰਥੰਕਰਾਂ ਦੇ ਪੰਜ ਕਲਿਆਣਕਾਂ ਸਮੇਂ ਜਰੂਰ ਇਕੱਠੇ ਹੋ ਕੇ ਜਸ਼ਨ ਮਨਾਉਂਦੇ ਹਨ । ਤੀਰਥੰਕਰ ਦੀ ਧਰਮ ਸਭਾ ਸਮੋਸਰਨ ਵਿੱਚ ਸੇਵਾ ਕਰਦੇ ਹਨ ।

ਤੀਰਥੰਕਰ ਅਤੇ ਸੰਘ ਦੀ ਭਗਤੀ ਕਰਨ ਵਾਲੇ ਦੀ ਹਰ ਪ੍ਰਕਾਰ ਨਾਲ ਮਦਦ ਕਰਦੇ ਹਨ । ਸ੍ਰੀ ਭਗਵਤੀ ਸੂਤਰ ਅਨੁਸਾਰ ਦੇਵਤੇ ਸਵਰਗ ਵਿੱਚ ਹਰ ਸਮੇਂ ਆਨੰਦ ਦਾ ਜੀਵਨ ਗੁਜਾਰਦੇ ਹਨ । ਉਨ੍ਹਾਂ ਦੇ ਮਹਿਲ, ਵਿਮਾਨ, ਅਤੇ ਹਾਥੀ ਵੀ ਹੁੰਦੇ ਹਨ । ਉਹ ਜਰੂਰਤ ਅਨੁਸਾਰ ਨਵਾਂ ਰੂਪ ਬਦਲ ਕੇ ਮਨੁੱਖ ਨੂੰ ਦੁੱਖ ਜਾਂ ਸੁੱਖ ਪਹੁੰਚਾਉਂਦੇ ਹਨ । ਇਨ੍ਹਾਂ ਸਭ ਦਾ ਕਾਰਣ ਵੀ ਕਰਮ ਫਲ ਹੈ, ਜੇ ਕੋਈ ਦੇਵਤਾ ਪਿਛਲੇ ਜਨਮ ਦਾ ਮਿੱਤਰ ਹੈ ਤਾਂ ਸੁੱਖ ਪਹੁੰਚਾਉਂਦਾ ਹੈ ਜੇ ਦੁਸ਼ਮਣ ਹੈ ਤਾਂ ਵੈਰੀ ਵੀ ਬਣ ਜਾਂਦਾ ਹੈ । ਪਰ ਦੇਵਤਿਆਂ ਦੀ ਤੀਰਥੰਕਰਾਂ ਬਾਰੇ ਇੱਕ ਪਰੰਪਰਾ ਹੈ । ਉਹ ਤੀਰਥੰਕਰ ਦੀ ਸਾਰੀ ਜਿੰਦਗੀ ਸੇਵਾ, ਭਗਤੀ ਅਤੇ ਪੂਜਾ ਕਰਦੇ ਹਨ । ਦੇਵਤੇ ਭਾਵੇਂ ਭੌਤਿਕ ਸ਼ਕਤੀ ਪਖੋਂ ਮਨੁੱਖ ਨਾਲ ਬਲਵਾਨ ਅਤੇ ਲੰਬੀ ਉਮਰ ਵਾਲੇ ਹੁੰਦੇ ਹਨ । ਪਰ ਆਤਮਾ ਦਾ ਕਲਿਆਣ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਲਈ ਕਰਮਾਂ ਦੇ ਫਲ ਅਨੁਸਾਰ ਉਨ੍ਹਾਂ ਨੂੰ ਭਿੰਨ ਭਿੰਨ ਜੂਨਾਂ ਵਿੱਚ ਜਨਮ ਲੈਣਾ ਪੈਂਦਾ ਹੈ ।

ਕੱਲਪ ਸੂਤਰ ਅਨੁਸਾਰ ਦੇਵਤੇ ਜੋ ਤੀਰਥੰਕਰਾਂ ਦੇ ਪੰਜ ਕਲਿਆਣਕ ਦਾ (ਸ਼ੁਭ ਅਵਸਰਾਂ) ਸਮੇਂ ਸਮਾਰੋਹ (ਜਸ਼ਨ) ਮਨਾਉਂਦੇ ਹਨ ਇਹ ਕਲਿਆਣਕਾਂ ਦੇ ਨਾਂ ਇਸ ਪ੍ਰਕਾਰ ਹਨ ।

(1) ਚਯਵਨ ਕਲਿਆਨਕ (ਦੇਵਲੋਕ ਤੋਂ ਮਾਤਾ ਦੇ ਗਰਭ ਵਿਚ ਆਉਣ ਵਾਲਾ ਸਮਾਂ)

(2) ਜਨਮ ਕਲਿਆਨਕ (ਤੀਰਥੰਕਰ ਦਾ ਜਨਮ ਸਮਾਂ)

(3) ਦੀਖਿਆ ਕਲਿਆਨਕ (ਘਰ-ਬਾਰ ਛੱਡ ਕੇ ਸਾਧੂ ਬਣਨ ਦਾ ਸਮਾਂ)

(4) ਕੇਵਲ ਗਿਆਨ ਕਲਿਆਨਕ (ਬ੍ਰਹਮ ਗਿਆਨ ਪ੍ਰਾਪਤੀ ਦਾ ਸਮਾਂ)

(5) ਨਿਰਵਾਨ ਕਲਿਆਨਕ (ਮੁਕਤੀ ਪ੍ਰਾਪਤ ਕਰਨ ਦਾ ਸਮਾਂ)

ਆਪਣੀ ਇਸ ਪ੍ਰੰਪਰਾ ਨੂੰ ਦੇਵਤੇ ਬੜੀ ਸ਼ਰਧਾ ਭਗਤੀ ਨਾਲ ਨਿਭਾਉਂਦੇ ਹਨ। ਇਹ ਵਿਰਤਾਂਤ 24 ਤੀਰਥੰਕਰਾਂ ਦੇ 5 ਕਲਿਆਨਕ ਸਮੇਂ ਹੁੰਦਾ ਹੈ। ਜਿਨ੍ਹਾਂ ਦਾ ਵਰਣਨ ਉਪਰ ਕੀਤਾ ਜਾ ਚੁੱਕਾ ਹੈ।

ਮਹਾਰਾਣੀ ਤ੍ਰਿਸ਼ਲਾ ਦੇ ਗਰਭ ਵਿੱਚ ਭਗਵਾਨ ਮਹਾਵੀਰ ਦਾ ਜੀਵ ਆਪਣੀ ਗਰਭ ਅਵੱਸਥਾ ਪੂਰੀ ਕਰਨ ਲੱਗਾ। ਉਸ ਸਮੇਂ ਮਹਾਰਾਜਾ ਸਿਧਾਰਥ ਦੇ ਰਾਜ 'ਚ ਦੇਵਤਿਆਂ ਨੇ ਹਰ ਪ੍ਰਕਾਰ ਦੇ ਖਜਾਨੇ ਵਿਚ ਵਾਧਾ ਕਰਨਾ ਸ਼ੁਰੂ ਕਰ ਦਿਤਾ। ਉਸ ਦੇ ਘਰ ਸੋਨਾ, ਚਾਂਦੀ ਅਨਾਜ, ਸਵਾਰੀ ਯੋਗ ਪਸ਼ੂਆਂ ਦਾ ਵਾਧਾ ਹੋਣ ਲੱਗਾ। ਉਸ ਦੀ ਮਾਨ ਮਰਿਯਾਦਾ ਵੀ ਅਗੇ ਨਾਲੋਂ ਵਧ ਗਈ। ਉਸ ਸਮੇਂ ਭਗਵਾਨ ਮਹਾਵੀਰ ਦੇ ਮਾਤਾ ਪਿਤਾ ਦੇ ਮਨ ਵਿਚ ਆਇਆ " ਇਹ ਸਾਰਾ ਵਾਧਾ ਆਉਣ ਵਾਲੀ ਪਵਿੱਤਰ ਆਤਮਾ ਦੇ ਪੁੰਨ, ਪ੍ਰਤਾਪ ਦਾ ਫਲ ਹੈ। ਅਸੀਂ ਹੋਣ ਵਾਲੀ ਔਲਾਦ ਦਾ ਨਾਂ ਵਰਧਮਾਨ ਰਖਾਂਗੇ, ਕਿਉਂਕਿ ਇਹੋ ਨਾਉ ਗੁਣ ਪ੍ਰਧਾਨ ਹੈ।

ਨੌਂ ਮਹੀਨੇ, ਸਾਢੇ ਸੱਤ ਦਿਨ ਪੂਰੇ ਹੋਣ ਤੇ ਭਗਵਾਨ ਮਹਾਵੀਰ ਦਾ ਜਨਮ ਖੱਤਰੀ ਕੁੰਡ ਗ੍ਰਾਮ ਦੇ ਮਹਾਰਾਜ ਸਿਧਾਰਥ ਅਤੇ ਮਹਾਰਾਣੀ ਤ੍ਰਿਸ਼ਲਾ ਦੀ ਕੁਖੋਂ ਹੋਇਆ। ਉਸ ਸਮੇਂ ਚੇਤਰ ਮਹੀਨੇ ਦੀ ਸ਼ੁਕਲਾ 13 ਸੀ। ਗਰਮੀ ਦੀ ਰੁੱਤ ਦਾ ਪਹਿਲਾ ਮਹੀਨਾ ਸੀ। ਭਗਵਾਨ ਮਹਾਵੀਰ ਦਾ ਜਨਮ ਈ. ਪੂਰਵ 599 ਨੂੰ ਹੋਇਆ।

ਉਸ ਸਮੇਂ ਜੋਤਸ਼ ਪਖੋਂ ਸਾਰੇ ਗ੍ਰਹਿ ਆਪਣੀ ਉੱਚ ਅਵੱਸਥਾ ਵਿੱਚ ਸਨ। ਉਤਰ ਫਾਲਗੁਣੀ ਨਾਂ ਦਾ ਨੱਛਤਰ ਸੀ।

## ਸਮਾਰੋਹ

ਜਿਸ ਸਮੇਂ ਭਗਵਾਨ ਮਹਾਵੀਰ ਦਾ ਜਨਮ ਹੋਇਆ। ਉਸ ਸਮੇਂ ਧਰਤੀ ਹੀ ਨਹੀਂ ਸਗੋਂ ਦੇਵ ਲੋਕ ਵਿਚ ਖੁਸ਼ੀਆਂ ਛਾ ਗਈਆਂ। ਇੰਦਰ ਨੇ ਆਪਣੇ ਅੱਵਧੀ ਗਿਆਨ ਰਾਹੀਂ 24ਵੇਂ ਤੀਰਥੰਕਰ ਮਹਾਵੀਰ ਦੇ ਜਨਮ ਦੀ ਸੂਚਨਾ ਸਾਰੇ ਦੇਵੀ ਦੇਵਤਿਆਂ ਨੂੰ ਪ੍ਰਾਚੀਨ ਪ੍ਰੰਪਰਾ ਅਨੁਸਾਰ ਦਿਤੀ। ਇਸ ਦਾ ਮਿਠਾ ਵਰਨਣ ਸ੍ਰੀ ਕਲਪ ਸੂਤਰ ਵਿਚ ਹੈ। ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

ਭਗਵਾਨ ਮਹਾਵੀਰ ਦੇ ਜਨਮ ਸਮੇਂ ਵੀ 56 ਦਿਕਕੁਮਾਰੀਆਂ ਆਪਣੇ ਅਵਧੀ ਗਿਆਨ ਰਾਹੀਂ ਖੁਸ਼ ਹੋ ਕੇ ਤੀਰਥੰਕਰ ਦੀ ਭਗਤੀ ਕਰਦਿਆਂ ਧਰਤੀ ਤੇ ਪੁਜੀਆਂ ।

(1) 8 ਦਿਕਕੁਮਾਰੀਆਂ ਨੇ ਅਧੋਲੋਕ ਵਿਚੋਂ ਆ ਕੇ ਪ੍ਰਭੂ ਦੀ ਮਾਤਾ ਨੂੰ ਨਮਸਕਾਰ ਕਰਕੇ ਸ਼ੁਧ ਹਵਾ ਰਾਹੀਂ ਸਾਰੀ ਭੂਮੀ ਪਵਿੱਤਰ ਕੀਤੀ ਅਤੇ ਸੁਗੰਧ ਛਿੜਕ ਦਿੱਤੀ ।

(2) 8 ਦਿੱਕਕੁਮਾਰੀਆਂ ਫੁੱਲਾਂ ਦੀ ਵਰਖਾ ਕਰਨ ਲੱਗ ਪਈਆਂ । ਇਹ ਉਰਧਵ ਲੋਕ ਵਿਚੋਂ ਆਈਆਂ ਸਨ ।

(3) 8 ਦਿਕ ਕੁਮਾਰੀਆਂ ਪੂਰਵ ਦਿਸ਼ਾ ਦੇ ਰੂਚਕ ਪਰਵਤ ਤੋਂ ਆ ਕੇ, ਭਗਵਾਨ ਦੀ ਮਾਤਾ ਅਤੇ ਭਗਵਾਨ ਨੂੰ ਮਥਾ ਟੇਕ ਕੇ ਸ਼ੀਸ਼ੇ ਲੈ ਕੇ ਖੜ ਗਈਆਂ ।

(4) 8 ਦਿੱਕ ਕੁਮਾਰੀਆਂ ਦਖਣੀ ਰੂਚਕ ਪਰਵਤ ਤੋਂ ਪਵਿਤਰ ਕਲਸਾਂ ਰਾਹੀਂ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਇਸ਼ਨਾਨ ਕਰਾਉਣ ਲਗੀਆਂ ।

(5) 8 ਦਿਕ ਕੁਮਾਰੀਆਂ ਪਛਮੀ ਰੂਚਕ ਪਰਵਤ ਤੋਂ ਆ ਕੇ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਪੱਖਾ ਝੱਲਣ ਲੱਗ ਪਈਆਂ ।

(6) 8 ਦਿਕ ਕੁਮਾਰੀਆਂ ਉੱਤਰੀ ਰੂਚਕ ਪਰਵਤ ਤੋਂ ਆ ਕੇ ਚਾਵਰ (ਚੌਰ) ਕਰਨ ਲੱਗ ਪਈਆਂ ।

(7) 8 ਦਿਕ ਕੁਮਾਰੀਆਂ ਹੱਥਾਂ ਵਿਚ ਦੀਵੇ ਲੈ ਕੇ ਭਗਵਾਨ ਕੋਲ ਖੜ ਗਈਆਂ।

ਇਹਨਾਂ ਦਿਕ ਕੁਮਾਰੀਆਂ ਨੇ ਤਿੰਨ ਕੇਲੇ ਦੇ ਘਰਾਂ ਵਿਚ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਲਿਜਾ ਕੇ ਮਾਲਿਸ਼, ਇਸ਼ਨਾਨ ਅਤੇ ਹੋਰ ਪਵਿੱਤਰ ਕੰਮ ਕੀਤੇ ।

ਇਨ੍ਹਾਂ ਦੇਵੀਆਂ ਨਾਲ ਹਜਾਰਾਂ ਸਹਾਇਕ ਦੇਵਤੇ, ਅੰਗ ਰਖਿਅਕ ਅਤੇ ਸੇਨਾਵਾਂ ਦਾ ਠਾਠ-ਬਾਠ ਸੀ । ਇਧਰ ਇੰਦਰ ਦੀ ਸੂਚਨਾ ਤੇ ਸਾਰੇ ਦੇਵਤੇ ਆਪਣੇ ਪਰਿਵਾਰਾਂ ਨਾਲ, ਸ਼ਾਨੋ-ਸ਼ੌਕਤ ਨਾਲ ਤਿਆਰ ਹੋ ਕੇ ਧਰਤੀ ਉਪਰ ਆ ਗਏ । ਇੰਦਰ ਨੇ ਭਗਵਾਨ ਅਤੇ ਉਨ੍ਹਾਂ ਦੀ ਮਾਂ ਨੂੰ ਨਮਸਕਾਰ ਕਰਦੇ ਹੋਏ ਆਖਿਆ " ਹੇ ਰਤਨ ਕੁੱਖ ਵਾਲੀ ਮਾਂ ! ਸੰਸਾਰ ਵਿਚ ਦੀਵੇ ਦੀ ਤਰ੍ਹਾਂ ਪ੍ਰਕਾਸ਼ਮਾਨ ਮਾਂ ! ਮੈਂ ਤੈਨੂੰ ਨਮਸਕਾਰ ਕਰਦਾ ਹਾਂ । ਮੈਂ ਦੇਵਤਿਆਂ ਦਾ ਰਾਜਾ ਇੰਦਰ ਸਵਰਗ ਤੋਂ ਆਇਆ ਹਾਂ । ਅਸੀਂ ਸਾਰੇ ਦੇਵਤੇ ਪ੍ਰਭੂ ਮਹਾਵੀਰ ਦਾ ਜਨਮ ਉਤਸਵ ਕਰਾਂਗੇ । ਤੂੰ ਬਿਲਕੁਲ ਭੈ ਨਾ ਰੱਖ ।" ਇਹ ਆਖ ਕੇ ਇੰਦਰ ਨੇ ਆਪਣੀ ਸ਼ਕਤੀ ਨਾਲ ਆਪਣੇ ਪੰਜ ਰੂਪ ਬਣਾਏ । ਉਸਨੇ ਇਕ ਸ਼ਕਲ ਰਾਹੀਂ ਪ੍ਰਭੂ ਨੂੰ ਗ੍ਰਹਿਣ ਕੀਤਾ । ਦੋ ਰੂਪਾਂ ਰਾਹੀਂ ਭਗਵਾਨ ਉਪਰ ਚੌਰ ਝੁਲਾਉਣ ਲੱਗਾ । ਇਕ ਰੂਪ ਰਾਹੀਂ ਉਸਨੇ ਪ੍ਰਭੂ ਉਪਰ ਛੱਤਰ ਦਿੱਤਾ । ਇਕ ਰੂਪ ਨਾਲ ਉਸਨੇ ਆਪਣਾ ਬਜਰ ਧਾਰਨ ਕੀਤਾ ।

ਇਸ ਤਰ੍ਹਾਂ ਇੰਦਰ ਪ੍ਰਭੂ ਨੂੰ ਮੇਰੂ ਪਰਵਤ ਦੀ ਪਾਂਡੂ ਸ਼ਿਲਾ ਤੇ ਗੋਦੀ ਵਿਚ ਲੈ ਕੇ ਬੈਠ ਗਿਆ । ਉਸ ਸਮੇਂ ਸਵਰਗ ਦੇ ਮੁਖੀ 64 ਇੰਦਰ ਪ੍ਰਭੂ ਦੇ ਚਰਨਾਂ ਵਿਚ ਹਾਜਰ ਹੋ ਗਏ । ਸਭ ਇੰਦਰਾਂ ਪਾਸ ਇਕ ਕਰੋੜ ਅਤੇ ਸੱਠ ਲੱਖ ਕਲਸ਼ ਸਨ । ਇਨ੍ਹਾਂ ਵਿਚ ਭਿੰਨ-ਭਿੰਨ ਪ੍ਰਕਾਰ ਦੀ ਪੂਜਾ ਸਾਮਗਰੀ ਅਤੇ ਨਦੀਆਂ ਦਾ ਜਲ ਸੀ ।

ਉਸ ਸਮੇਂ ਘੜਿਆਂ ਦੀ ਇੰਨੀ ਗਿਣਤੀ ਵੇਖ ਕੇ ਇੰਦਰ ਦੇ ਮਨ ਵਿੱਚ ਸ਼ੰਕਾ ਪੈਦਾ ਹੋਈ । ਉਹ ਸੋਚਣ ਲੱਗਾ " ਇਹ ਇਕ ਦਿਨ ਦਾ ਬਾਲਕ ਇੰਨਾ ਬੜਾ ਇਸ਼ਨਾਨ ਝੱਲ ਸਕੇਗਾ ।" ਉਸ ਸਮੇਂ ਪ੍ਰਭੂ ਨੇ ਇੰਦਰ ਦੇ ਮਨ ਦੀ ਗੱਲ ਅਵਧੀ ਗਿਆਨ ਰਾਹੀਂ ਸਮਝ ਲਿਆ । ਭਗਵਾਨ ਨੇ ਆਪਣੇ ਪੈਰ ਦੀ ਛੋਟੀ ਅੰਗੁਲੀ ਜਦ ਮੈਰੂ ਪਰਵਤ ਨਾਲ ਲਗਾਇਆ ਤਾਂ ਸਾਰਾ ਸੁਮੇਰ ਪਰਵਤ ਕੰਬ ਉਠਿਆ । ਇਸ ਦੇ ਸਿਟੇ ਵਜੋਂ ਹੋਰ ਸਾਰੀ ਧਰਤੀ ਤੇ ਪਹਾੜ ਕੰਬ ਉਠੇ । ਇੰਦਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ । ਉਸ ਨੇ ਪ੍ਰਭੂ ਤੋਂ ਖਿਮਾ ਮੰਗੀ । ਇਸ ਪ੍ਰਕਾਰ ਭਗਵਾਨ ਮਹਾਵੀਰ ਦਾ ਜਨਮ ਮਹੋਤਸਵ ਮਨਾਇਆ ਗਿਆ। ਇਸ ਵਿਚ ਸਭ ਤੋਂ ਪਹਿਲਾਂ ਇੰਦਰ ਨੇ ਇਸ਼ਨਾਨ ਕਰਾਇਆ । ਫੇਰ ਸਾਰੇ ਦੇਵਤੇ ਇਸ ਵਿਚ ਸ਼ਾਮਲ ਹੋਏ । ਸੂਰਜ ਅਤੇ ਚੰਦਰਮਾ ਨੇ ਅੰਤ ਵਿਚ ਇਸ਼ਨਾਨ ਕਰਾਇਆ । ਇਹ ਅਸ਼ਟ ਮੰਗਲ ਸਥਾਪਤ ਕੀਤੇ ।

(1) ਦਰਪਣ (2) ਵਰਧਮਾਨ (3) ਕਲਸ਼ (4) ਮਛੀਆਂ ਦਾ ਜੋੜਾ
(5) ਸ਼੍ਰੀਵਤਸ (6) ਸਵਾਸਤਿਕ (7) ਨੰਦਾਵਰਤ (8) ਸਿੰਘਾਸਨ

ਇੰਨਾ ਵੱਡਾ ਮਹੋਤਸਵ ਕਰਕੇ ਇੰਦਰ ਨੇ ਫੇਰ ਪ੍ਰਭੂ ਮਹਾਵੀਰ ਨੂੰ ਮਹਾਰਾਣੀ ਤ੍ਰਿਸ਼ਲਾ ਪਾਸ ਸੁਲਾ ਦਿਤਾ ਅਤੇ ਮਾਤਾ ਦੀ ਨੀਂਦ ਵੀ ਖੋਲ੍ਹ ਦਿੱਤੀ । ਇਸ ਤੋਂ ਬਾਅਦ ਇੰਦਰ ਨੇ ਹੋਰ ਅਨੇਕਾਂ ਸ਼ਗਨ ਤੇ ਮੰਗਲ ਕਾਰਜ ਕੀਤੇ ।

ਜਦ ਸਵੇਰ ਹੋਈ, ਤਾਂ ਪ੍ਰਿਆਵੰਦੀ ਦਾਸੀ ਨੇ ਆ ਕੇ ਭਗਵਾਨ ਮਹਾਵੀਰ ਦੇ ਜਨਮ ਦੀ ਖੁਸ਼ੀ ਮਹਾਰਾਜ ਸਿਧਾਰਥ ਨੂੰ ਦਿੱਤੀ । ਮਹਾਰਾਜਾ ਸਿਧਾਰਥ ਨੇ ਆਪਣੇ ਗਲੇ ਦਾ ਹਾਰ ਅਤੇ ਕੀਮਤੀ ਗਹਿਣੇ ਦਾਸੀ ਨੂੰ ਇਨਾਮ ਵਿਚ ਦੇ ਦਿਤੇ । ਪ੍ਰਿਆਵੰਦੀ ਦਾਸੀ ਨੂੰ ਦਾਸਪੁਣੇ ਤੋਂ ਹਮੇਸ਼ਾਂ ਲਈ ਮੁਕਤੀ ਮਿਲ ਗਈ ।

ਭਗਵਾਨ ਮਹਾਵੀਰ ਦੇ ਜਨਮ ਸਮੇਂ ਦੇਵਤਿਆਂ ਸਮੇਤ ਸਾਰੇ ਰਾਜ ਵਿਚ ਖੁਸ਼ੀਆਂ ਮਨਾਈਆਂ ਗਈਆਂ, ਟੈਕਸ ਮੁਆਫ ਕਰ ਦਿਤੇ ਗਏ, ਗਰੀਬਾਂ ਨੂੰ ਦਾਨ ਦਿਤਾ ਗਿਆ ਕੈਦੀ ਰਿਹਾ ਕਰ ਦਿਤੇ ਗਏ । ਇਹ ਸਾਰੇ ਜਸ਼ਨ 10 ਦਿਨ ਚਲੇ ।

## ਬਚਪਨ–

ਭਗਵਾਨ ਮਹਾਵੀਰ ਬਚਪਨ ਤੋਂ ਹੀ ਬਹੁਤ ਗੰਭੀਰ ਚਿੰਤਨਸ਼ੀਲ ਸਨ । ਉਹ ਆਮ ਬਚਿਆਂ ਨਾਲ ਘੱਟ ਖੇਡਦੇ । ਇਸ ਕਰਕੇ ਜੈਨ ਗ੍ਰੰਥਾਂ ਵਿਚ ਉਨ੍ਹਾਂ ਦੇ ਬਚਪਨ ਦਾ ਘੱਟ ਵਰਨਣ ਆਇਆ ਹੈ । ਭਗਵਾਨ ਮਹਾਵੀਰ ਦੇ ਬਚਪਨ ਸਾਰੇ ਸ਼ਵੇਤਾਂਬਰ ਅਤੇ ਦਿਗੰਬਰ ਗਰੰਥਾਂ ਵਿਚ ਕੁਝ ਅੰਸ਼ ਮਿਲਦੇ ਹਨ, ਜਿਸ ਤੋਂ ਉਨ੍ਹਾਂ ਦੀ ਬਹਾਦਰੀ ਅਤੇ ਨਿਡਰਤਾ ਸਿੱਧ ਹੁੰਦੀ ਹੈ । ਬਚਪਨ ਵਿੱਚ ਹੀ ਪਿਛਲੇ ਜਨਮਾਂ ਦਾ ਗਿਆਨ ਹੋਣ ਕਾਰਨ ਉਹ ਬੜੇ ਬੜੇ ਬਜੁਰਗਾਂ ਨੂੰ ਆਪਣੀ ਬੁਧੀ ਨਾਲ ਹੈਰਾਨ ਕਰ ਦਿੰਦੇ ਸਨ ।

## ਵਰਧਮਾਨ ਤੋਂ ਮਹਾਵੀਰ

ਉਨ੍ਹਾਂ ਦੇ ਬਚਪਨ ਦੀ ਇੱਕ ਘਟਨਾ ਬਹੁਤ ਪ੍ਰਸਿੱਧ ਹੈ । ਇਕ ਵਾਰ ਬਾਲਕ ਵਰਧਮਾਨ ਜੰਗਲ ਵਿਚ ਆਪਣੇ ਦੋਸਤਾਂ ਨਾਲ ਖੇਡ ਰਹੇ ਸਨ, ਕਿ ਅਚਾਨਕ ਹੀ ਉਸ ਥਾਂ ਇਕ ਦੇਵਤਾ ਭਗਵਾਨ ਮਹਾਵੀਰ ਦੀ ਬਹਾਦਰੀ ਦੀ ਪ੍ਰੀਖਿਆ ਲੈਣ ਆਇਆ । ਉਸਨੇ ਵਿਸ਼ਾਲ ਸੱਪ ਦਾ ਰੂਪ ਧਾਰਨ ਕਰ ਲਿਆ । ਸਾਰੇ ਬਚੇ ਸੱਪ ਤੋਂ ਡਰ ਕੇ ਨੱਠ ਗਏ । ਪਰ ਵਰਧਮਾਨ ਮਹਾਵੀਰ ਨੇ ਬੜੇ ਆਰਾਮ ਨਾਲ ਉਸ ਸੱਪ ਨੂੰ ਫੜ ਕੇ ਜੰਗਲ ਵਿੱਚ ਛੱਡ ਦਿੱਤਾ।

ਹੁਣ ਖੇਲ ਫਿਰ ਸ਼ੁਰੂ ਹੋ ਗਿਆ । ਉਸ ਦੇਵਤੇ ਨੇ ਇਸ ਵਾਰ ਬੱਚੇ ਦਾ ਰੂਪ ਬਣਾਇਆ ਉਹ ਬਚਿਆਂ ਵਿਚ ਖੇਡਣ ਲਗਾ ਬਚੇ ਤਿੰਦੂੰਕ ਖੇਲ ਰਹੇ ਸਨ । ਇਸ ਖੇਲ ਵਿਚ ਹਾਰਨ ਵਾਲਾ ਜਿੱਤਣ ਵਾਲੇ ਨੂੰ ਆਪਣੇ ਪਿੱਠ ਤੇ ਚੁੱਕਦਾ ਹੈ । ਇਸ ਖੇਲ ਵਿਚ ਦੋ-ਦੋ ਲੜਕੇ ਸ਼ਾਮਲ ਹੁੰਦੇ ਹਨ । ਇਹ ਦੇਵਤਾ ਬਚੇ ਦਾ ਹੀ ਰੂਪ ਬਣਾ ਕੇ ਬਾਲਕ ਵਰਧਮਾਨ ਵਾਲੀ ਟੋਲੀ ਵਿਚ ਸ਼ਾਮਲ ਹੋ ਕੇ ਖੇਡਣ ਲੱਗਾ । ਉਹ ਦੇਵਤਾ ਸੋਚ ਰਿਹਾ ਸੀ ਕਿ ਸੱਪ ਦਾ ਰੂਪ ਬਣਾਉਣ ਨਾਲ ਤਾਂ ਵਰਧਮਾਨ ਬਾਲਕ ਨਹੀਂ ਘਬਰਾਇਆ । ਇਸ ਵਾਰ ਮੈਂ ਜੋ ਦੇਵ ਨਾਟਕ ਕਰਾਂਗਾ ਉਹ ਜਰੂਰ ਘਬਰਾ ਜਾਏਗਾ । ਦੇਵਤਾ ਰੂਪੀ ਬਾਲਕ ਜਾਣ ਬੁੱਝ ਕੇ ਵਰਧਮਾਨ ਤੋਂ ਹਾਰ ਗਿਆ । ਉਸਨੇ ਵਰਧਮਾਨ ਨੂੰ ਆਪਣੀ ਪਿਠ ਤੇ ਬਿਠਾ ਲਿਆ । ਹੁਣ ਉਸਨੇ ਆਪਣਾ ਸ਼ਰੀਰ ਆਪਣੀ ਦੇਵ ਸ਼ਕਤੀ ਦੇ ਸਹਾਰੇ ਵਧਾਉਣਾ ਸ਼ੁਰੂ ਕੀਤਾ । ਕੁਝ ਚਿਰ ਪਿਛੋਂ ਉਹ ਦੇਵਤਾ ਵਿਸ਼ਾਲ ਡਰਾਉਣੀ ਸ਼ਕਲ ਧਾਰਨ ਕਰਕੇ ਆਕਾਸ਼ ਵੱਲ ਉੱਡਣ ਲੱਗਾ । ਸਾਰੇ ਬਚੇ ਉਸ ਡਰਾਉਣੀ ਸ਼ਕਲ ਨੂੰ ਵੇਖ ਕੇ ਦੌੜ ਗਏ । ਵਰਧਮਾਨ ਨੇ ਆਪਣੇ ਗਿਆਨ ਰਾਹੀਂ ਦੇਵਤੇ ਦੀ ਇਸ ਚਾਲ ਨੂੰ ਸਮਝ ਲਿਆ । ਉਹਨਾਂ ਨੇ ਉਸ ਦੇਵਤੇ ਨੂੰ ਇੱਕ ਮੁੱਕਾ ਮਾਰਿਆ । ਦੇਵਤਾ ਝੱਟ ਅਸਲੀ ਰੂਪ ਵਿੱਚ ਆ ਗਿਆ ।

ਉਸਨੇ ਆਪਣੀ ਗਲਤੀ ਦੀ ਮੁਆਫੀ ਮੰਗੀ ਤੇ ਵਰਧਮਾਨ ਨੂੰ ਕਿਹਾ- " ਹੇ ਵਰਧਮਾਨ, ਤੁਹਾਡੀ ਸਾਡੇ ਰਾਜੇ ਇੰਦਰ ਨੇ ਜਿੰਨੀ ਤਾਰੀਫ ਕੀਤੀ ਸੀ ਤੁਸੀਂ ਉਸ ਤੋਂ ਕਈ ਗੁਣਾ ਜਿਆਦਾ ਬੱਲਸ਼ਾਲੀ ਹੋ । ਤੁਸੀਂ ਵਰਧਮਾਨ ਹੀ ਨਹੀਂ ਸਗੋਂ ਮਹਾਵੀਰ (ਮਹਾਨ ਸ਼ਕਤੀਸ਼ਾਲੀ) ਹੋ । " ਇਸ ਤਰ੍ਹਾਂ ਦੇਵਤਾ ਬਾਲਕ ਵਰਧਮਾਨ ਦੀ ਪ੍ਰਸ਼ੰਸਾ ਕਰਦਾ ਹੋਇਆ ਜਿਥੋ ਆਇਆ ਸੀ ਉਥੇ ਹੀ ਚਲਾ ਗਿਆ ।

## ਸਨਮਤਿ

ਇਕ ਵਾਰ ਸੰਜੇ ਤੇ ਵਿਜੇ ਨਾਂ ਦੇ ਦੋ ਮੁਨੀ ਇਕਠੇ ਯਾਤਰਾ ਕਰ ਰਹੇ ਸਨ ਕਿ ਉਹਨਾਂ ਦੇ ਮਨ ਵਿਚ ਅਚਾਨਕ ਕਿਸੇ ਸਿਧਾਂਤ ਬਾਰੇ ਸ਼ੰਕਾ ਪੈਦਾ ਹੋਈ । ਜਦ ਉਹ ਖੱਤਰੀ ਕੁੰਡ ਗਰਾਮ ਦੇ ਨਜਦੀਕ ਗੁਜਰ ਰਹੇ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਅੰਤਮ ਤੀਰਥੰਕਰ ਵਰਧਮਾਨ ਦਾ ਜਨਮ ਹੋ ਗਿਆ ਹੈ ਕਿ ਉਨ੍ਹਾਂ ਦੇ ਦਰਸ਼ਨ ਕਰੀਏ । ਇਉ ਸੋਚ ਕੇ ਜਿਉ ਹੀ ਉਹ ਮਹਿਲਾਂ ਵਿਚ ਪਹੁੰਚੇ । ਰਾਜ ਮਹਿਲ ਵਿੱਚ ਪਹੁੰਚਦੇ ਸਾਰ ਹੀ ਉਨ੍ਹਾਂ ਦੀ ਸਾਰੀ

ਸ਼ੰਕਾ ਦੂਰ ਹੋ ਗਈ । ਉਨ੍ਹਾਂ ਪਾਲਨੇ ਵਿਚ ਝੂਲਦੇ ਬਾਲਕ ਨੂੰ ਨਮਸ਼ਕਾਰ ਕੀਤਾ । ਉਨ੍ਹਾਂ ਦੋਹਾਂ ਮੁਨੀਆਂ ਨੇ ਇਸ ਬਾਲਕ ਨੂੰ ਸਨਮਤਿ ਨਾਂ ਨਾਲ ਪੁਕਾਰਿਆ ਜਿਸਦਾ ਅਰਥ ਹੈ ਚੰਗੀ ਬੁੱਧੀ ਵਾਲਾ ।

## ਹਾਥੀ ਨੂੰ ਵੱਸ ਵਿੱਚ ਕਰਨਾ

ਉਪਰੋਕਤ ਘਟਨਾ ਦਿਗੰਬਰ ਜੈਨ ਸਾਹਿਤ ਵਿੱਚ ਮਿਲਦੀ ਹੈ । ਇਕ ਵਾਰ ਮਹਾਰਾਜਾ ਸਿਧਾਰਥ ਦੇ ਹਾਥੀਖਾਨੇ ਦਾ ਹਾਥੀ ਪਾਗਲ ਹੋ ਕੇ ਸ਼ਹਿਰ ਦੀ ਤਬਾਹੀ ਕਰਨ ਲੱਗਾ । ਮਹਾਵਤ ਦੀ ਲੱਖ ਕੋਸ਼ਿਸ਼ ਕਰਨ ਤੋਂ ਵੀ ਹਾਥੀ ਕਾਬੂ ਨਹੀਂ ਆ ਰਿਹਾ ਸੀ। ਅਚਾਨਕ ਬਾਲਕ ਵਰਧਮਾਨ ਉਸ ਰਸਤੇ ਕੋਲੋ ਲੰਘੇ । ਉਨ੍ਹਾਂ ਹਾਥੀ ਨੂੰ ਬੜੇ ਪਿਆਰ ਨਾਲ ਪੁਕਾਰਿਆ ਉਹ ਹਾਥੀ ਜੋ ਸਾਰੀ ਫੌਜ ਤੋਂ ਕਾਬੂ ਨਹੀਂ ਸੀ ਆ ਰਿਹਾ ਉਹ ਬਾਲਕ ਵਰਧਮਾਨ ਨੇ ਪਿਆਰ ਨਾਲ ਕਾਬੂ ਕਰ ਲਿਆ ।

## ਤੱਤਵ ਗਿਆਨ ਦੇ ਜਨਮ ਦਾਤਾ

ਵਰਧਮਾਨ ਮਹਾਵੀਰ ਦਾ ਮਹਿਲ ਸੱਤ ਮੰਜਲਾ ਸੀ । ਇਕ ਵਾਰ ਬਚੇ ਖੇਡਦੇ ਖੇਡਦੇ ਵਰਧਮਾਨ ਨੂੰ ਲੱਭਣ ਲਗੇ । ਉਸ ਸਮੇਂ ਵਰਧਮਾਨ ਚੌਥੀ ਮੰਜਲ ਵਿਚ ਬੈਠੇ ਸਨ । ਪਹਿਲਾਂ ਉਨ੍ਹਾਂ ਪਿਤਾ ਸਿਧਾਰਥ ਤੋਂ ਪੁਛਿਆ, " ਵਰਧਮਾਨ ਕਿਥੇ ਹਨ ? " ਉਨ੍ਹਾਂ ਕਿਹਾ " ਵਰਧਮਾਨ ਉਪਰ ਹੈ " ਬਾਲਕ ਸੱਤਵੀਂ ਮੰਜਲ ਤੇ ਪਹੁੰਚ ਗਏ । ਉਥੇ ਮਾਤਾ ਤ੍ਰਿਸ਼ਲਾ ਜੀ ਨੂੰ ਇਹੋ ਪ੍ਰਸ਼ਨ ਪੁਛਿਆ । ਉਨ੍ਹਾਂ ਉਤਰ ਦਿਤਾ " ਉਹ (ਵਰਧਮਾਨ) ਤਾਂ ਹੇਠਾਂ ਹੈ । " ਬਾਲਕ ਹਰ ਮੰਜਲ ਵੇਖਦੇ ਗਏ । ਉਨ੍ਹਾਂ ਨੂੰ ਦੋ ਵਿਚਕਾਰਲੀ ਮੰਜਿਲ ਵਿੱਚ ਵਰਧਮਾਨ ਮਿਲ ਗਏ । ਬਾਲਕ ਬੜੇ ਪਰੇਸ਼ਾਨ ਸਨ । ਵਰਧਮਾਨ ਨੇ ਉਨ੍ਹਾਂ ਨੂੰ ਪਰੇਸ਼ਾਨੀ ਦਾ ਕਾਰਣ ਪੁਛਿਆ । ਬਚਿਆਂ ਨੇ ਸਾਰੀ ਵਾਰਤਾਲਾਪ ਦਸ ਦਿਤੀ । ਵਰਧਮਾਨ ਨੇ ਕਿਹਾ, " ਮੇਰੇ ਮਾਤਾ ਅਤੇ ਪਿਤਾ ਨੇ ਤੁਹਾਨੂੰ ਠੀਕ ਹੀ ਦਸਿਆ ਸੀ ਕਿਉਂਕਿ ਮੈਂ ਮਾਤਾ ਜੀ ਵਾਲੇ ਪੱਖ ਤੋਂ ਹੇਠਾ ਬੈਠਾ ਸੀ ਪਰ ਪਿਤਾ ਜੀ ਦੇ ਪਖੋਂ ਉਪਰ ਬੈਠਾ ਸੀ । ਦੋਵੇਂ ਆਪਣੀ ਆਪਣੀ ਥਾਵੇਂ ਸੱਚ ਹਨ । " ਵਰਧਮਾਨ ਨੇ ਇਸ ਉੱਤਰ ਨੇ ਦੁਨੀਆਂ ਦੇ ਧਰਮਾਂ ਵਿਚੋਂ ਜੈਨ ਧਰਮ ਦੀ ਮਹੱਤਵਪੂਰਨ ਦੇਣ ਅਨੇਕਾਂਤਵਾਦ ਨੂੰ ਜਨਮ ਦਿਤਾ ।

ਉਪਰੋਕਤ ਘਟਨਾਵਾਂ ਤੋਂ ਵਰਧਮਾਨ ਦੇ ਬਚਪਨ ਦਾ ਨਿਖਰਵਾਂ ਰੂਪ ਸਾਹਮਣੇ ਆਉਂਦਾ ਹੈ । ਉਹ ਬਹਾਦਰ ਅਤੇ ਬੁੱਧੀਮਤਾ ਦੀ ਜਿੰਦਾ ਮਿਸਾਲ ਸਨ । ਉਹ ਸੰਸਾਰ ਵਿਚ ਵਾਪਰਨ ਵਾਲੀ ਘਟਨਾ ਨੂੰ ਗੰਭੀਰਤਾ ਨਾਲ ਵਿਚਾਰਦੇ ਸਨ ।

## ਵਰਧਮਾਨ ਮਹਾਵੀਰ ਦੇ ਹੋਰ ਨਾਂ

ਸ਼ਵੇਤਾਂਬਰ ਜੈਨ ਸ਼ਾਸ਼ਤਰਾਂ ਵਿਚ ਉਪਰੋਕਤ ਨਾਵਾਂ ਤੋਂ ਛੁੱਟ ਭਗਵਾਨ ਮਹਾਂਵੀਰ ਦੇ ਤਿੰਨ ਹੋਰ ਮਸ਼ਹੂਰ ਨਾਂ ਮਿਲਦੇ ਹਨ ।

1. ਕਸ਼ਯਪ :- ਗਿਆਤ ਕੁਲ ਵਿਚ ਭਗਵਾਨ ਮਹਾਵੀਰ ਦਾ ਗੋਤ ਕਸ਼ਯਪ ਸੀ ਜਦ ਕਿ ਉਨ੍ਹਾਂ ਦੀ ਜਾਤੀ ਲਿੱਛਵੀ ਸੀ ।

2. ਗਿਆਤ ਪੁੱਤਰ :- ਲਿੱਛਵੀਆਂ ਦੇ ਕੁਲ ਵਿਚ ਦੋ ਕੁਲ ਬਹੁਤ ਪ੍ਰਮੁਖ ਸਨ। (1) ਗਿਆਤ (2) ਸ਼ਾਕਯ (ਭਗਵਾਨ ਬੁੱਧ ਦਾ ਜਨਮ ਸ਼ਾਕਯ ਕੁਲ ਵਿਚ ਹੋਇਆ ਸੀ)

3. ਵਿਦੇਹ :- ਵਿਦੇਹ ਇਲਾਕਾ ਗੰਗਾ ਤੇ ਗੰਡਕੀ ਨਦੀਆਂ ਦੇ ਨਾਲ ਨਾਲ ਸੀ। ਭਗਵਾਨ ਮਹਾਵੀਰ ਦੀ ਮਾਤਾ ਬੈਦੇਹੀ ਸੀ । ਇਸ ਕਾਰਣ ਬਹੁਤ ਲੋਕ ਉਨ੍ਹਾਂ ਨੂੰ ਵਿਦੇਹ ਆਖਦੇ ਸਨ ।

4. ਵੈਸ਼ਾਲਿਕ : ਭਗਵਾਨ ਮਹਾਵੀਰ ਦਾ ਜਨਮ ਵਿਸ਼ਾਲ ਕੁੱਲ ਵਿਚ ਹੋਇਆ ਇਸ ਪਖੋਂ ਉਹ ਵੈਸ਼ਾਲਿਕ ਸਨ ।

## ਵਰਧਮਾਨ ਵਿਦਿਆਰਥੀ ਦੇ ਰੂਪ ਵਿੱਚ–

ਜਦ ਵਰਧਮਾਨ 7-8 ਸਾਲ ਦੇ ਹੋਏ ਤਾਂ ਮਾਤਾ ਪਿਤਾ ਨੇ ਬਾਲਕ ਵਰਧਮਾਨ ਨੂੰ ਉਚੀ ਸਿਖਿਆ ਲਈ ਪਾਠਸ਼ਾਲਾ ਭੇਜਣ ਦਾ ਪ੍ਰੋਗਰਾਮ ਬਣ ਗਿਆ । ਬਾਲਕ ਵਰਧਮਾਨ ਨੂੰ ਬੜੇ ਸ਼ਾਹੀ ਠਾਠ ਬਾਠ ਨਾਲ ਪਾਠਸ਼ਾਲਾ ਵਿੱਚ ਦਾਖਲ ਕੀਤਾ ਗਿਆ । ਮਹਾਰਾਜਾ ਸਿਧਾਰਥ ਨੇ ਪਾਠਸ਼ਾਲਾ ਦੇ ਅਧਿਆਪਕਾਂ ਦਾ ਸ਼ਾਹੀ ਸਨਮਾਨ ਕੀਤਾ । ਪਾਠਸ਼ਾਲਾ ਵਿੱਚ ਪੜ੍ਹਦੇ ਬਚਿਆਂ ਨੂੰ ਤੋਹਫੇ ਵੰਡੇ ਗਏ ।

ਰਾਜ ਕੁਮਾਰ ਵਰਧਮਾਨ ਹੁਣ ਵਿਦਿਆਰਥੀ ਦੇ ਰੂਪ ਵਿਚ ਬੈਠੇ ਸਨ । ਉਸੇ ਸਮੇਂ ਇੰਦਰ ਦਾ ਸਿੰਘਾਸਨ ਡੋਲ ਗਿਆ । ਉਸਨੇ ਅਵਧੀ ਗਿਆਨ ਰਾਹੀਂ ਵੇਖਿਆ ਤਾਂ ਉਸਨੂੰ ਪਤਾ ਲੱਗਾ " ਇਹ ਸੰਸਾਰ ਦੇ ਮਨੁੱਖ ਨਹੀਂ ਜਾਣਦੇ ਕਿ ਵਰਧਮਾਨ ਹੋਣ ਵਾਲਾ ਤੀਰਥੰਕਰ ਹੈ । ਉਸਨੂੰ ਇਸ ਤਰ੍ਹਾਂ ਦਾ ਗਿਆਨ ਦੇ ਕੇ ਉਹ ਤੀਰਥੰਕਰਾਂ ਦੀ ਮਹਾਨਤਾ ਘਟਾ ਰਹੇ ਹਨ ।" ਇੰਦਰ ਨੇ ਉਸ ਸਮੇਂ ਬੁਢੇ ਬ੍ਰਾਹਮਣ ਦਾ ਭੇਸ ਧਾਰਨ ਕੀਤਾ । ਉਹ ਬਾਲਕ ਵਰਧਮਾਨ ਕੋਲ ਆ ਕੇ ਵਿਆਕਰਨ ਦੇ ਪ੍ਰਸ਼ਨ ਕਰਨ ਲੱਗਾ । ਇਹ ਪ੍ਰਸ਼ਨ ਅਜਿਹੇ ਸਨ ਕਿ ਜਿਨ੍ਹਾਂ ਦਾ ਉਤਰ ਵਰਧਮਾਨ ਦੀ ਪਾਠਸ਼ਾਲਾ ਦਾ ਕੋਈ ਅਧਿਆਪਕ ਨਹੀਂ ਜਾਣਦਾ ਸੀ । ਬਾਲਕ ਵਰਧਮਾਨ ਨੇ ਸਾਰੇ ਪ੍ਰਸ਼ਨਾਂ ਦੇ ਯੋਗ ਉੱਤਰ ਦਿਤੇ । ਇੰਦਰ ਦੇ ਇਸ ਪ੍ਰਸ਼ਨ ਉੱਤਰ ਤੋਂ ਹੀ " ਜਿਨੇਂਦਰ ਵਿਆਕਰਨ " ਦੀ ਰਚਨਾ ਹੋਈ ।

ਇਹ ਬਾਲਕ ਵਰਧਮਾਨ ਦਾ ਪਹਿਲਾ ਦਿਨ ਸੀ । ਜਦ ਮੁੱਖ ਅਧਿਆਪਕ ਨੇ ਪਾਠਸ਼ਾਲਾ ਵਿਚ ਸਭ ਕੁਝ ਸੁਣਿਆ । ਉਸਨੂੰ ਬਾਲਕ ਵਰਧਮਾਨ ਦੀ ਅਨੋਖੀ ਬੁੱਧੀ ਤੇ ਹੈਰਾਨੀ ਹੋਈ । ਉਹ ਸੋਚਣ ਲੱਗਾ " ਇਹ ਕੋਈ ਸਧਾਰਣ ਬਾਲਕ ਨਹੀਂ । ਇਸ ਨੂੰ ਪੜ੍ਹਾਉਣਾ

ਮੇਰੇ ਵੱਸ ਦਾ ਕੰਮ ਨਹੀਂ । ਮੈਂ ਮਹਾਰਾਜਾ ਸਿਧਾਰਥ ਨੂੰ ਇਸ ਬਾਲਕ ਦੀ ਬੁਧੀਮਤਾ ਬਾਰੇ ਅੱਜ ਹੀ ਦੱਸ ਕੇ ਆਵਾਂਗਾ । " ਮੁੱਖ ਅਧਿਆਪਕ ਨੇ ਉਸੇ ਦਿਨ ਰਾਜ ਸਭਾ ਵਿੱਚ ਆਕੇ ਬਾਲਕ ਵਰਧਮਾਨ ਦੀ ਅਲੌਕਿਕ ਬੁਧੀ ਦੀ ਚਰਚਾ ਕੀਤੀ ਅਤੇ ਹੱਥ ਜੋੜ ਕੇ ਕਿਹਾ "ਇਸ ਪੜ੍ਹੇ ਹੋਏ ਬਾਲਕ ਨੂੰ ਨਵੇਂ ਸਿਰੇ ਤੋਂ ਪੜ੍ਹਾਉਣ ਦੀ ਕੋਈ ਜਰੂਰਤ ਨਹੀ । " ਇਸ ਪ੍ਰਕਾਰ ਬਾਲਕ ਵਰਧਮਾਨ ਇੱਕ ਦਿਨ ਹੀ ਸਕੂਲ ਗਏ ।

## ਵਿਆਹ ਅਤੇ ਸੰਤਾਨ–

ਵਰਧਮਾਨ ਹੁਣ ਬਚਪਨ ਗੁਜਾਰ ਕੇ ਜੁਆਨੀ ਵਿਚ ਪੈਰ ਧਰਨ ਲਗੇ । ਪਰ ਉਹ ਹਰ ਸਮਾਂ ਸੰਸਾਰ ਵਿਚ ਫੈਲੇ ਧਰਮ ਦੇ ਨਾਂ ਉਪਰ ਫੈਲੀ ਹਿੰਸਾ, ਪਾਪ, ਅਨਿਆ, ਛੂਆ-ਛਾਤ, ਦਾਸ ਪ੍ਰਥਾ ਅਤੇ ਜਾਤ-ਪਾਤ ਵਰਗੇ ਭੈੜੇ ਰਸਮਾਂ ਰਿਵਾਜਾਂ ਬਾਰੇ ਸੋਚਦੇ ਰਹਿੰਦੇ। ਵਰਧਮਾਨ ਮਹਾਵੀਰ ਸੰਸਾਰਿਕ ਕਾਮ ਭੋਗਾਂ ਤੋਂ ਪਰੇ ਸਨ । ਉਹ ਇਨ੍ਹਾਂ ਵਿਚ ਫਸਣਾ ਵੀ ਨਹੀਂ ਸਨ ਚਾਹੁੰਦੇ । ਪਰ ਮਾਤਾ ਪਿਤਾ ਦੇ ਪਿਆਰ ਅਗੇ ਉਨ੍ਹਾਂ ਨੂੰ ਸਤਿਕਾਰ ਵਜੋਂ ਸਿਰ ਝੁਕਾਉਂਦੇ ਹੋਏ ਸ਼ਾਦੀ ਦਾ ਫੈਸਲਾ ਕਰਨਾ ਪਿਆ ।

ਆਪ ਦੀ ਸ਼ਾਦੀ ਕਲਿੰਗ ਨਰੇਸ਼ ਸਮਰਸੇਨ ਦੀ ਪੁੱਤਰੀ ਯਸ਼ੋਧਾ ਨਾਲ ਹੋਈ । ਜਿਸ ਤੋਂ ਆਪਦੇ ਇੱਕ ਪੁੱਤਰੀ ਪ੍ਰਿਅ ਦਰਸ਼ਨਾ ਪੈਦਾ ਹੋਈ । ਜਿਸ ਦਾ ਵਿਆਹ ਆਪ ਨੇ ਆਪਣੇ ਭਾਣਜੇ ਜਮਾਲੀ ਨਾਲ ਕਰ ਦਿਤਾ ।[1]

## ਵੈਰਾਗ–

ਜਦ ਰਾਜਕੁਮਾਰ ਵਰਧਮਾਨ ਮਹਾਵੀਰ 28 ਸਾਲ ਦੇ ਹੋਏ । ਆਪ ਜੀ ਦੇ ਮਾਤਾ ਅਤੇ ਪਿਤਾ ਦੋਵੇਂ ਸਵਰਗ ਸਿਧਾਰ ਗਏ । ਹੁਣ ਵਰਧਮਾਨ ਨੂੰ ਆਪਣੀ ਮਾਤਾ ਦੇ ਗਰਭ ਵਿਚਕਾਰਲੀ ਪ੍ਰਤਿਗਿਆ ਯਾਦ ਆਈ । ਉਨ੍ਹਾਂ ਸੰਸਾਰ ਦੇ ਸੁਖਾਂ ਨੂੰ ਛੱਡਣ ਦਾ ਫੈਸਲਾ ਕਰ ਲਿਆ । ਉਹ ਸਾਧੂ ਬਣਨ ਲਈ ਤਿਆਰ ਹੋ ਗਏ । ਉਨ੍ਹਾਂ ਆਪਣੇ ਵਡੇ ਭਰਾ ਤੋਂ ਸਾਧੂ ਬਣਨ ਦੀ ਆਗਿਆ ਮੰਗੀ । ਰਾਜਾ ਨੰਦੀ ਵਰਧਨ ਪਹਿਲਾਂ ਹੀ ਮਾਤਾ ਪਿਤਾ ਦੇ ਵਿਛੋੜੇ ਤੋਂ ਦੁਖੀ ਸਨ । ਉਨ੍ਹਾਂ ਕਿਹਾ " ਅਜੇ ਤਾਂ ਮਾਤਾ ਪਿਤਾ ਦੇ ਵਿਛੋੜੇ ਦਾ ਮੇਰਾ ਦੁੱਖ ਤਾਜਾ ਹੈ ਅਤੇ ਉਪਰੋਂ ਤੂੰ ਘਰਬਾਰ ਛੱਡ ਕੇ ਸਾਧੂ ਬਨਣਾ ਚਾਹੁੰਦਾ ਹੈਂ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਮੈਂ ਮਾਂ, ਪਿਉ ਅਤੇ ਭਰਾ ਦਾ ਵਿਛੋੜਾ ਕਿਵੇਂ ਸਹਾਂਗਾ । ਵਰਧਮਾਨ ਨੇ ਉੱਤਰ ਵਿੱਚ ਹੱਥ ਜੋੜ ਕੇ ਆਪਣੇ ਭਰਾ ਨੂੰ ਕਿਹਾ " ਇਸ ਦੁੱਖ ਦਾ ਕਾਰਨ ਸੰਸਾਰ ਪ੍ਰਤੀ ਤੁਹਾਡਾ ਰਾਗ ਦਵੇਸ਼ ਹੈ । ਅਸਲ ਵਿੱਚ ਸੁੱਖ ਦੁੱਖ, ਜਨਮ ਮਰਨ ਸਭ ਕਰਮ ਫਲ ਹਨ । ਮੈਂ ਸਾਧੂ ਜਰੂਰ ਬਣਾਂਗਾ, ਪਰ ਜਦ ਤੁਸੀਂ ਆਗਿਆ ਦੇਵੋਗੇ । "

1. ਦਿਗੰਬਰ ਜੈਨ ਪਰੰਪਰਾ ਭਗਵਾਨ ਮਹਾਵੀਰ ਦੀ ਮੰਗਣੀ ਨੂੰ ਤਾਂ ਮੰਨਦੀ ਹੈ ਪਰ ਵਿਆਹ ਅਤੇ ਸੰਤਾਨ ਨੂੰ ਨਹੀਂ ਮੰਨਦੀ । ਇਸ ਪਰੰਪਰਾ ਅਨੁਸਾਰ ਭਗਵਾਨ ਮਹਾਵੀਰ ਬਾਲ ਬ੍ਰਹਮਚਾਰੀ ਹੀ ਰਹੇ ।

ਨੰਦੀਵਰਧਨ ਨੇ ਦੁਖੀ ਹਿਰਦੇ ਨਾਲ ਕਿਹਾ " ਜੇ ਤੂੰ ਨਹੀਂ ਮੰਨਦਾ ਤਾਂ ਘੱਟੋ ਘੱਟ ਮੇਰੇ ਹੁਕਮ ਅਨੁਸਾਰ 2 ਸਾਲ ਘਰ ਵਿਚ ਰਹਿ । ਇਸ ਤੋਂ ਬਾਅਦ ਮੈਂ ਤੇਰੇ ਸਾਧੂ ਜੀਵਨ ਦਾਨ ਦੇ ਮਾਰਗ ਵਿਚ ਕੋਈ ਰੁਕਾਵਟ ਨਹੀਂ ਬਣਾਂਗਾ ।"

ਇਸ ਪ੍ਰਕਾਰ 2 ਸਾਲ ਭਗਵਾਨ ਮਹਾਂਵੀਰ ਆਪਣੇ ਭਰਾ ਆਖੇ ਅਨੁਸਾਰ ਸਾਲ ਘਰ ਰਹੇ । ਇਸ ਸਮੇਂ ਉਨ੍ਹਾਂ ਦੋ ਸਾਲ ਗਰੀਬਾਂ ਅਤੇ ਲੋੜਵੰਦਾਂ ਨੂੰ ਕਰੋੜਾਂ ਸੋਨੇ ਦੀਆਂ ਮੋਹਰਾਂ ਦਾਨ ਕੀਤੀਆਂ । ਉਨ੍ਹਾਂ ਇਹ ਸਮਾਂ ਆਤਮ ਸਾਧਨਾ, ਆਤਮ ਚਿੰਤਨ ਅਤੇ ਤੱਪਸਿਆ ਵਿਚ ਗੁਜਾਰਿਆ । ਇਸ ਸਮੇਂ ਉਨ੍ਹਾਂ ਹਰ ਪ੍ਰਕਾਰ ਦਾ ਸ਼ਾਹੀ ਠਾਠ ਬਾਠ ਛੱਡ ਦਿੱਤਾ ।

ਆਖਰ ਇਹ ਦੋ ਸਾਲ ਦਾ ਸਮਾਂ ਤਿਆਗੀ ਅਤੇ ਸੰਜਮੀ ਜੀਵਨ ਦੇ ਰੂਪ ਵਿਚ ਬੀਤ ਗਿਆ । ਉਨ੍ਹਾਂ ਇਸ ਸਮੇਂ ਹੋ ਰਹੇ ਮੱਨੁਖ ਅਤੇ ਪਸ਼ੂਆਂ ਦੇ ਜੁਲਮ ਨੂੰ ਬੜੇ ਨਜਦੀਕ ਤੋਂ ਵੇਖਿਆ । ਇਥੇ ਇਹ ਗਲ ਬਹੁਤ ਵਿਚਾਰਨ ਵਾਲੀ ਹੈ ਕਿ ਵਰਧਮਾਨ ਰਾਜਕੁਮਾਰ ਸਨ। ਜਿਨ੍ਹਾਂ ਦਾ ਹੁਕਮ ਖੱਤਰੀ ਕੁੰਡ ਦੇ ਹਜਾਰਾਂ ਲੋਕਾਂ ਤੇ ਚੱਲਦਾ ਸੀ, ਜੇ ਉਹ ਚਾਹੁੰਦੇ ਤਾਂ ਇਹ ਸਭ ਕੁਝ ਸਰਕਾਰੀ ਹੁਕਮ ਨਾਲ ਬੰਦ ਕਰਵਾ ਸਕਦੇ ਸਨ । ਅਜ ਤੱਕ ਦੁਨੀਆਂ ਦੇ ਇਤਿਹਾਸ ਵਿਚ ਕੋਈ ਅਜਿਹਾ ਰਾਜਕੁਮਾਰ ਨਹੀਂ ਹੋਇਆ, ਜਿਸਨੇ ਸੰਸਾਰ ਦੇ ਭੌਤਿਕ ਪਦਾਰਥ ਨੂੰ ਬਿਨਾਂ ਕਿਸੇ ਠੇਸ ਤੋਂ ਛਡਿਆ ਹੋਵੇ । ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਅੱਜ ਤੱਕ ਸਾਰੇ ਰਾਜੇ ਜਰ, ਜੋਰੂ (ਇਸਤਰੀ) ਜਮੀਨ ਲਈ ਲਖਾਂ ਆਦਮੀਆਂ ਦਾ ਖ਼ੂਨ ਬਹਾਉਂਦੇ ਰਹੇ ਹਨ । ਪਰ ਇੱਕ ਵਰਧਮਾਨ ਹੀ ਸੀ ਜਿਸ ਕੋਲ ਸਭ ਕੁਝ ਸੀ ਉਸ ਦਾ ਭਰਾ ਸੀ ਜੋ ਉਸਨੂੰ ਬਹੁਤ ਪਿਆਰ ਕਰਦਾ ਸੀ । ਵਰਧਮਾਨ ਇੱਕ ਅਦੁਤੀ ਸ਼ਖਸ਼ੀਅਤ ਸਨ । ਉਨ੍ਹਾਂ ਨੂੰ ਭੌਤਿਕ ਪਦਾਰਥਾਂ ਦੇ ਝੂਠੇ ਸੁੱਖ ਤੋਂ ਸਾਧੂ ਜੀਵਨ ਚੰਗਾ ਲੱਗਦਾ ਸੀ । ਇਸ ਸਿਟੇ ਵਜੋਂ ਉਨ੍ਹਾਂ ਇਕ ਹੀ ਠੋਕਰ ਵਿੱਚ ਸਾਰਾ ਰਾਜ ਪਾਟ ਤਿਆਗ ਦਿਤਾ । ਹੁਣ ਉਨ੍ਹਾਂ ਨੂੰ ਆਪਣੇ ਵਡੇ ਭਰਾ ਨੰਦੀਵਰਧਨ ਤੋਂ ਆਗਿਆ ਮਿਲ ਗਈ । ਇਸ ਸਮੇਂ 9 ਲੋਕਾਂਤਿਕ ਦੇਵ ਆਪਣੀ ਪਰੰਪਰਾ ਅਨੁਸਾਰ ਧਰਤੀ ਤੇ ਆ ਕੇ ਪ੍ਰਭੂ ਨੂੰ ਪ੍ਰਾਰਥਨਾ ਕਰਨ ਲਗੇ " ਸ਼੍ਰੀਮਾਨ ਤੁਹਾਡੀ ਜੈ ਹੋਵੇ । ਖੱਤਰੀ ਕੁਲ ਸ਼ਿਰੋਮਨੀ ! ਤੁਹਾਡਾ ਕਲਿਆਣ ਹੋਵੇ । ਹੇ ਜਗਤ ਦੇ ਮਾਲਿਕ ! ਹੁਣ ਤੁਸੀਂ ਜਲਦੀ ਧਰਮ ਰੂਪ ਤੀਰਥ ਸ਼ੁਰੂ ਕਰੋ, ਤਾਂਕਿ ਸੰਸਾਰ ਦੇ ਜੀਵਾਂ ਦਾ ਕਲਿਆਣ ਹੋਵੇ ।" ਇਹ ਦੇਵ ਪਰੰਪਰਾ ਹਰ ਤੀਰਥੰਕਰ ਸਮੇਂ ਦੇਵਤੇ ਦਹੁਰਾਉਂਦੇ ਹਨ ।

# ਸਾਧੂ ਪਣੇ ਦੀ ਰਾਹ ਤੇ

## ਦੀਖਿਆ ਕਲਿਆਨਕ

ਸੋਨਾ, ਚਾਂਦੀ, ਧਨ, ਅਨਾਜ, ਇਸਤਰੀ, ਪਰਿਵਾਰ, ਰਾਜ ਅਤੇ ਦੇਸ਼ ਆਦਿ ਦੇ ਸਭ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਉਨ੍ਹਾਂ ਮੱਘਰ ਦੇ ਚਾਨਣ ਪੱਖ ਦੀ ਦਸਮੀ ਨੂੰ ਦਿਨ ਦੇ ਚੌਥੇ ਪਹਿਰ ਸਮੇਂ ਸਾਧੂ ਜੀਵਨ ਦਾ ਰਾਹ ਗ੍ਰਹਿਣ ਕਰ ਲਿਆ । ਇਸ ਸਮੇਂ ਉਨ੍ਹਾਂ ਦਾ

ਦੀਖਿਆ ਮਹੋਤਸਵ ਬੜੇ ਠਾਠ ਬਾਠ ਨਾਲ ਮਨਾਇਆ ਗਿਆ । ਵਰਧਮਾਨ ਮਹਾਵੀਰ ਨੂੰ ਸ਼ਾਹੀ ਸਿੰਘਾਸਨ ਤੇ ਬਿਠਾਇਆ । ਖੁਸ਼ਬੂਦਾਰ ਤੇਲਾਂ ਨਾਲ ਉਨ੍ਹਾਂ ਦੇ ਸਰੀਰ ਦੀ ਮਾਲਸ਼ ਕੀਤੀ । ਫੇਰ ਸ਼ੁਧ ਪਾਣੀ ਨਾਲ ਉਨ੍ਹਾਂ ਨੂੰ ਇਸ਼ਨਾਨ ਕਰਵਾ ਕੇ ਸ਼ੁਧ ਚੰਦਨ ਦਾ ਲੇਪ ਕੀਤਾ। ਸ਼ਾਹੀ ਲਿਬਾਸ ਅਤੇ ਗਹਿਣੇ ਪੁਆਏ ਗਏ । ਬਾਜੇ, ਗਾਜੇ, ਪਰਜਾ ਅਤੇ ਸ਼ਾਹੀ ਪਰਿਵਾਰ ਨਾਲ ਮਹਾਵੀਰ ਵਰਧਮਾਨ ਚੰਦਰਪ੍ਰਭਾ ਨਾਂ ਦੀ ਪਾਲਕੀ ਵਿਚ ਬੈਠੇ । ਇਸ ਪਾਲਕੀ ਨੂੰ ਮਨੁੱਖਾਂ ਅਤੇ ਦੇਵਤਿਆਂ ਬੜੇ ਪਿਆਰ ਨਾਲ ਚੁਕਿਆ । ਵਰਧਮਾਨ ਦਾ ਸ਼ਾਹੀ ਜਲੂਸ ਖਤਰੀ ਕੁੰਡ ਗ੍ਰਾਮ ਦੇ ਗਲੀ, ਮੁਹੱਲੇ, ਬਜਾਰਾਂ ਵਿਚ ਹੁੰਦਾ ਹੋਇਆ ਸ਼ਹਿਰ ਦੀ ਹੱਦ ਤੋਂ ਬਾਹਰ ਪੁੱਜਾ। ਸਾਰਾ ਖਤਰੀ ਕੁੰਡ ਗ੍ਰਾਮ ਸ਼ਹਿਰ ਦੇ ਬਾਹਰ ਪਹੁੰਚ ਗਿਆ । ਸਭ ਨੂੰ ਵਰਧਮਾਨ ਦੇ ਵਿਛੋੜੇ ਦਾ ਦੁੱਖ ਸਤਾ ਰਿਹਾ ਸੀ । ਸ਼ਹਿਰ ਤੋਂ ਬਾਹਰ ਗਿਆਤ ਖੰਡ ਨਾਂ ਦਾ ਇਕ ਬਾਗ ਸੀ । ਇਸੇ ਬਾਗ ਵਿਚ ਅਸ਼ੋਕ ਦਰਖਤ ਹੇਠਾਂ ਭਗਵਾਨ ਮਹਾਵੀਰ ਦਾ ਜਲੂਸ ਰੁਕ ਗਿਆ । ਪਾਲਕੀ ਉਤਾਰੀ ਗਈ, ਪਾਲਕੀ ਵਿਚੋਂ ਰਾਜਕੁਮਾਰ ਵਰਧਮਾਨ ਉਤਰੇ । ਉਨ੍ਹਾਂ ਆਪਣੇ ਸਾਰੇ ਗਹਿਣੇ ਅਤੇ ਕਪੜੇ ਉਤਾਰ ਦਿੰਤੇ । ਫੇਰ ਆਪਣੇ ਹੱਥ ਨਾਲ ਪੰਜ ਮੁਸਟੀ ਲੋਚ (ਪੰਜ ਵਾਰ ਵਿਚ ਸਾਰੇ ਬਾਲ ਪੁੱਟਣਾ) ਕੀਤਾ । ਇਹ ਬਾਲ ਸਵਰਗ ਦੇ ਰਾਜੇ ਇੰਦਰ ਨੇ ਆਪਣੀ ਝੋਲੀ ਵਿਚ ਸੰਭਾਲ ਲਏ । ਇੰਦਰ ਨੇ ਉਸ ਸਮੇਂ ਆਪਣੀ ਦੇਵ ਪਰੰਪਰਾ ਅਨੁਸਾਰ ਦੇਵਦੂਸ਼ ਨਾਂ ਦਾ



ਵਰਧਮਾਨ ਮਹਾਵੀਰ ਸਾਧੂ ਦੀਖਿਆ ਗ੍ਰਹਿਣ ਕਰਦੇ ਹੋਏ

ਦੁੱਪਟਾ ਉਨ੍ਹਾਂ ਦੇ ਮੋਢੇ ਤੇ ਰਖ ਦਿਤਾ । ਉਥੇ ਖੜੇ ਸਭ ਲੋਕ ਦੀਖਿਆ ਦਾ ਇਹ ਨਜ਼ਾਰਾ ਨਾ ਦੇਖ ਸਕੇ । ਉਹ ਭਾਵੁਕ ਹੋ ਕੇ ਰੋਣ ਲੱਗ ਪਏ । ਫੇਰ ਹੌਲੀ ਹੌਲੀ ਲੋਕੀ ਦੁਖੀ ਹਿਰਦੇ ਨਾਲ ਰਾਜਕੁਮਾਰ ਵਰਧਮਾਨ ਨੂੰ ਛੱਡ ਕੇ ਚੱਲ ਪਏ ।

ਜਦ ਮਹਾਵੀਰ ਇਕਲੇ ਹੋ ਗਏ ਤਦ ਉਨ੍ਹਾਂ ਸਭ ਤੋਂ ਪਹਿਲਾਂ ਸਿਧਾਂ (ਮੁਕਤ ਆਤਮਾਵਾਂ) ਨੂੰ ਨਮਸਕਾਰ ਕੀਤਾ ਅਤੇ ਪ੍ਰਤੀਗਿਆ ਕੀਤੀ ਕਿ " ਮੈਂ ਅੱਜ ਤੋਂ ਸਾਰੇ ਪਾਪਕਾਰੀ ਕੰਮਾਂ ਨੂੰ ਛੱਡਦਾ ਹਾਂ, ਜਿੰਦਗੀ ਭਰ ਮਨ ਵਚਨ ਅਤੇ ਸ਼ਰੀਰ ਰਾਹੀ ਪਾਪ ਕਰਮ ਨਾ ਕਰਾਂਗਾ, ਨਾ ਕਰਵਾਵਾਂਗਾ। ਕਰਦੇ ਨੂੰ ਚੰਗਾ ਸਮਝਾਂਗਾ ਭਗਵਾਨ ਦੀ ਦੀਖਿਆ ਵਾਲੇ ਦਿਨ ਉਤਰਾਫਾਲਗੁਣੀ ਨੱਛਤਰ ਸੀ ।ਚੰਦਰਮਾ ਦਾ ਯੋਗ ਸੀ । ਵਿਜੈ ਨਾਂ ਦਾ ਮਹੂਰਤ ਸੀ । ਸੁਵਰਤ ਨਾਂ ਦਾ ਦਿਨ ਸੀ ।

ਜਦ ਵਰਧਮਾਨ ਨੇ ਪਾਪਾਂ ਤੋਂ ਮੁਕਤ ਜੀਵਨ ਦੀ ਪ੍ਰਤਿਗਿਆ ਧਾਰਨ ਕੀਤੀ ਤਾਂ ਉਸ ਸਮੇਂ ਉਨ੍ਹਾਂ ਨੂੰ ਮਨ ਪ੍ਰਯਵ ਨਾਂ ਦਾ ਚੌਥਾ ਗਿਆਨ ਪ੍ਰਾਪਤ ਹੋ ਗਿਆ । ਜਿਸ ਗਿਆਨ ਰਾਹੀਂ ਉਹ ਸਭ ਦੇ ਮਨ ਦਾ ਹਾਲ ਜਾਨ ਸਕਦੇ ਸਨ ।

## ਗਰੀਬ ਬ੍ਰਾਹਮਣ ਦਾ ਦੁਖ ਦੂਰ ਕਰਨਾ–

ਅਜੇ ਮਹਾਵੀਰ ਨੇ ਦੀਖਿਆ ਲਈ ਨੂੰ ਥੋੜਾ ਸਮਾਂ ਹੋਇਆ ਸੀ ਇਕ ਦਿਨ ਇਕ ਗਰੀਬ ਬ੍ਰਾਹਮਣ ਮਹਾਵੀਰ ਪਾਸ ਆਇਆ । ਉਸਨੇ ਪ੍ਰਾਰਥਨਾ ਕੀਤੀ " ਰਾਜਕੁਮਾਰ ! ਮੈਂ ਪ੍ਰਦੇਸ ਤੋਂ ਅੱਜ ਹੀ ਆਇਆ ਹਾਂ । ਮੈਨੂੰ ਮੇਰੀ ਪਤਨੀ ਨੇ ਦਸਿਆ ਹੈ ਕਿ ਤੁਸੀਂ ਦੋ ਸਾਲ ਲੋਕਾਂ ਦੀ ਗਰੀਬੀ ਦੂਰ ਕੀਤੀ ਹੈ । ਪਰ ਮੈਂ ਬਦਕਿਸਮਤੀ ਨਾਲ ਗਰੀਬ ਹੀ ਹਾਂ । ਮੇਰੇ ਪਾਸ ਖਾਣ ਨੂੰ ਇਕ ਸਮੇਂ ਦਾ ਅੰਨ ਵੀ ਨਹੀਂ । ਰਾਜਕੁਮਾਰ ! ਮੈਨੂੰ ਵੀ ਕੁਝ ਦਿਓ ਅਤੇ ਬ੍ਰਾਹਮਣ ਦਾ ਦੁੱਖ ਦੂਰ ਕਰੋ ।"

ਵਰਧਮਾਨ ਮਹਾਵੀਰ ਨੇ ਕਿਹਾ " ਮੈਂ ਹੁਣ ਸਾਧੂ ਬਣ ਚੁਕਾ ਹਾਂ । ਮੇਰੇ ਪਾਸ ਕੁਝ ਨਹੀਂ ਮੈਂ ਤੈਨੂੰ ਕੁਝ ਨਹੀਂ ਦੇ ਸਕਦਾ । ਬ੍ਰਾਹਮਣ ਨੇ ਰਾਜਕੁਮਾਰ ਨੂੰ ਸਿਰ ਤੋਂ ਪੈਰ ਤੱਕ ਵੇਖਿਆ ਤੇ ਕਿਹਾ " ਜੇ ਦੇਣਾ ਚਾਹੋ ਤਾਂ ਤੁਹਾਡੇ ਪਾਸ ਹੁਣ ਵੀ ਬਹੁਤ ਕੁਝ ਹੈ । " ਮਹਾਵੀਰ ਉਸ ਬ੍ਰਾਹਮਣ ਦਾ ਇਸ਼ਾਰਾ ਸਮਝ ਗਏ । ਉਨ੍ਹਾਂ ਆਪਣੇ ਦੇਵ ਵਸਤਰ ਦਾ ਅੱਧਾ ਹਿਸਾ ਉਸ ਬ੍ਰਾਹਮਣ ਨੂੰ ਦੇ ਦਿਤਾ । ਪਰ ਬ੍ਰਾਹਮਣ ਇਸ ਵਸਤਰ ਦਾਨ ਤੋਂ ਸੰਤੁਸ਼ਟ ਨਾ ਹੋਇਆ। ਉਹ ਵਰਧਮਾਨ ਦੇ ਪਿਛੇ ਕੁਝ ਦਿਨ ਘੁੰਮਦਾ ਰਿਹਾ । ਵਰਧਮਾਨ ਦੇ ਸਰੀਰ ਤੇ ਦੇਵ ਵਸਤਰ ਦਾ ਅੱਧਾ ਹਿਸਾ ਵੀ ਕੁਝ ਸਮਾਂ ਰਿਹਾ । ਇਕ ਵਾਰ ਇਹ ਡਿੱਗ ਕੇ ਝਾੜੀ ਵਿਚ ਫਸ ਗਿਆ । ਵਰਧਮਾਨ ਨੇ ਇਸ ਘਟਨਾ ਵੱਲ ਕੋਈ ਧਿਆਨ ਨਾ ਦਿੱਤਾ, ਕਿਉਂਕਿ ਉਹ ਤਾਂ ਸ਼ਰੀਰ ਦਾ ਮੋਹ ਛੱਡ ਚੁਕੇ ਸਨ ਫਿਰ ਵਸਤਰ ਦਾ ਖਿਆਲ ਕਿਵੇ ਆਉਂਦਾ । ਬ੍ਰਾਹਮਣ ਨੇ ਵਸਤਰ ਦੇ ਦੋਵੇਂ ਟੁਕੜੇ ਜੋੜ ਕੇ ਬੜੇ ਭਰਾ ਨੰਦੀਵਰਧਨ ਨੂੰ ਰਾਜ ਦਰਬਾਰ ਵਿਚ ਭੇਂਟ ਕਰ ਦਿਤੇ । ਰਾਜੇ ਨੇ ਖ਼ੁਸ਼ ਹੋ ਕੇ ਉਸਨੂੰ ਗਰੀਬੀ ਤੋਂ ਮੁਕਤ ਕਰ ਦਿਤਾ । ਇਸ ਤਰ੍ਹਾਂ ਇਹ ਵਸਤਰ ਭਗਵਾਨ ਮਹਾਵੀਰ ਦੇ ਸਰੀਰ ਤੇ ਕੁਝ ਮਹੀਨੇ ਹੀ ਰਿਹਾ । ਇਸ ਤੋਂ ਬਾਅਦ ਵਰਧਮਾਨ ਮਹਾਵੀਰ ਪੂਰਨ ਦਿਗੰਬਰ (ਵਸਤਰ ਰਹਿਤ) ਹੋ ਗਏ ।

1. ਦਿਗੰਬਰ ਜੈਨ ਪਰੰਪਰਾ 'ਦੇਵਦੁਸ਼ਯ' ਦੇਣ ਵਾਲੀ ਘਟਨਾ ਨੂੰ ਨਹੀਂ ਮੰਨਦੀ। ਉਹ ਭਗਵਾਨ ਮਹਾਵੀਰ ਅਤੇ ਹੋਰ ਤੀਰਥੰਕਰਾਂ ਨੂੰ ਦਿਗੰਬਰ (ਭਾਵ ਨੰਗਾ) ਹੀ ਮੰਨਦੀ ਹੈ।

# ਤੱਪਸਵੀ ਜੀਵਨ

## (ਤੀਸਰਾ ਭਾਗ)

ਭਗਵਾਨ ਮਹਾਵੀਰ ਦਾ ਤੱਪਸਵੀ ਜੀਵਨ ਬਹੁਤ ਹੀ ਘਟਨਾਵਾਂ ਭਰਪੂਰ ਹੈ । ਉਨ੍ਹਾਂ ਦਾ ਆਦਰਸ਼ ਤੱਪਸਿਆ ਵਿਚ ਇਕ ਡੂੰਘਾ ਰਹਸਯ ਸੀ, ਜਿਸ ਬਾਰੇ ਪ੍ਰਸਿੱਧ ਜੈਨ ਵਿਦਵਾਨ ਉਪਾਧਿਆ ਸ੍ਰੀ ਅਮਰ ਮੁਨੀ ਜੀ ਮਹਾਰਾਜ ਲਿਖਦੇ ਹਨ ।

" ਇਤਿਹਾਸ ਦੇ ਪੰਨਿਆਂ ਤੇ ਅਸੀਂ ਹਜ਼ਾਰਾਂ ਦੀ ਸੰਖਿਆ ਵਿਚ ਨੇਤਾਵਾਂ ਨੂੰ ਅਸਫਲ ਹੁੰਦੇ ਵੇਖਦੇ ਹਾਂ । ਇਸ ਦਾ ਕਾਰਣ ਇਹ ਹੈ ਕਿ ਉਹ ਸਭ ਤੋਂ ਪਹਿਲਾਂ ਆਪਣਾ ਜੀਵਨ ਸੁਧਾਰ ਨਾ ਸਕੇ । ਦਿਲ ਵਿਚ ਥੋੜਾ ਜਿਹਾ ਜੋਸ਼ ਪੈਦਾ ਹੁੰਦੇ ਹੀ ਸੰਸਾਰ ਦਾ ਸੁਧਾਰ ਕਰਨ ਲਈ ਮੈਦਾਨ ਵਿੱਚ ਕੁੱਦ ਪਏ । ਪਰ ਜਿਉ ਹੀ ਕਸ਼ਟਾਂ, ਦੁਖਾਂ, ਰੁਕਾਵਟਾਂ ਦਾ ਭਿਅੰਕਰ ਤੂਫਾਨ ਸਾਹਮਣੇ ਆਇਆ, ਉਹ ਸਭ ਨਿਰਾਸ਼ ਹੋ ਕੇ ਵਾਪਸ ਆ ਗਏ । ਜਿਸ ਸਿਧਾਂਤ ਤੇ ਪ੍ਰਚਾਰ ਲਈ ਸ਼ੋਰ ਮਚਾਉਂਦੇ ਸਨ । ਜਦ ਲੋਕ ਉਸ ਵਿਚ ਸਚਾਈ ਨਾ ਪਾ ਸਕੇ, ਤਾਂ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਅਤੇ ਇਸੇ ਕਾਰਣ ਉਹ ਮੈਦਾਨ ਤੋਂ ਹਟ ਗਏ ।"

ਭਗਵਾਨ ਮਹਾਵੀਰ ਨੇ ਦੀਖਿਆ ਲੈਂਦੇ ਹੀ ਧਰਮ ਪ੍ਰਚਾਰ ਲਈ ਛੇਤੀ ਨਹੀਂ ਕੀਤੀ । ਪਹਿਲਾਂ ਉਨ੍ਹਾਂ ਆਪਣੇ ਆਪ ਨੂੰ ਸਾਧ ਲੈਣਾ ਠੀਕ ਸਮਝਿਆ । ਇਸਦੇ ਸਿਟੇ ਵਜੋਂ ਉਨ੍ਹਾਂ ਦਿਲ ਵਿਚ ਇਹ ਪ੍ਰਤਿਗਿਆ ਧਾਰਨ ਕੀਤੀ " ਕਿ ਜਦ ਤੱਕ ਮੈਂ ਕੇਵਲ ਗਿਆਨ ਪ੍ਰਾਪਤ ਨਹੀਂ ਕਰ ਲਵਾਂਗਾ, ਤਦ ਤੱਕ ਸਾਮੂਹਿਕ ਮਿਲਾਪ ਤੋਂ ਅੱਲਗ ਰਹਾਂਗਾ । ਇਕਾਂਤ ਵਿਚ ਵੀਤਰਾਗ ਭਾਵ ਦੀ ਸਾਧਨਾ ਕਰਾਂਗਾ ।"

ਭਗਵਾਨ ਮਹਾਵੀਰ ਦੀ ਤੱਪਸਿਆ ਦਾ ਇਹ ਪ੍ਰਮੁੱਖ ਆਦਰਸ਼ ਸੀ । ਜਿਸ ਕਾਰਨ ਉਨ੍ਹਾਂ ਆਪਣੀ ਤੱਪਸਿਆ ਵਿਚ ਕਠੋਰ ਤੋਂ ਕਠੋਰ ਕਸ਼ਟ ਸਹਿਨ ਕੀਤੇ । ਭਗਵਾਨ ਮਹਾਵੀਰ ਦੀ ਸਾਢੇ ਬਾਰਾਂ ਸਾਲ ਦੀ ਤੱਪਸਿਆ ਦਾ ਵੇਰਵਾ ਜੈਨ ਗ੍ਰੰਥਾਂ ਵਿਚ ਸਿਲਸਿਲੇ ਵਾਰ ਮਿਲਦਾ ਹੈ । ਇਸ ਵੇਰਵੇ ਤੋਂ ਸਾਨੂੰ ਤੱਪਸਿਆ ਦੇ ਨਾਲ ਨਾਲ ਉਸ ਸਮੇਂ ਦੇ ਸਮਾਜ ਤੇ ਧਰਮ ਦੇ ਇਤਿਹਾਸ ਤੇ ਚੰਗਾ ਚਾਨਣਾ ਪੈਂਦਾ ਹੈ ।

ਭਗਵਾਨ ਮਹਾਵੀਰ ਦੇ ਤੱਪਸਿਆ ਬਾਰੇ ਵਰਨਣ ਗਣੀ ਸ੍ਰੀ ਕਲਿਆਨ ਵਿਜੈ ਜੀ ਮਹਾਰਾਜ ਨੇ ਆਵਸ਼ਯਕ ਨਿਰਯੁਕਤੀ ਅਤੇ ਆਵਸ਼ਯਕ ਚੂਰਣੀ ਦੇ ਆਧਾਰ ਤੇ ਕੀਤਾ ਹੈ ।

## ਪਹਿਲਾ ਸਾਲ-

ਸਾਧੂ ਦੀਖਿਆ ਲੈਣ ਦੇ ਛੇਤੀ ਹੀ ਗਿਆਤ ਖੰਡ ਬਾਗ ਛੱਡ ਕੇ, ਸ਼ਾਮ ਹੋਣ ਤੋਂ ਪਹਿਲਾਂ ਭਗਵਾਨ ਮਹਾਵੀਰ ਕਰਮਾਰ ਗ੍ਰਾਮ ਵਿੱਚ ਪਹੁੰਚੇ । ਉੱਥੇ ਰਾਤ ਬਿਤਾਉਣ ਦੇ ਖਿਆਲ ਨਾਲ ਉਹ ਕਾਯੋਤਸਰਗ (ਦੇਹ ਪ੍ਰਤਿ ਮਮਤਾ ਦਾ ਤਿਆਗ) ਧਿਆਨ ਲਗਾ ਕੇ ਸਥਿਰ ਹੋ ਗਏ । ਸ਼ਾਮ ਨੂੰ ਇਕ ਗਵਾਲਾ ਆਪਣੇ ਬਲਦਾਂ ਸਮੇਤ ਉਸ ਥਾਂ ਉੱਪਰ ਆਇਆ, ਜਿੱਥੇ ਭਗਵਾਨ ਮਹਾਵੀਰ ਧਿਆਨ ਲਗਾਈ ਖੜੇ ਸਨ । ਉਹ ਆਪਣੇ ਬਲਦ ਉਸ ਥਾਂ ਤੇ ਛੱਡ ਕੇ ਕਿਸੇ ਜਰੂਰੀ ਕੰਮ ਲਈ ਪਿੰਡ ਚਲਾ ਗਿਆ । ਜਦ ਉਹ ਗਵਾਲਾ ਕੰਮ ਕਰਕੇ ਵਾਪਸ ਆਇਆ ਤਾਂ ਬਲਦ ਉੱਥੇ ਨਹੀਂ ਸਨ । ਉਸਨੇ ਧਿਆਨ ਵਿੱਚ ਖੜੇ ਵਰਧਮਾਨ ਮਹਾਵੀਰ ਨੂੰ ਪੁਛਿਆ । ਭਗਵਾਨ ਮਹਾਵੀਰ ਨੇ ਕੋਈ ਉੱਤਰ ਨਾ ਦਿੱਤਾ । ਇਸ ਤੋਂ ਗਵਾਲੇ ਨੇ ਸੋਚਿਆ, " ਸ਼ਾਇਦ ਇਸ ਸਾਧੂ ਨੂੰ ਮੇਰੇ ਬਲਦਾਂ ਬਾਰੇ ਪਤਾ ਨਹੀਂ " ਉਹ ਬਲਦ ਲੱਭਣ ਲਈ ਜੰਗਲ ਅਤੇ ਪਿੰਡ ਗਿਆ । ਸਾਰੀ ਰਾਤ ਘੁੰਮਣ ਤੇ ਵੀ ਉਸਨੂੰ ਬਲਦ ਨਾ ਮਿਲੇ । ਰਾਤ ਦੇ ਆਖਰੀ ਪਹਿਰ ਜਦ ਉਹ ਭਗਵਾਨ ਮਹਾਵੀਰ ਵਾਲੀ ਥਾਂ ਤੇ ਪੁਜਾ, ਤਾਂ ਉਸਦੇ ਬਲਦ ਉਥੇ ਬੈਠੇ ਸਨ । ਇਹ ਸਭ ਗੱਲ ਵੇਖ ਕੇ ਗਵਾਲੇ ਨੂੰ ਬਹੁਤ ਗੁੱਸਾ ਆ ਗਿਆ । ਉਸਨੇ ਸੋਚਿਆ " ਇਸ ਸਾਧੂ ਨੇ ਹੀ ਮੇਰੇ ਬਲਦ ਚੋਰੀ ਕੀਤੇ ਸਨ ਅਤੇ ਹੁਣ ਇਹ ਮੇਰੇ ਚੋਰੀ ਕੀਤੇ ਬਲਦ ਆਪਣੇ ਕੋਲ ਲਈ ਬੈਠਾ ਹੈ । ਮੈਂ ਇਸਨੂੰ ਜਰੂਰ ਸਜਾ ਦਿਆਂਗਾ । " ਇਸ ਘਟਨਾ ਨੂੰ ਵੇਖ ਕੇ ਗਵਾਲਾ ਗੁਸੇ ਨਾਲ ਪਾਗਲ ਹੋ ਉਠਿਆ । ਉਹ ਭਗਵਾਨ ਮਹਾਵੀਰ ਨੂੰ ਹੱਥ ਵਿੱਚ ਰਸੀ ਫੜ ਕੇ ਮਾਰਨ ਲਈ ਦੋੜਿਆ, ਤਾਂ ਉਸ ਸਮੇਂ ਸਵੱਰਗ ਦੇ ਰਾਜਾ ਇੰਦਰ ਨੇ ਆ ਕੇ ਉਸਨੂੰ ਰੋਕਿਆ ਤੇ ਉਸਨੂੰ ਸਾਰਾ ਹਾਲ ਦਸਿਆ । ਗਵਾਲੇ ਨੂੰ ਪਤਾ ਲਗ ਗਿਆ ਕਿ ਇਹ ਤਾਂ ਰਾਜਕੁਮਾਰ ਵਰਧਮਾਨ ਹਨ । ਉਸਨੇ ਭਗਵਾਨ ਮਹਾਵੀਰ ਤੋਂ ਮੁਆਫੀ ਮੰਗੀ ।

ਫੇਰ ਇੰਦਰ ਨੇ ਭਗਵਾਨ ਮਹਾਵੀਰ ਨੂੰ ਬੇਨਤੀ ਕੀਤੀ " ਭਗਵਾਨ ! ਤੁਹਾਡੇ ਤੇ ਸਾਢੇ ਬਾਰਾਂ ਸਾਲ ਲਗਾਤਾਰ ਕਸ਼ਟ ਆਉਣ ਵਾਲੇ ਹਨ । ਜੇ ਆਖੋ ਤਾਂ ਮੈਂ ਆਪ ਦੀ ਸੇਵਾ ਵਿਚ ਕੋਈ ਦੇਵਤਾ ਨਿਯੁਕਤ ਕਰ ਦੇਵਾਂ, ਜੋ ਆਪ ਨੂੰ ਹਰ ਕਸ਼ਟ ਵਿੱਚ ਸਹਾਇਤਾ ਦੇਵੇਗਾ । "

ਭਗਵਾਨ ਮਹਾਵੀਰ ਨੇ ਉਤਰ ਦਿਤਾ- " ਹੇ ਇੰਦਰ ! ਤੇਰਾ ਇਹ ਆਖਣਾ ਬੇਕਾਰ ਹੈ । ਅੱਜ ਤੱਕ ਜਿੰਨੇ ਵੀ ਅਰਿਹੰਤ-ਤੀਰਥੰਕਰ ਹੋਏ ਹਨ, ਕੋਈ ਵੀ ਕਿਸੇ ਦੀ ਮਦਦ ਨਾਲ ਕੇਵਲ ਗਿਆਨ ਪ੍ਰਾਪਤ ਨਹੀ ਕਰ ਸਕਿਆ । ਜਿੰਨੇ ਵੀ ਤੀਰਥੰਕਰ ਕੇਵਲ ਗਿਆਨ ਪ੍ਰਾਪਤ ਕਰਦੇ ਹਨ, ਉਹ ਆਪਣੇ ਉਦਮ, ਸ਼ਕਤੀ, ਵੀਰਜ (ਆਤਮ ਸ਼ਕਤੀ) ਅਤੇ ਪੁਰਸ਼ਾਰਥ ਸਦਕਾ ਹੀ ਕੇਵਲ ਗਿਆਨ ਪ੍ਰਾਪਤ ਕਰਦੇ ਹਨ । "

ਇੰਦਰ, ਭਗਵਾਨ ਮਹਾਵੀਰ ਦੇ ਇਸ ਉੱਤਰ ਤੋਂ ਬਹੁਤ ਖੁਸ਼ ਹੋਇਆ । ਨਮਸਕਾਰ ਕਰਕੇ ਇੰਦਰ ਸਵਰਗ ਨੂੰ ਚਲਾ ਗਿਆ ।

ਦੂਸਰੇ ਦਿਨ ਭਗਵਾਨ ਕਰਮਾਰ ਗ੍ਰਾਮ ਤੋਂ ਕੇ ਕੋਲਾਂਗ ਸ਼ਨੀਵੇਸ਼ ਵਿਖੇ ਪਹੁੰਚੇ । ਉੱਥੇ ਬਹੁਲ ਨਾਂ ਦੇ ਬ੍ਰਾਹਮਣ ਦੇ ਘਰ 2 ਦਿਨਾਂ ਦਾ ਵਰਤ ਖੋਲਿਆ । ਉਸ ਬ੍ਰਾਹਮਣ ਨੇ ਭਗਵਾਨ ਮਹਾਵੀਰ ਨੂੰ ਖੀਰ ਖੁਆ ਕੇ ਸ਼ੁਭ ਕਰਮ ਦਾ ਬੰਧ ਕੀਤਾ ।

ਕੋਲਾਂਗ ਸ਼ਨੀਵੇਸ਼ ਤੋਂ ਭਗਵਾਨ ਮਹਾਵੀਰ ਮੋਰਾਕ ਸ਼ਨੀਵੇਸ਼ ਪਹੁੰਚੇ । ਮੋਰਾਕ ਦੇ ਬਾਹਰ ਦੁਈਜਤ ਨਾਉ ਦਾ ਦੂਸਰੇ ਧਰਮਾਂ ਦੇ ਸਨਿਆਸੀਆਂ ਦਾ ਆਸ਼ਰਮ ਸੀ । ਉਸ ਆਸ਼ਰਮ ਦਾ ਮੁੱਖ ਗੁਰੂ ਭਗਵਾਨ ਮਹਾਵੀਰ ਦੇ ਪਿਤਾ ਦਾ ਮਿੱਤਰ ਸੀ । ਉਹ ਭਗਵਾਨ ਮਹਾਵੀਰ ਨੂੰ ਬਚਪਨ ਦੇ ਸਮੇਂ ਤੋਂ ਹੀ ਜਾਣਦਾ ਸੀ । ਉਹ ਮੁੱਖੀਆ ਭਗਵਾਨ ਮਹਾਵੀਰ ਕੋਲ ਆ ਕੇ ਪ੍ਰਾਰਥਨਾ ਕਰਨ ਲਗਾ " ਰਾਜਕੁਮਾਰ ! ਇਸ ਆਸ਼ਰਮ ਨੂੰ ਆਪਣਾ ਘਰ ਸਮਝੋ । ਨਿਸ਼ਚਿੰਤ ਹੋ ਕੇ ਆਪਣੇ ਵਰਖਾ ਕਾਲ ਦੇ ਚਾਰ ਮਹੀਨੇ ਦਾ ਸਮਾਂ ਇਥੇ ਰਹੋ । " ਇਸ ਆਸ਼ਰਮ ਵਿਚ ਭਗਵਾਨ ਮਹਾਵੀਰ ਇਕ ਦਿਨ ਰਹੇ ਅਤੇ ਕੁਝ ਸਮਾਂ ਆਸ ਪਾਸ ਘੁਮ ਕੇ ਵਰਖਾ ਕਾਲ ਦਾ ਬਾਕੀ ਸਮਾਂ ਬਿਤਾਉਣ ਲਈ ਇਸੇ ਆਸ਼ਰਮ ਵਿਚ ਪਹੁੰਚ ਗਏ । ਆਸ਼ਰਮ ਵਿੱਚ ਉਨ੍ਹਾਂ ਨੂੰ ਇਕ ਝੌਂਪੜੀ ਠਹਿਰਨ ਲਈ ਮਿਲ ਗਈ ।

ਉਸ ਸਾਲ ਵਰਖਾ ਘੱਟ ਹੋਈ । ਘਾਹ ਫੂਸ ਪੈਦਾ ਨਾ ਹੋਣ ਕਰਕੇ ਪਸ਼ੂ, ਡੰਗਰ ਭੁਖੇ ਮਰਨ ਲਗੇ । ਗਊਆ, ਰਿਸ਼ੀਆਂ ਦੀਆਂ ਝੌਂਪੜੀਆਂ ਦੇ ਸੁਕੇ ਘਾਹ ਨੂੰ ਖਾਣ ਲੱਗ ਪਈਆਂ । ਸਾਰੇ ਚੇਲੇ ਉਨ੍ਹਾਂ ਗਊਆਂ ਨੂੰ ਡੰਡਿਆਂ ਨਾਲ ਭਜਾਉਣ ਲਗੇ । ਜਦ ਗਊਆਂ ਭਗਵਾਨ ਮਹਾਵੀਰ ਦੇ ਝੌਂਪੜੀ ਕੋਲ ਪੁਜੀਆਂ ਤਾਂ ਵਰਧਮਾਨ ਮਹਾਵੀਰ ਨੇ ਰਹਿਮ ਖਾ ਕੇ ਉਨ੍ਹਾਂ ਗਊਆਂ ਨੂੰ ਕੁਝ ਨਾ ਕਿਹਾ । ਗਊਆਂ ਵਰਧਮਾਨ ਮਹਾਵੀਰ ਦੀ ਝੌਂਪੜੀ ਖਾ ਗਈਆਂ। ਸਨਿਆਸੀਆਂ ਨੇ ਵਰਧਮਾਨ ਲਈ ਦੂਸਰੀ ਝੌਂਪੜੀ ਉਸਾਰ ਦਿਤੀ । ਇਸ ਵਾਰ ਵੀ ਇਹੋ ਹੋਇਆ । ਸੰਨਿਆਸੀਆਂ ਨੇ ਆਪਣੇ ਮੁਖੀਏ ਕੋਲ ਸ਼ਿਕਾਇਤ ਕੀਤੀ । ਮੁੱਖ ਸਨਿਆਸੀ ਨੇ ਵਰਧਮਾਨ ਨੂੰ ਕਿਹਾ " ਰਾਜਕੁਮਾਰ ! ਹੋਰ ਸਾਧੂਆਂ ਦੀ ਤਰ੍ਹਾਂ ਤੁਹਾਨੂੰ ਵੀ ਆਪਣੀ ਝੌਂਪੜੀ ਦੀ ਰਾਖੀ ਖੁਦ ਕਰਨੀ ਚਾਹੀਦੀ ਹੈ । ਤੁਸੀਂ ਤਾਂ ਰਾਜਕੁਮਾਰ ਹੋ, ਸ਼ਕਤੀਸ਼ਾਲੀ ਹੋ । ਇਸ ਸੰਸਾਰ ਵਿਚ ਤਾਂ ਕਮਜੋਰ ਪਸ਼ੂ ਪੰਛੀ ਵੀ ਆਪਣੇ ਘੌਂਸਲੇ ਦੀ ਰਖਿਆ ਖੁਦ ਕਰਦੇ ਹਨ ।" ਭਗਵਾਨ ਮਹਾਵੀਰ ਨੇ ਸਨਿਆਸੀਆਂ ਨੂੰ ਕੋਈ ਉਤਰ ਨਾ ਦਿਤਾ ।

ਉਨ੍ਹਾਂ ਸੋਚਿਆ " ਮੇਰਾ ਇਥੇ ਰਹਿਣਾ ਬੇਕਾਰ ਹੈ । ਜਿਸ ਮੋਹ ਨੂੰ ਛੱਡ ਕੇ ਆਇਆ ਹਾਂ ਉਹ ਮੋਹ ਨੂੰ ਨਾਲ ਰਖਣਾ ਬੇਵਕੂਫੀ ਹੈ । ਮੋਹ ਜੰਗਲ ਦੇ ਝੌਂਪੜੇ ਦਾ ਹੋਵੇ ਜਾਂ ਮਹਿਲਾਂ ਦਾ, ਮੋਹ ਹੈ । ਮੈਂ ਇਸ ਤੋਂ ਪਰੇ ਰਹਿਣਾ ਹੈ । " ਉਸੇ ਦਿਨ ਭਗਵਾਨ ਮਹਾਵੀਰ ਨੇ 5 ਪ੍ਰਤਿਗਿਆਵਾਂ ਕੀਤੀਆਂ ।

(1) ਮੈਂ ਅਯੋਗ ਜਗ੍ਹਾ ਵਿੱਚ ਨਹੀਂ ਰਹਾਂਗਾ । (2) ਹਮੇਸਾਂ ਧਿਆਨ ਵਿਚ ਰਹਾਂਗਾ (3) ਖਾਸ ਜਰੂਰਤ ਤੋਂ ਬਿਨਾਂ ਹਮੇਸ਼ਾਂ ਮੌਨ (ਚੁੱਪ) ਰਹਾਂਗਾ। (4) ਹੱਥ ਵਿਚ ਭੋਜਨ ਕਰਾਂਗਾ (5) ਗ੍ਰਹਿਸਥ ਦੀ ਮਿੰਨਤ ਖੁਸ਼ਾਮਦ ਨਹੀਂ ਕਰਾਂਗਾ ।

ਇਹ ਪ੍ਰਤਿਗਿਆ ਕਰਕੇ ਭਗਵਾਨ ਮਹਾਵੀਰ ਅਸਥੀ ਗ੍ਰਾਮ ਵਿਖੇ ਸੂਲਪਾਣੀ ਯਕਸ਼ ਦੇ ਮੰਦਰ ਵਿੱਚ ਪੁਜੇ । ਰਾਤ ਹੋਣ ਵਾਲੀ ਸੀ ਪੁਜਾਰੀ ਪੂਜਾ ਕਰਕੇ ਜਾਣ ਲਗਾ ਤਾਂ ਵਰਧਮਾਨ ਮਹਾਵੀਰ ਨੇ ਉਥੇ ਰਾਤ ਠਹਿਰਨ ਦੀ ਇਜਾਜਤ ਮੰਗੀ ।

ਪੁਜਾਰੀ ਤੇ ਪਿੰਡ ਦੇ ਲੋਕਾਂ ਨੇ ਭਗਵਾਨ ਮਹਾਵੀਰ ਨੂੰ ਆਖਿਆ " ਇਸ ਮੰਦਰ ਵਿੱਚ ਠਹਿਰਨਾ ਠੀਕ ਨਹੀਂ ।" ਇਹ ਯਕਸ਼ ਬਹੁਤ ਦੁਸ਼ਟ ਤੇ ਜਾਲਮ ਹੈ । ਕੋਈ ਆਦਮੀ ਇਸ ਮੰਦਰ ਵਿਚ ਸ਼ਾਮ ਨੂੰ ਨਹੀਂ ਠਹਿਰ ਸਕਦਾ । ਰਾਤ ਨੂੰ ਠਹਿਰਨ ਵਾਲੇ ਦੀ ਤਾਂ ਇਹ ਯਕਸ਼ ਜਾਨ ਲੈ ਲੈਂਦਾ ਹੈ ।" ਭਗਵਾਨ ਮਹਾਵੀਰ ਨੇ ਕਿਹਾ " ਤੁਸੀਂ ਇਸ ਗੱਲ ਦੀ ਫਿਕਰ ਨਾ ਕਰੋ । ਮੈਨੂੰ ਤੁਹਾਡੀ ਇਜਾਜਤ ਚਾਹੀਦੀ ਹੈ । ਆਖਰ ਲੋਕਾਂ ਨੇ ਭਗਵਾਨ ਮਹਾਵੀਰ ਨੂੰ ਠਹਿਰਨ ਦੀ ਇਜ਼ਾਜਤ ਦਿਤੀ ।

ਭਗਵਾਨ ਮਹਾਵੀਰ ਸੂਲਪਾਣੀ ਯਕਸ਼ ਦੇ ਮੰਦਰ ਦੇ ਇਕ ਕੋਨੇ ਵਿਚ ਧਿਆਨ ਲਾ ਕੇ ਖੜ ਗਏ । ਮਹਾਵੀਰ ਦੀ ਇਸ ਬਹਾਦਰੀ ਨੂੰ ਉਸ ਯੱਕਸ਼ ਨੇ ਆਪਣੀ ਹੱਤਕ ਸਮਝਿਆ । ਉਸ ਯੱਕਸ਼ ਨੇ ਮਹਾਵੀਰ ਨੂੰ ਮਜਾ ਚਖਾਉਣ ਦਾ ਨਿਸਚਾ ਕੀਤਾ । ਸਭ ਤੋਂ ਪਹਿਲਾਂ ਉਹ ਭਿਅੰਕਰ ਢੰਗ ਨਾਲ ਹਸਿਆ, ਜਿਸ ਨਾਲ ਸਾਰਾ ਜੰਗਲ ਗੂੰਜ ਉਠਿਆ ।

ਫੇਰ ਉਸ ਯਕਸ਼ ਨੇ ਹਾਥੀ ਦਾ ਰੂਪ ਧਾਰਨ ਕੀਤਾ । ਉਸਨੇ ਭਗਵਾਨ ਮਹਾਵੀਰ ਤੇ ਖਤਰਨਾਕ ਢੰਗ ਨਾਲ ਹਮਲੇ ਕਰਨੇ ਸ਼ੁਰੂ ਕਰ ਦਿਤੇ । ਉਨ੍ਹਾਂ (ਭਗਵਾਨ ਮਹਾਵੀਰ) ਦੇ ਸ਼ਰੀਰ ਤੇ ਦੰਦਾਂ ਨਾਲ ਵਾਰ ਕੀਤਾ । ਉਸ ਨੇ ਭੂਤ ਤੇ ਪਿਸ਼ਾਚ ਦਾ ਰੂਪ ਧਾਰਨ ਕਰ ਲਿਆ, ਫੇਰ ਉਸਨੇ ਨਾਗ ਦਾ ਰੂਪ ਧਾਰਨ ਕੀਤਾ । ਭਗਵਾਨ ਮਹਾਵੀਰ ਦੇ ਸ਼ਰੀਰ ਤੇ ਜਗ੍ਹਾ ਜਗ੍ਹਾ ਡੰਗ ਮਾਰੇ । ਸਭ ਕ੍ਰਿਆਵਾਂ ਦੇ ਬਾਵਜੂਦ ਭਗਵਾਨ ਮਹਾਵੀਰ ਆਪਣੇ ਧਿਆਨ ਵਿੱਚ ਅਟਲ ਰਹੇ । ਸਾਰੀ ਰਾਤ ਯਕਸ਼ ਭਗਵਾਨ ਮਹਾਵੀਰ ਦੇ ਸਰੀਰ ਦੇ ਅੰਗਾਂ ਨੂੰ ਨੋਚਦਾ ਰਿਹਾ । ਭਗਵਾਨ ਮਹਾਵੀਰ ਨੇ ਇਨ੍ਹਾਂ ਸਾਰੇ ਕਸ਼ਟਾਂ ਨੂੰ ਸਮਤਾ ਨਾਲ ਸਹਿਨ ਕੀਤਾ । ਆਖਰ ਯਕਸ਼ ਨੂੰ ਆਪਣੀ ਹਾਰ ਮਹਿਸੂਸ ਹੋਈ । ਉਹ ਭਗਵਾਨ ਮਹਾਵੀਰ ਕੋਲ ਆ ਕੇ ਮੁਆਫੀ ਮੰਗਣ ਲੱਗਾ । ਉਸਨੇ ਯਕੀਨ ਦਿਵਾਇਆ ਕਿ ਉਹ ਭਵਿੱਖ ਵਿੱਚ ਕਿਸੇ ਨੂੰ ਤੰਗ ਨਹੀਂ ਕਰੇਗਾ ਅਤੇ ਇਹ ਪਿੰਡ ਵੀ ਛੱਡ ਦੇਵੇਗਾ । ਉਸ ਰਾਤ ਦੇ ਆਖਰੀ ਪਹਿਰ ਵਿਚ ਭਗਵਾਨ ਮਹਾਵੀਰ ਨੂੰ ਇਕ ਮਹੂਰਤ (48 ਮਿੰਟ) ਨੀਂਦ ਆਈ ਉਸੇ ਰਾਤ ਉਨ੍ਹਾਂ 10 ਸੁਪਨੇ ਵੇਖੇ । ਜੋ ਇਸ ਪ੍ਰਕਾਰ ਹਨ (1) ਆਪਣੇ ਹੱਥ ਨਾਲ ਪਿਸ਼ਾਚ ਨੂੰ ਮਾਰਨਾ (2) ਆਪਣੀ ਸੇਵਾ ਕਰਦੇ ਸਫੇਦ ਪੰਛੀ (3) ਸੇਵਾ ਕਰਦੀ ਹੋਈ ਕੋਇਲ (4) ਸੁਗੰਧਤ ਦੇ ਫੁਲਾਂ ਦੇ ਹਾਰ (5) ਸੇਵਾ ਵਿਚ ਹਾਜਰ ਬਲਦ (6) ਫੁਲਾਂ ਨਾਲ ਲਦਿਆ ਕਮਲ ਸਰੋਵਰ (7) ਸਮੁੰਦਰ ਨੂੰ ਤਰਦੇ ਹੋਏ

ਪਾਰ ਕਰਨਾ (8) ਸੂਰਜ ਦੀਆ ਕਿਰਨਾਂ ਦਾ ਫੈਲਾਅ ਵੇਖਣਾ (9) ਆਪਣੀਆਂ ਬਾਹਾਂ ਵਿਚ ਮਾਨੁਸੋਤਰ ਪਰਬਤ ਨੂੰ ਲਪੇਟਨਾ (10) ਮੇਰੂ ਪਰਬਤ ਤੇ ਚੜ੍ਹਨਾ ।

ਇਸ ਸਾਰੇ ਸਾਢੇ ਬਾਰਾਂ ਸਾਲ ਦੇ ਸਮੇਂ ਵਿਚ ਉਨ੍ਹਾਂ ਇੰਨਾ ਸਮਾਂ ਹੀ ਨੀਂਦ ਲਈ। ਉਸ ਪਿੰਡ ਵਿਚ ਇਕ ਭਗਵਾਨ ਪਾਰਸ਼ਵ ਨਾਥ ਦੀ ਪਰੰਪਰਾ ਦਾ ਇਕ ਜੈਨ ਸਾਧੂ ਰਹਿੰਦਾ ਸੀ ਜੋ ਬਾਅਦ ਵਿਚ ਗ੍ਰਹਿਸਥ ਬਣ ਜੋਤਿਸ਼ ਰਾਹੀਂ ਗੁਜਾਰਾ ਕਰਦਾ ਸੀ । ਉਸ ਦਾ ਨਾਂ ਉਤਪਲ ਸੀ । ਜਦ ਉਸਨੇ ਸ਼ੂਲਪਾਣੀ ਦੇ ਮੰਦਰ ਵਿਚ ਭਗਵਾਨ ਮਹਾਵੀਰ ਦੇ ਰਾਤ ਗੁਜਾਰਨ ਦੀ ਗੱਲ ਸੁਣੀ ਤਾਂ ਉਸਨੂੰ ਬਹੁਤ ਫਿਕਰ ਹੋਈ । ਉਹ ਸ਼ੂਲਪਾਣੀ ਮੰਦਰ ਦੇ ਪੁਜਾਰੀ ਇੰਦਰ ਸ਼ਰਮਾ ਨੂੰ ਨਾਲ ਲੈ ਕੇ ਸਵੇਰੇ ਨੂੰ ਮੰਦਰ ਪੁੱਜਾ । ਪਿੰਡ ਵਾਲੇ ਭਗਵਾਨ ਮਹਾਵੀਰ ਨੂੰ ਵੇਖ ਕੇ ਖੁਸ਼ ਹੋਏ ਅਤੇ ਉਨ੍ਹਾਂ ਦੀ ਪੂਜਾ ਕਰਨ ਲਗੇ ।

ਪਿੰਡ ਵਾਲੇ ਦੇ ਸਾਹਮਣੇ ਉਤਪਲ ਜੋਤਸ਼ੀ ਨੇ ਭਗਵਾਨ ਦੇ 10 ਸੁਪਨਿਆਂ ਵਿਚੋਂ 9 ਦਾ ਫਲ ਦਸਿਆ ਜੋ ਇਸ ਪ੍ਰਕਾਰ ਹੈ ।

(1) ਆਪ ਮੋਹਨੀਆ ਕਰਮ ਦਾ ਜਲਦ ਖਾਤਮਾ ਕਰੋਗੇ (2) ਸ਼ੁਕਲ ਧਿਆਨ ਤੁਹਾਡੇ ਨਾਲ ਰਹੇਗਾ । (3) ਆਪ 12 ਅੰਗ ਸ਼ਾਸ਼ਤਰਾਂ ਦੀ ਰਚਨਾ ਕਰੋਗੇ (4) ਇਸ ਸੁਪਨੇ ਦਾ ਫਲ ਉਤਪਲ ਨਾ ਦਸ ਸਕਿਆ (5) ਆਪ ਸਾਧੂ, ਸਾਧਵੀ, ਸ਼੍ਰਾਵਕ ਅਤੇ ਸ਼੍ਰਾਵਿਕਾ ਰੂਪੀ ਤੀਰਥਾਂ ਦੀ ਸਥਾਪਨਾ ਕਰੋਗੇ । (6) ਹਰ ਪ੍ਰਕਾਰ ਦੇ ਦੇਵਤੇ ਤੁਹਾਡੀ ਸੇਵਾ ਕਰਨਗੇ। (7) ਆਪ ਸੰਸਾਰ ਸਮੁੰਦਰ ਨੂੰ ਪਾਰ ਕਰੋਗੇ (8) ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਵੇਗਾ (9) ਤਿੰਨ ਲੋਕਾਂ ਤੱਕ ਤੁਹਾਡਾ ਯਸ਼ ਫੈਲੇਗਾ (10) ਸੋਨੇ ਦੇ ਬਣੇ ਸਿੰਘਾਸਨ ਤੇ ਬੈਠ ਕੇ ਆਪ ਧਰਮ ਉਪਦੇਸ਼ ਕਰੋਗੇ ।

ਚੌਥੇ ਸੁਪਨੇ ਦਾ ਫਲ ਭਗਵਾਨ ਮਹਾਵੀਰ ਨੇ ਆਪ ਦਸਦੇ ਹੋਏ ਫਰਮਾਇਆ "ਮੈਂ ਗ੍ਰਹਿਸਥ ਅਤੇ ਸਨਿਆਸ ਦੋ ਪ੍ਰਕਾਰ ਦੇ ਧਰਮ ਦਾ ਉਪਦੇਸ਼ ਕਰਾਂਗਾ ।" ਇਸ ਪ੍ਰਕਾਰ ਇਸ ਪਹਿਲੇ ਸਾਲ ਵਿਚ ਭਗਵਾਨ ਮਹਾਵੀਰ ਨੇ 15-15 ਵਰਤਾਂ ਦੀਆਂ 8 ਤਪਸਿਆਵਾਂ ਪੂਰੀਆਂ ਕੀਤੀਆਂ ।

## ਦੂਸਰਾ ਸਾਲ–

ਅਸਥੀ ਗ੍ਰਾਮ ਵਿਖੇ ਆਪਣਾ ਵਰਖਾ ਕਾਲ (ਚੌਮਾਸਾ) ਪੂਰਾ ਕਰਕੇ ਭਗਵਾਨ ਮਹਾਵੀਰ ਵਾਚਾਲਾ ਨਗਰੀ ਨੂੰ ਚੱਲ ਪਏ । ਰਾਹ ਵਿਚ ਮੋਰਾਕ ਸ਼ਨੀਵੇਸ਼ ਵਿਚ ਠਹਿਰੇ । ਉਥੇ ਉਨ੍ਹਾਂ ਦੇ ਤਪ ਜਪ ਅਤੇ ਧਿਆਨ ਦੀ ਬਹੁਤ ਮਸ਼ਹੂਰੀ ਹੋ ਗਈ । ਲੋਕਾਂ ਦੀ ਭੀੜ ਉਨ੍ਹਾਂ ਦੇ ਦਰਸ਼ਨਾਂ ਲਈ ਟੁੱਟ ਪਈ । ਉਸੇ ਨਗਰੀ ਵਿਚ ਅਛੱਦਕ ਨਾਂ ਦਾ ਜੋਤਸ਼ੀ ਰਹਿੰਦਾ ਸੀ । ਭਗਵਾਨ ਮਹਾਵੀਰ ਦੀ ਪ੍ਰਸਿੱਧੀ ਕਾਰਣ ਉਸ ਦਾ ਜੋਤਿਸ਼ ਦਾ ਕੰਮ ਠੱਪ ਪੈ ਗਿਆ। ਉਹ ਅਤੇ ਉਸਦਾ ਪਰਿਵਾਰ ਭੁੱਖਾ ਮਰਨ ਲੱਗਾ । ਉਸ ਨੇ ਅਤੇ ਹੋਰ ਜੋਤਸ਼ੀਆਂ ਨੇ ਭਗਵਾਨ

ਮਹਾਵੀਰ ਨੂੰ ਇਸ ਸ਼ਹਿਰ ਨੂੰ ਛਡੱਣ ਦੀ ਬੇਨਤੀ ਕੀਤੀ । ਭਗਵਾਨ ਮਹਾਵੀਰ ਉਨ੍ਹਾਂ ਦੀ ਸਮਸਿਆ ਸਮਝ ਗਏ ਅਤੇ ਉਹ ਉਥੋਂ ਚੱਲ ਪਏ ।

ਵਾਚਾਲਾ ਦੇ ਦੋ ਭਾਗ ਸਨ ਇਕ ਉਤਰ ਵਚਾਲਾ ਅਤੇ ਦੂਸਰੀ ਦਖਨੀ ਵਚਾਲਾ। ਦੋਹਾਂ ਸ਼ਹਿਰਾਂ ਵਿਚਕਾਰ ਸਵਰਨ ਬਾਲੁਕਾ ਅਤੇ ਰੂਪ ਬਾਲੁਕਾ ਨਦੀਆਂ ਵਹਿੰਦੀਆਂ ਸਨ । ਭਗਵਾਨ ਜਦੋਂ ਦਖਣ ਵਚਾਲਾ ਤੋਂ ਉੱਤਰ ਵਚਾਲਾ ਵੱਲ ਜਾ ਰਹੇ ਸਨ । ਉਨ੍ਹਾਂ ਦੇ ਦੇਵਦੂਸ਼ਯ ਕਪੜੇ ਦਾ ਅੱਧਾ ਹਿਸਾ ਇਸ ਸਵਰਨ ਬਾਲੁਕਾ ਦੇ ਕਿਨਾਰੇ ਡਿੱਗ ਪਿਆ । ਜੋ ਉਸ ਬ੍ਰਾਹਮਣ ਨੇ ਚੁੱਕ ਲਿਆ ਜਿਸ ਨੂੰ ਭਗਵਾਨ ਮਹਾਵੀਰ ਨੇ ਪਹਿਲਾਂ ਇਸ ਵਸਤਰ ਦਾ ਅਧਾ ਹਿਸਾ ਦਾਨ ਦਿਤਾ ਸੀ ।

ਉਤਰ ਵਚਾਲਾ ਲਈ ਦੋ ਰਸਤੇ ਸਨ । ਇਕ ਕਨਕਖਲ ਆਸ਼ਰਮ ਪਦ ਵਿਚਕਾਰ ਜਾਂਦਾ ਸੀ । ਦੂਸਰਾ ਉਸ ਦੇ ਬਾਹਰੋ ਬਾਹਰ ਜਾਂਦਾ ਸੀ । ਅੰਦਰਲਾ ਰਾਹ ਠੀਕ ਹੋਣ ਤੇ ਵੀ ਖਤਰਨਾਕ ਤੇ ਉਜਾੜ ਸੀ, ਬਾਹਰ ਦਾ ਰਾਹ ਲੰਬਾ ਸੀ, ਪਰ ਖਤਰੇ ਤੋਂ ਰਹਿਤ ਸੀ । ਭਗਵਾਨ ਮਹਾਵੀਰ ਨੇ ਅੰਦਰਲੇ ਰਾਹ ਤੋਂ ਜਾਣ ਦਾ ਫੈਸਲਾ ਕੀਤਾ । ਇੱਥੇ ਲੋਕਾਂ ਨੇ ਉਨ੍ਹਾਂ ਨੂੰ ਦਸਿਆ " ਭਾਵੇਂ ਇਹ ਰਾਹ ਫਾਸਲੇ ਵਿਚ ਘੱਟ ਹੈ, ਪਰ ਖਤੱਰਨਾਕ ਹੈ । ਇੱਥੇ ਇਕ ਜਹਿਰੀਲਾ ਸੱਪ ਰਹਿੰਦਾ ਹੈ ਜਿਸ ਦੀਆਂ ਅੱਖਾਂ ਵਿੱਚ ਜਹਿਰ ਹੈ । ਉਸ ਦੇ ਜਹਿਰ ਕਾਰਨ ਮੱਨੁਖ ਤਾਂ ਕੀ, ਜੰਗਲ ਦੇ ਦਰਖਤ ਵੀ ਸੜ ਗਏ ਹਨ । ਇਸ ਲਈ ਹੇ ਰਾਜਕੁਮਾਰ ! ਤੁਸੀਂ ਲੰਬੇ ਰਸਤੇ ਜਾਵੋ, ਜੋ ਸੁਰਖਿਤ ਹੈ ।" ਭਗਵਾਨ ਮਹਾਵੀਰ ਨੂੰ ਸ਼ਰੀਰ ਪ੍ਰਤਿ ਕੋਈ ਮੋਹ ਨਹੀਂ ਸੀ । ਉਨ੍ਹਾਂ ਨੇ ਸੱਪ ਦੀ ਖੁੱਡ ਵਾਲਾ ਰਾਹ ਚੁਣਿਆ । ਉਹ ਸੱਪ ਦੀ ਖੁੱਡ ਉਪਰ ਧਿਆਨ ਲਗਾ ਕੇ ਖੜ ਗਏ । ਸੱਪ ਨੂੰ ਬਹੁਤ ਹੈਰਾਨੀ ਹੋਈ । ਉਹ ਸੋਚਣ ਲਗਾ " ਅਜ ਤਕ ਮੇਰੇ ਜਹਿਰ ਤੋਂ ਮੱਨੁਖ ਤਾਂ ਕੀ, ਦਰਖਤ ਵੀ ਸੜ ਜਾਂਦੇ ਹਨ । ਇਸ ਆਦਮੀ ਦੀ ਇਹ ਹਿੰਮਤ ਕਿਵੇਂ ਹੋਈ, ਕਿ ਮੇਰੀ ਖੁੱਡ ਤੇ ਖੜ ਕੇ ਧਿਆਨ ਕਰੇ ?" ਉਹ ਸੱਪ ਨੂੰ ਗੁਸਾ ਆ ਗਿਆ ਉਸਨੇ ਭਗਵਾਨ ਮਹਾਵੀਰ ਦੇ ਪੈਰ ਦੇ ਅੰਗੂਠੇ ਤੇ ਪੂਰੀ ਸ਼ਕਤੀ ਨਾਲ ਤਿੰਨ ਹਮਲੇ ਕੀਤੇ । ਇਹ ਤਿੰਨੇ ਹਮਲੇ ਬੇਕਾਰ ਰਹੇ । ਖੂਨ ਦੀ ਥਾਂ ਤੇ ਦੁਧ ਦੀ ਧਾਰ ਵਹਿ ਰਹੀ ਸੀ । ਸੱਪ ਹੈਰਾਨ ਤੇ ਪਰੇਸ਼ਾਨ ਸੀ ।

ਕੁਝ ਚਿਰ ਬਾਅਦ ਭਗਵਾਨ ਮਹਾਵੀਰ ਨੇ ਉਸ ਸੱਪ ਨੂੰ ਆਖਿਆ " ਚੰਡ ਕੋਸ਼ਿਕ ! ਸਮਝ ਤੋਂ ਕੰਮ ਲੈ " ਇਹ ਸ਼ਬਦ ਸੁਣਦਿਆਂ ਹੀ ਸੱਪ ਨੂੰ ਆਪਣਾ ਪਿਛਲਾ ਜਨਮ ਯਾਦ ਆ ਗਿਆ । ਉਹ ਸੱਪ ਸੋਚ ਸਮੁੰਦਰ ਵਿਚ ਡੁਬ ਗਿਆ । ਉਹ ਸੋਚਣ ਲਗਾ " ਮੈਂ ਇਹ ਨਾਉ ਪਹਿਲਾਂ ਵੀ ਕਿਤੇ ਸੁਣਿਆ ਜਰੂਰ ਹੈ ।" ਫੇਰ ਉਸਨੂੰ ਪਿਛਲਾ ਜਨਮ ਵਿਖਾਈ ਦੇਣ ਲਗਾ । ਇਸ ਜਨਮ ਤੋਂ ਤਿੰਨ ਜਨਮ ਪਹਿਲਾਂ ਉਹ ਇਕ ਸਾਧੂ ਸੀ । ਉਹ ਲਗਾਤਾਰ ਤੱਪਸਿਆ ਕਰਦਾ ਸੀ । ਇਕ ਦਿਨ ਭੋਜਨ ਲਈ ਜਦ ਉਹ ਆਪਣੇ ਚੇਲੇ ਨਾਲ ਸ਼ਹਿਰ ਵਿਚ ਆਇਆ ਤਾਂ ਉਸ (ਚੰਡ ਕੋਸ਼ਿਕ) ਤੋਂ ਚਲਦੇ ਸਮੇਂ ਪੈਰ ਹੇਠਾਂ ਇੱਕ ਡੱਡੂ ਆ ਕੇ ਮਰ ਗਿਆ । ਉਸ ਦੇ ਚੇਲੇ ਨੇ ਚੰਡਕੋਸ਼ਿਕ ਨੂੰ ਵਾਰ-ਵਾਰ ਪਸ਼ਚਾਤਾਪ ਕਰਨ ਲਈ ਕਿਹਾ । ਪਰ

ਗੁਰੂ ਹੋਣ ਦੇ ਹੰਕਾਰ ਵਿਚ, ਉਸਨੇ ਚੇਲੇ ਦੀ ਸ਼ੁਭ ਸਿਖਿਆ ਵੱਲ ਧਿਆਨ ਨਾ ਦਿਤਾ। ਜਦ ਰਾਤ ਦਾ ਸਮਾਂ ਆਇਆ ਤਾਂ ਚੇਲੇ ਨੇ ਫੇਰ ਅਰਜ ਕੀਤੀ " ਗੁਰੂ ਜੀ ! ਤੁਹਾਡੇ ਪੈਰਾਂ ਹੇਠਾਂ ਡੱਡੂ ਆ ਕੇ ਮਰ ਗਿਆ, ਉਸ ਦਾ ਪਸ਼ਚਾਤਾਪ ਕਰ ਲਵੋ ।" ਚੇਲੇ ਦੇ ਵਾਰ-ਵਾਰ ਕਹਿਣ ਤੇ ਚੰਡ ਕੋਸ਼ਿਕ ਨੂੰ ਗੁਸਾ ਆ ਗਿਆ। ਸਿੱਟੇ ਵਜੋਂ ਉਹ ਡੰਡਾ ਲੈ ਕੇ ਚੇਲੇ ਨੂੰ ਮਾਰਨ ਲਈ ਦੌੜਿਆ। ਰਾਤ ਦਾ ਹਨੇਰਾ ਹੋਣ ਕਾਰਨ ਉਸ ਦਾ ਸਿਰ ਖੰਬੇ ਵਿਚ ਜਾ ਟਕਰਾਇਆ। ਇਥੋਂ ਮਰ ਕੇ ਉਹ ਇਕ ਬ੍ਰਾਹਮਣ ਦੇ ਕੋਸ਼ਿਕ ਨਾਂ ਦਾ ਇਕ ਪੁੱਤਰ ਦੇ ਰੂਪ ਵਿਚ ਪੈਦਾ ਹੋਇਆ।

ਬੜਾ ਹੋ ਕੇ ਉਹ ਇਸੇ ਆਸ਼ਰਮ ਵਿਚ ਸਨਿਆਸੀ ਦੇ ਰੂਪ ਵਿਚ ਰਹਿਣ ਲਗਾ। ਇਕ ਦਿਨ ਉਹ ਤਪ ਕਰ ਰਿਹਾ ਸੀ ਤਾਂ ਉਸਨੇ ਵੇਖਿਆ, ਕਿ ਕੁਝ ਰਾਜਕੁਮਾਰ ਉਸ ਦੇ ਆਸ਼ਰਮ ਦੇ ਫਲ ਫੁੱਲ ਉਜਾੜ ਰਹੇ ਸਨ। ਉਸ ਵੇਲੇ ਉਹ ਤਪੱਸਿਆ ਛੱਡ ਕੇ ਉਨ੍ਹਾਂ ਨੂੰ ਮਾਰਨ ਲਈ ਨਠਿਆ। ਰਾਹ ਵਿਚ ਉਹ ਖੂਹ ਵਿਚ ਜਾ ਡਿੱਗਾ। ਜਿਥੋਂ ਮਰ ਕੇ ਉਹ ਸੱਪ ਦੀ ਜੂਨ ਵਿਚ ਪਿਆ।"

ਚੰਡ ਕੋਸ਼ਿਕ ਨੇ ਆਪਣਾ ਪਿਛਲਾ ਜਨਮ ਫਿਲਮ ਦੀ ਤਰ੍ਹਾਂ ਵੇਖ ਲਿਆ ਸੀ। ਉਸ ਨੂੰ ਆਪਣੇ ਕੀਤੇ ਦਾ ਪਸ਼ਚਾਤਾਪ ਹੋਣ ਲੱਗਾ। ਉਸ ਨੇ ਸੋਚਿਆ " ਇਕ ਕਰੋਧ ਕਾਰਣ ਮੈਂ ਨਿਕੰਮੀ ਜੂਨ ਵਿਚ ਪਿਆ ਹਾਂ ਪਰ ਮੈਂ ਹੁਣ ਪਾਪ ਨਹੀਂ ਕਰਾਂਗਾ। ਸਭ ਨਾਲ ਪ੍ਰੇਮ ਕਰਾਂਗਾ, ਗੁੱਸਾ ਛੱਡ ਕੇ ਧਰਮ ਦੀ ਸ਼ਰਨ ਲਵਾਂਗਾ।" ਇਹ ਸੋਚ ਕੇ ਸੱਪ ਖੁੱਡ ਤੋਂ ਬਾਹਰ ਆ ਗਿਆ। ਉਸ ਨੇ ਖਾਣਾ ਪੀਣਾ ਛੱਡ ਦਿੱਤਾ 15 ਦਿਨਾਂ ਦਾ ਵਰਤ ਰੱਖ ਕੇ ਉਸਨੂੰ ਸਵਰਗ ਪ੍ਰਾਪਤ ਹੋਇਆ। ਉਤਰ ਵਚਾਲਾ ਵਿਚ ਜਾ ਕੇ ਭਗਵਾਨ ਮਹਾਵੀਰ ਨੇ 15 ਦਿਨ ਦਾ ਵਰਤ ਖੋਲਿਆ। ਇਸ ਪੁੰਨ ਦਾ ਫਲ ਨਾਗਸੇਨ ਨੂੰ ਮਿਲਿਆ।

ਉਤਰ ਵਚਾਲਾ ਤੋਂ ਚੱਲ ਕੇ ਭਗਵਾਨ ਮਹਾਵੀਰ ਸਵੇਤਾਵਿਕਾ ਹੁੰਦੇ ਹੋਏ, ਸੁਰਭੀਪੁਰ ਨੂੰ ਜਾ ਰਹੇ ਸਨ। ਰਾਹ ਵਿਚ ਪ੍ਰਦੇਸ਼ੀ ਰਾਜੇ ਕੋਲ ਜਾਂਦੇ ਪੰਜ ਨਾਯਕ ਰਾਜਾ ਮਿਲੇ। ਜਿਨ੍ਹਾਂ ਭਗਵਾਨ ਮਹਾਵੀਰ ਦਾ ਬਹੁਤ ਆਦਰ ਸਤਿਕਾਰ ਕੀਤਾ

ਸੁਰਭੀਪੁਰ ਅਤੇ ਰਾਜਗ੍ਰਹਿ ਵਿਚਕਾਰ ਗੰਗਾ ਪੈਂਦੀ ਸੀ। ਭਗਵਾਨ ਮਹਾਵੀਰ ਕਿਸ਼ਤੀ ਤੇ ਚੜ੍ਹ ਗਏ। ਇਸ ਕਿਸ਼ਤੀ ਵਿਚ ਹੋਰ ਮੁਸਾਫਿਰਾਂ ਤੋਂ ਛੁੱਟ ਖੇਮਿਲ ਨਾਂ ਦਾ ਜੋਤਸ਼ੀ ਵੀ ਬੈਠਾ ਸੀ। ਕਿਸ਼ਤੀ ਦੇ ਖਬੇ ਪਾਸੇ ਉਲੂ ਬੋਲਿਆ। ਜੋਤਸ਼ੀ ਨੇ ਕਿਹਾ " ਕੋਈ ਜਾਨ ਲੇਵਾ ਮੁਸੀਬਤ ਆਉਣ ਵਾਲੀ ਹੈ। ਪਰ ਇਸ ਮਹਾਂ ਪੁਰਸ਼ ਕਾਰਣ ਅਸੀਂ ਸਾਰੇ ਬਚ ਜਾਵਾਂਗੇ।"

ਜਦ ਕਿਸ਼ਤੀ ਗੰਗਾ ਵਿਚਕਾਰ ਪਹੁੰਚੀ ਤਾਂ ਬਹੁਤ ਵੱਡਾ ਤੂਫਾਨ ਆਇਆ। ਪਾਣੀ ਬਾਂਸਾਂ ਤੋਂ ਉਪਰ ਉਛਲਿਆ। ਕਿਸ਼ਤੀ ਗੋਤੇ ਖਾਣ ਲਗੀ। ਇਸ ਭਿਆਨਕ ਸਮੇਂ ਭਗਵਾਨ ਮਹਾਵੀਰ, ਇਕ ਕੋਨੇ ਵਿਚ ਧਿਆਨ ਲਾ ਕੇ ਬੈਠ ਗਏ। ਕੁਝ ਸਮੇਂ ਬਾਅਦ ਤੂਫਾਨ ਠੰਡਾ ਹੋ ਗਿਆ। ਲੋਕਾਂ ਦੇ ਮਨ ਨੂੰ ਚੈਨ ਮਿਲਿਆ। ਇਸ ਤੂਫਾਨ ਦਾ ਕਾਰਣ ਭਗਵਾਨ

ਮਹਾਵੀਰ ਦੇ ਤੀਰਪ੍ਰਿਸ਼ਟ ਵਾਲੇ ਜਨਮ ਦਾ ਮਾਰਿਆ ਸ਼ੇਰ ਸੀ ।(ਜੋ ਦੇਵਤਾ ਬਣ ਕੇ ਭਗਵਾਨ ਮਹਾਵੀਰ ਤੋਂ ਪਿਛਲੇ ਜਨਮ ਦਾ ਬਦਲਾ ਲੈ ਰਿਹਾ ਸੀ)

ਆਖਰਕਾਰ ਕਿਸ਼ਤੀ ਦੇ ਸਭ ਯਾਤਰੀ ਕਿਨਾਰੇ ਤੇ ਉਤਰ ਗਏ । ਭਗਵਾਨ ਮਹਾਵੀਰ ਉਥੋਂ ਥੁਣਾਕ ਸ਼ਨੀਵੇਸ਼ ਵਿਚ ਪਹੁੰਚੇ । ਉਹ ਫੇਰ ਧਿਆਨ ਮਗਨ ਹੋ ਗਏ । ਜਿਸ ਰਸਤੇ ਭਗਵਾਨ ਮਹਾਂਵੀਰ ਗੁਜਰੇ ਸਨ, ਉਸ ਰਸਤੇ ਪੁਸ਼ਯ ਨਾਂ ਦਾ ਇਕ ਜੋਤਸ਼ੀ ਵੀ ਆ ਰਿਹਾ ਸੀ । ਉਸਨੇ ਪੈਰਾਂ ਦੇ ਨਿਸ਼ਾਨ ਵੇਖ ਕੇ ਅੰਦਾਜ਼ਾ ਲਗਾਇਆ " ਇਥੋਂ ਦੀ ਕੋਈ ਜਰੂਰ ਹੀ ਚਕਰਵਰਤੀ ਲੰਘਿਆ ਹੈ । ਉਹ ਮੁਸੀਬਤ ਕਾਰਣ ਸ਼ਾਇਦ ਜੰਗਲ ਵਿਚ ਪੈਦਲ ਘੁਮ ਰਿਹਾ ਹੈ । ਮੈਂ ਜਾ ਕੇ ਉਸ ਦੀ ਸੇਵਾ ਕਰਾਂ, ਤਾਂਕਿ ਚਕਰਵਰਤੀ ਬਣਨ ਤੇ ਉਹ ਮੇਰੀ ਗਰੀਬੀ ਦੂਰ ਕਰ ਦੇਵੇਗਾ ਅਤੇ ਮੇਰੇ ਭਾਗ ਖੁਲ੍ਹ ਜਾਣਗੇ ।" ਪੁਸ਼ਯ ਜਦ ਥੁਣਾਕ ਸ਼ਨੀਵੇਸ਼ ਵਿਖੇ ਪਹੁੰਚਿਆ ਤਾਂ ਉਹ ਭਗਵਾਨ ਮਹਾਵੀਰ ਨੂੰ ਵੇਖ ਕੇ ਹੈਰਾਨ ਹੋ ਗਿਆ । ਉਹ ਸੋਚਣ ਲਗਾ " ਮੇਰਾ ਜੋਤਿਸ਼ ਸ਼ਾਸ਼ਤਰ ਝੂਠਾ ਹੈ । ਮੈਂ ਅੱਜ ਹੀ ਘਰ ਜਾ ਕੇ ਆਪਣੇ ਸਾਰੇ ਗ੍ਰੰਥ ਖਤਮ ਕਰ ਦੇਵਾਂਗਾ । ਮੈਂ ਜਿਸ ਮੱਨੁਖ ਨੂੰ ਚੱਕਰਵਰਤੀ ਸਮਝਦਾ ਸੀ ਉਹ ਤਾਂ ਦਰ ਦਰ ਮੰਗਣ ਵਾਲਾ ਭਿਖਾਰੀ ਹੈ ।" ਪਰ ਉਸ ਸਮੇਂ ਉਸ ਦੇ ਮਨ ਦਾ ਸ਼ੱਕ ਦੂਰ ਹੋ ਗਿਆ । ਜਦ ਉਸਨੂੰ ਇਹ ਪਤਾ ਲਗਾ ਕਿ " ਇਹ ਮੱਨੁਖ ਕੋਈ ਸਾਧਾਰਨ ਮੱਨੁਖ ਨਹੀਂ ਸਗੋਂ ਇਹ ਤਾਂ ਧਰਮ ਚੱਕਰਵਰਤੀ ਹੈ । ਜਿਸ ਦੀ ਸੰਸਾਰ ਦੇ ਚੱਕਰਵਰਤੀ ਅਤੇ ਸਵਰਗਾਂ ਦੇ ਇੰਦਰ ਪੂਜਾ ਕਰਦੇ ਹਨ ।"

## ਗੋਸ਼ਾਲਕ ਨਾਲ ਮੁਲਾਕਾਤ

ਭਗਵਾਨ ਮਹਾਵੀਰ ਥੁਣਾਕ 'ਚੋਂ ਚੱਲ ਕੇ ਰਾਜ ਗ੍ਰਹਿ ਪਹੁੰਚੇ । ਸ਼ਹਿਰ ਤੋਂ ਬਾਹਰ ਨਾਲੰਦਾ ਵਿਖੇ ਇਕ ਜੁਲ੍ਹਾਹੇ ਦੇ ਕਾਰਖਾਨੇ ਵਿਚ ਭਗਵਾਨ ਮਹਾਵੀਰ ਨੇ ਆਪਣਾ ਚੌਮਾਸਾ ਗੁਜਾਰਿਆ । ਇਥੇ ਹੀ ਉਨ੍ਹਾਂ ਦੀ ਭੇਂਟ ਮੰਖਲੀ ਪੁੱਤਰ ਗੋਸ਼ਾਲਕ ਨਾਲ ਹੋਈ । ਉਹ ਭਗਵਾਨ ਮਹਾਵੀਰ ਨੂੰ ਗੁਰੂ ਮੰਨਣ ਲੱਗਾ । ਪਰ ਮਹਾਵੀਰ ਨੇ ਕੋਈ ਉਤਰ ਨਾ ਦਿਤਾ । ਕੱਤਕ ਪੂਰਨਮਾਸ਼ੀ ਨੂੰ ਉਸਨੇ ਭਗਵਾਨ ਮਹਾਵੀਰ ਤੋਂ ਪੁਛਿਆ " ਅੱਜ ਮੈਨੂੰ ਭੋਜਨ ਵਿਚ ਕੀ ਮਿਲੇਗਾ ?" ਭਗਵਾਨ ਮਹਾਵੀਰ ਨੇ ਕਿਹਾ " ਬਾਸੀ ਭੋਜਨ, ਖੱਟੀ ਲਸੀ ਅਤੇ ਖੋਟਾ ਰੁਪਿਆ" । ਗੋਸ਼ਾਲਕ ਭਗਵਾਨ ਮਹਾਵੀਰ ਦੀ ਭਵਿੱਖਬਾਣੀ ਝੂਠੀ ਠਹਿਰਾਨ ਲਈ ਕੋਸ਼ਿਸ਼ ਕਰਨ ਲੱਗਾ । ਉਹ ਉਸ ਦਿਨ ਅਮੀਰਾਂ ਦੇ ਘਰ ਮੰਗਣ ਗਿਆ । ਉਨ੍ਹਾਂ ਦੇ ਘਰੋਂ ਉਸਨੂੰ ਕੁਝ ਨਾ ਮਿਲਿਆ । ਦੁਪਿਹਰ ਤੋਂ ਬਾਅਦ ਇਕ ਮਜਦੂਰ ਨੇ ਉਸਨੂੰ ਆਪਣਾ ਬਾਸੀ ਭੋਜਨ ਤੇ ਖੱਟੀ ਲੱਸੀ ਦਿੱਤੀ ਅਤੇ ਖੋਟਾ ਰੁਪਿਆ ਦੱਛਣਾ ਦੇ ਰੂਪ ਵਿਚ ਦਿੱਤਾ ।

ਗੋਸ਼ਾਲਕ ਦੇ ਮਨ ਤੇ ਇਸ ਘਟਨਾ ਦਾ ਡੂੰਘਾ ਅਸਰ ਹੋਇਆ । ਉਹ ਸੋਚਣ ਲੱਗਾ " ਹੋਣੀ ਕਦੇ ਨਹੀਂ ਟਲਦੀ ਜੋ ਹੋਣਾ ਹੈ ਉਹ ਪਹਿਲਾ ਤੋਂ ਨਿਸਚਿਤ ਹੈ ।"

ਚੌਮਾਸਾ ਖਤਮ ਕਰਕੇ, ਭਗਵਾਨ ਮਹਾਵੀਰ ਨਾਲੰਦਾ ਤੋਂ ਰਾਜਗ੍ਰਹਿ ਦੇ ਕੋਲ ਕੋਲਾਂਗ ਸ਼ਨੀਵੇਸ਼ ਵਿਖੇ ਪਹੁੰਚੇ । ਉੱਥੇ ਉਨ੍ਹਾਂ ਬਹੁਲ ਬ੍ਰਾਹਮਣ ਕਲ ਇਕ ਮਹੀਨੇ ਦੀ ਤੱਪਸਿਆ ਦਾ ਵਰਤ ਖੋਲਿਆ ।

ਨਾਲੰਦਾ ਤੋਂ ਭਗਵਾਨ ਮਹਾਵੀਰ ਇਕਲੇ ਚਲੇ ਗਏ । ਗੋਸ਼ਾਲਕ ਭਗਵਾਨ ਮਹਾਵੀਰ ਦੀ ਖੋਜ ਵਿਚ ਰਾਜਗ੍ਰਹਿ ਪਹੁੰਚਿਆ । ਅੰਤ ਵਿਚ ਜਦ ਭਗਵਾਨ ਮਹਾਵੀਰ ਨਾ ਮਿਲੇ, ਤਾਂ ਗੋਸ਼ਾਲਕ ਵੀ ਸਿਰ ਮੂੰਹ ਮੁਨਵਾ ਕੇ ਭਗਵਾਨ ਮਹਾਵੀਰ ਦੀ ਤਲਾਸ਼ ਕਰਨ ਲੱਗਾ। ਅੰਤ ਵਿਚ ਗੋਸ਼ਾਲਕ ਕੋਲਾਂਗ ਸ਼ਨੀਵੇਸ਼ ਪਹੁੰਚਿਆ । ਉੱਥੇ ਉਸਨੇ ਇਕ ਤੱਪਸਵੀ ਦੇ ਵਰਤ ਖੋਲਣ ਦੀ ਚਰਚਾ ਸੁਣੀ । ਉਸਨੂੰ ਪੱਕਾ ਭਰੋਸਾ ਹੋ ਗਿਆ ਕਿ ਤੱਪਸਵੀ ਹੋਰ ਕੋਈ ਨਹੀਂ, ਭਗਵਾਨ ਮਹਾਵੀਰ ਹਨ । ਰਸਤੇ ਵਿਚ ਹੀ ਗੋਸ਼ਾਲਕ ਭਗਵਾਨ ਮਹਾਵੀਰ ਨੂੰ ਮਥਾ ਟੇਕ ਕੇ ਬੋਲਿਆ " ਪ੍ਰਭੂ ਤੁਸੀਂ ਮੇਰੇ ਗੁਰੂ ਹੋ ਤੇ ਮੈਂ ਤੁਹਾਡਾ ਚੇਲਾ । " ਗੋਸ਼ਾਲਕ ਦੀ ਪ੍ਰਾਰਥਨਾ ਭਗਵਾਨ ਮਹਾਵੀਰ ਨੇ ਉਸ ਦੀ ਪ੍ਰਾਰਥਨਾਂ ਦਾ ਕੋਈ ਉਤਰ ਨਾ ਦਿੱਤਾ । ਉਹ ਭਗਵਾਨ ਮਹਾਵੀਰ ਦਾ ਚੇਲਾ ਅਖਵਾਉਣ ਲਗਾ ।

## ਤੀਸਰਾ ਸਾਲ–

ਕੋਲਾਂਗ ਸ਼ਨੀਵੇਸ਼ ਤੋਂ ਚੱਲ ਕੇ ਭਗਵਾਨ ਮਹਾਵੀਰ ਗੋਸ਼ਾਲਕ ਨਾਲ ਸਵਰਨਖੱਲ ਵੱਲ ਆ ਰਹੇ ਸਨ । ਰਸਤੇ ਵਿਚ ਉਨ੍ਹਾਂ ਵੇਖਿਆ, ਗਵਾਲੇ ਮਿਲ ਕੇ ਖੀਰ ਬਣਾ ਰਹੇ ਸਨ। ਗੋਸ਼ਾਲਕ ਨੇ ਖੀਰ ਪੱਕਦੀ ਵੇਖ ਕੇ ਭਗਵਾਨ ਨੂੰ ਕਿਹਾ " ਭਗਵਾਨ ! ਆਪਾਂ ਖੀਰ ਖਾ ਕੇ ਜਾਵਾਂਗੇ । " ਭਗਵਾਨ ਨੇ ਕਿਹਾ " ਖੀਰ ਪਕੇਗੀ ਹੀ ਨਹੀਂ, ਪੱਕਣ ਤੋਂ ਪਹਿਲਾਂ ਹਾਂਡੀ ਟੁੱਟ ਜਾਵੇਗੀ । " ਭਗਵਾਨ ਮਹਾਵੀਰ ਦੀ ਭਵਿੱਖਬਾਣੀ ਸੁਣ ਕੇ ਗਵਾਲੇ ਸਾਵਧਾਨ ਹੋ ਗਏ ਅਤੇ ਹਾਂਡੀ ਦੇ ਆਲੇ ਦੁਆਲੇ ਘੇਰਾ ਪਾ ਕੇ ਬੈਠ ਗਏ । ਗੋਸ਼ਾਲਕ, ਭਗਵਾਨ ਮਹਾਵੀਰ ਨੂੰ ਛੱਡ ਕੇ ਆਪ ਗਵਾਲਿਆਂ ਕੋਲ ਚਲਾ ਗਿਆ । ਕੁਝ ਸਮੇਂ ਬਾਅਦ ਭਗਵਾਨ ਮਹਾਵੀਰ ਦੀ ਭਵਿੱਖਬਾਣੀ ਸੱਚ ਨਿਕਲੀ । ਗੋਸ਼ਾਲਕ ਨਿਰਾਸ਼ ਹੋ ਕੇ ਸੋਚਣ ਲੱਗਾ " ਹੋਣੀ ਬਲਵਾਨ ਹੈ ਇਸਨੂੰ ਕੋਈ ਟਾਲ ਨਹੀਂ ਸਕਦਾ । " ਇਸ ਤੋਂ ਬਾਅਦ ਭਗਵਾਨ ਮਹਾਵੀਰ ਅਤੇ ਗੋਸ਼ਾਲਕ ਬ੍ਰਾਹਮਣ ਪਿੰਡ ਆ ਗਏ । ਇਸ ਪਿੰਡ ਦੇ ਦੋ ਉਪ ਭਾਗਾਂ ਦੇ ਨਾਂ ਦੋ ਭਰਾਵਾਂ ਤੇ ਨਾਂ ਤੇ ਸਨ । ਇਕ ਭਾਗ ਦੇ ਮਾਲਕ ਦਾ ਨਾਂ ਨੰਦ ਸੀ । ਦੂਸਰੇ ਦਾ ਨਾਂ ਉਪਨੰਦ ਸੀ । ਭਗਵਾਨ ਮਹਾਵੀਰ ਨੰਦ ਦੇ ਘਰ ਗਏ । ਉਥੇ ਆਪ ਨੂੰ ਭਿਖਿੱਆ ਰੂਪ ਵਿਚ ਬਾਸੀ ਭੋਜਨ ਮਿਲਿਆ। ਗੋਸ਼ਾਲਕ ਦੂਸਰੇ ਭਰਾ ਉਪਨੰਦ ਦੇ ਘਰ ਗਿਆ ਉਥੇ ਉਸਨੂੰ ਬਾਸੀ ਭੋਜਨ ਦੇਣ ਲਈ ਦਾਸੀ ਆਈ । ਗੋਸ਼ਾਲਕ ਨੇ ਬਾਸੀ ਭੋਜਨ ਲੈਣ ਤੋਂ ਇਨਕਾਰ ਕਰ ਦਿਤਾ ।। ਇਸ ਤੇ ਉਪਨੰਦ ਨੇ ਕਿਹਾ " ਜੇ ਲੈਂਦਾ ਹੇ ਲਵੇ, ਨਹੀਂ ਤਾਂ ਭੋਜਨ ਇਸ ਦੇ ਸਿਰ ਤੇ ਸੁੱਟ ਆ । " ਦਾਸੀ ਨੇ ਆਪਣੇ ਮਾਲਕ ਦਾ ਹੁਕਮ ਮੰਨ ਕੇ ਗੋਸ਼ਾਲਕ ਦੇ ਸਿਰ ਤੇ ਬਾਸੀ ਭੋਜਨ ਸੁੱਟ ਦਿੱਤਾ ।

## ਚੌਥਾ ਸਾਲ–

ਬ੍ਰਾਹਮਣ ਪਿੰਡ ਤੋਂ ਭਗਵਾਨ ਮਹਾਵੀਰ ਕੋਲਾਏ ਸ਼ਨੀਵੇਸ਼ ਵਿਖੇ ਇਕ ਖੰਡਰ ਵਿਚ ਰਾਤ ਗੁਜਾਰਨ ਲਈ ਠਹਿਰੇ । ਰਾਤ ਭਰ ਧਿਆਨ ਵਿਚ ਸਥਿਰ ਰਹੇ । ਕੋਲਾਏ ਤੋਂ ਭਗਵਾਨ ਮਹਾਵੀਰ ਪਤਾਲਯ ਵਿਖੇ ਠਹਿਰੇ । ਕੋਲਾਏ ਸ਼ਨੀਵੇਸ਼ ਦੇ ਖੰਡਰ ਵਿਚ ਸਿੰਘ ਨਾਉ ਦਾ ਆਦਮੀ ਆਪਣੀ ਗੋਮਤੀ ਦਾਸੀ ਨਾਲ ਰੰਗਰਲੀਆਂ ਮਨਾ ਰਿਹਾ ਸੀ । ਉਨ੍ਹਾਂ ਗੋਸਾਲਕ ਨੂੰ ਇਸ ਖੰਡਰ ਵਿੱਚ ਵੇਖ ਲਿਆ । ਇੱਥੇ ਗੋਸ਼ਾਲਕ ਨੂੰ ਬਹੁਤ ਕੁੱਟ ਪਈ ।

ਇਕ ਦਿਨ ਗੋਸ਼ਾਲਕ ਨੇ ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ ਮੁਨੀ ਚੰਦਰ ਆਚਾਰੀਆ ਨੂੰ ਵੇਖਿਆ । ਇਸ ਪ੍ਰੰਪਰਾ ਦੇ ਮੁਨੀ ਵਸਤਰ, ਪਾਤਰ ਰਖਦੇ ਸਨ । ਉਹ (ਗੋਸ਼ਾਲਕ) ਮੁਨੀਚੰਦਰ ਆਚਾਰੀਆ ਕੋਲ ਆ ਕੇ ਪੁੱਛਣ ਲੱਗਾ “ ਤੁਸੀਂ ਕੌਣ ਹੋ ? ” ਮੁਨੀਚੰਦਰ ਨੇ ਕਿਹਾ “ ਅਸੀਂ ਭਗਵਾਨ ਪਾਰਸ਼ਵ ਨਾਥ ਦੀ ਪ੍ਰੰਪਰਾ ਦੇ ਸ੍ਰਮਣ (ਸਾਧੂ) ਹਾਂ ” ਗੋਸ਼ਾਲਕ ਨੇ ਮੁਨੀ ਚੰਦਰ ਨੂੰ ਚਿੜਾਉਂਦੇ ਹੋਏ ਆਖਿਆ “ ਤੁਸੀਂ ਕੋਈ ਸਾਧੂ ਹੋ, ਤੁਹਾਡੇ ਪਾਸ ਨਾ ਤੱਪ ਹੈ, ਨਾ ਜੱਪ ਹੈ । ਇੰਨਾ ਪਰਿਗ੍ਰਹਿ (ਵਸਤਰ ਭਾਂਡੇ) ਤੁਹਾਡੇ ਕੋਲ ਹਨ, ਜੈਨ ਪ੍ਰੰਪਰਾ ਦੇ ਸਾਧੂਆਂ ਕੋਲ ਅਜਿਹਾ ਕੁਝ ਕਿਵੇਂ ਹੋ ਸਕਦਾ ਹੈ ? ਤੁਸੀਂ ਝੂਠੇ ਹੋ । ਸੱਚੇ ਸ੍ਰਮਣ ਤਾਂ ਮੇਰੇ ਗੁਰੂ ਭਗਵਾਨ ਮਹਾਵੀਰ ਹਨ । ”

ਗੋਸ਼ਾਲਕ ਦੀ ਇਹ ਗੱਲ ਸੁਣ ਕੇ ਮੁਨੀਚੰਦਰ ਨੂੰ ਗੁਸਾ ਆ ਗਿਆ । ਉਸਨੇ ਕਿਹਾ “ ਜੇਹਾ ਤੂੰ ਪਾਖੰਡੀ ਹੈਂ, ਅਜਿਹਾ ਤੇਰਾ ਗੁਰੂ ਹੋਵੇਗਾ । ”

ਇਹ ਗੱਲ ਸੁਣ ਕੇ ਗੋਸ਼ਾਲਕ ਨੂੰ ਗੁਸਾ ਆ ਗਿਆ ਉਸਨੇ ਕਿਹਾ “ ਜੇ ਮੇਰੇ ਗੁਰੂ ਦੇ ਜੱਪ ਤੱਪ ਵਿਚ ਸ਼ਕਤੀ ਹੈ, ਤਾਂ ਤੁਹਾਡਾ ਉਪਾਸਰਾ (ਠਹਿਰਣ ਦੀ ਜਗਾ) ਜਲ ਜਾਵੇ ।” ਪਰ ਅਜਿਹਾ ਕੁਝ ਨਾ ਹੋਇਆ । ਗੋਸ਼ਾਲਕ ਸੋਚਣ ਲਗਾ “ ਲਗਦਾ ਹੈ ਅਜ ਕਲ ਤੱਪ ਦਾ ਅਸਰ ਘੱਟ ਗਿਆ ਹੈ । ” ਕੁਝ ਦਿਨਾਂ ਬਾਅਦ ਕਿਸੇ ਪਾਗਲ ਘੁਮਾਰ ਨੇ ਮੁਨੀਚੰਦਰ ਨੂੰ ਮਾਰ ਦਿਤਾ, ਮਰਨ ਤੋਂ ਪਹਿਲਾਂ ਮੁਨੀ ਨੂੰ ਅਵਧੀ ਗਿਆਨ ਪ੍ਰਾਪਤ ਹੋ ਗਿਆ । ਮੁਨੀ ਜੀ ਸਵਰਗ ਸਿਧਾਰ ਗਏ । ਸਵਰਗ ਦੇ ਦੇਵਤਾ ਧਰਤੀ ਤੇ ਆਉਣ ਲਗੇ । ਧਰਤੀ ਤੇ ਰੋਸ਼ਨੀ ਛਾ ਗਈ । ਗੋਸ਼ਾਲਕ ਲੋਕਾਂ ਨੂੰ ਆਖਣ ਲਗਾ “ ਵੇਖੋ ਮੇਰੇ ਗੁਰੂ ਦੇ ਜੱਪ, ਤੱਪ ਵਿਚ ਬੜੀ ਸ਼ਕਤੀ ਹੈ । ਉਹ ਸਾਧੂਆਂ ਦਾ ਉਪਾਸਰਾ ਜਲ ਰਿਹਾ ਹੈ ” ਪਰ ਕੁਝ ਸਮੇਂ ਬਾਅਦ ਲੋਕਾਂ ਦਾ ਸ਼ੱਕ ਦੂਰ ਹੋ ਗਿਆ । ਗੋਸ਼ਾਲਕ ਨੇ ਆਪਣੀ ਗੱਲ ਭਗਵਾਨ ਮਹਾਵੀਰ ਨੂੰ ਦੱਸੀ। ਭਗਵਾਨ ਮਹਾਵੀਰ ਨੇ ਗੋਸ਼ਾਲਕ ਦੀ ਭਗਵਾਨ ਪਾਰਸ਼ਵ ਨਾਥ ਦੀ ਸ੍ਰਮਣ ਪ੍ਰੰਪਰਾ ਬਾਰੇ ਸ਼ੰਕਾ ਦੂਰ ਕੀਤੀ ।

ਕੋਲਾਏ ਸ਼ਨੀਵੇਸ਼ ਤੋਂ ਭਗਵਾਨ ਮਹਾਵੀਰ ਪਤਾਲਯ, ਕੁਮਾਰ ਗ੍ਰਾਮ ਹੁੰਦੇ ਹੋਏ, ਚੋਰਾਕ ਸ਼ਨੀਵੇਸ਼ ਪੁਜੇ । ਉਥੇ ਦੇ ਸਿਪਾਹੀਆਂ ਨੇ ਉਨ੍ਹਾਂ ਨੂੰ ਜਾਸੂਸ ਸਮਝ ਕੇ ਪਕੜ ਲਿਆ। ਇਥੇ ਸਿਪਾਹੀਆਂ ਨੇ ਦੋਹਾਂ ਨੂੰ ਕਾਫੀ ਤੰਗ ਅਤੇ ਪਰੇਸ਼ਾਨ ਕੀਤਾ । ਪਰ ਭਗਵਾਨ ਮਹਾਵੀਰ

ਅਤੇ ਗੋਸ਼ਾਲਕ ਦੋਵੇਂ ਚੁੱਪ ਰਹੇ । ਜਦ ਇਸ ਗੱਲ ਦਾ ਪਤਾ ਸੋਮਾ ਅਤੇ ਜੈਅੰਤੀ ਸਾਧਵੀਆਂ ਨੂੰ ਲਗਾ, ਤਾਂ ਉਨ੍ਹਾਂ ਘਟਨਾ ਵਾਲੀ ਜਗ੍ਹਾ ਤੇ ਪਹੁੰਚ ਕੇ ਦੋਹਾਂ ਨੂੰ ਛੁੜਾਇਆ । ਇਹ ਦੋਵੇਂ ਪਹਿਲਾਂ ਭਗਵਾਨ ਪਾਰਸ਼ਵ ਨਾਥ ਦੇ ਸਾਧਵੀ ਸੰਪਰਦਾਏ ਦੀਆਂ ਚੇਲੀਆਂ ਸਨ, ਪਰ ਬਾਅਦ ਵਿੱਚ ਪਰਿਵਰਾਜਕ ਸਾਧਵੀਆਂ ਬਣ ਗਈਆਂ ਸਨ । ਸੋਮਾ ਤੇ ਜੈਅੰਤੀ ਤੋਂ ਭਗਵਾਨ ਮਹਾਵੀਰ ਦੀ ਜਾਣਕਾਰੀ ਸੁਣ ਕੇ ਸਿਪਾਹੀਆਂ ਨੇ ਦੋਹਾਂ ਨੂੰ ਆਦਰ ਸਤਿਕਾਰ ਨਾਲ ਛੱਡ ਦਿੱਤਾ । ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਚੰਪਾ ਨਗਰੀ ਵਿਖੇ ਕੀਤਾ ।

## ਪੰਜਵਾਂ ਸਾਲ

ਚੋਰਾਕ ਸ਼ਨੀਵੇਸ਼ ਤੋਂ ਚੱਲ ਕੇ ਭਗਵਾਨ ਨੇ ਚੌਥਾ ਚੋਮਾਸਾ ਪਰਿਸ਼ਟ ਚੰਪਾ ਵਿਖੇ ਕੀਤਾ । ਇਥੇ ਇਕ ਗਰੀਬ ਸੇਠ ਜੀਰਨ, ਭਗਵਾਨ ਮਹਾਵੀਰ ਨੂੰ ਹਰ ਰੋਜ ਵਰਤ ਖੋਲਣ ਦੀ ਬੇਨਤੀ ਕਰਦਾ ਸੀ । ਭਗਵਾਨ ਨੇ ਉਸ ਦੀ ਇੱਛਾ ਪੂਰੀ ਕੀਤੀ । ਉਥੋਂ ਭਗਵਾਨ ਮਹਾਵੀਰ ਕਯੰਗਲਾ ਨਗਰ ਗਏ । ਜਿਥੇ ਮਾਘ ਦੇ ਮਹੀਨੇ ਇਕ ਗਰੀਬ ਇਸਤਰੀ ਗਾਣਾ ਗਾ ਰਹੀ ਸੀ । ਗੋਸ਼ਾਲਕ ਉਸਨੂੰ ਵੇਖ ਕੇ ਹੱਸ ਪਿਆ । ਇਹ ਔਰਤ ਗਰੀਬ ਹੋਣ ਦੇ ਨਾਲ ਨਾਲ ਬੁੱਢੀ ਵੀ ਸੀ . ਲੋਕਾਂ ਨੇ ਗੋਸ਼ਾਲਕ ਨੂੰ ਕੁੱਟਣਾ ਸ਼ੁਰੂ ਕਰ ਦਿਤਾ, ਪਰ ਭਗਵਾਨ ਮਹਾਵੀਰ ਦਾ ਚੇਲਾ ਸਮਝ ਕੇ ਛੱਡ ਦਿੱਤਾ ।

ਕੰਯਗੱਲਾ ਵਿਚ ਦਰਿਧੇਰ ਨਾਮੀ ਪਾਖੰਡੀ ਸਾਧੂ ਰਹਿੰਦੇ ਸਨ । ਇਹ ਸਾਧੂ ਸ਼ਾਦੀ-ਸ਼ੁਦਾ ਅਤੇ ਜ਼ਮੀਨ ਜਾਇਦਾਦ ਦੇ ਮਾਲਕ ਸਨ । ਭਗਵਾਨ ਮਹਾਵੀਰ ਉਨ੍ਹਾਂ ਦੇ ਮੰਦਰ ਵਿਚ ਇਕ ਰਾਤ ਰਹੇ । ਉਸ ਰਾਤ ਉਨ੍ਹਾਂ ਦਾ ਕੋਈ ਧਾਰਮਿਕ ਜਲਸਾ ਸੀ । ਮਰਦ, ਬਚੇ ਅਤੇ ਇਸਤਰੀਆਂ ਮੰਦਰ ਵਿੱਚ ਨੱਚ ਰਹੇ ਸਨ । ਬਾਜੇ ਵੱਜ ਰਹੇ ਸਨ । ਭਗਵਾਨ ਮਹਾਵੀਰ ਉਸ ਮੰਦਰ ਦੇ ਇਕ ਕੋਨੇ ਵਿਚ ਧਿਆਨ ਲਗਾ ਕੇ ਬੈਠ ਗਏ ।

ਗੋਸ਼ਾਲਕ ਮੰਦਰ ਦੇ ਅੰਦਰ ਆ ਕੇ ਨਾਚ ਗਾਣਾ ਵੇਖਣ ਲੱਗਾ । ਉਸ ਰਾਤ ਕੜਾਕੇ ਦੀ ਠੰਡ ਸੀ । ਕੁਝ ਸਮੇਂ ਬਾਅਦ ਗੋਸ਼ਾਲਕ ਉਨ੍ਹਾਂ ਦੇ ਧਰਮ ਦੀ ਨਿੰਦਾ ਕਰਨ ਲੱਗਾ। ਲੋਕਾਂ ਨੇ ਗੋਸ਼ਾਲਕ ਨੂੰ ਚੁੱਕ ਕੇ ਬਾਹਰ ਸੁੱਟ ਦਿੱਤਾ । ਉਹ ਠੰਡ ਵਿਚ ਕੰਬਣ ਲਗਾ। ਕੁਝ ਸਮੇਂ ਬਾਅਦ ਉਸ ਮੰਦਰ ਦੇ ਪੁਜਾਰੀ ਨੇ ਲੋਕਾਂ ਨੂੰ ਕਿਹਾ " ਇਹ ਆਦਮੀ ਧਿਆਨ ਕਰ ਰਹੇ ਆਦਮੀ ਦਾ ਸੇਵਕ ਹੈ । ਇਸ ਨੂੰ ਅੰਦਰ ਬੈਠ ਜਾਣ ਦਿਓ ਅਤੇ ਨਾਲ ਹੀ ਬਾਜੇ ਜੋਰ ਨਾਲ ਵਜਾਓ ਤਾਂਕਿ ਇਸ ਆਦਮੀ ਦੀ ਬਕਵਾਸ ਨਾ ਸੁਣੇ । " ਲੋਕਾਂ ਨੇ ਮੰਦਰ ਦੇ ਪੁਜਾਰੀ ਦੀ ਗੱਲ ਮੰਨ ਲਈ । ਗੋਸ਼ਾਲਕ ਨੂੰ ਮੰਦਰ ਵਿਚ ਫੇਰ ਜਗ੍ਹਾ ਮਿਲ ਗਈ ।

ਕੰਯਗੱਲਾ ਤੋਂ ਭਗਵਾਨ ਮਹਾਵੀਰ ਸ਼੍ਰਾਵਸਤੀ ਗਏ । ਉਥੇ ਉਨ੍ਹਾਂ ਕਾਯੋਤਸਰਗ (ਧਿਆਨ) ਤੱਪ ਕੀਤਾ । ਉਥੋਂ ਭਗਵਾਨ ਮਹਾਵੀਰ ਫੇਰ ਹਰੀਦੁਗ ਪਿੰਡ ਗਏ । ਇੱਥੇ ਹਰੀਦੁਗ ਨਾਂ ਦਾ ਇਕ ਦਰਖਤ ਸੀ, ਜਿਸ ਦੇ ਹੇਠਾਂ ਭਗਵਾਨ ਮਹਾਵੀਰ ਤੇ ਗੋਸ਼ਾਲਕ ਨੇ ਇਕ ਰਾਤ ਗੁਜਾਰੀ । ਉੱਥੇ ਕੁਝ ਯਾਤਰੀ ਲੋਕ ਵੀ ਠਹਿਰੇ ਹੋਏ ਸਨ । ਜਿਨ੍ਹਾਂ ਰਾਤ ਨੂੰ

ਅੱਗ ਜਲਾਈ ਹੋਈ ਸੀ । ਉਹ ਲੋਕ ਸਵੇਰ ਹੋਣ ਤੋਂ ਪਹਿਲਾਂ ਹੀ ਖਿਸਕ ਗਏ । ਅੱਗ ਉਸੇ ਤਰ੍ਹਾਂ ਜਲ ਰਹੀ ਸੀ । ਭਗਵਾਨ ਮਹਾਵੀਰ ਧਿਆਨ ਵਿਚ ਮਗਨ ਸਨ । ਅਚਾਨਕ ਇਕ ਤੇਜ਼ ਹਵਾ ਆਈ । ਅੱਗ ਤੇਜੀ ਨਾਲ ਭਗਵਾਨ ਮਹਾਵੀਰ ਦੇ ਪੈਰਾ ਵੱਲ ਵਧ ਗਈ। ਇਸ ਅੱਗ ਕਾਰਣ ਭਗਵਾਨ ਮਹਾਵੀਰ ਦੇ ਪੈਰ ਝੁਲਸ ਗਏ । ਇਹ ਅਗਨੀ ਕਾਂਡ ਵੇਖ ਕੇ ਗੋਸ਼ਾਲਕ ਉਥੋ ਭੱਜ ਗਿਆ ।

ਦੁਪਿਹਰ ਸਮੇਂ ਭਗਵਾਨ ਮਹਾਵੀਰ ਨੰਗਲਾ ਪਿੰਡ ਦੇ ਵਾਸਦੇਵ ਦੇ ਮੰਦਰਾ ਵਿੱਚ ਠਹਿਰੇ । ਨੰਗਲਾ ਤੋਂ ਆਵੱਤਾ ਬਲਦੇਵ ਦੇ ਮੰਦਰ ਵਿਚ ਠਹਿਰੇ । ਅਵੱਤਾ ਤੋਂ ਭਗਵਾਨ ਮਹਾਵੀਰ ਅਤੇ ਗੋਸ਼ਾਲਕ ਚੋਰਾਏ ਸਨੀਵੇਸ਼ ਹੁੰਦੇ ਹੋਏ ਕਲੂੰਬਕਾ ਸਨੀਵੇਸ਼ ਵਿਖੇ ਪਹੁੰਚੇ ।

ਕਲਬੂੰਕਾ ਵਿਖੇ ਮੇਘ ਅਤੇ ਕਾਲਹਸਤੀ ਦੋ ਡਾਕੂ ਰਹਿੰਦੇ ਸਨ । ਉਹ ਪਿੰਡ ਦੇ ਜਿਮੀਂਦਾਰ ਹੁੰਦੇ ਹੋਏਵੀ ਆਸ ਪਾਸ ਦੇ ਪਿੰਡਾਂ ਵਿਚ ਡਾਕੇ ਮਾਰਦੇ । ਇਕ ਵਾਰ ਕਾਲਹਸਤੀ ਡਾਕਾ ਮਾਰਨ ਜਾ ਰਿਹਾ ਸੀ, ਤਾਂ ਉਸਨੂੰ ਰਾਹ ਵਿਚ ਭਗਵਾਨ ਮਹਾਵੀਰ ਤੇ ਗੋਸ਼ਾਲਕ ਮਿਲੇ। ਉਨ੍ਹਾਂ ਦੋਹਾਂ ਨੂੰ ਪੁਛਿਆ, " ਤੁਸੀਂ ਕੌਣ ਹੋ ? " ਕੋਈ ਉੱਤਰ ਨਾ ਮਿਲਣ ਤੇ ਉਸਨੇ ਕਾਫੀ ਮਾਰ ਕੁੱਟ ਕੀਤੀ । ਕੁਝ ਸਮੇਂ ਬਾਅਦ ਮੇਘਾ ਉਥੇ ਪਹੁੰਚਿਆ । ਉਸਨੇ ਭਗਵਾਨ ਮਹਾਵੀਰ ਪਛਾਣ ਲਿਆ । ਉਹ ਦੋਵੇਂ ਭਗਵਾਨ ਮਹਾਵੀਰ ਤੋਂ ਮੁਆਫੀ ਮੰਗਣ ਲਗੇ ।

ਇਥੇ ਭਗਵਾਨ ਮਹਾਵੀਰ ਨੇ ਸੋਚਿਆ ਕਿ ਮੇਰੇ ਪਿਛਲੇ ਜਨਮ ਦੇ ਕਰਮਾਂ ਦਾ ਅਜੇ ਕਾਫੀ ਬਕਾਇਆ ਹੈ । ਇਨ੍ਹਾਂ ਕਰਮਾਂ ਦੀ ਨਿਰਜਰਾ (ਝਾੜਨਾ) ਲਈ ਮੈਨੂੰ ਅਨਾਰੀਆ ਦੇਸ਼ ਵਿਚ ਜਾਣਾ ਚਾਹੀਦਾ ਹੈ ।

ਇਹ ਸੋਚ ਕੇ ਭਗਵਾਨ ਮਹਾਵੀਰ ਰਾੜ ਭੂਮੀ ਵੱਲ ਚਲੇ ਗਏ । ਇਸ ਸਮੇਂ ਅਨਾਰਜ ਲੋਕਾਂ ਨੇ ਉਨ੍ਹਾਂ ਨੂੰ ਅਣਗਣਿਤ ਤਕਲੀਫਾਂ ਦਿੱਤੀਆਂ । ਉਨ੍ਹਾਂ ਦੀ ਬੇਇਜਤੀ ਕੀਤੀ ਗਈ, ਮਾਰਿਆ ਕੁਟਿਆ ਗਿਆ । ਉਨ੍ਹਾਂ ਪਿਛੇ ਕੁੱਤੇ ਛੱਡ ਦਿਤੇ ਗਏ । ਉਨ੍ਹਾਂ ਨੂੰ ਪਹਾੜਾਂ ਤੋਂ ਗਿਰਾਇਆ ਗਿਆ । ਆਪ ਇਨ੍ਹਾਂ ਤਕਲੀਫਾਂ ਨੂੰ ਖਿੜੇ ਮਥੇ ਸਹਾਰਦੇ ਰਹੇ ।

ਭਗਵਾਨ ਮਹਾਵੀਰ ਰਾੜ ਭੂਮੀ ਤੋਂ ਵਾਪਸ ਆ ਰਹੇ ਸਨ । ਸਰਹਦੀ ਪਿੰਡ ਪੂਰਨ ਕਲਸ਼ ਵਿਚ ਦੋ ਚੋਰ ਮਿਲੇ । ਜਿਨ੍ਹਾਂ ਆਪ ਨੂੰ ਬੁਰਾ ਸ਼ਗੁਨ ਸਮਝਿਆ । ਜਿਉ ਹੀ ਉਹ ਆਪ ਨੂੰ ਮਾਰਨ ਲਈ ਦੋੜੇ, ਉਸ ਸਮੇਂ ਦੇਵਤਿਆਂ ਦੇ ਰਾਜੇ ਇੰਦਰ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ । ਇਹ ਚੌਮਾਸਾ ਆਪ ਨੇ ਭਦਿੱਲਾ ਨਗਰੀ ਵਿਖੇ ਕੀਤਾ ।

## ਛੇਵਾਂ ਸਾਲ–

ਭਗਵਾਨ ਮਹਾਵੀਰ ਕਯਲੀ ਜੰਬੂਸੰਡ ਹੁੰਦੇ ਹੋਏ ਤੰਬਾਏ ਸ਼ਨੀਵੇਸ਼ ਪਹੁੰਚੇ । ਇਥੇ ਗੋਸ਼ਾਲਕ ਦੀ ਭਗਵਾਨ ਪਾਰਸ਼ਵਨਾਥ ਦੇ ਚੇਲੇ ਨੰਦੀਸੇਨ ਨਾਲ ਬਹਿਸ ਹੋਈ ।

ਛੇਵਾਂ ਚੌਮਾਸਾ ਭਗਵਾਨ ਮਹਾਵੀਰ ਨੇ ਮਲਯ ਦੇਸ਼ ਦੀ ਰਾਜਧਾਨੀ ਭਦਿੱਲਾ ਨਗਰੀ ਵਿਖੇ ਕੀਤਾ । ਇਸ ਚੌਮਾਸੇ ਵਿਚ ਭਗਵਾਨ ਮਹਾਵੀਰ ਨੇ ਭਿੰਨ ਭਿੰਨ ਪ੍ਰਕਾਰ ਦੇ

ਤੱਪ, ਗਿਆਨ ਅਤੇ ਆਸਨ ਕੀਤੇ । ਭੱਦੱਲਾ ਨਗਰ ਤੋਂ ਆਪ ਕੁਪਿਯਸ਼ਨੀਵੇਸ਼ ਗਏ । ਜਿਥੇ ਸਿਪਾਹੀਆਂ ਨੇ ਆਪ ਜੀ ਨੂੰ ਚੋਰ ਸਮਝ ਕੇ ਪਕੜ ਲਿਆ । ਉੱਥੇ ਭਗਵਾਨ ਪਾਰਸ਼ਵਨਾਥ ਦੀ ਪਰੰਪਰਾ ਦੀਆਂ ਵਿਜੇ ਤੇ ਪ੍ਰਗਲਭਾ ਨਾਮ ਦੀਆਂ ਸਾਧਵੀਆਂ ਆ ਗਈਆਂ । ਉਨ੍ਹਾਂ ਸਿਪਾਹੀਆਂ ਨੂੰ ਕਿਹਾ " ਤੁਸੀਂ ਨਹੀਂ ਜਾਣਦੇ ਕਿ ਜਿਸ ਨੂੰ ਤੁਸੀਂ ਪਕੜਿਆ ਹੈ ਉਹ ਰਾਜਕੁਮਾਰ ਵਰਧਮਾਨ ਹੈ । ਜੇ ਇਹ ਗਲ ਸਵੱਰਗ ਦੇ ਦੇਵਤੇ ਇੰਦਰ ਕੋਲ ਪਹੁੰਚ ਗਈ, ਤਾਂ ਤੁਹਾਨੂੰ ਖਤਰਨਾਕ ਸਜ਼ਾ ਮਿਲੇਗੀ । " ਸਿਪਾਹੀਆਂ ਨੇ ਭਗਵਾਨ ਮਹਾਵੀਰ ਤੋਂ ਮੁਆਫੀ ਮੰਗੀ ਅਤੇ ਛੁਡਾ ਦਿੱਤਾ ।

ਇਸ ਤੋਂ ਬਾਅਦ ਭਗਵਾਨ ਕੁਪੀਆਂ ਤੋਂ ਵੈਸ਼ਾਲੀ ਪਹੁੰਚੇ । ਗੋਸ਼ਾਲਕ ਵੀ ਨਾਲ ਸੀ । ਗੋਸ਼ਾਲਕ ਨੇ ਇਥੇ ਭਗਵਾਨ ਮਹਾਵੀਰ ਤੋਂ ਅੱਡ ਹੋਣ ਦਾ ਫੈਸਲਾ ਕਰ ਲਿਆ । ਉਸ ਨੇ ਕਿਹਾ " ਹੇ ਭਗਵਾਨ ! ਮੈਂ ਤੁਹਾਡੇ ਨਾਲ ਨਹੀਂ ਰਹਿ ਸਕਦਾ, ਲੋਕ ਮੈਨੂੰ ਮਾਰਦੇ ਹਨ, ਕੁਟਦੇ ਹਨ, ਬੇਇਜ਼ਤ ਕਰਦੇ ਹਨ, ਤੁਸੀਂ ਮੇਰੀ ਕਿਸੇ ਜਗ੍ਹਾ ਵੀ ਰਖਿਆ ਨਹੀਂ ਕਰਦੇ । ਮੈਂ ਅੱਲਗ ਘੁੰਮਾਂਗਾ । " ਭਗਵਾਨ ਮਹਾਵੀਰ ਨੇ ਗੋਸ਼ਾਲਕ ਦੀ ਕਿਸੇ ਗੱਲ ਦਾ ਜਵਾਬ ਨਾ ਦਿੱਤਾ ।

ਵੈਸ਼ਾਲੀ ਵਿਖੇ ਭਗਵਾਨ ਮਹਾਵੀਰ ਨੇ ਇਕ ਲੋਹਾਰ ਦੇ ਕਾਰਖਾਨੇ ਵਿਚ ਧਿਆਨ ਲਗਾਇਆ । ਇਸ ਕਾਰਖਾਨੇ ਦਾ ਮਾਲਿਕ ਕਈ ਦਿਨ ਬਿਮਾਰ ਰਹਿਣ ਪਿਛੋਂ ਉਸੇ ਦਿਨ ਹੀ ਆਪਣੇ ਕੰਮ ਤੇ ਆਇਆ ਸੀ । ਭਗਵਾਨ ਮਹਾਵੀਰ ਦੇ ਦਰਸ਼ਨ ਨੂੰ ਉਸਨੇ ਅਸ਼ੁਭ ਸਮਝਿਆ । ਉਹ ਭਗਵਾਨ ਮਹਾਵੀਰ ਦੇ ਹੋਥੌੜਾ ਚੁੱਕ ਕੇ ਮਾਰਨ ਲੱਗਾ । ਪਰ ਉਸਦੇ ਪੈਰ ਇਕ ਕਦਮ ਅਗੇ ਨਾ ਵੱਧ ਸਕੇ । ਲੋਹਾਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ । ਉਹ ਭਗਵਾਨ ਮਹਾਵੀਰ ਦੀ ਮਹਿਮਾ ਗਾਣ ਲੱਗਾ ।

ਵੈਸ਼ਾਲੀ ਤੋਂ ਆਪ ਗ੍ਰਾਮਕ ਸ਼ਨੀਵੇਸ਼ ਵਿਚ ਆਏ । ਉਥੇ ਬਾਗ ਵਿਚ ਸਮਾਧੀ ਲਗਾ ਲਈ । ਬਾਗ ਵਿਚ ਵਿਭਲੋਕ ਯਕਸ਼ ਆਪ ਦਾ ਭਗਤ ਬਣ ਗਿਆ ।

ਗ੍ਰਾਮਕ ਸ਼ਨੀਵੇਸ਼ ਤੋਂ ਮਹਾਵੀਰ ਸਵਾਮੀ ਸ਼ਾਲੀਸ਼ੀਰਸ਼ ਵਿਖੇ ਪਧਾਰੇ । ਉੱਥੇ ਪਿਛਲੇ ਜਨਮ ਦੀ ਵੈਰਣ ਕਟ ਪੂਤਨਾ ਦੇਵੀ ਨੇ ਆਪ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ । ਉਸਨੇ ਆਪਣੀਆਂ ਜਟਾਵਾਂ ਨਾਲ ਭਗਵਾਨ ਮਹਾਵੀਰ ਦੇ ਸਰੀਰ ਤੇ ਠੰਡੇ ਪਾਣੀ ਦੇ ਛਿਟੇ ਮਾਰਨੇ ਸ਼ੁਰੂ ਕਰ ਦਿਤੇ । ਫੇਰ ਉਹ ਭਗਵਾਨ ਮਹਾਵੀਰ ਦੇ ਕੰਧੇ ਤੇ ਚੜ੍ਹ ਕੇ ਹਨੇਰੀ 'ਚ ਲਾਉਣ ਲੱਗੀ। ਇਨ੍ਹਾਂ ਘਟਨਾਵਾਂ ਦੇ ਬਾਵਜੂਦ ਭਗਵਾਨ ਅਡੋਲ ਰਹੇ । ਇੰਨਾ ਸਭ ਕੁਝ ਹੁੰਦੇ ਹੋਏ ਵੀ ਹੌਂਸਲਾ ਤੇ ਧੀਰਜ ਨਾ ਛੜਿਆ । ਅੰਤ ਵਿਚ ਕਟਪੂਤਨਾ ਨੂੰ ਆਪਣੀ ਹਾਰ ਮੰਨਣੀ ਪਈ। ਉਸਨੇ ਭਗਵਾਨ ਮਹਾਵੀਰ ਤੋਂ ਖਿਮਾ ਮੰਗੀ । ਇਸ ਸਮੇਂ ਭਗਵਾਨ ਨੂੰ ਲੋਕ ਅਵਧੀ ਗਿਆਨ ਹੋ ਗਿਆ । ਸ਼ਾਲੀਸ਼ੀਰਸ਼ ਤੋਂ ਭਗਵਾਨ ਮਹਾਵੀਰ ਭਦਿਆ ਨਗਰੀ ਵਿਖੇ ਪਹੁੰਚੇ ਇਸ ਸਮੇਂ ਭਗਵਾਨ ਮਹਾਵੀਰ ਨੂੰ ਕੋਈ ਕਸ਼ਟ ਨਾ ਆਇਆ । ਭਗਵਾਨ ਮਹਾਵੀਰ ਦਾ 6ਵਾਂ ਚੌਮਾਸਾ ਭਦਿਆ ਵਿਖੇ ਹੋਇਆ ।

ਇਧਰ ਗੋਸ਼ਾਲਕ ਵੀ ਛੇ ਮਹੀਨੇ ਇੱਕਲਾ ਘੁੰਮਦਾ ਘੁੰਮਦਾ ਭਗਵਾਨ ਮਹਾਵੀਰ ਕੋਲ ਆ ਪੁੱਜਾ । ਇਸ ਚੌਮਾਸੇ ਵਿਚ ਭਗਵਾਨ ਮਹਾਵੀਰ ਨੇ ਭਿੰਨ ਭਿੰਨ ਪ੍ਰਕਾਰ ਦੇ ਤਪ, ਆਸਨ ਅਤੇ ਧਿਆਨ ਕੀਤਾ ।

## ਸਤਵਾਂ ਸਾਲ–

ਸਤਵਾਂ ਚੌਮਾਸਾ ਭਗਵਾਨ ਮਹਾਵੀਰ ਨੇ ਆਲਭਿਆ ਵਿਖੇ ਗੁਜਾਰਿਆ । ਇਥੇ ਵੀ ਗੋਸ਼ਾਲਕ ਭਗਵਾਨ ਮਹਾਵੀਰ ਲਈ ਮੁਸੀਬਤ ਦੀ ਜੜ ਬਣਿਆ ਰਿਹਾ । ਉਹ ਬਲਦੇਵ ਦੇ ਮੰਦਰ ਦੀ ਮੂਰਤੀ ਦਾ ਮਜਾਕ ਉਡਾਉਣ ਲਗਾ । ਇਕ ਲੰਬੇ ਦੰਦ ਵਾਲੇ ਮਨੁੱਖ ਨੂੰ ਵੇਖ ਕੇ ਹੱਸਣ ਲੱਗਾ । ਉਸ ਦੀ ਇਸ ਹਰਕਤ ਕਾਰਣ ਗੋਸ਼ਾਲਕ ਨੂੰ ਲੋਕਾਂ ਨੇ ਬਹੁਤ ਕੁਟਿੱਆ।

## ਅਠਵਾਂ ਸਾਲ–

ਸਤਵਾਂ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਆਲਭੀਆ ਤੋਂ ਕੁਡਾਕ ਸ਼ਨੀਵੇਸ਼ ਹੁੰਦੇ ਹੋਏ ਮਕਨਾ ਸ਼ਨੀਵੇਸ਼ ਪਹੁੰਚੇ । ਉਥੇ ਬਲਦੇਵ ਦੇ ਮੰਦਿਰ ਵਿਚ ਧਿਆਨ ਲਗਾਇਆ। ਮਕਨਾਂ ਤੋਂ ਬਹੁਸਾਲ ਹੁੰਦੇ ਹੋਏ ਲੋਹ ਅਰਗਲਾ ਪਹੁੰਚੇ । ਉਥੇ ਦਾ ਰਾਜਾ ਜਿਤਸ਼ਤਰੂ ਉਨ੍ਹਾਂ ਦਿਨਾਂ ਵਿਚ ਦੁਸ਼ਮਨ ਦੇ ਜਾਸੂਸਾਂ ਤੋਂ ਪਰੇਸ਼ਾਨ ਸੀ । ਉਸ ਦੇ ਸਿਪਾਹੀ ਹਰ ਆਉਣ ਜਾਣ ਵਾਲੇ ਤੇ ਤੇਜ਼ ਨਜਰ ਰਖਦੇ ਸਨ । ਭਗਵਾਨ ਮਹਾਵੀਰ ਨੇ ਮੌਨ ਵਰਤ ਕਾਰਣ ਆਪਣੀ ਕੋਈ ਜਾਣਕਾਰੀ ਨਾ ਦਸੀ । ਸਿਪਾਹੀਆਂ ਨੇ ਭਗਵਾਨ ਮਹਾਵੀਰ ਅਤੇ ਗੋਸ਼ਾਲਕ ਨੂੰ ਜਾਸੂਸ ਸਮਝ ਕੇ ਫੜ ਲਿਆ । ਉਨ੍ਹਾਂ ਨੂੰ ਰਾਜੇ ਅਗੇ ਪੇਸ਼ ਕੀਤਾ । ਪਰ ਉਥੇ ਵੀ ਅਸਥੀਗ੍ਰਾਮ ਨਿਵਾਸੀ ਉਤਪਲ ਜੋਤਸ਼ੀ ਨੇ ਭਗਵਾਨ ਮਹਾਵੀਰ ਨੂੰ ਪਛਾਣ ਲਿਆ । ਉਸ ਨੇ ਰਾਜੇ ਨੂੰ ਕਿਹਾ " ਇਹ ਜਾਸੂਸ ਨਹੀਂ ਹਨ ਇਹ ਤਾਂ ਖੱਤਰੀ ਕੁੰਡ ਨਿਵਾਸੀ ਮਹਾਰਾਜਾ ਸਿਧਾਰਥ ਦੇ ਪੁੱਤਰ ਹਨ । ਅੱਜ ਕੱਲ ਤਪੱਸਿਆ ਕਰ ਰਹੇ ਹਨ । ਸੋ ਇਨ੍ਹਾਂ ਨੂੰ ਇੱਜਤ ਨਾਲ ਛੱਡ ਦੇਵੋ, ਇਹ ਤਾਂ ਧਰਮ ਚੱਕਰਵਰਤੀ ਹਨ । ਤੁਸੀਂ ਸਾਰੇ ਇਨ੍ਹਾਂ ਦੀ ਪੂਜਾ ਅਤੇ ਮਾਨਤਾ ਕਰੋ । " ਜੋਤਸ਼ੀ ਦੀ ਗੱਲ ਸੁਣ ਕੇ ਰਾਜਾ ਜਿਤਸ਼ਤਰੂ ਨੇ ਭਗਵਾਨ ਮਹਾਵੀਰ ਤੇ ਗੋਸ਼ਾਲਕ ਦੋਹਾਂ ਨੂੰ ਛੱਡ ਦਿੱਤਾ ।

ਲੋਹ ਅਰਗਾਲਾਂ ਤੋਂ ਭਗਵਾਨ ਮਹਾਵੀਰ ਪੁਰਿਮਤਾਲ ਨਗਰ ਦੇ ਸ਼ਕਟਮੁਖ ਬਾਗ ਵਿੱਚ ਆਏ, ਇਥੇ ਆਪ ਦਾ ਸਤਿਕਾਰ ਬਗੁਰ ਸ਼੍ਰਾਵਕ ਨੇ ਕੀਤਾ । ਇਥੇ ਉਨ੍ਹਾਂ ਕਈ ਪ੍ਰਕਾਰ ਦਾ ਧਿਆਨ ਅਤੇ ਤਪ ਕੀਤਾ । ਪੁਰਿਮਤਾਲ ਤੋਂ ਉਨਾਗ, ਗੋਭੂਮੀ ਹੁੰਦੇ ਹੋਏ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਪਹੁੰਚੇ । ਇਸ ਜਗ੍ਹਾ ਤੇ ਭਗਵਾਨ ਮਹਾਵੀਰ ਨੇ ਆਪਣਾ ਅਠਵਾਂ ਚੌਮਾਸਾ ਕੀਤਾ । ਇਸ ਚੌਮਾਸੇ ਵਿਚ ਧਿਆਨ ਅਤੇ ਤੱਪਸਿਆ ਵੇਲੇ ਭਗਵਾਨ ਨੇ ਅਣਗਣਿਤ ਕਸ਼ਟ ਝੱਲੇ । ਇਸ ਤੋਂ ਬਾਅਦ ਚੌਮਾਸਾ ਖਤਮ ਹੋਣ ਤੇ ਭਗਵਾਨ ਮਹਾਵੀਰ ਰਾਜਗ੍ਰਹਿ ਤੋਂ ਅਨਾਰੀਆ ਦੇਸ਼ ਵੱਲ ਚੱਲ ਪਏ ।

## ਨੌਵਾਂ ਸਾਲ–

ਰਾਜਗ੍ਰਹਿ ਤੋਂ ਚੱਲ ਕੇ ਭਗਵਾਨ ਮਹਾਵੀਰ ਰਾੜ ਦੇਸ਼ ਦੇ ਬੰਜਰ ਭੂਮੀ ਅਤੇ ਸ਼ੁਭ ਜੇਹੇ ਇਲਾਕੇ ਵਿੱਚ ਗਏ । ਭਗਵਾਨ ਮਹਾਵੀਰ ਨੇ ਸੋਚਿਆ " ਅਜੇ ਮੇਰੇ ਕਰਮਾਂ ਦੀ ਮੈਲ ਕਾਫੀ ਬਾਕੀ ਹੈ । ਇਸ ਲਈ ਇਹ ਕਸ਼ਟ ਵਾਲਾ ਅਨਜਾਣ ਇਲਾਕਾ ਤੱਪ ਅਤੇ ਧਿਆਨ ਲਈ ਠੀਕ ਰਹੇਗਾ ।

ਇਸ ਦੇਸ਼ ਦੇ ਘੁਮਣ ਦਾ ਵਰਨਣ ਪਹਿਲੇ ਸ੍ਰੀ ਆਚਾਰਾਂਗ ਸੂਤਰ ਵਿਚ ਆਇਆ ਹੈ । ਜਿਸਨੂੰ ਪੜ੍ਹ ਕੇ ਮਹਾਵੀਰ ਦੀ ਸਹਿਣ ਸ਼ਕਤੀ ਦਾ ਪਤਾ ਲਗਦਾ ਹੈ । ਇਹ ਦੇਸ਼ ਅਨਾਰੀਆ ਸਨ । ਇਥੇ ਲੋਕ ਬੜੇ ਦੁਸ਼ਟ ਸੁਭਾਅ ਦੇ ਸਨ । ਇਥੇ ਭਗਵਾਨ ਮਹਾਵੀਰ ਨੂੰ ਭੋਜਨ ਤਾਂ ਕੀ ਮਿਲਣਾ ਸੀ, ਰਹਿਣਾ ਵੀ ਔਖਾ ਹੋ ਗਿਆ । ਲੋਕ ਭਗਵਾਨ ਮਹਾਵੀਰ ਨੂੰ ਨੰਗਾ ਵੇਖ ਸ਼ਿਕਾਰੀ ਕੁਤੇ ਛੱਡ ਦਿੰਦੇ, ਚੋਰ ਸਮਝ ਕੇ ਘੇਰ ਲੈਂਦੇ, ਲਾਠੀ, ਪੱਥਰ ਮਾਰਦੇ, ਗਾਲਾਂ ਕੱਢਦੇ । ਇਸ ਦੇਸ਼ ਦੀਆਂ ਔਰਤਾਂ ਭਗਵਾਨ ਮਹਾਵੀਰ ਦੇ ਸੁੰਦਰ ਸਰੀਰ ਨੂੰ ਵੇਖ ਕੇ ਕਾਮ ਭੋਗ ਲਈ ਆਖਦੀਆਂ । ਪਰ ਭਗਵਾਨ ਮਹਾਵੀਰ ਤਾਂ ਮਹਾਵੀਰ ਸਨ । ਇਨ੍ਹਾਂ ਬੁਰੀਆਂ ਹਰਕਤਾਂ ਦਾ ਭਗਵਾਨ ਮਹਾਵੀਰ ਦੇ ਸਰੀਰ ਅਤੇ ਆਤਮਾ ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਇਨ੍ਹਾਂ ਦੁਰਘਟਨਾਵਾਂ ਨੂੰ ਖਿੜੇ ਮਥੇ ਸਹਾਰਿਆ । ਹਮੇਸ਼ਾਂ ਦੀ ਤਰ੍ਹਾ ਉਹ ਸਹਿਣਸ਼ੀਲ ਬਣੇ ਰਹੇ । ਇਹ ਚੌਮਾਸਾ ਉਨ੍ਹਾਂ ਦਾ ਘੁਮਦੇ ਫਿਰਦੇ ਹੀ ਲੰਘਿਆ । ਭਗਵਾਨ ਮਹਾਵੀਰ 6 ਮਹੀਨੇ ਇਨ੍ਹਾਂ ਇਲਾਕਿਆਂ ਵਿਚ ਕਸ਼ਟ, ਮੁਸੀਬਤਾਂ ਝਲਦੇ ਹੋਏ, ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹੇ । ਇਸ ਪ੍ਰਕਾਰ ਨੌਵਾਂ ਚੌਮਾਸਾ ਅਨਾਰੀਆ ਦੇਸ਼ ਵਿਚ ਗੁਜਾਰਿਆ ।

## ਦਸਵਾਂ ਸਾਲ–

ਭਗਵਾਨ ਮਹਾਵੀਰ ਫਿਰ ਆਰੀਆ ਦੇਸ਼ਾਂ ਵਿਚ ਘੁੰਮਣ ਲਗੇ । ਉਹ ਸਿਧਾਰਥ ਪੁਰ ਤੋਂ ਕੁਰਮ ਗ੍ਰਾਮ ਆ ਰਹੇ ਸਨ । ਰਾਹ ਵਿਚ ਗੋਸ਼ਾਲਕ ਨੇ ਇਕ ਸੱਤ ਫੁੱਲਾਂ ਵਾਲਾ ਤਿਲਾਂ ਦਾ ਬੂਟਾ ਵੇਖਿਆ । ਇਸ ਬੂਟੇ ਨੂੰ ਵੇਖ ਕੇ ਗੋਸ਼ਾਲਕ ਨੇ ਭਗਵਾਨ ਮਹਾਵੀਰ ਨੂੰ ਪੁਛਿਆ " ਇਹ ਬੂਟਾ ਉਗੇਗਾ ਜਾਂ ਨਹੀਂ " ਭਗਵਾਨ ਮਹਾਵੀਰ ਨੇ ਕਿਹਾ " ਹਾਂ ਇਹ ਬੂਟਾ ਉਗੇਗਾ ਅਤੇ ਹਰ ਫੁੱਲ ਦੇ ਜੀਵ ਦੀ ਫਲੀ ਵਿਚੋਂ ਸੱਤ ਤਿੱਲ ਪੈਦਾ ਹੋਣਗੇ । " ਗੋਸ਼ਾਲਕ ਨੇ ਆਪਣੇ ਸ਼ਰਾਰਤੀ ਸੁਭਾਅ ਅਨੁਸਾਰ ਉਹ ਬੂਟਾ ਉਥੋਂ ਪੁੱਟ ਦਿੱਤਾ ।

## ਭਗਵਾਨ ਦਾ ਗੋਸ਼ਾਲਕ ਨੂੰ ਬਚਾਉਣਾ–

ਉਥੋਂ (ਸਿਧਾਰਥਪੁਰ) ਤੋਂ ਚੱਲ ਕੇ ਭਗਵਾਨ ਮਹਾਵੀਰ ਕੁਰਮ ਗ੍ਰਾਮ ਵਿਖੇ ਪਹੁੰਚੇ। ਇਸ ਪਿੰਡ ਦੇ ਬਾਹਰ ਵੈਸ਼ਾਯਾਨ ਨਾਂ ਦਾ ਸਨਿਆਸੀ ਤੱਪ ਕਰ ਰਿਹਾ ਸੀ । ਉਹ ਧੁੱਪ ਵਿੱਚ ਉਲਟਾ ਸਿਰ ਦੇ ਸਹਾਰੇ ਖੜਾ ਸੀ, ਉਸ ਦੀਆਂ ਜਟਾਵਾਂ ਖਿਲਰੀਆਂ ਹੋਈਆਂ ਸਨ । ਉਸ ਦੀਆਂ ਜਟਾਵਾਂ ਵਿਚੋਂ ਜੂਆਂ ਗਿਰ ਰਹੀਆਂ ਸਨ । ਪਰ ਸਨਿਆਸੀ ਉਨ੍ਹਾਂ ਜੂਆਂ ਨੂੰ ਚੁੱਕ

ਕੇ ਆਪਣੇ ਸਿਰ ਵਿਚ ਰਖੀ ਜਾਂਦਾ ਸੀ । ਗੋਸ਼ਾਲਕ ਇਹ ਸਭ ਵੇਖ ਕੇ ਪਹਿਲਾਂ ਤਾਂ ਹੱਸਣ ਲੱਗਾ ਅਤੇ ਫੇਰ ਉਸਨੇ ਸਨਿਆਸੀ ਨੂੰ ਵਾਰ ਵਾਰ ਛੇੜਦੇ ਹੋਏ ਕਿਹਾ " ਤੂੰ ਸਾਧੂ ਹੈਂ ਜਾਂ ਜੂਆਂ ਦਾ ਘਰ । "

ਸਾਧੂ ਨੂੰ ਆਪਣੀ ਹੱਤਕ ਤੇ ਗੁਸਾ ਆ ਗਿਆ । ਉਸ ਨੇ ਆਪਣੀ ਤੇਜੋਲੇਸ਼ਿਆ (ਭਸਮ ਕਰਨ ਵਾਲੀ ਸ਼ਕਤੀ) ਗੋਸ਼ਾਲਕ ਉਪਰ ਛੱਡ ਦਿੱਤੀ । ਪਰ ਉਸ ਸਮੇਂ ਭਗਵਾਨ ਮਹਾਵੀਰ ਨੇ ਉਸ ਅੱਗ ਨੂੰ ਠੰਡਾ ਕਰਨ ਵਾਲੀ ਸ਼ੀਤ ਲੇਸ਼ਿਆ ਛੱਡ ਦਿੱਤੀ । ਇਸ ਪ੍ਰਕਾਰ ਹਰ ਪਖੋਂ ਨਿਕਮੇ ਗੋਸ਼ਾਲਕ ਨੂੰ ਨਵੀਂ ਜਿੰਦਗੀ ਬਖਸ਼ ਦਿੱਤੀ ।

ਭਗਵਾਨ ਮਹਾਵੀਰ ਦੀ ਤੇਜੋ ਸ਼ਕਤੀ ਛੱਡਣ ਤੇ ਵੈਸ਼ਾਯਾਨ ਆਖਣ ਲੱਗਾ " ਬੀਤ ਗਈ, ਭਗਵਾਨ ਬੀਤ ਗਈ । " ਗੋਸ਼ਾਲਕ, ਇਸ ਸਾਧੂ ਦੇ ਕਥਨ ਦਾ ਅਰਥ ਨਾ ਸਮਝ ਸਕਿਆ । ਉਹ ਭਗਵਾਨ ਮਹਾਵੀਰ ਨੂੰ ਪੁੱਛਣ ਲਗਾ " ਇਹ ਸਾਧੂ ਕੀ ਕਹਿ ਰਿਹਾ ਹੈ ।" ਭਗਵਾਨ ਨੇ ਸਪੱਸ਼ਟੀਕਰਣ ਕਰਦੇ ਹੋਏ ਕਿਹਾ " ਇਸ ਨੇ ਤੇਰੇ ਤੇ ਤੇਜੋਲੇਸ਼ਿਆ ਵਰਤੀ ਸੀ ਪਰ ਮੇਰੀ ਸ਼ੀਤ ਲੇਸ਼ਿਆ ਕਾਰਣ ਤੂੰ ਬਚ ਗਿਆ । ਇਹ ਤਪੱਸਵੀ ਆਖ ਰਿਹਾ ਹੈ "ਜੋ ਭਗਵਾਨ ਮਹਾਵੀਰ ਦੀ ਇਹ ਗੱਲ ਸੁਣ ਕੇ ਗੋਸ਼ਾਲਕ ਡਰ ਗਿਆ । ਉਸ ਨੇ ਭਗਵਾਨ ਮਹਾਵੀਰ ਨੂੰ ਪੁਛਿਆ " ਹੇ ਭਗਵਾਨ ! ਇਹ ਤੇਜੋਲੇਸ਼ਿਆ ਕਿਵੇਂ ਹਾਸਲ ਹੁੰਦੀ ਹੈ ? " ਭਗਵਾਨ ਮਹਾਵੀਰ ਨੇ ਉਤਰ ਦਿਤਾ " ਹੇ ਗੋਸ਼ਾਲਕ ! ਕੋਈ ਮਨੁੱਖ ਛੇ ਮਹੀਨੇ ਲਗਾਤਾਰ ਵਰਤ ਕਰਦਾ ਰਹੇ । ਸੂਰਜ ਸਾਹਮਣੇ ਨਿਗਾਹ ਟਿਕਾ ਕੇ ਖੜਾ ਰਹੇ, ਵਰਤ ਖੋਲਣ ਵਾਲੇ ਦਿਨ ਮੁਠੀ ਭਰ ਉੜਦ ਅਤੇ ਚੂਲੀ ਭਰ ਗਰਮ ਪਾਣੀ ਗ੍ਰਹਿਣ ਕਰੇ । ਇੰਨੀ ਤੱਪਸਿਆ ਕਰਨ ਨਾਲ, ਤੇਜੋਲੇਸ਼ਿਆ ਦੀ ਸ਼ਕਤੀ ਉਤਪੰਨ ਹੋ ਜਾਂਦੀ ਹੈ । "

ਕੁਝ ਸਮੇਂ ਬਾਅਦ ਭਗਵਾਨ ਮਹਾਵੀਰ ਫੇਰ ਸਿਧਾਰਥਪੁਰ ਪੁਜੇ । ਗੋਸ਼ਾਲਕ ਨੂੰ ਤਿਲ ਵਾਲੇ ਬੂਟੇ ਦੀ ਗੱਲ ਯਾਦ ਆ ਗਈ । ਉਹ ਭਗਵਾਨ ਮਹਾਵੀਰ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ । ਉਸ ਨੇ ਭਗਵਾਨ ਮਹਾਵੀਰ ਨੂੰ ਕਿਹਾ " ਉਹ ਤਿਲ ਦਾ ਬੂਟਾ ਨਹੀਂ ਉਗਿਆ ਜਿਸਦੀ ਤੁਸਾਂ ਭਵਿੱਖਬਾਣੀ ਕੀਤੀ ਸੀ । "

ਭਗਵਾਨ ਮਹਾਵੀਰ ਨੇ ਉਸਨੂੰ ਉਤਰ ਦਿਤਾ " ਹੇ ਗੋਸ਼ਾਲਕ ! ਚਲਾਕ ਨਾ ਬਣ ਤੂੰ ਇਹ ਬੂਟਾ ਪੁਟ ਦਿੱਤਾ ਸੀ । ਤਿਲ ਪੱਕੇ ਹੋਏ ਸਨ, ਉਹ ਜ਼ਮੀਨ ਵਿਚ ਗਿਰ ਗਏ ਅਤੇ ਇਹ ਉਹ ਬੂਟਾ ਖੜਾ ਹੈ ਇਸ ਦੇ ਹਰ ਫੁੱਲ ਅੰਦਰ ਸੱਤ ਤਿੱਲ ਹਨ । "

ਗੋਸ਼ਾਲਕ ਨੇ ਭਗਵਾਨ ਮਹਾਵੀਰ ਤੇ ਯਕੀਨ ਨਾ ਕੀਤਾ । ਉਸਨੇ ਬੂਟਾ ਪੁੱਟ ਕੇ ਵੇਖਿਆ ਤਾਂ ਭਗਵਾਨ ਮਹਾਵੀਰ ਦੀ ਭਵਿੱਖਬਾਣੀ ਸੱਚ ਨਿਕਲੀ । ਇਸ ਤੇ ਗੋਸ਼ਾਲਕ ਨੂੰ ਯਕੀਨ ਹੋ ਗਿਆ " ਹੋਣੀ ਹੋ ਕੇ ਰਹਿੰਦੀ ਹੈ । ਇਸਨੂੰ ਕੋਈ ਟਾਲ ਨਹੀਂ ਸਕਦਾ । " ਇਸੇ ਪ੍ਰਕਾਰ ਸਭ ਜੀਵ ਮਰ ਕੇ ਆਪਣੀ ਪੁਰਾਣੀ ਜੂਨ ਵਿੱਚ ਹੀ ਜਨਮ ਲੈਂਦੇ ਹਨ । ਇਨ੍ਹਾਂ ਗੱਲਾਂ ਨੇ ਗੋਸ਼ਾਲਕ ਨੂੰ ਨਿਯਤੀਵਾਦ ਸਿਧਾਂਤ ਦਾ ਉਪਾਸ਼ਕ ਬਣਾ ਦਿੱਤਾ । ਹੁਣ ਗੋਸ਼ਾਲਕ ਭਗਵਾਨ ਮਹਾਵੀਰ ਤੋਂ ਅਲੱਗ ਹੋ ਗਿਆ । ਉਹ ਸ਼੍ਰਾਵਸਤੀ ਵਿਖੇ ਹਾਲਾ ਹਲ ਘੁਮਾਰਨ ਦੇ ਘਰ

ਠਹਿਰ ਗਿਆ । ਉਥੇ ਰਹਿ ਕੇ ਉਹ ਤੇਜੋਲੇਸ਼ਿਆ ਦਾ ਤਜਰਬਾ ਕਰਨ ਲੱਗਾ । ਭਗਵਾਨ ਮਹਾਵੀਰ ਦੇ ਆਖੇ ਅਨੁਸਾਰ ਉਸ ਨੇ ਛੇ ਮਹੀਨੇ ਵਿਚ ਤੇਜੋਲੇਸ਼ਿਆ ਦੀ ਪ੍ਰਾਪਤੀ ਕਰ ਲਈ। ਉਸ ਨੇ ਇਸ ਦਾ ਤਜਰਬਾ ਖੂਹ ਤੇ ਪਾਣੀ ਭਰਦੀ ਇਕ ਦਾਸੀ ਤੇ ਕੀਤਾ । ਇਸ ਦਾਸੀ ਨਾਲ ਪਹਿਲਾਂ ਗੋਸ਼ਾਲਕ ਨੇ ਭੈੜਾ ਵਿਵਹਾਰ ਕੀਤਾ । ਜਦ ਉਸ ਦਾਸੀ ਨੇ ਗੁਸੇ ਵਿਚ ਆ ਕੇ ਗਾਲਾਂ ਕਢਣੀਆਂ ਸ਼ੁਰੂ ਕਰ ਦਿਤੀਆਂ ਤਾਂ ਉਸਨੇ ਤੇਜੋਲੇਸ਼ਿਆ ਰਾਹੀਂ ਦਾਸੀ ਨੂੰ ਮਾਰ ਦਿੱਤਾ ।

ਇਸ ਤੇਜੋਲੇਸ਼ਿਆ ਤੋਂ ਬਾਅਦ ਗੋਸ਼ਾਲਕ ਨੇ ਛੇ ਗੁਰੂਆਂ ਤੋਂ ਛੇ ਪ੍ਰਕਾਰ ਦੇ ਜੋਤਸ਼ ਦਾ ਗਿਆਨ ਪ੍ਰਾਪਤ ਕਰ ਲਿਆ । ਹੁਣ ਉਸ ਕੋਲ ਉਪਾਸਕਾਂ ਦੀ ਭੀੜ ਲੱਗ ਪਈ । ਉਹ ਆਪਣੇ ਆਪ ਨੂੰ ਤੀਰਥੰਕਰ, ਸਰਵਗ ਅਤੇ ਕੇਵਲੀ ਅਖਵਾਉਣ ਲੱਗਾ । ਥੋੜੇ ਸਮੇਂ ਬਾਅਦ ਹੀ ਉਹ ਆਜੀਵਕ ਸੰਪਰਦਾਏ ਦਾ ਅਚਾਰੀਆ ਬਣ ਗਿਆ ।

ਹੁਣ ਭਗਵਾਨ ਮਹਾਵੀਰ ਇਕਲੇ ਸਨ । ਸਿਧਾਰਥਪੁਰ ਤੋਂ ਭਗਵਾਨ ਮਹਾਵੀਰ ਵੈਸ਼ਾਲੀ ਪੁਜੇ । ਇਥੇ ਧਿਆਨ ਵਿਚ ਖੜੇ ਭਗਵਾਨ ਮਹਾਵੀਰ ਨੂੰ ਬਚਿਆਂ ਨੇ ਭੂਤ ਸਮਝਿਆ ਉਹ ਭਗਵਾਨ ਮਹਾਵੀਰ ਨੂੰ ਤੰਗ ਕਰਨ ਲਗ ਪਏ । ਉਸ ਸਮੇਂ ਮਹਾਰਾਜਾ ਸਿਧਾਰਥ ਦਾ ਦੋਸਤ ਸੰਖ ਉਪਰੋਂ ਲੰਘ ਰਿਹਾ ਸੀ, ਉਸ ਨੇ ਬਚਿਆਂ ਨੂੰ ਉਥੇ ਭਜਾਇਆ । ਉਸ ਨੇ ਆਪ ਵੀ ਭਗਵਾਨ ਮਹਾਵੀਰ ਦੇ ਚਰਨਾਂ ਵਿਚ ਨਮਸਕਾਰ ਕਰਕੇ ਮੁਆਫੀ ਮੰਗੀ ।

ਵੈਸ਼ਾਲੀ ਤੋਂ ਭਗਵਾਨ ਬਨਿਜ ਗ੍ਰਾਮ ਪਧਾਰੇ । ਰਾਹ ਵਿਚ ਕਿਸ਼ਤੀ ਰਾਹੀ ਗੰਗਾ ਪਾਰ ਕਰ ਰਹੇ ਸਨ, ਬਣਿਜ ਗ੍ਰਾਮ ਪਹੁੰਚਣ ਤੇ ਕਿਸ਼ਤੀ ਵਾਲੇ ਨੇ ਕਿਰਾਇਆ ਮੰਗਿਆ ਜਵਾਬ ਨਾ ਮਿਲਣ ਤੇ ਉਸਨੇ ਭਗਵਾਨ ਮਹਾਵੀਰ ਨੂੰ ਉਥੇ ਰੋਕ ਲਿਆ । ਉਸ ਸਮੇਂ ਰਾਜਾ ਸ਼ੰਖ ਦਾ ਭਾਣਜਾ ਚਿਤਰ ਕਿਸੇ ਦੇਸ਼ ਵਿਚ ਦੂਤ ਬਣ ਕੇ ਜਾ ਰਿਹਾ ਸੀ । ਉਸ ਨੇ ਭਗਵਾਨ ਮਹਾਵੀਰ ਨੂੰ ਪਛਾਣ ਲਿਆ । ਉਸ ਨੇ ਕਿਸ਼ਤੀ ਵਾਲੇ ਤੋਂ ਭਗਵਾਨ ਮਹਾਵੀਰ ਨੂੰ ਛੁੜਾਇਆ।

ਇਥੇ ਆਪ ਨੇ ਲੰਬਾ ਸਮਾਂ ਕਾਯੋਤਸਰਗ ਦੀ ਮੁਦਰਾ ਵਿਚ ਧਿਆਨ ਲਗਾਇਆ ਕਈ ਪ੍ਰਕਾਰ ਦਾ ਤੱਪ ਕੀਤਾ ।

ਵਣਿਜਗ੍ਰਾਮ ਤੋਂ ਚੱਲ ਕੇ, ਭਗਵਾਨ ਮਹਾਵੀਰ ਸ਼੍ਰਾਵਸਤੀ ਨਗਰੀ ਪਹੁੰਚੇ । ਉਥੇ ਉਨ੍ਹਾਂ ਨੇ ਬਚਿੱਤਰ ਯੋਗ ਕ੍ਰਿਆਵਾਂ ਨਾਲ ਆਪਣਾ ਚੌਮਾਸਾ ਗੁਜਾਰਿਆ ।

## ਗਿਆਰ੍ਹਵਾਂ ਸਾਲ–

ਚੌਮਾਸਾ ਪੂਰਾ ਕਰਨ ਤੋਂ ਬਾਅਦ ਭਗਵਾਨ ਮਹਾਵੀਰ ਸ਼੍ਰਾਵਸਤੀ ਤੋਂ ਸਾਨੂੰਲਠਿਆ ਸ਼ਨੀਵੇਸ਼ ਵੱਲ ਪਧਾਰੇ । ਇਥੇ ਆਪ ਨੇ ਲਗਾਤਾਰ 16 ਵਰਤ ਕੀਤੇ । ਵਰਤਾਂ ਸਮੇਂ ਭਿੰਨ ਭਿੰਨ ਯੋਗ ਆਸਨਾਂ ਨੂੰ ਧਾਰਨ ਕਰਕੇ ਧਿਆਨ ਲਗਾਇਆ ।

17ਵੇਂ ਦਿਨ ਵਰਤ ਖੋਲਣ ਲਈ ਆਨੰਦ ਗਾਥਾਪਤੀ ਦੇ ਘਰ ਗਏ । ਜਿਥੇ ਆਪ ਨੇ ਬਚੇ ਖੁਚੇ ਬਾਸੀ ਅੰਨ ਨਾਲ ਵਰਤ ਖੋਲਿਆ । ਆਪ ਨੇ ਇਹ ਵਰਤ ਬਹੁਲਾ ਨਾਂ ਦੀ ਦਾਸੀ ਦੇ ਹਥੋਂ ਅੰਨ ਦਾਨ ਨਾਲ ਖੋਲਿਆ ।

ਇਕ ਵਾਰ ਸਵੱਰਗ ਦਾ ਰਾਜੇ ਇੰਦਰ ਆਪਣੇ ਦੇਵਤਿਆਂ ਦੀ ਸਭਾ ਵਿਚ ਬੈਠਾ, ਭਗਵਾਨ ਮਹਾਵੀਰ ਦੀ ਤੱਪਸਿਆ ਧਿਆਨ ਅਤੇ ਨਿੱਡਰਤਾ ਦੀ ਤਾਰੀਫ ਕਰ ਰਿਹਾ ਸੀ । ਇਕ ਦੇਵਤੇ ਸੰਗਮ ਨੂੰ ਇਹ ਤਾਰੀਫ ਝੂਠੀ ਲੱਗੀ । ਉਸਨੇ ਭਗਵਾਨ ਮਹਾਵੀਰ ਦੀ ਪ੍ਰੀਖਿਆ ਦੀ ਤਿਆਰੀ ਕੀਤੀ । ਉਹ ਧਰਤੀ ਤੇ ਪੋਲਾਸ ਨਾਂ ਦੇ ਬਾਗ ਵਿਚ ਆ ਗਿਆ । ਇਥੇ ਭਗਵਾਨ ਮਹਾਵੀਰ ਧਿਆਨ ਲਗਾ ਕੇ ਖੜੇ ਸਨ । ਉਸਨੇ ਇਕ ਰਾਤ ਵਿਚ ਭਗਵਾਨ ਮਹਾਵੀਰ ਨੂੰ 20 ਕਸ਼ਟ ਦਿਤੇ ਜੋ ਇਸ ਪ੍ਰਕਾਰ.ਹਨ :-

(1) ਧੂਲ ਦੀ ਵਰਖਾ (2) ਕੀੜੀਆਂ ਬਣ ਕੇ ਸ਼ਰੀਰ ਤੇ ਚਿੰਬੜਨਾ (3) ਮੱਛਰਾਂ ਰਾਹੀਂ ਸ਼ਰੀਰ ਨੂੰ ਡੱਸਣਾ (4) ਕਈ ਪ੍ਰਕਾਰ ਦੇ ਪੰਛੀਆਂ ਰਾਹੀਂ ਸਰੀਰ ਨੂੰ ਕਟਵਾਨਾ (5) ਬਿਛੂਆਂ ਰਾਹੀਂ ਡੰਗ ਮਾਰਨਾ (6) ਸੱਪਾਂ ਰਾਹੀਂ ਡੱਸਣਾ (7) ਨਿਉਲੇ ਬਣ ਕੇ ਮੂੰਹ ਦਾ ਮਾਸ ਉਚਾੜਨਾ (8) ਚੂਹੇ ਬਣ ਕੇ ਦੰਦ ਮਾਰਨਾ (9) ਦੰਦਾਂ ਅਤੇ ਪੈਰਾਂ ਤੇ ਸੱਟ ਮਾਰਨਾ (10) ਪਿਸ਼ਾਚ ਬਣ ਕੇ ਡਰਾਉਣਾ (11) ਬਘਿਆੜ ਬਣ ਕੇ ਖਾਣਾ (12) ਮਾਤਾ ਤੇ ਪਿਤਾ ਬਣ ਕੇ ਆਖਣਾ " ਪੁੱਤ ! ਤੂੰ ਕਿਉ ਦੁੱਖ ਝੱਲ ਰਿਹਾ ਹੈਂ ਸਾਡੇ ਨਾਲ ਚੱਲ ਅਸੀਂ ਤੈਨੂੰ ਸੁੱਖ ਦੇਵਾਂਗੇ " (13) ਪੰਛੀਆਂ ਦੇ ਤਿਖੇ ਪੰਜੇ ਭਗਵਾਨ ਮਹਾਵੀਰ ਦੇ ਸਰੀਰ ਤੇ ਮਰਵਾਉਣਾ । (14) ਦੋਹਾਂ ਪੈਰਾਂ ਦੁਆਲੇ ਅੱਗ ਜਲਾ ਕੇ ਖੀਰ ਪਕਾਉਣਾ (15) ਚੰਡਾਲ ਆਦਿ ਬਣ ਕੇ ਗੰਦੀਆਂ ਗਾਲਾਂ ਕਢਣੀਆਂ (16) ਸਵੱਰਗ ਦੀਆਂ ਪਰੀਆਂ ਭੇਜ ਕੇ ਤੱਪਸਿਆ ਤੋਂ ਗਿਰਾਉਣਾ (17) ਸਖਤ ਹਵਾ ਨਾਲ ਸਰੀਰ ਘੁਮਾਣਾ ਅਤੇ ਉਪਰ ਚੁੱਕ ਕੇ ਜ਼ਮੀਨ ਤੇ ਸੁੱਟਣਾ (18) ਭਾਰੇ ਲੋਹੇ ਦੇ ਗੋਲੇ ਭਗਵਾਨ ਦੇ ਸਿਰ ਉਪਰ ਸੁੱਟਣਾ, ਜਿਸ ਦੇ ਸਿਟੇ ਵਜੋਂ ਭਗਵਾਨ ਮਹਾਵੀਰ ਦਾ ਸਰੀਰ ਅੱਧਾ ਜਮੀਨ ਵਿੱਚ ਧੱਸ ਗਿਆ (19) ਰਾਤ ਨੂੰ ਸਵੇਰਾ ਬਣਾ ਕੇ ਆਖਣਾ ਚਲੋ ਦਿਨ ਚੜ੍ਹ ਗਿਆ ਹੈ ਹੋਰ ਥਾਂ ਚਲੀਏ (20) ਆਪਣੀ ਦੇਵ ਸ਼ਕਤੀ ਵਿਖਾ ਕੇ ਆਖਣਾ " ਕਿਉ ਸ਼ਰੀਰ ਨੂੰ ਕਸ਼ਟ ਦੇ ਰਹੇ ਹੋ ਆਖੋ, ਤਾਂ ਮੈਂ ਤੁਹਾਨੂੰ ਹੁਣ ਸਵਰਗ ਦੇ ਦਿੰਦਾ ਹਾਂ । "

ਇਸ ਪ੍ਰਕਾਰ ਵੀਹ ਘੋਰ ਕਸ਼ਟ ਇਕੋ ਰਾਤ ਸਮੇਂ, ਭਗਵਾਨ ਮਹਾਵੀਰ ਨੇ ਇਸ ਦੇਵਤੇ ਦੇ ਸਹੇ, ਪਰ ਉਹ ਅਡੋਲ ਰਹੇ । ਦੇਵਤਾ ਵੀ ਅਗੋਂ ਘੱਟ ਨਹੀਂ ਸੀ । ਉਹ ਭਿੰਨ ਭਿੰਨ ਢੰਗਾਂ ਨਾਲ ਭਗਵਾਨ ਮਹਾਵੀਰ ਨੂੰ ਤੰਗ ਕਰਨ ਲੱਗਾ ।

ਪੋਲਾਸਪੁਰ ਤੋਂ ਚੱਲ ਕੇ ਭਗਵਾਨ ਮਹਾਵੀਰ ਨਾਲੁਕਾ, ਸੁਭੋਰਾ, ਸੁਛੋਗਾ ਮਲਯ ਅਤੇ ਹਾਥੀਸ਼ੀਸ਼ ਹੁੰਦੇ ਹੋਏ, ਤੋਸਲੀ ਗ੍ਰਾਮ ਪਹੁੰਚੇ । ਇਥੇ ਵੀ ਇਹ ਦੇਵਤਾ ਭਗਵਾਨ ਮਹਾਵੀਰ ਨੂੰ ਤੰਗ ਕਰਦਾ ਰਿਹਾ । ਉਸਨੇ ਸਾਧੂ ਦਾ ਰੂਪ ਬਣਾ ਕੇ ਚੋਰੀ ਕੀਤੀ । ਜਦੋਂ ਲੋਕ ਉਸਨੂੰ ਮਾਰਨ ਲੱਗੇ ਤਾਂ ਉਸਨੇ ਕਿਹਾ " ਮੈਨੂੰ ਨਾ ਮਾਰੋ, ਮੈਂ ਤਾਂ ਗੁਰੂ ਦੇ ਹੁਕਮ ਨਾਲ ਚੋਰੀ ਕੀਤੀ

ਹੈ । ਮੇਰਾ ਗੁਰੂ ਵੀ ਇਸ ਸ਼ਹਿਰ ਦੇ ਬਾਗ ਵਿਚ ਹੈ, ਤੁਸੀਂ ਉਸਨੂੰ ਫੜੋ ।" ਲੋਕ ਸੰਗਮ ਦੇ ਆਖੇ ਅਨੁਸਾਰ ਬਾਗ ਵਿਚ ਗਏ, ਲੋਕਾਂ ਭਗਵਾਨ ਮਹਾਵੀਰ ਤੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ । ਪਰ ਇਥੇ ਵੀ ਭੂਤਿਲ ਨਾਂ ਦੇ ਜੋਤਸ਼ੀ ਨੇ ਲੋਕਾਂ ਨੂੰ ਭਗਵਾਨ ਮਹਾਵੀਰ ਦੀ ਜਾਣਕਾਰੀ ਦੇ ਕੇ ਛੁੜਾਇਆ । ਲੋਕ ਸੰਗਮ ਦੀ ਤਲਾਸ਼ ਕਰਨ ਲਗੇ । ਪਰ ਕੋਈ ਵੀ ਦੇਵਤੇ ਦਾ ਭੇਦ ਨਹੀਂ ਸੀ ਜਾਣਦਾ ।

ਤੋਸਲੀ ਤੋਂ ਭਗਵਾਨ ਮਹਾਵੀਰ ਮੋਸਲੀ ਪਧਾਰੇ । ਉਥੇ ਬਾਗ ਵਿਚ ਧਿਆਨ ਲਾ ਕੇ ਖੜ ਗਏ । ਸੰਗਮ ਨੇ ਇਥੇ ਵੀ ਚੋਰੀ ਦਾ ਸਮਾਨ ਭਗਵਾਨ ਮਹਾਵੀਰ ਦੇ ਜ਼ਿੰਮੇ ਲਗਵਾ ਦਿਤਾ । ਇਥੇ ਵੀ ਸੁਮਾਗਧ ਨਾਂ ਦੇ ਰਾਜੇ ਨੇ ਆਪ ਨੂੰ ਛੁੜਵਾਇਆ ।

ਆਪ ਫੇਰ ਤੋਸਲੀ ਚਲੇ ਗਏ । ਉਥੋਂ ਸੰਗਮ ਨੇ ਚੋਰੀ ਦਾ ਸਮਾਨ ਆਪ ਕੋਲ ਰਖ ਦਿਤਾ । ਲੋਕਾਂ ਨੇ ਭਗਵਾਨ ਮਹਾਵੀਰ ਤੇ ਸੰਗਮ ਰੂਪੀ ਚੋਰ ਨੂੰ ਫੜ ਕੇ ਰਾਜੇ ਦੇ ਹਵਾਲੇ ਕਰ ਦਿਤਾ । ਭਗਵਾਨ ਮਹਾਵੀਰ ਨੇ ਮੌਨ (ਚੁੱਪ) ਵਰਤ ਧਾਰਨ ਕੀਤਾ ਹੋਇਆ ਸੀ । ਰਾਜੇ ਨੇ ਆਪ ਨੂੰ ਚੋਰ ਸਮਝ ਕੇ ਫਾਂਸੀ ਦਾ ਹੁਕਮ ਦੇ ਦਿੱਤਾ ।

ਆਪ ਦੇ ਗਲ ਵਿਚ ਫਾਂਸੀ ਦਾ ਫੰਦਾ ਪਾਇਆ ਗਿਆ ਜੋ ਫੌਰਨ ਟੁੱਟ ਗਿਆ । ਇਸ ਪ੍ਰਕਾਰ ਸੱਤ ਵਾਰੀ ਫਾਂਸੀ ਦਾ ਰੱਸਾ ਟੁੱਟ ਗਿਆ । ਇਸ ਘਟਨਾ ਦਾ ਸਿਪਾਹੀਆਂ ਤੇ ਬਹੁਤ ਅਸਰ ਹੋਇਆ । ਉਨ੍ਹਾਂ ਸਭ ਕੁਝ ਆਪਣੇ ਰਾਜੇ ਨੂੰ ਦਸਿਆ । ਰਾਜੇ ਨੇ ਮੁਆਫੀ ਮੰਗੀ ਅਤੇ ਇੱਜ਼ਤ ਨਾਲ ਆਪ ਨੂੰ ਛੱਡ ਦਿੱਤਾ ।

ਤੋਸਲੀ ਗ੍ਰਾਮ ਤੋਂ ਭਗਵਾਨ ਸਿਧਾਰਥਪੁਰ ਗਏ । ਉਥੇ ਵੀ ਚੋਰੀ ਦੇ ਇਲਜ਼ਾਮ ਵਿਚ ਫੜੇ ਗਏ । ਇਥੇ ਕੋਸ਼ਿਕ ਨਾਂ ਦੇ ਘੋੜਿਆਂ ਦੇ ਵਿਉਪਾਰੀ ਨੇ ਆਪ ਨੂੰ ਪਛਾਣ ਲਿਆ ਅਤੇ ਰਾਜੇ ਦੀ ਕੈਦ ਵਿਚੋਂ ਛੁੜਾਇਆ ।

ਸਿਧਾਰਥਪੁਰ ਤੋਂ ਆਪ ਬਜਰ ਗਾਂਵ ਗਏ । ਉਥੇ ਕਿਸੇ ਤਿਉਹਾਰ ਕਾਰਣ ਘਰ ਘਰ ਖੀਰ ਬਣੀ ਹੋਈ ਸੀ । ਭਗਵਾਨ ਮਹਾਵੀਰ ਨੇ ਵਰਤ ਖੋਲਣਾ ਸੀ । ਸੰਗਮ ਨੇ ਸਾਰੇ ਸ਼ਹਿਰ ਦਾ ਭੋਜਨ ਦੇਵ-ਸ਼ਕਤੀ ਨਾਲ ਖਰਾਬ ਕਰ ਦਿਤਾ । ਭਗਵਾਨ ਮਹਾਵੀਰ ਨੇ ਸੰਗਮ ਦੀ ਇਹ ਹਰਕਤ ਪਛਾਣ ਲਈ । ਉਹ ਉਥੋਂ ਜਲਦੀ ਹੀ ਹੋਰ ਪਿੰਡ ਚਲੇ ਗਏ ।

ਇਸ ਪ੍ਰਕਾਰ ਸੰਗਮ ਛੇ ਮਹੀਨੇ ਭਗਵਾਨ ਮਹਾਵੀਰ ਨੂੰ ਘੋਰ ਕਸ਼ਟ ਦਿੰਦਾ ਰਿਹਾ। ਆਖਰ ਇਕ ਦਿਨ ਉਸਨੇ ਭਗਵਾਨ ਮਹਾਵੀਰ ਤੋਂ ਹਾਰ ਮੰਨ ਲਈ । ਉਹ ਆਪਣੀ ਭੁੱਲਬਖਸ਼ਾਉਂਦਾ ਅਤੇ ਭਗਵਾਨ ਮਹਾਵੀਰ ਦੀ ਪ੍ਰਸ਼ੰਸਾ ਕਰਦਾ ਵਾਪਸ ਚਲਾ ਗਿਆ ।

ਇਥੋਂ ਭਗਵਾਨ ਆਲਭਿਆ, ਸੇਅਵਿਆ ਹੁੰਦੇ ਹੋਏ, ਸ਼੍ਰਾਵਸਤੀ ਪਹੁੰਚੇ । ਸ਼੍ਰਾਵਸਤੀ ਵਿਚ ਸਕੰਦ ਦੇਵਤੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਸੀ । ਲੋਕਾਂ ਉਸ ਦੇਵਤੇ ਦੀ ਮੂਰਤੀ ਨੂੰ ਹਾਰ ਸ਼ਿੰਗਾਰ ਕੇ ਰਥ ਵਿਚ ਰੱਖ ਕੇ ਪਿਛੇ ਪਿਛੇ ਨਾਰੇ ਲਗਾਉਂਦੇ ਚੱਲ ਰਹੇ ਸਨ । ਮੂਰਤੀ ਉਸੇ ਬਾਗ ਵਿਚ ਪਹੁੰਚੀ । ਜਿਥੇ ਭਗਵਾਨ ਧਿਆਨ ਲਗਾ ਕੇ ਖੜੇ

ਸਨ । ਮੂਰਤੀ ਆਪਣੇ ਆਪ ਭਗਵਾਨ ਮਹਾਵੀਰ ਦੇ ਚਰਣਾਂ ਵਿਚ ਗਿਰ ਪਈ । ਇਸ ਘਟਨਾ ਦਾ ਲੋਕਾਂ ਤੇ ਬਹੁਤ ਅਸਰ ਹੋਇਆ । ਉਹ ਭਗਵਾਨ ਮਹਾਵੀਰ ਦੇ ਭਗਤ ਬਣ ਗਏ ।

ਸ਼੍ਰਾਵਸਤੀ ਤੋਂ ਕੋਸ਼ਾਂਬੀ, ਬਨਾਰਸ, ਰਾਜਗ੍ਰਹਿ, ਮਿਥਿੱਲਾ ਹੁੰਦੇ ਹੋਏ, ਭਗਵਾਨ ਮਹਾਵੀਰ ਨੇ ਇਹ ਚੌਮਾਸਾ ਵੈਸ਼ਾਲੀ ਵਿਖੇ ਕੀਤਾ । ਵੈਸ਼ਾਲੀ ਵਿਖੇ ਕਾਮ ਮਹਾਬਨ ਨਾਉ ਦਾ ਬਾਗ ਸੀ । ਵੈਸ਼ਾਲੀ ਵਿਖੇ ਇਕ ਗਰੀਬ ਸੇਠ, ਭਗਵਾਨ ਮਹਾਵੀਰ ਨੂੰ ਨਮਸਕਾਰ ਕਰਦਾ ਸੀ । ਉਸ ਦੀ ਇਛਾ ਸੀ ਕਿ ਭਗਵਾਨ ਮਹਾਵੀਰ ਉਸ ਦੇ ਘਰ ਲੰਬਾ ਵਰਤ ਖੋਲਣ । ਉਸਨੇ ਭਗਵਾਨ ਮਹਾਵੀਰ ਦੀ ਕਈ ਵਾਰ ਉਡੀਕ ਕੀਤੀ । ਪਰ ਭਗਵਾਨ ਮਹਾਵੀਰ ਨੇ ਆਪਣਾ ਇਹ ਵਰਤ ਵੀ ਇਕ ਦਾਸੀ ਦੇ ਬਾਸੀ ਭੋਜਨ ਨਾਲ ਖੋਲਿਆ । ਉਸ ਨੂੰ ਨਿਰਾਸ਼ਾ ਹੋਈ । ਉਹ ਪੂਰਨ ਸੇਠ ਦਾਸੀ ਦੇ ਭਾਗ ਨੂੰ ਸਰਾਹੁਣ ਲਗਾ । ਇਸ ਸ਼ੁਭ ਭਾਵਨਾ ਸਦਕਾ ਉਸਨੇ ਸਵਰਗ ਦੀ ਪ੍ਰਾਪਤੀ ਕੀਤੀ ।

## ਬਾਰ੍ਹਵਾਂ ਸਾਲ–

ਵੈਸ਼ਾਲੀ ਤੋਂ ਭਗਵਾਨ ਮਹਾਵੀਰ ਸੁਸਾਮ ਪੁਰ ਵਿਖੇ ਪਹੁੰਚੇ । ਉਥੇ ਅਸ਼ੋਕ ਦਰਖਤ ਹੇਠਾਂ ਧਿਆਨ ਲਗਾ ਕੇ ਬੈਠੇ । ਇਥੇ ਹੀ ਚਮਰੇਂਦਰ ਨੇ ਇੰਦਰ ਤੋਂ ਡਰ ਕੇ ਭਗਵਾਨ ਮਹਾਂਵੀਰ ਦੀ ਸ਼ਰਨ ਲਈ । ਇਥੋਂ ਭਗਵਾਨ ਮਹਾਵੀਰ ਭੋਰਪੁਰ, ਨੰਦੀ ਗ੍ਰਾਮ ਹੁੰਦੇ ਮੇਂਡੀਆਂ ਗ੍ਰਾਮ ਪਹੁੰਚੇ । ਇਥੇ ਇਕ ਗਵਾਲੇ ਨੇ ਆਪ ਨੂੰ ਕਸ਼ਟ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ ।

ਮੇਂਡੀਆਂ ਗ੍ਰਾਮ ਤੋਂ ਭਗਵਾਨ ਮਹਾਵੀਰ ਕੋਸ਼ਾਂਬੀ ਨਗਰੀ ਪਹੁੰਚੇ । ਉੱਥੇ ਉਨ੍ਹਾਂ ਦੇ ਮਨ ਵਿਚ ਪ੍ਰਤਿਗਿਆ ਧਾਰਨ ਕੀਤੀ " ਮੈਂ ਉਸ ਦੇ ਹਥੋਂ ਭੋਜਨ ਗ੍ਰਹਿਣ ਕਰਾਂਗਾ ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰੇ (1) ਸਿਰ ਮੁੰਨਿਆ ਹੋਵੇ (2) ਪੈਰਾਂ ਵਿੱਚ ਬੇੜੀਆਂ ਹੋਣ (3) ਤਿੰਨ ਦਿਨ ਦੀ ਭੁਖੀ ਹੋਵੇ (4) ਭਿਜੀਆਂ ਬਕਲੀਆਂ ਹੋਣ (5) ਭਿਖਿਆ ਦੇ ਸਮੇਂ ਇੱਕ ਪੈਰ ਦਹਿਲੀਜ ਦੇ ਅੰਦਰ ਤੇ ਇਕ ਬਾਹਰ ਹੋਵੇ (6) ਥਾਂ ਥਾਂ ਵਿਕੀ ਰਾਜਕੁਮਾਰੀ ਦਾਸੀ ਹੋਵੇ ਅਜਿਹੀ ਹਾਲਤ ਵਿਚ ਮੈਂ ਵਰਤ ਖੋਲਾਂਗਾ, ਨਹੀਂ ਤਾਂ ਮੈਂ ਛੇ ਮਹੀਨੇ ਆਪਣਾ ਵਰਤ ਜਾਰੀ ਰਖਾਂਗਾ ।"

ਉਨ੍ਹਾਂ ਦਿਨਾਂ ਵਿਚ ਕੋਸ਼ਾਂਬੀ ਵਿਖੇ ਭਗਵਾਨ ਮਹਾਵੀਰ ਭਿੰਨ ਭਿੰਨ ਜਗ੍ਹਾ ਤੇ ਜਾਂਦੇ ਪਰ ਉਨ੍ਹਾਂ ਨੂੰ ਭੋਜਨ ਨਾ ਮਿਲਦਾ । ਇਸ ਤਰ੍ਹਾਂ ਘੁੰਮਦੇ ਹੋਏ 4 ਮਹੀਨੇ ਹੋ ਗਏ ਭਗਵਾਨ ਮਹਾਵੀਰ ਨੂੰ ਦਾਨ ਦੇਣ ਵਾਲਾ ਕੋਈ ਨਾ ਮਿਲਿਆ । ਇਸੇ ਸ਼ਹਿਰ ਵਿਚ ਮੰਤਰੀ ਸਗੁਪਤ ਰਹਿੰਦਾ ਸੀ । ਉਸ ਦੀ ਪਤਨੀ ਨੰਦਾ, ਭਗਵਾਨ ਮਹਾਵੀਰ ਦੀ ਬਹੁਤ ਭਗਤ ਸੀ । ਉਸਨੂੰ ਭਗਵਾਨ ਮਹਾਵੀਰ ਦੇ ਖਾਲੀ ਭੁਖੇ ਮੁੜਨ ਦਾ ਗਮ ਸਤਾਉਣ ਲਗਾ । ਮੰਤਰੀ ਨੇ ਆਪਣੀ ਪਤਨੀ ਨੂੰ ਉਸਦੀ ਚਿੰਤਾ ਦਾ ਕਾਰਨ ਪੁਛਿੱਆ । ਪਤਨੀ ਨੇ ਕਿਹਾ " ਤੁਸੀਂ ਕਿਸ ਕੰਮ ਦੇ ਮੰਤਰੀ ਹੋ, ਜੋ ਭਗਵਾਨ ਮਹਾਵੀਰ ਦੇ ਮਨ ਦੀ ਗੱਲ ਨਹੀਂ ਬੁੱਝ ਸਕਦੇ । ਭਗਵਾਨ ਮਹਾਵੀਰ 4 ਮਹੀਨੇ ਤੋਂ ਇਸ ਤਰ੍ਹਾਂ ਭੋਜਨ ਲਈ ਘੁਮ ਰਹੇ ਹਨ ਪਰ ਗੁਪਤ ਪ੍ਰਤਿਗਿਆ ਪੂਰੀ ਨਾ

ਹੋਣ ਕਾਰਣ ਖਾਲੀ ਮੁੜ ਜਾਂਦੇ ਹਨ ।" ਜਿਸ ਸਮੇਂ ਇਹ ਗੱਲਾਂ ਹੋ ਰਹੀਆਂ ਸਨ ਤਾਂ ਇਹ ਗੱਲ ਰਾਣੀ ਨੰਦਾ ਦੀ ਦਾਸੀ ਵਿਜੇ ਨੇ ਸੁਣ ਲਈ ।

ਦਾਸੀ ਨੇ ਇਹ ਗੱਲ ਮਹਾਰਾਣੀ ਮਿਰਗਾਵਤੀ ਨੂੰ ਦੱਸੀ, ਜੋ ਰਾਜਾ ਸ਼ਤਾਨੀਕ ਦੀ ਪਤਨੀ ਸੀ ।ਮਹਾਰਾਜੇ ਨੇ ਮਹਾਰਾਣੀ ਨੂੰ ਭਰੋਸਾ ਦਿਵਾਇਆ ਕਿ ਮੈਂ ਭਗਵਾਨ ਦੀ ਪ੍ਰਤਿਗਿਆ ਦਾ ਪਤਾ ਕਰਨ ਦੀ ਕੋਸ਼ਿਸ਼ ਕਰਾਂਗਾ ।"

ਇਸ ਤਰ੍ਹਾਂ ਪੰਜ ਮਹੀਨੇ ਪੂਰੇ ਹੋ ਗਏ ।ਪੰਜ ਮਹੀਨੇ ਪੂਰੇ ਹੋਣ ਤੇ ਦਾਸੀ ਚੰਦਨਾ ਨੇ ਭਗਵਾਨ ਮਹਾਵੀਰ ਦਾ ਵਰਤ ਖੁਲਵਾਇਆ ।ਚੰਦਨਾ ਇਕ ਰਾਜਕੁਮਾਰੀ ਸੀ ਜਿਸ ਨੇ ਇਸੇ ਸ਼ਹਿਰ ਦੇ ਇਕ ਸੇਠ ਨੇ ਮੁਲ ਖਰੀਦਿਆ ਸੀ । ਰਾਜਕੁਮਾਰੀ ਚੰਦਨਾ ਹੋਣ ਕਾਰਣ ਕਾਫੀ ਗੁਣਵਾਨ ਅਤੇ ਸੁੰਦਰ ਸੀ ।ਇਸ ਦੇ ਸਿਟੇ ਵਜੋਂ ਸੇਠ ਦੀ ਪਤਨੀ ਮੂਲਾਂ ਚੰਦਨਾ ਤੋਂ ਜਲਨ ਮਹਿਸੂਸ ਕਰਦੀ ਸੀ ।

ਇਕ ਦਿਨ ਸੇਠ ਬਾਹਰ ਕੰਮ ਤੋਂ ਵਾਪਸ ਆਇਆ ।ਚੰਦਨਾ ਸੇਠ ਨੂੰ ਪਿਤਾ ਦੇ ਬਰਾਬਰ ਸਮਝਦੀ ਸੀ । ਉਹ ਸੇਠ ਦੇ ਪੈਰ ਧੋਣ ਲੱਗੀ ।ਉਸ ਸਮੇਂ ਚੰਦਨਾ ਦੇ ਵਾਲ ਧੋਏ ਹੋਣ ਕਾਰਨ ਖੁਲੇ ਸਨ ।ਜੋ ਲਟਕ ਰਹੇ ਸਨ ।ਸੇਠ ਨੇ ਉਹ ਵਾਲ ਚੁੱਕ ਕੇ ਆਪਣੇ ਹਥ ਵਿੱਚ ਰੱਖ ਲਏ ।ਸੇਠਾਣੀ ਦਾ ਸ਼ੱਕ ਹੋਰ ਪੱਕਾ ਹੋ ਗਿਆ ।

ਇਕ ਦਿਨ ਸੇਠਾਣੀ ਨੇ ਸੇਠ ਦੀ ਗੈਰ ਹਾਜ਼ਰੀ ਵਿਚ ਚੰਦਨਾ ਦਾ ਸਿਰ ਮੁਨਵਾ ਦਿਤਾ । ਉਸ ਦੇ ਪੈਰਾਂ ਵਿਚ ਬੇੜੀਆਂ ਪੁਆ ਕੇ, ਭੋਰੇ ਵਿਚ ਬੰਦ ਕਰ ਦਿੱਤਾ ।ਸੇਠਾਣੀ ਇਹ ਸਾਰਾ ਕੰਮ ਕਰਕੇ ਪੇਕੇ ਚਲੀ ਗਈ ।ਤਿੰਨ ਦਿਨ ਚੰਦਨਾ ਭੋਰੇ ਵਿੱਚ ਬੰਦ ਰਹੀ । ਚੌਥੇ ਦਿਨ ਸੇਠ ਆ ਗਿਆ ।ਉਸਨੂੰ ਚੰਦਨਾ ਨਾ ਮਿਲੀ ।ਉਸ ਨੇ ਭੋਰੇ ਵਿਚ ਭੁਖੀ, ਪਿਆਸੀ ਚੰਦਨਾ ਨੂੰ ਵੇਖਿਆ ।

ਉਸਨੂੰ ਸਾਰੀ ਗੱਲ ਸਮਝ ਆ ਗਈ ।ਉਸਨੇ ਘਰ ਵਿੱਚ ਖਾਣ ਲਈ ਖਾਣਾ ਵੇਖਿਆ ।ਉਸਨੇ ਘੋੜੇ ਲਈ ਉਬਾਲੇ ਛੋਲੇ ਚੰਦਨਾ ਨੂੰ ਖਾਣ ਲਈ ਦਿਤੇ । ਫੇਰ ਉਹ ਲੁਹਾਰ ਨੂੰ ਬੇੜੀ ਕਟਾਉਣ ਲਈ ਚਲਾ ਗਿਆ ।ਚੰਦਨਾ ਨੇ ਸੋਚਿਆ " ਮੇਰੀ ਧਰਮ ਮਾਤਾ ਕਿੰਨੀ ਚੰਗੀ ਹੈ ।ਉਸ ਦੀ ਕਿਰਪਾ ਨਾਲ ਮੇਰੇ ਤਿੰਨ ਵਰਤ ਹੋ ਗਏ ਹਨ ਮੈਂ ਇਹ ਤਿੰਨ ਵਰਤ ਤੱਦ ਹੀ ਖੋਲਾਂਗੀ, ਜਦ ਕਿਸੇ ਸੁਪਾਤਰ ਨੂੰ ਦਾਨ ਦੇਵਾਂ ।" ਇਹ ਉਸ ਦੇ ਸ਼ੁਭ ਭਾਵਾਂ ਦਾ ਸਿੱਟਾ ਸੀ ਕਿ ਉਸਨੂੰ ਭਗਵਾਨ ਮਹਾਵੀਰ ਦੇ ਦਰਸ਼ਨ ਹੋਏ । ਭਗਵਾਨ ਮਹਾਵੀਰ ਦੀਆਂ ਸਭ ਪ੍ਰਤੀਗਿਆਵਾਂ ਪੂਰੀਆਂ ਹੋ ਗਈਆਂ ।ਚੰਦਨਾ ਨੇ ਜਿਉ ਹੀ ਦਾਨ ਲਈ ਹੱਥ ਵਧਾਇਆ ਸਾਰੀਆਂ ਬੇੜੀਆਂ ਟੁੱਟ ਗਈਆਂ ।ਬਾਲ ਨਵੇਂ ਆ ਗਏ ।ਉਹ ਫੇਰ ਸ਼ਹਿਜਾਦੀ ਬਣ ਗਈ ।

ਇਥੋਂ ਭਗਵਾਨ ਮਹਾਵੀਰ ਸੁਮੰਗਲਾ, ਸੁਛੇਤਾ, ਪਾਲਕ ਹੁੰਦੇ ਹੋਏ ਚੰਪਾ ਵਿਖੇ ਚੌਮਾਸੇ ਲਈ ਸਵਾਤੀਦੱਤ ਦੀ ਯੱਗ ਸ਼ਾਲਾ ਵਿਚ ਠਹਿਰੇ ।ਉਸ ਦੇ ਆਤਮਾ ਸਬੰਧੀ ਪੁਛੇ ਕਈ ਪ੍ਰਸ਼ਨਾਂ ਦਾ ਉੱਤਰ ਦਿੱਤਾ ।

## ਤੇਰ੍ਹਵਾਂ ਸਾਲ–

ਚੰਪਾ ਨਗਰੀ ਵਿਖੇ ਹੀ ਮਨਭਿੱਦਰ ਅਤੇ ਪੂਰਨ ਭੱਦਰ ਨਾਂ ਦੇ ਦੋ ਯਕਸ਼ਾਂ ਨੇ ਆਪ ਦੀ ਪੂਜਾ ਕੀਤੀ । ਚੰਪਾ ਤੋਂ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਜੰਭੀਆ ਗ੍ਰਾਮ ਪਹੁੰਚੇ । ਜੰਭੀਆਂ ਤੋਂ ਮੈਂਡੀਆ ਗ੍ਰਾਮ ਹੁੰਦੇ ਹੋਏ ਛਮਾਣੀ ਪੁਜੇ । ਉਨ੍ਹਾਂ ਪਿੰਡ ਤੋਂ ਬਾਹਰ ਧਿਆਨ ਲਗਾਇਆ ।

ਇਥੇ ਇਕ ਗਵਾਲਾ ਆਪ ਪਾਸ ਬਲਦ ਛੱਡ ਕੇ ਚਲਾ ਗਿਆ । ਜਦ ਵਾਪਸੀ ਤੇ ਉਸਨੂੰ ਬਲਦ ਨਾ ਮਿਲੇ, ਤਾਂ ਉਹ ਬਲਦਾਂ ਦੀ ਤਲਾਸ਼ ਕਰਨ ਲਗਾ । ਸ਼ਾਮ ਹੋ ਗਈ ਗਵਾਲਾ ਵਾਪਸ ਉਸੇ ਥਾਂ ਤੇ ਪਰਤ ਗਿਆ । ਜਿਥੇ ਭਗਵਾਨ ਮਹਾਵੀਰ ਖੜੇ ਸਨ ਵਾਪਸ ਪਰਤ ਕੇ ਉਸਨੇ ਵੇਖਿਆ ਉਸਦੇ ਬਲਦ ਪਹਿਲਾਂ ਵਾਲੀ ਥਾਂ ਤੇ ਬੈਠੇ ਸਨ ਗਵਾਲੇ ਨੇ ਭਗਵਾਨ ਮਹਾਵੀਰ ਨੂੰ ਚੋਰ ਸਮਝ ਲਿਆ । ਉਹ ਗੁਸੇ ਵਿਚ ਪਾਗਲ ਹੋ ਗਿਆ । ਉਸਨੇ ਭਗਵਾਨ ਮਹਾਵੀਰ ਦੇ ਦੋਹਾਂ ਕੰਨਾਂ ਵਿਚ ਕੀਲੇ ਠੋਕ ਦਿਤੇ ।

ਛਮਾਣੀ ਤੋਂ ਚੱਲ ਕੇ ਭਗਵਾਨ ਮਹਾਵੀਰ ਮਧਿਅਮ ਪਾਵਾ ਪਧਾਰੇ । ਉਥੇ ਸਿਧਾਰਥ ਨਾਂ ਦੇ ਬਾਣੀਏ ਦੇ ਘਰ ਭਿਖਿਆ ਨੂੰ ਗਏ । ਸਿਧਾਰਥ ਖਰਕ ਨਾਂ ਦੇ ਵੈਦ ਨਾਲ ਗੱਲਾਂ ਕਰ ਰਿਹਾ ਸੀ । ਉਸਨੇ ਭਗਵਾਨ ਮਹਾਵੀਰ ਦੇ ਕੰਨਾਂ ਵਿਚ ਕੀਲੇ ਠੋਕੇ ਵੇਖੇ । ਉਸਨੇ ਖਰਕ ਵੈਦ ਨੂੰ ਭਗਵਾਨ ਮਹਾਵੀਰ ਦਾ ਇਲਾਜ ਕਰਨ ਲਈ ਤਿਆਰ ਕੀਤਾ । ਪਰ ਭਗਵਾਨ ਮਹਾਵੀਰ ਇਲਾਜ ਨੂੰ ਤਿਆਰ ਨਾ ਹੋਏ । ਉਹ ਉਥੋਂ ਅੱਗੇ ਚਲ ਪਏ ।

ਸਿਧਾਰਥ ਭਗਵਾਨ ਮਹਾਵੀਰ ਦਾ ਪੱਕਾ ਭਗਤ ਸੀ । ਉਹ ਭਗਵਾਨ ਦੀ ਸ਼ਰੀਰਕ ਪੀੜਾ ਸਹਿਨ ਨਹੀਂ ਕਰ ਸਕਦਾ ਸੀ । ਉਸਨੇ ਭਗਵਾਨ ਮਹਾਵੀਰ ਦਾ ਪਿੱਛਾ ਕੀਤਾ । ਕੁਝ ਆਦਮੀਆਂ ਦੀ ਮਦਦ ਨਾਲ ਉਸਨੇ ਭਗਵਾਨ ਦੇ ਕੰਨਾਂ ਵਿਚੋਂ ਕੀਲੇ ਕਢ ਦਿਤੇ । ਇਸ ਕ੍ਰਿਆ ਦੌਰਾਨ ਭਗਵਾਨ ਮਹਾਵੀਰ ਨੇ ਭਿਆਨਕ ਚੀਖ ਮਾਰੀ ।

ਇਸ ਤਰ੍ਹਾਂ ਅਨੇਕਾਂ ਕਸ਼ਟ ਮੁਸੀਬਤਾਂ ਨੂੰ ਪਾਰ ਕਰਦੇ ਹੋਏ ਤੱਪ, ਧਿਆਨ ਨਾਲ ਆਤਮਾ ਨੂੰ ਨਿਰਮਲ ਕਰਦੇ ਹੋਏ ਭਗਵਾਨ ਮਹਾਵੀਰ ਦੇ ਸਾਢੇ ਬਾਰਾਂ ਸਾਲ ਬੀਤ ਗਏ । ਇਸ ਸਮੇਂ ਉਨ੍ਹਾਂ ਨੇ ਕਰੋਧ, ਮਾਨ, ਮਾਇਆ ਅਤੇ ਲੋਭ ਕਸ਼ਾਏ ਆਦਿ ਤੇ ਕਾਬੂ ਪਾ ਲਿਆ।

ਇਸ ਤੱਪਸਿਆ ਦੌਰਾਨ ਉਨ੍ਹਾਂ ਨੇ 349 ਦਿਨ ਭੋਜਨ ਕੀਤਾ । ਇਸ ਪ੍ਰਕਾਰ ਘੁੰਮਦੇ ਹੋਏ ਆਪ ਜੰਭੀਆ ਗ੍ਰਾਮ ਵਿਖੇ ਪਹੁੰਚੇ । ਉਥੇ ਰਿਜੂਵਾਲਕਾ ਨਦੀ ਦੇ ਕਿਨਾਰੇ ਸਾਲ ਦਰਖਤ ਹੇਠਾਂ, ਗੋਦੂਹੀਕਾ ਆਸਨ ਨਾਲ ਧਿਆਨ ਲਗਾਇਆ । ਆਤਮ ਪਵਿੱਤਰ ਤੋਂ ਪਵਿੱਤਰ ਹੁੰਦੀ ਸ਼ੁਕਲ ਧਿਆਨ ਵੱਲ ਵੱਧਣ ਲਗੀ । ਭਗਵਾਨ ਮਹਾਵੀਰ ਦੇ ਜਨਮ ਮਰਨ ਦੇ ਚੱਕਰ ਵਿਚ ਪਾਉਣ ਵਾਲੇ ਪਹਿਲੇ ਚਾਰ ਕਰਮਾਂ ਦਾ ਖਾਤਮਾ ਕਰ ਦਿਤਾ । ਉਨ੍ਹਾਂ ਨੂੰ " ਕੇਵਲ ਗਿਆਨ " ਪ੍ਰਾਪਤ ਹੋ ਗਿਆ । ਉਹ ਸਰਵੱਗ, ਸਰਵਦਰਸ਼ੀ, ਅਰਿਹੰਤ, ਕੇਵਲੀ



ਗੋਦੁਹਾਸਨ ਵਿਚ ਬੈਠਕੇ ਤਪਸਿਆ ਅਤੇ ਕੇਵਲ ਗਿਆਨ ਦੀ ਪ੍ਰਾਪਤੀ

ਅਤੇ ਭਗਵਾਨ ਬਣ ਗਏ । ਸਿਟੇ ਵਜੋਂ ਦੇਵਤੇ, ਪਸ਼ੂ, ਮਨੁੱਖ ਉਨ੍ਹਾਂ ਦੀ ਉਪਾਸਨਾ ਕਰਨ ਲਗੇ । ਇਸ ਖੇਤ ਦਾ ਮਾਲਿਕ ਸਿਆਮ ਨਾਂ ਦਾ ਕਿਰਸਾਨ ਸੀ ।

ਇਹ ਭਾਗਾਂ ਵਾਲਾ ਦਿਨ ਵੈਸਾਖ ਸ਼ੁਕਲਾ 10 ਦਾ ਚੌਥਾ ਪਹਿਰ ਸੀ ਅਤੇ ਉੱਤਰ ਫਲਗੁਨੀ ਨੱਛਤਰ ਸੀ । ਹੁਣ ਭਗਵਾਨ ਲੋਕ ਪ੍ਰਲੋਕ ਦੇ ਜੀਵਾਂ ਦੇ ਭੂਤ, ਭਵਿੱਖ ਅਤੇ ਵਰਤਮਾਨ, ਸੂਖਮ ਸਥੂਲ, ਮੂਰਤ, ਅਮੂਰਤ, ਜੀਵ ਅਤੇ ਅਜੀਵ ਦੇ ਜਾਨਕਾਰ ਹੋ ਗਏ ਸਨ। ਇਹ ਗਿਆਨ ਇੰਦਰੀਆਂ ਤੇ ਮਨ ਦੀ ਪਕੜ ਤੋਂ ਪਰੇ ਸੀ । ਹੁਣ ਉਨ੍ਹਾਂ ਦੀ ਆਤਮਾ ਦੀ ਅੰਤਮ ਉਦੇਸ਼ ਨਿਵਾਰਨ ਦੀ ਯਾਤਰਾ ਸ਼ੁਰੂ ਹੋ ਗਈ ਸੀ । ਅਗੇ ਦਾ ਕਰਮ ਬੰਧਨ ਹਮੇਸ਼ਾਂ ਲਈ ਰੁਕ ਗਿਆ । ਸ੍ਰੀ ਆਚਾਰੰਗ ਸੂਤਰ ਵਿਚ ਭਗਵਾਨ ਮਹਾਵੀਰ ਦੇ ਸਾਢੇ ਬਾਰ੍ਹਾਂ ਸਾਲ

ਦੀ ਤਪੱਸਿਆ ਦਾ ਅਨੋਖਾ ਤੇ ਦਿਲ ਹਿਲਾਉਣ ਵਾਲਾ ਵਰਨਣ ਮਿਲਦਾ ਹੈ । ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਤਪੱਸਿਆ ਸਮੇਂ ਭਗਵਾਨ ਮਹਾਵੀਰ ਨਾ ਤੇ ਆਪਣੇ ਲਈ ਬਣਾਇਆ ਭੋਜਨ ਲੈਂਦੇ, ਨਾ ਹੀ ਗ੍ਰਹਿਸਥ ਦੇ ਭਾਂਡੇ ਵਿਚ ਭੋਜਨ ਲੈਂਦੇ ਸਨ । ਉਹ ਰਸ-ਰਹਿਤ ਭੋਜਨ ਕਰਦੇ ਸਨ । ਉਨ੍ਹਾਂ ਦਾ ਆਪਣੀ ਜੀਭ ਤੇ ਪੂਰਾ ਕਾਬੂ ਸੀ । ਭਗਵਾਨ ਮਹਾਵੀਰ ਕਿਸੇ ਵੀ ਅਜਿਹੀ ਜਗ੍ਹਾ ਤੋਂ ਭੋਜਨ ਨਹੀਂ ਲੈਂਦੇ ਸਨ ਜਿਥੇ ਵਿਆਹ ਅਤੇ ਮਰਨ ਆਦਿ ਕਾਰਣ ਬਹੁਤ ਸਾਰੇ ਲੋਕਾਂ ਵਿਚ ਭੋਜਨ ਬਣਾਇਆ ਗਿਆ ਹੋਵੇ ।

ਭਗਵਾਨ ਮਹਾਵੀਰ ਸਰੀਰ ਦੀ ਕੋਈ ਪਰਵਾਹ ਨਾ ਕਰਦੇ । ਸਗੋਂ ਆਤਮ ਸਾਧਨਾ ਵਿੱਚ ਲੀਨ ਰਹਿੰਦੇ । ਉਹ ਨਾ ਖਾਜ ਕਰਦੇ ਨਾ ਅੱਖ ਸਾਫ ਕਰਦੇ । ਉਹ ਨੰਗੇ ਹੀ ਘੁੰਮਦੇ ਸਨ । ਉਨ੍ਹਾਂ ਦਾ ਆਪਣੀ ਨਜ਼ਰ ਤੇ ਪੂਰਾ ਕਾਬੂ ਸੀ । ਚਲਨ ਸਮੇਂ ਨਾ ਉਹ ਇਧਰ ਉਧਰ ਵੇਖਦੇ ਸਨ, ਨਾ ਹੀ ਪਿਛੇ ਵੇਖਦੇ । ਬੁਲਾਉਣ ਤੇ ਵੀ ਨਾ ਬੋਲਦੇ, ਸਿਰਫ ਚਲੇ ਹੀ ਜਾਂਦੇ ਸਨ ।

ਰਾਹ ਵਿਚ ਉਹ ਕਪੜੇ ਦੇ ਕਾਰਖਾਨਿਆਂ, ਉਜਾੜਾਂ, ਝੌਂਪੜੀਆਂ, ਪਿਆਉਆਂ, ਦੁਕਾਨਾਂ, ਲੋਹੇ ਦੇ ਕਾਰਖਾਨੇ, ਧਰਮਸ਼ਾਲਾ, ਸ਼ਮਸ਼ਾਨ ਘਾਟ, ਦਰਖਤਾਂ ਥਲੇ ਠਹਿਰ ਕੇ ਧਿਆਨ ਲ਼ਗਾਉਂਦੇ ।

ਭਗਵਾਨ ਮਹਾਵੀਰ ਨੇ ਸ਼ਰੀਰ ਤੋਂ ਛੁੱਟ, ਨੀਂਦ ਤੇ ਵੀ ਜਿੱਤ ਹਾਸਲ ਕਰ ਲਈ ਸੀ । ਉਨ੍ਹਾਂ ਸਾਢੇ ਬਾਰਾਂ ਸਾਲ ਵਿਚ ਸਿਰਫ ਇਕ ਮੁਹੂਰਤ ਨੀਂਦ ਲਈ । ਉਹ ਦਿਨ-ਰਾਤ ਖੜੇ ਰਹਿ ਕੇ ਗੁਜਾਰਦੇ । ਆਰਾਮ ਲਈ ਜੇ ਸਹਾਰਾ ਲੈਂਦੇ ਤਾਂ ਵੀ ਕਦੇ ਨਾ ਸੌਂਦੇ । ਜੇ ਨੀਂਦ ਸਤਾਉਣ ਲਗਦੀ, ਭਗਵਾਨ ਮਹਾਵੀਰ ਦੁਬਾਰਾ ਖੜੇ ਹੋ ਕੇ ਧਿਆਨ ਲਗਾਉਣ ਲੱਗ ਜਾਂਦੇ। ਕਦੇ ਕਦੇ ਸਰਦੀ ਦੀਆਂ ਰਾਤਾਂ ਵਿਚ ਖੁਲੇ ਧਿਆਨ ਲਗਾਉਂਦੇ । ਉਹ ਸਰਦੀ ਵਿੱਚ ਹੱਥ ਵੀ ਖੁਲੇ ਛੱਡ ਕੇ ਚਲਦੇ ।

ਕੱਟਣ ਵਾਲੇ ਕੀੜੇ ਭਗਵਾਨ ਮਹਾਵੀਰ ਨੂੰ 4 ਮਹੀਨੇ ਕੱਟਦੇ ਰਹੇ । ਭਗਵਾਨ ਦਾ ਲਹੂ ਚੂਸਦੇ ਰਹੇ, ਮਾਸ ਖਾਂਦੇ ਰਹੇ । ਪਰ ਭਗਵਾਨ ਮਹਾਵੀਰ ਆਪਣੇ ਧਿਆਨ ਅਤੇ ਸਾਧਨਾ ਵਿੱਚ ਅਡੋਲ ਰਹੇ ।

ਭਗਵਾਨ ਮਹਾਵੀਰ ਅਸਹਿ ਕਸ਼ਟਾਂ ਨੂੰ ਸਹਿੰਦੇ, ਉਹ ਗੀਤ, ਨਾਚ ਨਹੀਂ ਵੇਖਦੇ ਸਨ । ਉਹ ਕਿਸੇ ਵੀ ਪ੍ਰਕਾਰ ਦੀਆਂ ਸੰਸਾਰਿਕ ਕਿਸੇ ਕਹਾਣੀਆਂ ਨੂੰ ਨਾ ਆਪ ਸੁਣਦੇ ਸਨ ਨਾ ਸੁਣਾਉਂਦੇ ਸਨ ।

ਭਗਵਾਨ ਮਹਾਵੀਰ ਅਕਸਰ ਮੌਨ ਰਹਿੰਦੇ । ਜਿਸ ਦੇ ਸਿਟੇ ਵਜੋਂ ਉਨ੍ਹਾਂ ਨੂੰ ਅਨੇਕਾਂ ਕਸ਼ਟ ਸਹਿਣੇ ਪੈਂਦੇ । ਇੱਕਲੀ ਜਗ੍ਹਾ ਤੇ ਖੜੇ ਲੋਕ ਉਨ੍ਹਾਂ ਨੂੰ ਪੁਛਦੇ " ਤੂੰ ਕੌਣ ਹੈ ? " ਪਰ ਭਗਵਾਨ ਕਦੇ ਕਦੇ ਹੀ ਬੋਲਦੇ । ਸਿਟੇ ਵਜੋਂ ਪਿੰਡ ਦੇ ਚੌਂਕੀਦਾਰ, ਸਿਪਾਹੀ

ਅਤੇ ਦੁਸ਼ਟ ਲੋਕ ਉਨ੍ਹਾਂ ਨੂੰ ਸਤਾਉਂਦੇ । ਲੋਕਾਂ ਦੇ ਜਿਆਦਾ ਪੁੱਛਣ ਤੇ ਉਹ ਇੰਨਾ ਹੀ ਆਖਦੇ ਸਨ " ਮੈਂ ਭਿਕਸ਼ੂ ਹਾਂ । "

ਦੇਵਤੇ, ਪਸ਼ੂ ਅਤੇ ਪੰਛੀਆਂ ਭਗਵਾਨ ਮਹਾਵੀਰ ਨੂੰ ਅਨੇਕਾਂ ਸਰੀਰਕ ਕਸ਼ਟ ਦਿਤੇ ਪਰ ਉਹ ਸਾਰੇ ਕਸ਼ਟ ਵੀ ਭਗਵਾਨ ਮਹਾਵੀਰ ਦਾ ਧਿਆਨ ਛੁੜਾ ਨਾ ਸਕੇ ।

ਸਰਦੀ ਦੀਆਂ ਠੰਡੀਆਂ ਹਵਾਵਾਂ ਵਿਚ ਜਦ ਸਾਰੇ ਲੋਕ ਦਰਵਾਜੇ ਬੰਦ ਕਰਕੇ ਸੌਂ ਜਾਂਦੇ ਸਨ ਅਤੇ ਦੂਸਰੇ ਧਰਮਾਂ ਦੇ ਭਿਕਸ਼ੂ ਵੀ ਯੋਗ ਵਸਤਰ ਪਹਿਨਦੇ ਸਨ । ਉਸ ਸਮੇਂ ਭਗਵਾਨ ਮਹਾਵੀਰ ਇਸ ਸਰਦੀ ਨੂੰ ਬੜੇ ਸ਼ਾਂਤ ਭਾਵ ਨਾਲ ਸਹਿੰਦੇ ਹੋਏ, ਆਪਣਾ ਧਿਆਨ ਜਾਰੀ ਰੱਖਦੇ ।

ਗਰਮੀਆਂ ਦੇ ਮੌਸਮ ਵਿਚ ਉਨ੍ਹਾਂ ਦੇ ਸਰੀਰ ਨੂੰ ਮੱਛਰ ਕੱਟਦੇ, ਪਰ ਉਹ ਸਭ ਸਹਿੰਦੇ, ਉਹ ਸੂਰਜ ਅਗੇ ਬੈਠ ਕੇ ਧੁੱਪ ਸਹਿਨ ਕਰਦੇ ।

ਕਈ ਅਜਿਹੇ ਦੇਸ਼ਾਂ ਵਿਚ ਭਗਵਾਨ ਮਹਾਵੀਰ ਘੁੰਮਦੇ, ਜਿਥੋਂ ਦੇ ਲੋਕ ਸਾਧੂਆਂ ਬਾਰੇ ਕੁਝ ਨਾ ਜਾਣਦੇ । ਇਨ੍ਹਾਂ ਸ਼ਹਿਰਾਂ ਵਿਚ ਭਗਵਾਨ ਮਹਾਵੀਰ ਨੂੰ ਉਹ ਲੋਕ ਕਈ ਪ੍ਰਕਾਰ ਨਾਲ ਤੰਗ ਕਰਦੇ । ਉਹ ਭਗਵਾਨ ਮਹਾਵੀਰ ਨੂੰ ਨੰਗਾ ਵੇਖ ਕੇ ਉਨ੍ਹਾਂ ਪਿਛੇ ਕੁੱਤੇ ਛੱਡ ਦਿੰਦੇ । ਉਸ ਦੇਸ਼ ਦੀਆਂ ਇਸਤਰੀਆਂ ਭਗਵਾਨ ਮਹਾਵੀਰ ਨੂੰ ਕਾਮ-ਭੋਗ ਲਈ ਬੇਨਤੀ ਕਰਦੀਆਂ । ਪਰ ਭਗਵਾਨ ਮਹਾਵੀਰ ਨੇ ਸਭ ਕੁਝ ਦੇਹ ਦੀ ਪ੍ਰਵਾਹ ਨਾ ਕਰਦੇ ਸਹਿਨ ਕੀਤਾ ।

ਭਗਵਾਨ ਮਹਾਵੀਰ ਦਾ ਸੰਜਮ ਅਨੋਖਾ ਸੀ । ਉਹ ਬਿਮਾਰ ਹੋਣ ਤੇ ਕਦੇ ਵੀ ਦਵਾਈ ਦੀ ਇਛਾ ਨਾ ਕਰਦੇ । ਉਹ ਕਿਸੇ ਤਰ੍ਹਾਂ ਦੇ ਹਾਰ-ਸ਼ਿੰਗਾਰ ਵਿਚ ਯਕੀਨ ਨਹੀਂ ਰਖਦੇ ਸਨ । ਭਗਵਾਨ ਮਹਾਵੀਰ ਉਤਕੁਟ, ਗੋਦੋਹੀਕਾ, ਪਦੱਮ ਆਦਿ ਕਈ ਆਸਨਾਂ ਵਿਚ ਬੈਠ ਕੇ ਧਿਆਨ ਕਰਦੇ ਸਨ ਅਤੇ ਉਨ੍ਹਾਂ ਕਸ਼ਾਏ (ਕਰੋਧ, ਮਾਇਆ ਅਤੇ ਲੋਭ) ਨੂੰ ਕਾਬੂ ਕੀਤਾ। ਉਨ੍ਹਾਂ ਕਾਮ ਦੇਵ ਤੇ ਜਿੱਤ ਹਾਸਲ ਕੀਤੀ ਅਤੇ ਉਹ ' ਜਿਨ ' ਦਾ ਭਾਵ ਹੈ ਜੇਤੂ ।

ਭਗਵਾਨ ਮਹਾਵੀਰ ਦੀ ਸਾਢੇ ਬਾਰਾਂ ਸਾਲ ਦੀ ਤੱਪਸਿਆ ਦਾ ਵੇਰਵਾ ਇਸ ਪ੍ਰਕਾਰ ਹੈ :-

| ਲੜੀ ਨੰ. | ਤੱਪਸਿਆ ਦਾ ਸਮਾਂ | ਗਿਣਤੀ | ਦਿਨ | ਵਰਤ ਖੋਲਣ ਦੇ ਦਿਨ |
|---|---|---|---|---|
| 1. | ਪੂਰੇ ਛੇ ਮਹੀਨੇ ਦੀ ਤਪਸਿਆ | 1 | 180 | 1 |
| 2. | 5 ਦਿਨ ਘਟ 6 ਮਹੀਨੇ | 1 | 175 | 1 |
| 3. | 4 ਮਹੀਨੇ ਦੀ ਤੱਪਸਿਆ | 9 | 1080 | 9 |
| 4. | 3 ਮਹੀਨੇ ਦੀ ਤੱਪਸਿਆ | 2 | 180 | 2 |
| 5. | ਸਾਢੇ ਬਾਰਾਂ ਮਹੀਨੇ ਦੀ ਤੱਪਸਿਆ | 2 | 150 | 2 |
| 6. | 2 ਮਹੀਨੇ ਦੀ ਤੱਪਸਿਆ | 6 | 360 | 6 |

| | | | | |
|---|---|---|---|---|
| 7. | ਸਾਢੇ ਬਾਰਾਂ ਮਹੀਨੇ ਦੀ ਤੱਪਸਿਆ | 2 | 90 | 2 |
| 8. | 1 ਮਹੀਨੇ ਦੀ ਤੱਪਸਿਆ | 12 | 260 | 2 |
| 9. | 1/2 ਮਹੀਨੇ ਦੀ ਤੱਪਸਿਆ | 72 | 1080 | 72 |
| 10. | ਅੱਠਮ ਤੱਪ (ਤਿੰਨ ਦਿਨ ਵਰਤ ਅਤੇ ਚੌਥੇ ਦਿਨ ਭੋਜਨ) | 12 | 36 | 12 |
| 11. | ਛੱਠਮ ਤੱਪ (2 ਦਿਨ ਵਰਤ ਤੀਸਰੇ ਦਿਨ ਭੋਜਨ) | 229 | 458 | 229 |
| 12. | ਭੱਦਰ ਤੱਪ (ਦੋ ਦਿਨ ਦਾ ਵਰਤ) | 1 | 2 | 0 |
| 13. | ਮਹਾਭੱਦਰ ਤੱਪ (ਚਾਰ ਦਿਨ ਦਾ ਵਰਤ) | 1 | 4 | 0 |
| 14. | ਸਰਵਤੋਭੱਦਰ ਤੱਪ (ਦਸ ਦਿਨ ਦਾ ਵਰਤ) | 1 | 10 | 1 |
| 15. | ਇਕ ਦੀਖਿਆ ਵਾਲੇ ਦਿਨ ਦਾ ਵਰਤ | 1 | 1 | 0 |
| | | 352 | 4166 | 349 |

# ਸਮੋਸਰਨ

ਕੇਵਲ ਗਿਆਨ ਤੋਂ ਬਾਅਦ ਦੇਵਤਿਆਂ ਨੇ ਆਪਣੀ ਪਰੰਪਰਾ ਅਨੁਸਾਰ ਸਮੋਸਰਨ ਦੀ ਰਚਨਾ ਕੀਤੀ । ਸਮੋਸਰਨ ਉਸ ਸਥਾਨ ਨੂੰ ਆਖਦੇ ਹਨ ਜਿਸ ਥਾਂ ਤੇ ਤੀਰਥੰਕਰ ਬੈਠ ਕੇ ਉਪਦੇਸ਼ ਦਿੰਦੇ ਹਨ । ਇਸ ਸਮੋਸਰਨ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ ।

" ਜਦੋਂ ਦੇਵਤਿਆਂ ਨੂੰ ਭਗਵਾਨ ਮਹਾਵੀਰ ਦੇ ਕੇਵਲ ਗਿਆਨ ਪ੍ਰਾਪਤੀ ਦੀ ਖਬਰ ਲੱਗੀ ਤਾਂ ਸਵਰਗ ਤੋਂ ਇੰਦਰ ਆਦਿ ਦੇਵਤੇ ਪ੍ਰਭੂ ਦਾ ਧਰਮ ਉਪਦੇਸ਼ ਸੁਣਨ ਲਈ ਆਉਣ ਲਗੇ । ਉਨ੍ਹਾਂ ਸ਼ਮੋਸਰਨ (ਧਰਮ ਸਭਾ) ਦੀ ਰਚਨਾ ਕੀਤੀ । ਇਹ ਸਮੋਸਰਨ ਇਕ ਯੋਜਨ (8 ਮੀਲ ਦੇ ਫੈਲਾਵ ਵਿਚ ਫੈਲਿਆ ਹੋਇਆ ਸੀ । ਵਾਯੂ ਕੁਮਾਰ (ਹਵਾ ਦੀ ਜੂਨ ਦੇ ਦੇਵਤੇ) ਦੇਵਤਿਆਂ ਨੇ ਜ਼ਮੀਨ ਨੂੰ ਸਾਫ ਕੀਤਾ । ਮੇਘ ਕੁਮਾਰ (ਬਦਲਾਂ ਦੀ ਜੂਨ ਦੇ ਦੇਵਤੇ) ਦੇਵਤਿਆਂ ਦੇ ਸੁਗੰਧ ਵਾਲੇ ਪਾਣੀ ਨਾਲ ਛਿੜਕਾ ਕੀਤਾ । ਵਿਅੰਤਰ ਦੇਵਤਿਆਂ ਨੇ ਸੋਨੇ, ਮਨੀ ਅਤੇ ਰਤਨਾਂ ਦਾ ਫਰਸ਼ ਬਣਾਇਆ । ਪੰਜ਼ ਰੰਗ ਦੇ ਫੁੱਲ ਵਿਛਾਏ । ਰਤਨ, ਮਨੀ ਅਤੇ ਮੋਤੀਆਂ ਨਾਲ ਚਾਰੋਂ ਪਾਸੇ ਝੰਡੀਆਂ ਦਾ ਸ਼ਿੰਗਾਰ ਕੀਤਾ । ਰਤਨਾ ਦੀਆਂ ਅੱਖਾਂ ਬਣਾਈਆਂ, ਜੋ ਕਿਨਾਰਿਆਂ ਤੇ ਬੜੀ ਸੁੰਦਰਤਾ ਨਾਲ ਸਜਾਈਆਂ ਜਾਂਦੀਆਂ ਸਨ । ਇਨ੍ਹਾਂ ਅੱਖਾਂ ਦੇ ਪਰਛਾਵੇਂ ਇਕ ਦੂਸਰੀ ਤੇ ਪੈ ਰਹੇ ਸਨ । ਸਫੇਦ ਛੱਤਰ ਝੂਲ ਰਹੇ ਸਨ । ਉਨ੍ਹਾਂ ਝੰਡੀਆਂ ਦੇ ਹੇਠਾਂ ਅਸ਼ਟ ਮੰਗਲ ਬਣਾਏ ਗਏ । ਸਮੋਸਰਨ ਦੇ ਉਪਰਲੇ ਹਿਸੇ ਦੀ ਰਚਨਾ ਵੈਮਾਨਿਕ ਦੇਵਾਂ ਨੇ ਕੀਤੀ । ਇਹ ਰਤਨਾਂ ਦਾ ਬਣਿਆ ਹੋਇਆ ਸੀ । ਇਸ ਸਮੋਸਰਨ ਦੇ ਦੂਸਰੇ ਕੋਟ (ਕਿਲੇ) ਦੀ ਰਚਨਾ ਜੋਤਸ਼ੀ ਦੇਵਤਾ ਨੇ ਕੀਤੀ । ਇਹ ਕੋਟ ਸੋਨੇ ਦਾ ਬਣਿਆ ਹੋਇਆ ਸੀ । ਇਸ ਤੇ ਰਤਨਾਂ ਨਾਲ ਨਾਲ ਸੁੰਦਰ ਚਿੱਤਰਕਾਰੀ ਕੀਤੀ ਗਈ ਸੀ । ਇਨ੍ਹਾਂ ਦੋਹਾਂ ਕੋਟਾਂ ਨਾਲ ਘਿਰਿਆ ਤੀਸਰਾ ਕੋਟ ਸੀ ਇਸ ਤੇ ਸੋਨੇ ਦੀ ਚਿੱਤਰਕਾਰੀ ਸੀ ।

ਹਰ ਕੋ[redacted] ਦੇ ਚਾਰ-ਚਾਰ ਦਰਵਾਜ਼ੇ ਸਨ । ਹਰ ਦਰਵਾਜ਼ੇ ਤੇ ਵਿਅੰਤਰ ਦੇਵਤਿਆਂ ਨੇ ਧੂਪ ਰਖੀ ਹੋਈ ਸੀ । ਸਮੋਸ਼ਰਨ ਦੇ ਹਰ ਦਰਵਾਜੇ ਵਾਲੇ ਪਾਸੇ ਚਾਰ ਚਾਰ ਰਸਤੇ ਵਾਲੇ ਸੁਨਿਹਰੀ ਕਮਲਾਂ ਨਾਲ ਭਰੇ ਤਲਾਬ ਸਨ ।

ਦੂਸਰੇ ਕੋਟ ਦੇ ਇਸ਼ਾਣ ਕੋਣ (ਪੂਰਵ-ਉੱਤਰ) ਹਿਸੇ ਭਗਵਾਨ ਮਹਾਵੀਰ ਲਈ ਆਰਾਮ ਘਰ ਬਣਾਇਆ । ਪਹਿਲੇ ਕੋਟ ਦੇ ਪੂਰਵੀ ਦਰਵਾਜ਼ਿਆਂ ਤੇ ਦੋ ਵੈਮਾਨਿਕ ਦੇਵ ਸੇਵਾ ਵਿਚ ਖੜੇ ਸਨ । ਦਖਣੀ ਦਰਵਾਜੇ ਵਲੋਂ ਦੋ ਵਿਅੰਤਰ ਦੇਵ ਖੜੇ ਸਨ । ਪੱਛਮੀ ਦਰਵਾਜੇ ਵਲ ਦੋ ਜੋਤਸ਼ੀ ਦੇਵ ਖੜੇ ਸਨ । ਉੱਤਰ ਵੱਲ ਦੋ ਭਵਨਪਤੀ ਦੇਵ ਦਰਵਾਜੇ ਵੱਲ ਖੜੇ ਸਨ ।

ਦੂਸਰੇ ਕੋਟ ਦੇ ਚਾਰੋਂ ਦਰਵਾਜਿਆਂ ਵੱਲ, ਜੈ, ਵਿਜੈ, ਅਜੀਤਾ ਤੇ ਅਪਾਰਾਜੀਤਾ ਨਾਂ ਦੀਆਂ ਦੇਵੀਆਂ ਆਪਣੇ ਦੋ-ਦੋ ਰੂਪ ਬਣਾ ਕੇ ਪਹਿਰਾ ਦੇ ਰਹੀਆਂ ਸਨ ।

ਆਖਰੀ ਕੋਟ ਦੇ ਚਾਰੋਂ ਦਰਵਾਜਿਆਂ ਤੇ ਤੁੰਬਰੁ ਮਨੁੱਖ ਮਹੱਤਰ ਮਲਾਪਹਰੀ ਤੇ ਜਟਾਂ ਮੁਕਟ ਮੰਡਤ ਨਾਂ ਦੇ ਦੇਵਤੇ ਆਪਣੇ ਦੋ-ਦੋ ਰੂਪਾਂ ਵਿਚ ਪਹਿਰਾ ਦੇ ਰਹੇ ਸਨ । ਇਸ ਕੋਟ ਦੇ ਦਰਮਿਆਨ ਵਿਚ ਵਿਅੰਤਰ ਦੇਵਤਿਆਂ ਨੇ ਤਿੰਨ ਕੋਹ ਉਚਾ ਇਕ ਅਸ਼ੋਕ (ਚੈਤਯ) ਦਰਖਤ ਬਣਾਇਆ । ਉਹ ਦਰਖਤ ਦੇ ਹੇਠਾਂ ਭਿੰਨ-ਭਿੰਨ ਰਤਨਾਂ ਮਣੀਆਂ ਨਾਲ ਜੜੇ ਰਤਨ ਸਿੰਘਾਸਨ ਦੀ ਰਚਨਾ ਕੀਤੀ । ਸਮੋਸਰਨ ਦੇ ਚਾਰੋਂ ਦਰਵਾਜੇ ਉਪਰ ਅਨੋਖਾ ਪ੍ਰਕਾਸ਼ਵਾਨ ਧਰਮ ਚੱਕਰ ਸੋਨੇ ਦੇ ਘੜੇ ਤੇ ਰਖਿਆ ।

ਇਸਤੋਂ ਬਾਅਦ ਦੇਵਤਿਆਂ ਰਾਹੀਂ ਰਚੇ ਸੋਨੇ ਦੇ ਸਿੰਘਾਸਨ ਤੇ ਭਗਵਾਨ ਮਹਾਵੀਰ ਜਾਣ ਲਈ ਤਿਆਰ ਹੋਏ, ਤਾਂ ਦੇਵਤਿਆਂ ਨੇ ਹਜਾਰਾਂ ਪੰਖੜੀਆਂ ਵਾਲੇ, ਸੋਨੇ ਦੇ ਕਮਲਾਂ ਦੀ ਰਚਨਾ ਕੀਤੀ । ਭਗਵਾਨ ਮਹਾਵੀਰ ਜਿਉ-ਜਿਉ ਅਗੇ ਵੱਧਦੇ, ਦੇਵਤੇ ਪਹਿਲਾਂ ਕਮਲ ਚੁੱਕ ਲੈਂਦੇ ਅਤੇ ਨਵਾਂ ਕਮਲ ਰੱਖ ਦਿੰਦੇ ।

ਭਗਵਾਨ ਮਹਾਵੀਰ ਨੇ ਪਹਿਲੇ ਤੀਰਥੰਕਰਾਂ ਦੀ ਤਰ੍ਹਾਂ ਪੂਰਵ ਦੇ ਦਰਵਾਜੇ ਤੋਂ ਸਮੋਸਰਨ ਵਿਚ ਪ੍ਰਵੇਸ਼ ਕੀਤਾ । ਪਹਿਲਾਂ ਉਹਨਾਂ ਸਮੁਚੇ ਸ੍ਰੀ ਸੰਘ ਨੂੰ ਨਮਸਕਾਰ ਕੀਤਾ । ਇਸ ਤਰ੍ਹਾਂ ਧਰਮ ਉਪਦੇਸ਼ ਸਮੇਂ ਭਗਵਾਨ ਮਹਾਵੀਰ ਦਾ ਮੂੰਹ ਪੂਰਵ ਵੱਲ ਸੀ । ਫਿਰ ਦੇਵਤਿਆਂ ਨੇ ਭਗਵਾਨ ਮਹਾਵੀਰ ਦੇ ਸਰੀਰ ਦੇ ਤਿੰਨ ਪ੍ਰਤੀਬਿੰਬ ਬਣਾ ਕੇ ਬਾਕੀ ਦਿਸ਼ਾਵਾਂ ਵਿਚ ਸਥਾਪਿਤ ਕਰ ਦਿਤੇ, ਜੋ ਕਿ ਵੇਖਣ ਵਾਲੇ ਨੂੰ ਦੇਵ ਮਾਇਆ ਕਾਰਣ ਅਸਲ ਪ੍ਰਤੀਤ ਹੁੰਦੇ ਸਨ । ਇਸ ਪਿਛੋਂ ਦੇਵਤਿਆਂ ਨੇ ਪ੍ਰਭੂ ਦੇ ਚਹੁੰ ਪਾਸੇ ਘੁੰਮਦੇ, ਆਭਾ ਮੰਡਲ ਦੀ ਰਚਨਾ ਕੀਤੀ । ਕਿਉਕਿ ਕੇਵਲ ਗਿਆਨ ਦਾ ਪ੍ਰਕਾਸ਼ ਇੰਨਾ ਤੇਜ ਸੀ, ਕਿ ਭਗਵਾਨ ਦੇ ਸ਼ਰੀਰ ਦਾ ਕੋਈ ਵੀ ਅੰਗ ਆਮ ਮਨੁੱਖ ਵੇਖ ਨਹੀਂ ਸੀ ਸਕਦਾ । ਇਸ ਆਭਾ ਮੰਡਲ ਦੇ ਸਦਕੇ ਲੋਕਾਂ, ਭਗਵਾਨ ਮਹਾਵੀਰ ਦਾ ਮੁੱਖ ਵੇਖਿਆ । ਇਸ ਆਭਾ ਮੰਡਲ ਦੇ ਪ੍ਰਕਾਸ਼ ਦੇ ਸਾਹਮਣੇ ਸੂਰਜ ਦਾ ਪ੍ਰਕਾਸ਼ ਜੁਗਨੂੰ ਦੇ ਪ੍ਰਕਾਸ਼ ਸਮਾਨ ਸੀ ।

ਵਿਮਾਨ ਪਤਿ ਦੇਵਤਿਆਂ ਦੀਆਂ ਇਸਤਰੀਆਂ ਨੇ ਪੂਰਵ ਦਿਸ਼ਾ ਵਲੋਂ ਪ੍ਰਵੇਸ਼ ਕੀਤਾ । ਤੀਰਥ ਅਤੇ ਤੀਰਥੰਕਰ ਦੀਆਂ ਤਿੰਨ ਪ੍ਰਦਿਖਨਾ ਕਰਕੇ ਖੜ ਗਈਆਂ । ਭੁਵਨ ਪਤਿ ਵਿਅੰਤਰ ਅਤੇ ਜੋਤਸ਼ ਦੇਵਤਿਆਂ ਦੀਆਂ ਇਸਤਰੀਆਂ ਦੱਖਣ ਦਵਾਰ ਰਾਹੀਂ ਆਈਆਂ। ਉਨ੍ਹਾਂ ਵੀ ਤੀਰਥੰਕਰ ਮਹਾਵੀਰ ਅਤੇ ਤੀਰਥ ਦੀ ਤਿੰਨ ਪ੍ਰਦਖਣਾ ਕੀਤੀਆਂ । ਉਹ ਵੀ ਆਪਣੇ ਯੋਗ ਥਾਂ ਤੇ ਖੜ ਗਈਆਂ । ਤੀਰਥੰਕਰ ਦੇ ਸਮੋਸਰਨ ਵਿਚ ਇਸਤਰੀਆਂ ਨੇ ਸ਼ਰਧਾ ਕਾਰਣ, ਖੜਕੇ ਹੀ ਉਪਦੇਸ਼ ਗ੍ਰਹਿਣ ਕੀਤਾ ।

ਵੈਮਾਨਿਕ ਦੇਵਤੇ ਮਨੁੱਖ ਅਤੇ ਇਸਤਰੀਆਂ, ਉੱਤਰ ਦਿਸ਼ਾ ਵਲੋਂ ਆ ਕੇ ਭਗਵਾਨ ਮਹਾਵੀਰ ਤੇ ਤੀਰਥ ਨੂੰ ਨਮਸਕਾਰ ਕਰਦੇ ਸਨ । ਭਗਵਾਨ ਮਹਾਵੀਰ ਦੇ ਸਮੋਸਰਨ ਵਿਚ ਹਰ ਜਾਤੀ ਦਾ ਇਸਤਰੀ, ਪੁਰਸ਼ ਬੇ ਰੋਕ ਟੋਕ ਆ ਸਕਦਾ ਸੀ । ਇਸ ਜਗ੍ਹਾ ਤੋਂ ਆ ਕੇ ਵਿਰੋਧੀ, ਆਪਣਾ ਵੈਰ ਆਪਣੇ ਆਪ ਭੁੱਲ ਜਾਂਦੇ ਸਨ । ਭੈ ਰਹਿਤ ਹੁੰਦੇ ਸਨ । ਪਸ਼ੂ ਪੰਛੀ ਵੀ ਆਪਣੀ ਪ੍ਰੰਪਰਾ ਵਾਲਾ ਵੈਰ ਭੁਲਾ ਕੇ ਪ੍ਰਭੂ ਦਾ ਉਪਦੇਸ਼ ਸੁਣਦੇ ਸਨ । ਪਸ਼ੂ ਪੰਛੀ



ਅੱਠ ਪ੍ਰਤੀਹਾਂਰਯ

ਆਦਿ ਜੀਵ ਜੰਤੂ ਦੂਸਰੇ ਕੋਟ ਵਿਚ ਬੈਠੇ ਸਨ । ਤੀਸਰੇ ਕੋਟ ਵਿਚ ਸਾਰੇ ਦੇਵੀ ਦੇਵਤਿਆਂ ਦੇ ਵਿਮਾਨ ਖੜੇ ਸਨ, ਮਨੁੱਖਾਂ ਦੀਆਂ ਸਵਾਰੀਆਂ, ਰਥ ਆਦਿ ਖੜੇ ਸਨ । ਇਹ ਸਮੋਸ਼ਰਨ ਰਚਨਾ ਦੇਵ ਮਾਇਆ ਹੁੰਦੀ ਹੈ ਜਿਥੇ ਵੀ ਤੀਰਥੰਕਰ ਅਰਿਹੰਤ ਪੁਜਦੇ ਹਨ, ਦੇਵਤੇ ਆਪਣੀ ਭਗਤੀ ਪ੍ਰਗਟਾਉਣ ਲਈ ਮਾਇਆ ਨਾਲ ਸਮੋਸਰਨ ਦੀ ਰਚਨਾ ਕਰਦੇ ਹਨ ।

ਤੀਰਥੰਕਰਾਂ ਅਰਿਹੰਤਾਂ ਦੇ ਸਮੋਸਰਨ ਵਿਚ 8 ਪ੍ਰਤਿਹਾਰਿਆ ਹੁੰਦੇ ਹਨ ।

(1) ਅਸ਼ੋਕ ਦਰਖਤ (2) ਰਤਨ ਜੜਿਤ ਸਿੰਘਾਸਨ (3) ਦੋ ਚਵਰਧਾਰੀ ਇੰਦਰ (4) ਤਿੰਨ ਛੱਤਰ (5) ਫੁਲਾਂ ਦੀ ਵਰਖਾ (6) ਆਭਾ ਮੰਡਲ (7) ਦੇਵਤਿਆਂ ਦਾ ਬਾਜੇ ਆਦਿ ਬਜਾਉਣਾ (8) ਦਿਵਯ ਧਵਨੀ (ਭਗਵਾਨ ਅਰਧ ਮਾਗਧੀ ਵਿਚ ਉਪਦੇਸ਼ ਕਰਦੇ ਹਨ, ਪਰ ਸਭ ਪ੍ਰਕਾਰ ਦੇ ਜੀਵ ਆਪ ਦਾ ਉਪਦੇਸ਼ ਆਪਣੀ ਆਪਣੀ ਭਾਸ਼ਾ ਵਿਚ ਸਮਝ ਲੈਂਦੇ ਹਨ ।) ਇਹ ਪ੍ਰਤਿਹਾਰਿਆ ਤੀਰਥੰਕਰ ਦੇ ਕੇਵਲ ਗਿਆਨ ਸਮੇਂ ਪ੍ਰਗਟ ਹੁੰਦੇ ਹਨ।

## 34 ਅਤਿਸ਼ਯ

ਅਤਿਸ਼ਯ ਤੋਂ ਭਾਵ ਹੈ ਖਾਸ ਜਾਂ ਚਮਤਕਾਰੀ ਗੁਣੌਂ ਤੀਰਥੰਕਰ ਆਤਮਾ ਪਰਮਾਤਮਾ ਦੇ ਰੂਪ ਵਿਚ ਧਰਤੀ ਤੇ ਉਤਰਦੀ ਹੈ ਉਸ ਦੇ ਵਿਚ ਆਮ ਆਤਮਾਵਾਂ ਨਾਲੋਂ ਕੁਝ ਖਾਸ ਗੁਣ ਹੁੰਦੇ ਹਨ । ਉਹਨਾਂ ਨੂੰ ਅਤਿਸ਼ੈ ਆਖਦੇ ਹਨ । ਇਨ੍ਹਾਂ ਦੀ ਗਿਣਤੀ 34 ਹੈ । ਜੋ ਇਸ ਪ੍ਰਕਾਰ ਹਨ ।

# ਜਨਮ ਸਮੇਂ ਪ੍ਰਗਟ ਹੋਣ ਵਾਲੇ ਅਤਿਸ਼ਯ (ਮੂਲ ਅਤਿਸ਼ਯ)

(1) ਸ਼ਰੀਰ ਅਨੰਤ ਸੁੰਦਰ, ਸੁਗੰਧ ਵਾਲਾ, ਰੋਗ ਰਹਿਤ ਮੈਲ ਅਤੇ ਪਸੀਨੇ ਤੋਂ ਰਹਿਤ ਹੁੰਦਾ ਹੈ ।

(2) ਖ਼ੂਨ ਦੁੱਧ ਦੀ ਤਰ੍ਹਾਂ ਚਿਟਾ ਤੇ ਬਦਬੂ ਰਹਿਤ ਹੁੰਦਾ ਹੈ ।

(3) ਉਨ੍ਹਾਂ ਦਾ ਭੋਜਨ ਤੇ ਚਲਣਾ, ਆਮ ਅੱਖਾਂ ਵੇਖ ਨਹੀਂ ਸਕਦੀਆਂ ।

(4) ਉਨ੍ਹਾਂ ਦੇ ਸਾਹਾਂ ਵਿਚੋਂ ਕਮਲ ਦੀ ਸੁਗੰਧ ਆਉਂਦੀ ਹੈ ।

# ਕਰਮ ਅਤੇ ਜਾਤੀ ਅਤਿਸ਼ਯ

ਇਹ ਅਤਿਸ਼ਯ ਕੇਵਲ ਗਿਆਨ ਪੈਦਾ ਹੋਣ ਤੋਂ ਬਾਅਦ ਪ੍ਰਗਟ ਹੁੰਦੇ ਹਨ ।

(5) ਸਮੋਸਰਨ ਇਕ ਯੋਜਨ ਦਾ ਹੁੰਦਾ ਹੈ । ਪਰ ਇਸ ਵਿਚ ਕਰੋੜਾਂ ਹੀ ਮਨੁੱਖ ਦੇਵਤੇ ਅਤੇ ਪਸ਼ੂ ਬਿਨਾਂ ਰੁਕਾਵਟ ਬੈਠ ਸਕਦੇ ਹਨ ।

(6) ਜਿਥੇ ਉਹ ਜਾਂਦੇ ਹਨ ਉਸ ਪਾਸੇ ਦੇ 25 ਯੋਜਨ ਤੱਕ ਕੋਈ ਰੋਗ ਨਹੀਂ ਪੈਦਾ ਹੋ ਸਕਦਾ । ਜੇ ਹੋਵੇਗਾ ਤਾਂ ਪਹੁੰਚਣ ਤੋਂ ਪਹਿਲਾਂ ਨਸ਼ਟ ਹੋ ਜਾਵੇਗਾ ।

(7) ਲੋਕਾਂ ਦਾ ਵੈਰ ਖਤਮ ਹੋ ਜਾਂਦਾ ਹੈ ।

(8) ਲਾ ਇਲਾਜ ਰੋਗ ਨਹੀਂ ਫੈਲਦੇ ।

(9) ਜਿਆਦਾ ਬਾਰਸ਼ ਨਹੀਂ ਹੁੰਦੀ ।

(10) ਵਰਖਾ ਦੀ ਘਾਟ ਵੀ ਨਹੀਂ ਰਹਿੰਦੀ ।

(11) ਅਕਾਲ ਨਹੀਂ ਪੈਂਦਾ ।

(12) ਰਾਜੇ ਦਾ ਡਰ ਖਤਮ ਹੋ ਜਾਂਦਾ ਹੈ ।

(13) ਉਨ੍ਹਾਂ ਦੇ ਬਚਨ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਦੇਵਤੇ, ਮੱਨੁਖ ਤੇ ਪਸ਼ੂ ਸਮਝ ਸਕਦੇ ਹਨ ।

(14) ਉਨ੍ਹਾਂ ਦਾ ਉਪਦੇਸ਼ ਇਕ ਯੋਜਨ ਤੱਕ ਆਰਾਮ ਨਾਲ ਸੁਣਿਆ ਜਾ ਸਕਦਾ ਹੈ ।

(15) ਸੂਰਜ ਤੋਂ 12 ਗੁਣਾ ਜਿਆਦਾ ਉਨ੍ਹਾਂ ਦਾ ਆਭਾ ਮੰਡਲ ਤੇਜ ਪ੍ਰਕਾਸ਼ ਵਾਲਾ ਹੁੰਦਾ ਹੈ ।

## ਦੇਵ ਕ੍ਰਿਤ ਅਤਿਸ਼ੇ

(16) ਆਕਾਸ਼ ਵਿਚ ਧਰਮ ਚੱਕਰ ਚਲਦਾ ਹੈ ।

(17) 64 ਸਫੈਦ ਚਵਰ ਇੰਦਰਾਂ ਰਾਹੀਂ ਝਲਾਏ ਜਾਂਦੇ ਹਨ ।

(18) ਰਤਨਾ, ਮਣੀਆਂ ਤੇ ਸੋਨੇ ਦਾ ਸਿੰਘਾਸਨ ਬੈਠਣ ਲਈ ਹੁੰਦਾ ਹੈ ।

## ਬਚਨ ਅਤਿਸ਼ੇ 35 ਗੁਣ

ਬਚਨ 35 ਗੁਣ ਵਾਲੇ ਹੁੰਦੇ ਹਨ | (1) ਸਭ ਜਗ੍ਹਾ ਸਮਝੇ ਜਾ ਸਕਦੇ ਹਨ (2) ਇਕ ਯੋਜਨ ਤੱਕ ਸੁਣਾਈ ਦਿੰਦੇ ਹਨ (3) ਬਚਨ ਪਕੇ ਹੁੰਦੇ ਹਨ (4) ਬੱਦਲ ਦੀ ਤਰ੍ਹਾਂ ਗੰਭੀਰ (5) ਸਪਸ਼ਟ (6) ਸੰਤੋਖ ਜਨਕ (7) ਹਰ ਕੋਈ ਸਮਝਦਾ ਹੈ ਕਿ ਇਹ ਸਭ ਕੁਝ ਮੈਨੂੰ ਕਿਹਾ ਗਿਆ ਹੈ (8) ਗੂੜ੍ਹ ਅਰਥਾਂ ਵਾਲੇ (9) ਆਪਸੀ ਵਿਰੋਧ ਤੋਂ ਰਹਿਤ (10) ਮਹਾਂਪੁਰਸ਼ਾਂ ਯੋਗ (11) ਸ਼ਕ ਰਹਿਤ (12) ਦੋਸ਼ ਰਹਿਤ (13) ਕਠਿਨ ਵਿਸ਼ੇ ਨੂੰ ਆਸਾਨੀ ਨਾਲ ਸਮਝ ਆਉਣ ਵਾਲੇ (14) ਜਿਥੇ ਯੋਗ ਹੋਣ ਉਥੇ ਬੋਲੇ ਜਾ ਸਕਣ (15) 6 ਦਰਵ ਤੇ 9 ਤੱਤਵਾਂ ਦੀਆਂ ਵਿਆਖਿਆ ਕਰਨ ਵਾਲੇ (16) ਅਰਥ ਭਰਪੂਰ (17) ਪਦ ਰਚਨਾ ਵਾਲੇ (18) ਵਿਸ਼ੇ ਅਨੁਸਾਰ ਹੀ ਤੀਰਥੰਕਰ ਉਪਦੇਸ਼ ਕਰਦਾ ਹੈ (19) ਮਿਠੇ (20) ਦੂਸਰੇ ਦੀ ਗਲ ਸਮਝ ਨਾ ਆਏ ਸਗੋਂ ਤੀਰਥੰਕਰ ਦਾ ਉਪਦੇਸ਼ ਸਮਝ ਆਵੇ (21) ਧਰਮ ਤੇ ਅਟਲ ਵਿਸ਼ਵਾਸ਼ ਕਰਵਾਉਣ ਵਾਲੇ (22) ਦੀਵੇ ਸਮਾਨ ਪ੍ਰਕਾਸ਼ਵਾਨ, ਅਰਥ ਵਾਲੇ (23) ਪਰ ਨਿੰਦਾ ਅਤੇ ਆਪਣੀ ਪ੍ਰਸੰਸਾ ਤੋਂ ਰਹਿਤ (24) ਕਰਤਾ, ਕਰਮ, ਕ੍ਰਿਆ ਕਾਲ ਸਹਿਤ (25) ਅਚੰਭੇ ਵਾਲੇ (26) ਅਜਿਹੇ ਬਚਨ ਸੁਣ ਕੇ, ਸੁਨਣ ਵਾਲਾ ਤੀਰਥੰਕਰ ਨੂੰ ਸਰਬ ਗੁਣ ਸਮਝਦਾ ਹੈ । (27) ਧੀਰਜ ਵਾਲੇ (28) ਰੁਕਾਵਟ ਸਹਿਤ (29) ਭਰਮ ਰਹਿਤ (30) ਹਰ ਪਸ਼ੂ, ਦੇਵਤਾ ਅਤੇ ਮੱਨੁਖ ਆਪਣੀ ਆਪਣੀ ਭਾਸ਼ਾ ਵਿਚ ਸਮਝਦਾ ਹੈ (31) ਚੰਗੀ ਬੁਧੀ ਉਤਪੰਨ ਕਰਨ ਵਾਲੇ (32) ਇਕ ਪਦ ਦਾ ਅਰਥ ਅਨੇਕਾਂ ਰੂਪਾਂ ਵਿਚ ਬੋਲਿਆ ਜਾ ਸਕੇ (33) ਹੌਂਸਲੇ ਵਾਲੇ (34) ਤੀਰਥੰਕਰ ਹਰ ਵਾਕ ਵਾਰ ਵਾਰ ਨਹੀਂ ਦੁਹਰਾਉਂਦੇ (35) ਸੁਣਨ ਵਾਲੇ ਨੂੰ ਦੁੱਖ ਨਾ ਹੋਵੇ ।

(19) ਹਰ ਦਿਸ਼ਾ ਵੱਲ ਤਿੰਨ ਤਿੰਨ ਛਤਰ ਭਗਵਾਨ ਦੇ ਸਿਰ ਉਪਰ ਸਜਦੇ ਹਨ ।

(20) ਰਤਨਾਂ ਦੀ ਬਣੀ ਇੰਦਰ ਧਵਜਾ ਭਗਵਾਨ ਦੇ ਅਗੇ ਅਗੇ ਚਲਦੀ ਹੈ ।

(21) ਅਰਿਹੰਤ ਤੀਰਥੰਕਰ ਸੋਨੇ ਦੇ ਕਮਲਾਂ ਤੇ ਚਲਦੇ ਹਨ ਅਤੇ ਜਿਥੇ ਵੀ ਬੈਠਦੇ ਜਾਂ ਖੜਦੇ ਹਨ ਅਸ਼ੋਕ ਦਰਖਤ ਪੈਦਾ ਹੁੰਦਾ ਰਹਿੰਦਾ ਹੈ ।

(22) ਤਿੰਨ ਕੋਣ ਮਣੀ, ਸੋਨੇ ਤੇ ਚਾਂਦੀ ਦੇ ਬਣੇ ਹੁੰਦੇ ਹਨ ।

(23) ਚਾਰੇ ਪਾਸੇ ਤੋਂ ਧਰਮ ਉਪਦੇਸ਼ ਦਿੰਦੇ ਹਨ ਪੂਰਬ ਦਿਸ਼ਾ ਵਲ ਭਗਵਾਨ ਬੈਠਦੇ ਹਨ। ਬਾਕੀ ਦਿਸ਼ਾਵਾਂ ਵਲ ਉਨ੍ਹਾਂ ਦੇ ਪ੍ਰਤੀਬਿੰਬਾਂ ਦੀ ਰਚਨਾ ਵਿਅੰਤਰ ਦੇਵ ਕਰਦੇ ਹਨ ।

(24) ਤੀਰਥੰਕਰ ਅਰਿਹੰਤ ਜਿਥੇ ਬੈਠਦੇ ਹਨ ਦੇਵਤੇ ਉਨ੍ਹਾਂ ਦੇ ਸਰੀਰ ਤੋਂ ਉਚੇ ੧੨ ਗੁਣਾ ਅਸ਼ੋਕ ਦਰਖਤ ਦੀ ਰਚਨਾ ਕਰਦੇ ਹਨ । ਉਹ ਛਤਰ, ਘੰਟਾ ਅਤੇ ਝੰਡੇ ਨਾਲ ਭਰਿਆ ਹੁੰਦਾ ਹੈ ।

(25) ਕੰਡੇ ਉਲਟੇ ਹੋ ਜਾਂਦੇ ਹਨ ।

(26) ਤੀਰਥੰਕਰਾਂ ਦੇ ਸਾਹਮਣੇ ਦੂਸਰੇ ਮਤਾਂ ਦਾ ਵਿਚਾਰਕ ਵੀ ਸਿਰ ਝੁਕਾਉਂਦੇ ਹਨ ।

(27) ਦੂਸਰੇ ਧਰਮਾਂ ਦੇ ਉਪਦੇਸਕ ਵੀ ਅਰਿਹੰਤ ਤੀਰਥੰਕਰ ਦੇ ਪ੍ਰਸ਼ਨਾਂ ਤੋਂ ਹਾਰ ਜਾਂਦੇ ਹਨ ।

(28) ਇਕ ਯੋਜਨ ਤੱਕ ਹਵਾ ਠੀਕ ਚਲਦੀ ਹੈ ।

(29) ਮੋਰ ਆਦਿ ਸ਼ੁਭ ਪੰਛੀ ਪ੍ਰਭ ਦੀ ਪ੍ਰਤਿਕਰਮਾ ਕਰਦੇ ਹਨ ।

(30) ਸੁਗੰਧਿਤ ਜਲ ਦੀ ਵਰਖਾ ਹੁੰਦੀ ਹੈ ।

(31) ਜਮੀਨ ਅਤੇ ਪਾਣੀ ਵਿਚ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਹੁੰਦੀ ਹੈ ।

(32) ਸਰੀਰ ਦੇ ਬਾਲ ਦੀਖਿਆ ਲੈਣ ਸਮੇਂ ਦੇ ਹੀ ਰਹਿੰਦੇ ਹਨ ਵਧਦੇ ਘਟਦੇ ਨਹੀਂ ।

(33) ਘਟੋ ਘਟ ਚਾਰੇ ਕਿਸਮਾਂ 1 ਕਰੋੜ ਦੇਵਤੇ ਸੇਵਾ ਵਿਚ ਹਾਜਰ ਰਹਿੰਦੇ ਹਨ ।

(34) ਸਭ ਮੌਸਮ ਠੀਕ ਰਹਿੰਦਾ ਹੈ ।

ਸਾਧਾਰਣ ਕੇਵਲ ਗਿਆਨੀਆਂ ਨੂੰ ਇਹ ਸਭ ਕੁਝ ਪ੍ਰਾਪਤ ਨਹੀ ਹੁੰਦਾ । ਬਾਕੀ ਕੇਵਲ ਗਿਆਨ ਤੇ ਮੁਕਤੀ ਪਖੋਂ ਸਾਧਾਰਣ ਕੇਵਲੀ ਅਤੇ ਤੀਰਥੰਕਰਾਂ ਵਿਚ ਕੋਈ ਅੰਤਰ ਨਹੀਂ । ਇਹ ਸਭ ਕੁਝ ਤੀਰਥੰਕਰ ਗੋਤਰ ਸਦਕਾ ਤੀਰਥੰਕਰਾਂ ਨੂੰ ਪ੍ਰਾਪਤ ਹੁੰਦਾ ਹੈ ।

# ਗਨਧਰ ਵਾਦ

## (ਇੰਦਰ ਭੂਤੀ ਗੌਤਮ ਆਦਿ 11 ਗਨਧਰ)

ਭਗਵਾਨ ਮਹਾਵੀਰ ਦੇ ਕੇਵਲ ਗਿਆਨ ਦਾ ਸਮਾਚਾਰ ਸਵੌਰਗ ਦੇ ਦੇਵਤਿਆਂ ਨੂੰ ਪਹੁੰਚਿਆ ਤਾਂ ਉਨ੍ਹਾਂ ਤੀਰਥੰਕਰਾਂ ਜਾਂ ਅਰਿਹੰਤ ਬੈਠਣ ਯੋਗ ਸਮੋਸਰਨ (ਧਰਮ ਸਭਾ) ਦੀ ਰਚਨਾ ਕੀਤੀ । ਪਰ ਜੈਨ ਇਤਿਹਾਸ ਦੀ ਤੀਰਥੰਕਰ ਪਰੰਪਰਾ ਵਿੱਚ ਇਹ ਇੱਕ ਅਚੰਭਾ ਹੈ ਕਿ ਪਹਿਲੇ ਧਰਮ ਉਪਦੇਸ਼ ਵਿਚ ਭਗਵਾਨ ਮਹਾਵੀਰ ਦਾ ਕੋਈ ਚੇਲਾ ਜਾਂ ਉਪਾਸਕ ਨਹੀਂ ਬਣਿਆ । ਇਸ ਸਭਾ ਵਿਚ ਦੇਵਤੇ ਹੀ ਸ਼ਾਮਲ ਹੋਏ ।

ਉਨ੍ਹਾਂ ਦਿਨਾਂ ਵਿਚ ਮਾਧਿਅਮ ਪਾਵਾ ਵਿਖੇ, ਸੋਮਿਲਚਾਰੀਆ ਬ੍ਰਾਹਮਣ ਦੀ ਪ੍ਰਧਾਨਗੀ ਹੇਠ ਯੱਗ ਚਲ ਰਿਹਾ ਸੀ । ਜਿਸ ਵਿਚ ਭਿੰਨ ਭਿੰਨ ਦੇਸ਼ਾਂ ਤੋਂ ਗੌਤਮ ਇੰਦਰਭੂਤੀ ਆਦਿ ਪ੍ਰਮੁੱਖ ਵਿਦਵਾਨ ਆਪਣੇ ਹਜਾਰਾਂ ਚੇਲਿਆਂ ਨਾਲ ਸ਼ਾਮਲ ਹੋ ਰਹੇ ਸਨ । ਕੇਵਲ ਗਿਆਨ ਤੋਂ ਬਾਅਦ ਭਗਵਾਨ ਮਹਾਵੀਰ ਮਾਧਿਅਮ ਪਾਵਾ ਵੱਲ ਪਧਾਰੇ ।[1] ਉਥੇ ਸਮੋਸਰਨ ਲਗਾ । ਦੇਵੀ ਦੇਵਤੇ ਭਗਵਾਨ ਮਹਾਵੀਰ ਦੀ ਸੇਵਾ ਵਿਚ ਹਾਜਰ ਹੋ ਰਹੇ ਸਨ । ਪਰ ਉਸੇ ਯੱਗਸ਼ਾਲਾ ਵਿਚ ਬੈਠਾ ਇੰਦਰਭੂਤੀ ਗੌਤਮ ਸੋਚ ਰਿਹਾ ਸੀ ਕਿ " ਦੇਵਤੇ ਯੱਗ ਤੋਂ ਖੁਸ਼ ਹੋ ਕੇ ਧਰਤੀ ਵੱਲ ਆ ਰਹੇ ਹਨ ।" ਜਦ ਦੇਵਤੇ ਯੱਗਸ਼ਾਲਾ ਦੇ ਉਪਰੋਂ ਦੀ ਗੁਜਰ ਗਏ ਤਾਂ ਉਸ ਦਾ ਭਰਮ ਦੂਰ ਹੋ ਗਿਆ । ਉਸਨੇ ਸੋਚਿਆ " ਦੇਵਤੇ ਕਿਸੇ ਇੰਦਰਜਾਲ ਵਿਚ ਫਸ ਗਏ ਹਨ ਜੋ ਬ੍ਰਾਹਮਣਾਂ ਦੀ ਯੱਗਸ਼ਾਲਾ ਛੱਡ ਕੇ ਦੂਸਰੇ ਪਾਸੇ ਜਾ ਰਹੇ ਹਨ ।" ਉਸਨੇ ਸੋਚਿਆ " ਮੈਂ ਹੁਣੇ ਉਸ ਇੰਦਰਜਾਲੀਏ ਕੋਲ ਜਾਂਦਾ ਹਾਂ, ਦੇਵਤਿਆਂ ਨੂੰ ਉਸ ਦੇ ਚੁੰਗਲ ਵਿਚੋਂ ਛੁੜਾਉਂਦਾ ਹਾਂ ।

ਇੰਦਰਭੂਮੀ ਗੌਤਮ ਆਪਣੇ 500 ਚੇਲਿਆਂ ਨਾਲ ਭਗਵਾਨ ਮਹਾਵੀਰ ਦੀ ਧਰਮ ਸਭਾ ਵੱਲ ਜਾ ਰਹੇ ਸਨ । ਜਿਉ ਜਿਉ ਧਰਮ ਸਭਾ ਨਜਦੀਕ ਆਉਂਦੀ ਉਹ ਸੋਚਦੇ " ਮੈਂ ਉਸ ਨਾਲ ਧਰਮ ਚਰਚਾ ਕਰਾਂਗਾ, ਜੇ ਮੈਂ ਹਾਰ ਗਿਆ ਤਾਂ ਮੈਂ ਉਨ੍ਹਾਂ ਦਾ ਚੇਲਾ ਬਣ ਜਾਵਾਂਗਾ, ਨਹੀਂ ਤਾਂ ਉਨ੍ਹਾਂ ਨੂੰ ਚੇਲਾ ਬਣਾ ਲਵਾਂਗਾ ।" ਇਹ ਸੋਚਦੇ ਸੋਚਦੇ ਉਹ ਧਰਮ ਸਭਾ ਵੱਲ ਵਧਦਾ ਜਾ ਰਿਹਾ ਸੀ । ਉਹ ਭਗਵਾਨ ਮਹਾਵੀਰ ਕੋਲ ਮਹਾਸੇਨ ਬਾਗ ਵਿਚ ਪਹੁੰਚਿਆ ।

---

1. ਦਿਗੰਬਰ ਜੈਨ ਪਰੰਪਰਾ ਭਗਵਾਨ ਮਹਾਵੀਰ ਦਾ ਪਹਿਲਾ ਉਪਦੇਸ਼ ਰਾਜਗ੍ਰਹਿ ਦੇ ਵਿਪੁਲਾਚਲ ਪਹਾੜ ਤੇ ਮੰਨਦੀ ਹੈ । ਉਸ ਸਮੇਂ ਰਾਜਾ ਸ਼੍ਰੇਣਿਕ ਤੇ ਰਾਣੀ ਚੇਲਣਾ ਨੂੰ ਹਾਜਰ ਵੀ ਮੰਨਦੀ ਹੈ । ਉਸ ਦਿਨ ਸ਼੍ਰਾਵਨ ਮਹੀਨੇ ਦੇ ਹਨੇਰ ਪੱਖ ਦੀ ਤਾਰੀਖ ਸੀ। ਇਸ ਪਰੰਪਰਾ ਵਿੱਚ ਗਿਆਰਾਂ ਗਣਧਰਾਂ ਦੇ ਪ੍ਰਸ਼ਨਾਂ ਦੀ ਚਰਚਾ ਵੀ ਨਹੀਂ ਮਿਲਦੀ ।

ਭਗਵਾਨ ਮਹਾਵੀਰ ਨੇ ਗੌਤਮ ਇੰਦਰ ਭੂਤੀ ਨੂੰ ਵੇਖਦਿਆਂ ਹੀ ਆਖਿਆ " ਹੇ ਗੌਤਮ ! ਕਿ ਤੈਨੂੰ ਜੀਵ (ਆਤਮਾ) ਦੀ ਹੋਂਦ ਬਾਰੇ ਸ਼ੰਕਾ ਹੈ ?" ਭਗਵਾਨ ਮਹਾਵੀਰ ਦੇ ਮੁਖੋ ਇਹ ਗੱਲ ਸੁਣ ਕੇ ਇੰਦਰ ਭੂਤੀ ਨੂੰ ਬਹੁਤ ਅਚੰਭਾ ਹੋਇਆ । ਭਗਵਾਨ ਮਹਾਵੀਰ ਨੇ ਉਸ ਦੇ ਇਸ ਪ੍ਰਸ਼ਨ ਦਾ ਸਪਸ਼ਟੀਕਰਨ ਕਰਦੇ ਹੋਏ ਉਸ ਨੂੰ ਜੀਵ ਅਜੀਵ ਦਾ ਭੇਦ ਸਮਝਾਇਆ। ਭਗਵਾਨ ਮਹਾਵੀਰ ਨੇ ਆਪਣਾ ਉਪਦੇਸ਼ ਲੋਕ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਵਿਚ ਕੀਤਾ। ਗੌਤਮ ਸਵਾਮੀ ਨੂੰ ਭਗਵਾਨ ਮਹਾਵੀਰ ਦੀ ਸਰਵੱਗਤਾ ਤੇ ਪੂਰਾ ਯਕੀਨ ਹੋ ਗਿਆ । ਉਹ 500 ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ ।

ਉਸ ਸਮੇਂ ਇੰਦਰਭੂਤੀ ਗੌਤਮ ਦੀ ਉਮਰ 50 ਸਾਲ ਸੀ । ਆਪ ਦੀ ਮਾਤਾ ਪ੍ਰਿਥਵੀ ਅਤੇ ਪਿਤਾ ਵਸੂਭੂਤੀ ਸਨ । ਉਸ ਦਾ ਪਿੰਡ ਗੌਬਰ ਗ੍ਰਾਮ ਸੀ । ਆਪ ਬੜੇ ਸਰਲ ਸੁਭਾਅ ਅਤੇ ਗਿਆਨੀ ਸਨ । ਆਪ ਨੂੰ 4 ਗਿਆਨ ਭਗਵਾਨ ਮਹਾਵੀਰ ਦੇ ਜੀਵਨ ਵਿੱਚ ਹੀ ਹੋ ਗਏ ਸਨ । ਆਪ 14000 ਸਾਧੂਆਂ ਦੇ ਪ੍ਰਮੁਖ ਸਨ । ਜੈਨ ਧਰਮ ਵਿਚ ਗਨਧਰ ਗੌਤਮ ਦੀ ਉਹੀ ਜਗ੍ਹਾ ਹੈ ਜੋ ਗੀਤਾ ਵਿਚ ਅਰਜੁਨ ਦੀ ਹੈ ਜਾਂ ਬੁੱਧ ਗ੍ਰੰਥ ਵਿਚ ਆਨੰਦ ਦੀ ਹੈ । ਹਰ ਗ੍ਰੰਥ ਦੇ ਸ਼ੁਰੂ ਵਿਚ 5ਵੇਂ ਗਨਧਰ ਸੁਧਰਮਾ ਸਵਾਮੀ ਇਹੋ ਆਖਦੇ ਹਨ ਕਿ ' ਹੇ ਜੰਬੂ ! ਮੈਂ ਅਜਿਹਾ ਭਗਵਾਨ ਮਹਾਵੀਰ ਦੇ ਮੁਖੋਂ ਸੁਣਿਆ ਹੈ ਜੋ ਉਨ੍ਹਾਂ ਗੌਤਮ ਦੇ ਪ੍ਰਸ਼ਨ ਦੇ ਉੱਤਰ ਵਿੱਚ ਕਿਹਾ ਸੀ ।" ਗੌਤਮ ਸਵਾਮੀ, ਭਗਵਾਨ ਮਹਾਵੀਰ ਨੂੰ ਬਹੁਤ ਪਿਆਰ ਕਰਦੇ ਸਨ । ਭਗਵਾਨ ਮਹਾਵੀਰ ਨੇ ਕਈ ਵਾਰ ਗੌਤਮ ਦੇ ਪਿਆਰ ਦੀ ਪ੍ਰਸੰਸਾ ਕੀਤੀ ਹੈ। ਭਗਵਾਨ ਮਹਾਵੀਰ, ਗੌਤਮ ਸਵਾਮੀ ਦੇ ਹਰ ਪ੍ਰਕਾਰ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹਨ। ਮਹਾਵੀਰ ਗੌਤਮ ਦੇ ਪ੍ਰਸ਼ਨਾਂ-ਉੱਤਰਾਂ ਦਾ ਸਿਟਾ ਹੀ ਜੈਨ ਆਗਮਾਂ ਵਿਚ ਸੁਰਖਿਅਤ ਹੈ ।

ਗੌਤਮ ਸਵਾਮੀ ਬਹੁਤ ਖਿਮਾਵਾਨ ਸਨ । ਇਕ ਵਾਰ ਉਨ੍ਹਾਂ ਆਨੰਦ ਗ੍ਰਹਿਸਥ ਦੇ ਅਵਧੀ ਗਿਆਨ ਸਬੰਧੀ ਗਲਤ ਗੱਲ ਆਖੀ । ਭਗਵਾਨ ਮਹਾਵੀਰ ਨੇ ਫੌਰਨ ਗ੍ਰਹਿਸਥ ਤੋਂ ਮੁਆਫੀ ਮੰਗਣ ਲਈ ਕਿਹਾ । ਗੌਤਮ ਸਵਾਮੀ ਉਸੇ ਸਮੇਂ ਆਨੰਦ ਗ੍ਰਹਿਸਥ ਤੋਂ ਮੁਆਫੀ ਮੰਗਣ ਗਏ । ਭਗਵਾਨ ਮਹਾਵੀਰ ਦੇ ਸਾਰੇ ਗਨਧਰ ਗੋਤਮ ਦੀ ਪ੍ਰੇਰਨਾ ਨਾਲ ਬਣੇ ਸਨ। ਉਨ੍ਹਾਂ ਅਤਿੰਮੁਕਤ ਕੁਮਾਰ ਜੇਹੇ ਬਚੇ ਤੋਂ ਲੈ ਕੇ ਬੜੇ ਬੜੇ ਰਾਜਿਆਂ ਮਹਾਰਾਜਿਆਂ ਨੂੰ ਜੈਨ ਧਰਮ ਵਿਚ ਸ਼ਾਮਲ ਕੀਤਾ । ਜੈਨ ਧਰਮ ਵਿਚ ਭਗਵਾਨ ਮਹਾਵੀਰ ਤੋਂ ਬਾਅਦ ਗੌਤਮ ਸਵਾਮੀ ਨੂੰ ਮੰਗਲ (ਸ਼ੁਭ) ਮੰਨਿਆ ਗਿਆ ਹੈ । ਆਪ ਨੂੰ ਦੀਵਾਲੀ ਵਾਲੇ ਦਿਨ ਕੇਵਲ-ਗਿਆਨ ਪ੍ਰਾਪਤ ਹੋਇਆ । ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਬਾਅਦ ਸੰਘ ਦਾ ਭਾਰ ਆਪ ਦੇ ਮੋਢੇ ਤੇ ਆ ਪਿਆ । ਆਪ ਦਾ ਨਿਰਵਾਨ ਰਾਜਗ੍ਰਹਿ ਦੇ ਗੁਣਸ਼ੀਲ ਬਾਗ ਵਿਚ ਹੋਇਆ ।

## ਅਗਨੀਭੂਤੀ

ਗੌਤਮ ਇੰਦਰਭੂਤੀ ਦੇ ਭਗਵਾਨ ਮਹਾਵੀਰ ਦਾ ਚੇਲਾ ਬਣਨ ਦੀ ਖਬਰ ਬ੍ਰਾਹਮਣ ਸਮਾਜ ਲਈ ਇਕ ਵਿਦਰੋਹ ਦੇ ਸਮਾਨ ਸੀ । ਬ੍ਰਾਹਮਣ ਹਮੇਸ਼ਾਂ ਲੋਕਾਂ ਦਾ ਗੁਰੂ ਰਿਹਾ ਹੈ। ਇਕ ਬ੍ਰਾਹਮਣ ਦਾ ਖੱਤਰੀ ਚੇਲਾ ਬਣਨਾ, ਬ੍ਰਾਹਮਣ ਵਾਦ ਦੇ ਪੁਰਾਣੇ ਮਹਿਲ ਨੂੰ ਝਟਕਾ ਸੀ। ਗੌਤਮ ਇੰਦਰ ਭੂਤੀ ਦਾ ਛੋਟਾ ਭਰਾ ਅਗਨੀਭੂਤੀ ਵੀ 500 ਚੇਲਿਆਂ ਦਾ ਅਧਿਆਪਕ ਸੀ । ਉਸਨੂੰ ਆਪਣੇ ਭਰਾ ਦਾ, ਭਗਵਾਨ ਮਹਾਵੀਰ ਦਾ ਚੇਲਾ ਬਣਨਾ ਬਹੁਤ ਗੁਮਰਾਹ ਕਰਨ ਵਾਲਾ ਕਦਮ ਲਗਿਆ । ਉਹ ਵੀ ਝਟਪਟ ਆਪਣੇ ਵਿਦਿਆਰਥੀ ਚੇਲਿਆਂ ਨਾਲ ਭਗਵਾਨ ਮਹਾਵੀਰ ਦੇ ਸਮੋਸਰਨ ਵਲ ਆਇਆ । ਉਸਨੂੰ ਵੇਖਦੇ ਹੀ ਭਗਵਾਨ ਮਹਾਵੀਰ ਨੇ ਅਗਨੀਭੂਤੀ ਦੇ ਮਨ ਦੀ ਸ਼ੰਕਾ ਆਪਣੇ ਕੇਵਲ-ਗਿਆਨ ਨਾਲ ਜਾਣ ਲਈ । ਭਗਵਾਨ ਮਹਾਵੀਰ ਨੇ ਉਸਦੇ ਬਿਨਾਂ ਪੁਛੇ ਆਖਿਆ " ਹੇ ਅਗਨੀਭੂਤੀ ! ਤੈਨੂੰ ਕਰਮ ਸਿਧਾਂਤ ਦੀ ਹੋਂਦ ਪ੍ਰਤੀ ਸ਼ੱਕ ਹੈ ? "

ਇਸ ਤਰ੍ਹਾਂ ਭਗਵਾਨ ਮਹਾਵੀਰ ਨੇ ਉਸ ਦੀ ਕਰਮ ਸਿਧਾਂਤ ਬਾਰੇ ਸ਼ੰਕਾ ਦੂਰ ਕੀਤੀ । ਉਹ ਵੀ ਆਪਣੇ ਭਰਾ ਇੰਦਰਭੂਤੀ ਗੌਤਮ ਦੀ ਤਰ੍ਹਾਂ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ, ਦੀਖਿਆ ਸਮੇਂ ਉਸ ਦੀ ਉਮਰ 46 ਸਾਲ ਸੀ ।

## ਵਾਯੂਭੂਤੀ-

ਇੰਦਰਭੂਤੀ ਅਤੇ ਅਗਨੀਭੂਤੀ ਦੋਹਾਂ ਦੀ ਦੀਖਿਆ ਦੀ ਚਰਚਾ ਪਾਵਾਪੁਰੀ ਦੇ ਘਰ ਘਰ ਦਾ ਵਿਸ਼ਾ ਬਣ ਚੁਕੀ ਸੀ । ਦੋਵੇਂ ਵੇਦਾਂ ਦੇ ਵਿਦਵਾਨ ਅਤੇ ਸ਼ਾਸ਼ਤਰ-ਅਰਥ ਵਿਚ ਸਾਰੇ ਭਾਰਤ ਵਿੱਚ ਪ੍ਰਸਿਧ ਸਨ । ਦੋਹਾਂ ਦੀ ਦੀਖਿਆ ਦਾ ਵਾਯੂਭੂਤੀ ਦੇ ਮਨ ਤੇ ਡੂੰਘਾ ਅਸਰ ਪਿਆ । ਉਹ ਵੀ ਆਪਣੇ ਚੇਲਿਆਂ ਦੇ ਨਾਲ ਭਗਵਾਨ ਮਹਾਵੀਰ ਦੇ ਸਮੋਸਰਨ ਵਿੱਚ ਪੁੱਜ ਗਿਆ । ਭਗਵਾਨ ਮਹਾਵੀਰ ਨੇ ਉਸ ਦੀ ਸਰੀਰ ਅਤੇ ਆਤਮਾ ਸਬੰਧੀ ਸ਼ੰਕਾ ਨੂੰ ਦੂਰ ਕੀਤਾ । ਉਹ ਵੀ ਆਪਣੇ ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ । ਦੀਖਿਆ ਸਮੇਂ ਉਸ ਦੀ ਉਮਰ 42 ਸਾਲ ਸੀ ।

## ਵਿਅੱਕਤ ਸਵਾਮੀ-

ਇੰਦਰ ਭੂਤੀ, ਅਗਨੀ ਭੂਤੀ ਅਤੇ ਵਾਯੂਭੂਤੀ ਸਕੇ ਭਰਾ ਸਨ । ਵਿਅਕਤ ਸਵਾਮੀ ਕੋਲਾਂਗ ਸ਼ਨੀਵੇਸ਼ ਦੇ ਰਹਿਣ ਵਾਲੇ ਬ੍ਰਾਹਮਣ ਸਨ । ਉਨ੍ਹਾਂ ਦਾ ਗੋਤ ਭਾਰਦਵਾਜ ਸੀ । ਇਨ੍ਹਾਂ ਦੀ ਮਾਤਾ ਦਾ ਨਾਂ ਵਰਣੀ ਅਤੇ ਪਿਤਾ ਦਾ ਨਾਂ ਧਨੀਮੱਤਰ ਸੀ । ਉਨ੍ਹਾਂ ਦੀ ਮੁੱਖ ਸ਼ੰਕਾ ਸੰਸਾਰ ਦੀ ਅਸਾਰਤਾ (ਨਾਸ਼ਵਾਨਤਾ) ਬਾਰੇ ਸੀ । ਦੀਖਿਆ ਸਮੇਂ ਆਪ ਦੀ ਉਮਰ 50 ਸਾਲ ਸੀ ।

## ਸੁਧਰਮਾ ਸਵਾਮੀ

ਜੈਨ ਧਰਮ ਵਿਚ ਸੁਧਰਮਾ ਸਵਾਮੀ ਨੂੰ ਹਰ ਕੋਈ ਜਾਣਦਾ ਹੈ । ਆਪ ਵੀ ਪਾਵਾ ਵਾਲੇ ਯੱਗ ਵਿਚ ਸ਼ਾਮਲ ਸਨ । ਆਪ ਦਾ ਜਨਮ ਕੋਲਾਂਗ ਸ਼ਨੀਵੇਸ਼ ਵਿਖੇ ਅਗਨੀਵੈਸ਼ਆਯਾਨ ਕੁਲ ਵਿਚ ਹੋਇਆ । ਆਪ ਦੀ ਮਾਤਾ ਭਦਿਲਾ ਅਤੇ ਪਿਤਾ ਧਮਿਲ ਸਨ । ਆਪ ਨੂੰ ਲੋਕ ਪਰਲੋਕ ਬਾਰੇ ਸ਼ੰਕਾ ਸੀ ।

ਆਪ 50 ਸਾਲ ਦੀ ਉਮਰ ਵਿਚ ਸਾਧੂ ਬਣੇ । 42 ਸਾਲ ਤੱਕ ਸਾਧੂ ਜੀਵਨ ਗੁਜ਼ਾਰਿਆ । 8 ਸਾਲ ਕੇਵਲ ਗਿਆਨ ਅਵਸਥਾ ਵਿਚ ਰਹੇ । ਆਪ 11 ਗਨਧਰਾਂ ਵਿਚੋਂ ਸਭ ਤੋਂ ਲੰਬੀ ਉਮਰ ਵਾਲੇ ਸਨ । ਅੱਜ ਤੋਂ ਜੈਨ ਸ਼ਾਸ਼ਤਰ ਮਿਲਦੇ ਹਨ ਉਨ੍ਹਾਂ ਸਭ ਸ਼ਾਸ਼ਤਰਾਂ ਦਾ ਸੰਗ੍ਰਹਿ ਆਪ ਦੇ ਪ੍ਰਮੁੱਖ ਸ਼ਿਸ਼ ਅੰਤਮ ਕੇਵਲੀ ਭਗਵਾਨ ਜੰਬੂ ਸਵਾਮੀ ਰਾਹੀ ਕੀਤਾ ਗਿਆ ਹੈ ।

## ਮੰਡੀਕ ਸਵਾਮੀ–

ਇਨ੍ਹਾਂ ਯੱਗ ਕਰਨ ਵਾਲੇ ਵਿਦਵਾਨਾਂ ਵਿਚੋਂ ਇਕ ਮੰਡੀਕ ਨਾਂ ਦੇ ਵਿਦਵਾਨ ਵੀ ਸਨ । ਉਨ੍ਹਾਂ ਦਾ ਜਨਮ ਮੋਰਿਆ ਸ਼ਨੀਵੇਸ਼ ਵਿਖੇ ਬ੍ਰਾਹਮਣ ਕੁਲ ਵਿਚ ਹੋਇਆ । ਉਸ ਦਾ ਗੋਤ ਵਸ਼ਿਸ਼ਟ ਸੀ । ਮਾਤਾ ਦਾ ਨਾਂ ਵਿਜੈਦੇਵੀ ਸੀ ਪਿਤਾ ਦਾ ਨਾਂ ਧੰਨਦੇਵ ਸੀ । ਉਹ 350 ਚੇਲਿਆਂ ਦਾ ਗੁਰੂ ਸੀ । ਉਸਨੂੰ ਕਰਮ ਦੇ ਸੰਗ੍ਰਹਿ ਤੇ ਮੁਕਤੀ ਬਾਰੇ ਸ਼ੰਕਾ ਸੀ । ਭਗਵਾਨ ਮਹਾਵੀਰ ਨੇ ਉਸ ਦੀ ਮੁਕਤੀ ਸਬੰਧੀ ਸ਼ੰਕਾ ਦੂਰ ਕੀਤੀ । ਉਹ 350 ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ । ਸਾਧੂ ਬਣਨ ਸਮੇਂ ਆਪ ਦੀ ਉਮਰ 53 ਸਾਲ ਸੀ । 67 ਸਾਲ ਦੀ ਉਮਰ ਵਿਚ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ । 83 ਸਾਲ ਦੀ ਉਮਰ ਵਿਚ ਆਪ ਦਾ ਰਾਜਗ੍ਰਹਿ ਵਿਖੇ ਗੁਣਸ਼ੀਲ ਬਾਗ ਵਿਚ ਨਿਵਾਰਨ ਹੋਇਆ ।

## ਮੋਰੀਆ ਪੁਤਰ –

ਭਗਵਾਨ ਮਹਾਵੀਰ ਦੇ ਸਤਵੇਂ ਗਨਧਰ ਦਾ ਨਾਂ ਮੋਰੀਆ ਪੁੱਤਰ ਸੀ । ਮੋਰੀਆ ਪੁੱਤਰ ਦਾ ਕਾਸ਼ਯਪ ਗੋਤ ਸੀ । ਉਸ ਦੇ ਪਿਤਾ ਦਾ ਨਾਉ ਮੋਰਿਆ ਅਤੇ ਮਾਂ ਦਾ ਨਾਂ ਵਿਜੈਦੇਵੀ ਸੀ । ਉਸ ਦਾ ਪਿੰਡ ਮੋਰਿਆ ਸ਼ਨੀਵੇਸ਼ ਸੀ । ਉਹ ਵੀ ਪਾਵਾਪੁਰੀ ਵਿਖੇ ਆਪਣੇ 350 ਚੇਲਿਆਂ ਨਾਲ ਯੱਗ ਵਿਚ ਸ਼ਾਮਲ ਹੋਇਆ ਸੀ । ਉਹ ਭਗਵਾਨ ਮਹਾਵੀਰ ਦੀ ਪ੍ਰਸੰਸਾ ਸੁਣ ਕੇ ਭਗਵਾਨ ਮਹਾਵੀਰ ਕੋਲ ਆਇਆ । ਭਗਵਾਨ ਮਹਾਵੀਰ ਨੇ ਉਸ ਦੀ ਦੇਵਤਾ ਅਤੇ ਦੇਵਲੋਕ ਬਾਰੇ ਸ਼ੰਕਾ ਦੂਰ ਕੀਤੀ ।

ਦੀਖਿਆ ਸਮੇਂ ਉਸ ਦੀ ਉਮਰ 65 ਸਾਲ ਸੀ । 79 ਸਾਲ ਦੀ ਉਮਰ ਵਿਚ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ । 95 ਸਾਲ ਦੀ ਉਮਰ ਵਿਚ ਆਪ ਦਾ ਰਾਜਗ੍ਰਹਿ ਦੇ ਗੁਣਸ਼ੀਲ ਬਾਗ ਵਿਚ ਨਿਰਵਾਨ ਹੋਇਆ ।

ਆਪ ਦੇ ਨਾਲ 350 ਚੇਲਿਆਂ ਨੇ ਵੀ ਭਗਵਾਨ ਮਹਾਵੀਰ ਤੋਂ ਦੀਖਿਆ ਲਈ।

## ਅੰਕਪਿਤ ਸਵਾਮੀ–

ਭਗਵਾਨ ਮਹਾਵੀਰ ਦੇ ਅਠਵੇਂ ਗਨਧਰ ਅਕੰਪਿਤ ਸਵਾਮੀ ਵੇਦਾਂ ਦੇ ਪ੍ਰਸਿੱਧ ਵਿਦਵਾਨ ਸਨ । ਉਨ੍ਹਾ ਦਾ ਜਨਮ ਮਿਥਿਲਾ ਨਗਰੀ ਵਿਖੇ ਗੌਤਮ ਗੋਤਰ ਵਾਲੇ ਬ੍ਰਾਹਮਣ ਕੁਲ ਵਿਚ ਹੋਇਆ । ਆਪ ਦੀ ਮਾਤਾ ਦਾ ਨਾਂ ਜੈਅੰਤੀ ਅਤੇ ਪਿਤਾ ਦਾ ਨਾਂ ਦੇਵ ਸੀ ।

ਆਪ 300 ਵਿਦਿਆਰਥੀਆਂ ਦੇ ਗੁਰੂ ਸੀ । ਉਸਨੂੰ ਨਰਕ ਬਾਰੇ ਸ਼ੰਕਾ ਸੀ । ਭਗਵਾਨ ਮਹਾਵੀਰ ਨੇ ਉਸ ਦੀ ਨਰਕ ਅਤੇ ਨਰਕ ਦੇ ਜੀਵਾਂ ਸਬੰਧੀ ਸ਼ੰਕਾ ਦੂਰ ਕੀਤੀ । ਉਹ ਵੀ 300 ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣਿਆ ।

ਦੀਖਿਆ ਸਮੇਂ ਉਸ ਦੀ ਉਮਰ 48 ਸਾਲ ਦੀ ਸੀ । 57 ਸਾਲ ਦੀ ਉਮਰ ਵਿਚ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ । 78 ਸਾਲ ਦੀ ਉਮਰ ਵਿਚ ਆਪ ਦਾ ਨਿਰਵਾਨ ਗੁਣਸ਼ੀਲ ਬਗੀਚੇ ਵਿਚ ਹੋਇਆ ।

## ਅਚਲ ਭਰਾਤਾ–

ਅਚਲ ਭਰਾਤਾ ਨਾਂ ਦਾ, ਹਰੀਤ ਗੋਤ ਵਾਲਾ ਬ੍ਰਾਹਮਣ, ਪਾਵਾ ਵਾਲੇ ਉਸ ਯੱਗ ਵਿਚ ਸ਼ਾਮਲ ਹੋਇਆ ਸੀ, ਜੋ ਸੋਮਿਲ ਆਚਾਰੀਆ ਨੇ ਕੀਤਾ ਸੀ । ਉਹ ਕੋਸ਼ਲ ਨਿਵਾਸੀ ਸੀ । ਉਸ ਦੀ ਮਾਤਾ ਦਾ ਨਾਂ ਨੰਦਾ ਅਤੇ ਪਿਤਾ ਵਸੂ ਸੀ ।

ਅਚਲ ਭਰਾਤਾ ਨੂੰ ਪੁੰਨ ਅਤੇ ਪਾਪ ਸਬੰਧੀ ਸ਼ੰਕਾ ਸੀ । ਉਹ ਵੀ ਆਪਣੇ 300 ਚੇਲਿਆਂ ਨਾਲ 46 ਸਾਲ ਦੀ ਉਮਰ ਵਿਚ ਸਾਧੂ ਬਣਿਆ । 14 ਸਾਲ ਕੇਵਲ ਗਿਆਨ ਅਵਸਥਾ ਵਿਚ ਰਿਹਾ । 72 ਸਾਲ ਦੀ ਉਮਰ ਵਿਚ ਉਨ੍ਹਾ ਦਾ ਨਿਰਵਾਨ ਗੁਣਸ਼ੀਲ ਬਗੀਚੇ ਵਿਚ ਹੋਇਆ ।

## ਮੇਤਾਰਿਆ–

ਸ਼੍ਰਮਣ ਭਗਵਾਨ ਮਹਾਵੀਰ ਦੇ ਦਸਵੇਂ ਗਨਧਰ ਮੇਤਾਰਿਆ ਸਨ । ਉਨ੍ਹਾਂ ਦਾ ਜਨਮ ਤੁੰਗੀਆ ਸ਼ਨੀਵੇਸ਼ ਦੇ ਕੋਡਾਨਿਆ ਗੋਤਰ ਵਿਚ ਹੋਇਆ । ਉਸ ਦੀ ਮਾਤਾ ਦਾ ਨਾਂ ਵਰੁਣ ਦੇਵਾ ਅਤੇ ਪਿਤਾ ਦਾ ਨਾਂ ਦੱਤ ਸੀ । ਇਸ ਵਿਦਵਾਨ ਬ੍ਰਾਹਮਣ ਨੂੰ ਪੁਨਰਜਨਮ ਬਾਰੇ ਸ਼ੰਕਾ ਸੀ । ਭਗਵਾਨ ਮਹਾਵੀਰ ਨੇ ਇਸ ਦੀ ਸ਼ੰਕਾ ਦੂਰ ਕੀਤੀ । ਦੀਖਿਆ ਸਮੇਂ ਉਸ ਦੀ ਉਮਰ 36 ਸਾਲ ਸੀ । 16 ਸਾਲ ਆਪ ਕੇਵਲ ਗਿਆਨ ਅਵਸਥਾ ਵਿਚ ਰਹੇ । ਆਪ ਦਾ ਨਿਰਵਾਨ ਗੁਣਸ਼ੀਲ ਬਗੀਚੇ ਵਿਚ ਹੋਇਆ ।

## ਪ੍ਰਭਾਸ–

ਪ੍ਰਭਾਸ ਰਾਜਗ੍ਰਹਿ ਦਾ ਰਹਿਣ ਵਾਲਾ ਵੇਦਾਂ ਦਾ ਵਿਦਵਾਨ ਸੀ । ਇਹ ਵੀ ਬਾਕੀ ਬ੍ਰਾਹਮਣਾਂ ਵਾਂਗ ਆਪਣੇ 300 ਚੇਲਿਆਂ ਨਾਲ ਪਾਵਾ ਵਾਲੇ ਯੱਗ ਵਿਚ ਸ਼ਾਮਲ ਹੋਇਆ ਸੀ । ਉਸ ਦੀ ਮਾਤਾ ਦਾ ਨਾਂ ਅਤਿਭੱਦਰਾ ਅਤੇ ਪਿਤਾ ਦਾ ਨਾਂ ਬੱਲ ਸੀ ।

ਉਸ ਨੂੰ ਆਤਮਾ ਦੇ ਨਿਰਵਾਨ ਬਾਰੇ ਸ਼ੰਕਾ ਸੀ । ਭਗਵਾਨ ਮਹਾਵੀਰ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਉਸ ਦਾ ਸ਼ੱਕ ਦੂਰ ਕੀਤਾ । ਉਹ ਵੀ ਆਪਣੇ 300 ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ ।

ਦੀਖਿਆ ਸਮੇਂ ਉਨ੍ਹਾਂ ਦੀ ਉਮਰ 16 ਸਾਲ ਸੀ । 16 ਸਾਲ ਉਹ ਕੇਵਲ ਗਿਆਨ ਅਵਸਥਾ ਵਿਚ ਰਿਹਾ । ਉਸ ਦਾ ਨਿਰਵਾਨ 40 ਸਾਲ ਦੀ ਉਮਰ ਵਿਚ ਗੁਣਸ਼ੀਲ ਚੈਤਯ ਵਿਖੇ ਹੋਇਆ ।

ਇਸ ਪ੍ਰਕਾਰ ਭਗਵਾਨ ਮਹਾਵੀਰ ਦੇ ਪਹਿਲੇ ਉਪਦੇਸ਼ ਵਿਚ 4411 (ਬ੍ਰਾਹਮਣਾਂ ਨੇ ਜੈਨ ਸਾਧੂ ਦੀਖਿਆ ਲਈ । ਇਨ੍ਹਾਂ 11 ਬ੍ਰਾਹਮਣਾਂ ਨੂੰ 11 ਗਨਧਰ (ਸਾਧੂ ਸਮੂਹ ਦੇ ਮੁਖੀ) ਨਿਯੁਕਤ ਕੀਤਾ ਗਿਆ । 11 ਗਨਧਰਾਂ ਵਿਚੋਂ ਇੰਦਰਭੂਤੀ ਗੌਤਮ ਅਤੇ ਸੁਧਰਮਾਂ ਸਵਾਮੀ ਨੂੰ ਛੱਡ ਕੇ ਬਾਕੀ ਗਨਧਰਾਂ ਦਾ ਨਿਰਵਾਨ ਭਗਵਾਨ ਮਹਾਵੀਰ ਦੇ ਜੀਵਨ ਕਾਲ ਵਿਚ ਹੋ ਗਿਆ ।

# ਗਿਆਰਾਂ ਗਨਧਰਾਂ ਦਾ ਸੰਖੇਪ ਵਰਨਣ

| ਲੜੀ ਨੰ. | ਨਾਉ | ਗੋਤ | ਪਿੰਡ ਦਾ ਨਾਂ | ਗ੍ਰਹਿਸਥ ਸਮਾਂ | ਕੇਵਲ ਗਿਆਨ ਤੋਂ ਬਿਨਾਂ | ਕੇਵਲ ਗਿਆਨ ਵਾਲਾ | ਕੁੱਲ ਉਮਰ ਪੂਰਣ | ਨਿਰਵਾਨ |
|---|---|---|---|---|---|---|---|---|
| 1. | ਇੰਦਰਭੂਤੀ | ਗੌਤਮ | ਗੋਬਰ | 50 | 30 | 12 | 42 | 92 | ਚੇਤਯ |
| 2. | ਅਗਨੀਭੂਤੀ | ਗੌਤਮ | ਗੋਬਰ | 46 | 12 | 16 | 28 | 74 | ਰਾਜਗ੍ਰਹਿ |
| 3. | ਵਾਯੂਭੂਤੀ | ਗੌਤਮ | ਗੋਬਰ | 42 | 10 | 18 | 28 | 70 | ਰਾਜਗ੍ਰਹਿ |
| 4. | ਵਿਅਕਤ | ਭਾਰਦਵਾਜ | ਕੋਲਾਂਗ | 50 | 12 | 18 | 28 | 70 | ਰਾਜਗ੍ਰਹਿ |
| 5. | ਸੁਧਰਮਾਂ | ਅਗਨੀ ਵੈਸ਼ਯਅਨ | ਕੋਲਾਂਗ | 50 | 42 | 8 | 50 | 100 | ਰਾਜਗ੍ਰਹਿ |
| 6. | ਮੰਡਿਕ | ਵਸ਼ਿਸ਼ਟ | ਮੋਰੀਆ ਸ਼ਨੀਵੇਸ਼ | 53 | 14 | 16 | 30 | 83 | ਰਾਜਗ੍ਰਹਿ |
| 7. | ਮੋਰੀਆ | ਕਾਸ਼ਯਪ | ਮੋਰੀਆ | 65 | 14 | 16 | 30 | 95 | ਰਾਜਗ੍ਰਹਿ |
| 8. | ਅੰਕਪਿਕ | ਗੌਤਮ | ਮਿਥਿਲਾ | 48 | 9 | 21 | 30 | 78 | ਰਾਜਗ੍ਰਹਿ |
| 9. | ਅਚਲਭਰਾਤਾ | ਹਰਿਰਤ | ਕੋਸ਼ਲਾ | 46 | 12 | 14 | 26 | 72 | ਰਾਜਗ੍ਰਹਿ |
| 10. | ਮੇਤਾਰਿਆ | ਕੋਡਿਨਯ | ਤੰਰਿਹਕ | 36 | 10 | 16 | 26 | 62 | ਰਾਜਗ੍ਰਹਿ |
| 11. | ਪ੍ਰਭਾਸ | ਕੋਡਿਨਯ | ਰਾਜਗ੍ਰਹਿ | 16 | 8 | 16 | 24 | 40 | ਰਾਜਗ੍ਰਹਿ |

# ਰਾਜਕੁਮਾਰੀ ਚੰਦਨਾ ਦਾ ਸਾਧਵੀ ਬਣਨਾ

ਰਾਜਕੁਮਾਰੀ ਚੰਦਨਾ ਨੂੰ ਭਗਵਾਨ ਮਹਾਵੀਰ ਦੇ ਕੇਵਲ ਗਿਆਨ ਦੀ ਸੂਚਨਾ ਦੇਵਤਿਆਂ ਤੋਂ ਲਗੀ । ਇਕ ਦੇਵਤਾ ਉਸ ਦੀ ਸ਼ੁਭ ਭਾਵਨਾ ਜਾਣ ਕੇ ਆਪਣੀ ਦੇਵ ਸ਼ਕਤੀ ਰਾਹੀਂ ਚੰਦਨਾ ਨੂੰ ਭਗਵਾਨ ਮਹਾਵੀਰ ਦੇ ਸਮੋਸਰਨ ਵਿਚ ਲੈ ਗਿਆ । ਚੰਦਨਾ ਤਾਂ ਪਹਿਲਾਂ ਹੀ ਭਗਵਾਨ ਮਹਾਵੀਰ ਦੀ ਪੂਰੀ ਸ਼ਰਧਾਲੂ ਸੀ । ਉਸ ਨੇ ਸਾਧਵੀ ਜੀਵਨ ਧਾਰਨ ਕਰ ਲਿਆ । ਭਗਵਾਨ ਮਹਾਵੀਰ ਨੇ ਉਸਨੂੰ ਆਪਣੇ ਸਾਧਵੀ ਸਮਾਜ ਦਾ ਮੁਖੀ ਬਣਾਇਆ । ਚੰਦਨਾ ਮਹਾਵੀਰ ਨੇ ਉਸਨੂੰ ਆਪਣੇ ਸਾਧਵੀ ਸਮਾਜ ਦਾ ਮੁਖੀ ਬਣਾਇਆ । ਚੰਦਨਾ ਰਾਜਕੁਮਾਰੀ ਤੋਂ ਦਾਸੀ ਬੰਣੀ ਅਤੇ ਫੇਰ ਦਾਸੀ ਤੋਂ ਧਰਮ ਸੰਘ ਦਾ ਮੁਖੀਆ । ਚੰਦਨਾ ਦਾ ਧਰਮ ਸੰਘ ਦਾ ਮੁਖੀਆ ਬਣਾ ਕੇ ਭਗਵਾਨ ਮਹਾਵੀਰ ਨੇ ਉਸ ਸਮੇਂ ਗੁਲਾਮੀ ਅਤੇ ਇਸਤਰੀਆਂ ਨੂੰ ਸਮਾਜ ਤੇ ਧਰਮ ਸ਼੍ਰੀ ਸੰਘ ਵਿਚ ਬਰਾਬਰੀ ਦਾ ਹੱਕ ਪ੍ਰਦਾਨ ਕੀਤਾ । ਇਹ ਇਕ ਕ੍ਰਾਂਤੀਕਾਰੀ ਕਦਮ ਸੀ । ਜਿਸ ਨੇ ਉਸ ਸਮੇਂ ਦੇ ਸਮਾਜਿਕ ਰੀਤੀ ਰਿਵਾਜਾਂ ਨੂੰ ਚੁਨੌਤੀ ਦਿਤੀ । ਆਪ 36000 ਸਾਧਵੀਆਂ ਦੀ ਪ੍ਰਮੁੱਖ ਸਨ ।

# ਭਗਵਾਨ ਮਹਾਵੀਰ ਦਾ ਧਰਮ ਉਪਦੇਸ਼

ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਮਧਿਅਮ ਪਾਵਾ ਵਿਖੇ ਆਪਣੇ ਧਰਮ ਰੂਪੀ ਤੀਰਥ ਦੀ ਸਥਾਪਨਾ ਕੀਤੀ । ਧਰਮ ਰੂਪੀ ਤੀਰਥ ਦੇ ਚਾਰ ਆਧਾਰ ਹਨ :-

(1) ਸਾਧੂ (2) ਸਾਧਵੀ (3) ਸ਼੍ਰਾਵਕ (ਉਪਾਸਕ) (4) ਸ਼੍ਰਾਵਿਕਾ (ਉਪਾਸਿਕਾ)

ਆਪਣੇ ਪਹਿਲੇ ਉਪਦੇਸ਼ ਵਿਚ ਉਨ੍ਹਾਂ ਆਪਣੇ ਸਾਰੇ ਧਰਮਾਂ ਨੂੰ ਦੋ ਹਿਸਿਆਂ ਵਿਚ ਵੰਡਿਆ (1) ਸਾਧੂ ਧਰਮ (2) ਗ੍ਰਹਿਸਥ ਧਰਮ ।

" ਸੰਜਮ ਦੇ ਰਾਹ ਤੇ ਚੱਲਣ ਵਾਲੇ ਸਾਧੂ, ਸਾਧਵੀਆਂ ਨੂੰ ਸਚੇ ਅਰਿਹੰਤ ਦੇਵ, ਸਚੇ ਗੁਰੂ ਅਤੇ ਸਚੇ ਧਰਮ ਨੂੰ ਪਛਾਨਣ ਦੀ ਹਿਦਾਇਤ ਕੀਤੀ । ਭਗਵਾਨ ਮਹਾਵੀਰ ਨੇ ਸਮਿਅਕ ਗਿਆਨ, ਸਮਿਅਕ ਦਰਸ਼ਨ ਅਤੇ ਸਮਿਅਕ ਦਰਸ਼ਨ ਅਤੇ ਸਮਿਅਕ ਚਰਿੱਤਰ ਨੂੰ ਜਨਮ ਮਰਨ ਤੋਂ ਰਹਿਤ ਮੁਕਤੀ ਦਾ ਰਾਹ ਦਸਿਆ ।"

" ਸੰਸਾਰ ਵਿਚ ਬਹੁਤ ਘੱਟ ਹੀ ਮਨੁੱਖ ਹਨ ਜਿਨ੍ਹਾਂ ਨੂੰ ਧਰਮ ਸੁਣਨ ਦਾ ਮੌਕਾ ਮਿਲਦਾ ਹੈ । ਜੇ ਧਰਮ ਸੁਣ ਲੈਣ ਤਾਂ ਧਰਮ ਤੇ ਸ਼ਰਧਾ ਆਉਣਾ ਮੁਸ਼ਕਿਲ ਹੈ । ਜੇ ਸ਼ਰਧਾ ਵੀ ਆ ਜਾਵੇ ਤਾਂ ਸੰਜਮ ਦਾ ਪਾਲਣ ਬਹੁਤ ਹੀ ਕਠਿਨ ਹੈ, ਪ੍ਰਮਾਦ (ਅਣਗਹਿਲੀ) ਲੋਭ, ਡਰ, ਅਹੰਕਾਰ, ਅਗਿਆਨ ਅਤੇ ਮੋਹ ਕਾਰਣ ਮਨੁੱਖ ਧਰਮ ਨਹੀਂ ਸੁਣ ਸਕਦਾ ।"

" ਸਾਰੇ ਜੀਵਾਂ ਨੂੰ ਜਿਉਣਾ ਚੰਗਾ ਲਗਦਾ ਹੈ, ਮਰਨਾ ਨਹੀਂ । ਸੋ ਗਿਆਨੀ ਮਨੁੱਖ ਨੂੰ ਕਿਸੇ ਜੀਵ ਦੀ ਹਿੰਸਾ ਨਹੀਂ ਕਰਨੀ ਚਾਹੀਦੀ । ਇਹੋ ਧਰਮ ਅਨਿੱਤ (ਹਮੇਸ਼ਾਂ ਰਹਿਤ ਵਾਲਾ) ਸੱਚਾ ਅਤੇ ਅਮਰ ਹੈ ।"

" ਕੰਮ ਨਾਲ ਹੀ ਮਨੁੱਖ, ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਅਖਵਾਉਂਦਾ ਹੈ । ਜਾਤ ਦਾ ਆਧਾਰ ਕੰਮ ਹੈ, ਜਨਮ ਨਹੀਂ । ਇਥੇ ਜਾਤ ਦਾ ਨਹੀਂ, ਤੱਪਸਿਆ ਦਾ ਮਹੱਤਵ ਹੈ ।

" ਕੁਝ ਮਨੁੱਖ ਇਹ ਨਹੀਂ ਜਾਣਦੇ ਕਿ ਉਹ ਕਿਥੇ ਆਏ ਹਨ, ਕਿਥੇ ਜਾਣਾ ਹੈ ਉਹ ਅਗਿਆਨ ਵਸ ਹੋ ਕੇ ਪਾਪ ਕਰਦੇ ਹਨ ।"

" ਸਾਰਾ ਸੰਸਾਰ ਕਰਮਾਂ ਦੇ ਵਸ ਜਨਮ ਮਰਨ ਦੇ ਚੱਕਰ ਵਿੱਚ ਫਸ ਕੇ ਭਿੰਨ ਭਿੰਨ ਜਨਮਾਂ ਵਿਚ ਭਟਕ ਰਿਹਾ ਹੈ । ਕਰਮਾਂ ਤੋਂ ਛੁਟਕਾਰਾ ਹੀ ਜਨਮ, ਮਰਨ ਤੋਂ ਛੁਟਕਾਰਾ ਹੈ । ਇਹੋ ਜ਼ਿੰਦਗੀ ਦਾ ਆਖਰੀ ਉਦੇਸ਼ ਹੈ ।" ਇਸੇ ਪ੍ਰਕਾਰ ਭਗਵਾਨ ਮਹਾਵੀਰ ਨੇ ਜੀਵ ਅਜੀਵ ਆਦਿ ਨੌਂ ਤਤਵਾਂ ਦੀ ਵਿਆਖਿਆ ਕੀਤੀ । ਜੋ ਇਸ ਪ੍ਰਕਾਰ ਹਨ (1) ਜੀਵ (2) ਅਜੀਵ (3) ਪਾਪ (4) ਪੁੰਨ (5) ਆਸ਼ਰਵ (6) ਸੰਬਰ (7) ਨਿਰਜਰਾ (8) ਬੰਧ (9) ਮੋਕਸ਼

ਭਗਵਾਨ ਮਹਾਵੀਰ ਨੇ ਜਾਤ ਪਾਤ, ਲਿੰਗ ਅਤੇ ਭਾਸ਼ਾ ਨੂੰ ਧਰਮ ਦਾ ਆਧਾਰ ਨਹੀਂ ਮੰਨਿਆ । ਧਰਮ ਦਾ ਮੂਲ ਵਿਨੈ ਹੈ । ਸੰਸਾਰ ਵਿਚ ਧਰਮ ਸੱਚਾ, ਮੰਗਲ ਧਰਮ ਹੈ । ਇਹ ਧਰਮ ਦੇ ਤਿੰਨ ਮੁੱਖ ਹਿਸੇ ਹਨ । (1) ਅਹਿੰਸਾ (2) ਸੰਜਮ ਤੇ (3) ਤਪ ।

ਸਾਧੂਆਂ ਦੇ ਪੰਜ ਮਹਾਵਰਤਾਂ ਦੀ ਵਿਆਖਿਆ ਕਰਦੇ ਹੋਏ ਭਗਵਾਨ ਮਹਾਵੀਰ ਨੇ ਇਸ ਪ੍ਰਕਾਰ ਫਰਮਾਇਆ ।

(1) ਅਹਿੰਸਾ- ਸਾਧੂ, ਸਾਧਵੀ ਨੂੰ ਹਰ ਪ੍ਰਕਾਰ ਦੀ ਮੋਟੀ ਅਤੇ ਬਾਰੀਕ ਹਿੰਸਾ ਤੋਂ ਬਚਣਾ ਚਾਹੀਦਾ ਹੈ । ਸਾਧੂ ਨੂੰ ਮਨ, ਬਚਨ ਰਾਹੀਂ ਨਾ ਹਿੰਸਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਕਰਾਉਣੀ ਚਾਹੀਦੀ ਹੈ ਅਤੇ ਨਾ ਹੀ ਹਿੰਸਕ ਵਿਅਕਤੀ ਦੀ ਹਿਮਾਇਤ ਕਰਨੀ ਚਾਹੀਦੀ ਹੈ ।

(2) ਸੱਚ :- ਸਾਧੂ ਨੂੰ ਮਨ, ਬਚਨ ਅਤੇ ਸਰੀਰ ਰਾਹੀਂ ਆਪਣੇ ਜਾਂ ਕਿਸੇ ਲਈ ਹਰ ਪ੍ਰਕਾਰ ਦਾ ਝੂਠ ਛੱਡਣਾ ਚਾਹੀਦਾ ਹੈ ।

(3) ਚੋਰੀ : ਸਾਧੂ ਨੂੰ ਬਾਰੀਕ ਅਤੇ ਮੋਟੀ ਹਰ ਪ੍ਰਕਾਰ ਦੀ ਚੋਰੀ, ਮਨ, ਬਚਨ ਅਤੇ ਕਾਇਆ ਰਾਹੀ ਨਹੀਂ ਕਰਨੀ ਚਾਹੀਦੀ ਨਾ ਹੀ ਕਰਵਾਉਣੀ ਚਾਹੀਦੀ ਹੈ ਅਤੇ ਨਾ ਹੀ ਕਰਨ ਵਾਲੇ ਦੀ ਹਿਮਾਇਤ ਕਰਨੀ ਚਾਹੀਦੀ ਹੈ ।

(4) ਬ੍ਰਹਮਚਰਜ :- ਸਾਧੂ ਨੂੰ ਮਨ, ਬਚਨ ਤੇ ਸਰੀਰ ਰਾਹੀਂ ਚੀਜ਼ਾਂ ਦਾ ਸੰਗ੍ਰਹਿ, ਨਿਸਚਿਤ ਹੱਦ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਾ ਕਰਾਉਣਾ ਚਾਹੀਦਾ ਹੈ ਅਤੇ ਨਾ ਹੀ ਕਰਨ ਵਾਲੇ ਦੀ ਹਿਮਾਇਤ ਕਰਨੀ ਚਾਹੀਦੀ ਹੈ ।

ਇਸ ਤੋਂ ਛੁੱਟ ਭਗਵਾਨ ਮਹਾਵੀਰ ਨੇ ਰਾਤ ਦੇ ਭੋਜਨ ਦੇ ਤਿਆਗ ਦਾ ਉਪਦੇਸ਼ ਦਿੱਤਾ । ਇਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਭਗਵਾਨ ਅਜਿੱਤ ਨਾਥ ਤੋਂ ਭਗਵਾਨ ਪਾਰਸ਼ਵਨਾਥ ਸਮੇਂ ਤੱਕ 4 ਮਹਾਵਰਤ ਹਨ । ਉਸ ਸਮੇਂ ਬ੍ਰਹਮਚਰਜ ਵਰਤ ਨੂੰ ਅਪਰਿਗ੍ਰਹਿ ਵਿੱਚ ਸ਼ਾਮਲ ਕੀਤਾ ਜਾਂਦਾ ਹੈ ।

ਈਸ਼ਵਰ ਸੰਬੰਧੀ ਮਾਨਤਾਵਾਂ ਬਾਰੇ ਉਨ੍ਹਾਂ ਦਾ ਆਖਣਾ ਸੀ " ਜੀਵ ਆਤਮਾ ਹੀ ਜਦ ਜਨਮ ਮਰਨ ਦੇ ਬੰਧਨ ਤੋਂ ਮੁਕਤ ਹੋ ਜਾਂਦੀ ਹੈ ਤਾਂ ਇਹੋ ਪ੍ਰਮਾਤਮਾ ਅਵਸਥਾ ਜਾਂ ਸਿੱਧ ਅਵਸਥਾ ਅਖਵਾਉਦੀ ਹੈ ।" ਮੱਨੁਖ ਦੀ ਆਪਣੀ ਆਤਮਾ ਹੀ ਨਰਕ, ਸਵਰਗ ਦਾ ਕਾਰਣ ਹੈ । ਚੰਗੇ ਕੰਮਾਂ ਵਿਚ ਲਗੀ ਆਤਮਾ ਮੱਨੁਖ ਜਾਂ ਦੇਵਤਾ ਦੀ ਜੂਨ ਪ੍ਰਾਪਤ ਕਰਦੀ ਹੈ । ਮਾੜੇ ਕਰਮਾਂ ਵਿਚ ਲੱਗੀ ਆਤਮਾ ਪਸ਼ੂ ਜਾਂ ਨਰਕ ਦੀ ਜੂਨ ਭੋਗਦੀ ਹੈ । " ਇਸ ਸੰਸਾਰ ਦਾ ਨਾ ਕੋਈ ਬਣਾਉਣ ਵਾਲਾ ਹੈ ਅਤੇ ਨਾ ਹੀ ਖਤਮ ਕਰਨ ਵਾਲਾ । ਇਹ ਸੰਸਾਰ ਆਤਮਾ ਦੀ ਤਰ੍ਹਾਂ ਅਨਾਦਿ, ਅਨੰਤ ਹੈ । ਆਪਣੀ ਆਤਮਾ ਹੀ ਦੁੱਖ ਤੇ ਸੁੱਖ ਦਾ ਕਾਰਣ ਹੈ । ਆਤਮਾ ਹੀ ਸਵੱਰਗ ਦਾ ਨੰਦਨਬਨ ਤੇ ਕਾਮਧੇਨੂ ਗਊ ਹੈ । ਆਤਮਾ ਹੀ ਕਰਤਾ ਅਤੇ ਭੋਗਣ ਵਾਲਾ ਹੈ । ਦੁੱਖ ਤੇ ਸੁੱਖ ਆਤਮਾ ਨਾਲ ਜੁੜੇ ਕਰਮਾਂ ਦੇ ਸੂਖਮ ਪਰਮਾਣੂਆਂ

**ਦਾ ਸਿੱਟਾ** ਹਨ । ਭਗਵਾਨ ਮਹਾਵੀਰ ਨੇ ਈਸ਼ਵਰ ਨੂੰ ਸ੍ਰਿਸ਼ਟੀ ਦਾ ਕਰਤਾ ਕਰਮ ਫਲ ਦੇਣ ਵਾਲਾ ਨਹੀਂ । ਉਨ੍ਹਾਂ ਕਰਮ ਮੁਕਤ ਆਤਮਾ ਨੂੰ ਹੀ ਪ੍ਰਮਾਤਮਾ ਆਖਿਆ ।

ਆਤਮਾ ਨੂੰ ਪ੍ਰਮਾਤਮਾ ਬਣਾਉਣ ਲਈ ਕਰਮਾਂ ਦੇ ਬੰਧਨ ਤੋਂ ਮੁਕਤ ਹੋਣਾ ਜਰੂਰੀ ਹੈ । ਜਦ ਤੱਕ ਜਨਮ ਮਰਨ ਹੈ ਕਰਮਾਂ ਦਾ ਬੰਧਨ ਰਹੇਗਾ । ਪਾਪ ਤੇ ਪੁੰਨ ਮਨੁੱਖ ਦੇ ਆਪਣੇ ਹੱਥ ਹਨ । ਆਤਮਾ ਕਰਮਾਂ ਦੇ ਵੱਸ ਪੈ ਕੇ, ਕਿੰਨੇ ਜਨਮ ਧਾਰਨ ਕਰਦੀ ਹੈ ਅਤੇ ਅਗੇ ਕਿੰਨੇ ਕਰੇਗੀ, ਇਸ ਦਾ ਨਿਰਣਾ ਕੇਵਲ ਗਿਆਨੀ ਕਰ ਸਕਦੇ ਹਨ ?

ਭਗਵਾਨ ਮਹਾਵੀਰ ਨੇ ਸਾਧੂਆਂ ਦੇ 5 ਮਹਾਵਰਤਾਂ ਦੀ ਜਗ੍ਹਾ ਗ੍ਰਿਹਸਥਾਂ ਲਈ ਛੋਟੇ 12 ਵਰਤਾਂ ਦੀ ਵਿਆਖਿਆ ਕੀਤੀ ਹੈ ਜੋ ਇਸ ਪ੍ਰਕਾਰ ਹਨ ।

## ਸ਼੍ਰਾਵਕ ਦੇ 12 ਵਰਤ

(1) ਅਹਿੰਸਾ - ਚਲਦੇ ਫਿਰਦੇ ਜੀਵਾਂ ਨੂੰ ਬਿਨਾਂ ਕਿਸੇ ਕਸੂਰ ਤੋਂ ਤੰਗ ਕਰਨਾ, ਗੁਲਾਮ ਬਣਾਉਣਾ, ਕਾਇਰਤਾ ਵਿਖਾਉਣਾ, ਕਿਸੇ ਨੂੰ ਨਫਰਤ ਕਰਨਾ ਪਹਿਲਾ ਹਮਲਾ, ਕਰਨਾ। ਇਨ੍ਹਾਂ ਗੱਲਾਂ ਦਾ ਤਿਆਗ ਹੀ ਅਹਿੰਸਾ ਅਣੂਵਰਤ ਹੈ ।

(2) ਸੱਚ - ਮੋਟਾ ਝੂਠ ਬੋਲਣਾ, ਜਿਸ ਦੇ ਨਾਲ ਕਿਸੇ ਦਾ ਨੁਕਸਾਨ ਹੋਵੇ ਜਾਂ ਕਿਸੇ ਦੇ ਮਨ ਨੂੰ ਦੁੱਖ ਹੋਵੇ, ਗਾਂ, ਜਮੀਨ ਜਾਂ ਲੜਕੀ ਸਬੰਧੀ ਝੂਠ ਬੋਲਣਾ । ਇਨ੍ਹਾਂ ਮੋਟੇ ਝੂਠਾਂ ਦਾ ਤਿਆਗ ਸੱਚ ਅਣੂਵਰਤ ਹੈ ।

(3) ਅਸਤੈ :- ਮੋਟੀ ਵਸਤਾਂ ਚੋਰੀ ਕਰਨਾ, ਸਰਕਾਰ ਦੀ ਚੋਰੀ ਕਰਨਾ, ਸੱਮਗਲਿੰਗ ਕਰਨਾ, ਗਲਤ ਚੀਜ਼ ਨੂੰ ਠੀਕ ਤੇ ਠੀਕ ਨੂੰ ਗਲਤ ਚੀਜ਼ ਆਖ ਕੇ ਵੇਚਣਾ, ਗੱਲਤ ਵਟੇ ਇਸਤੇਮਾਲ ਕਰਨਾ, ਚੋਰੀ ਦਾ ਧੰਦਾ ਕਰਵਾਉਣਾ । ਇਨ੍ਹਾਂ ਦਾ ਤਿਆਗ ਹੀ ਅਸਤੈ ਅਣੂਵਰਤ ਹੈ ।

(4) ਬ੍ਰਹਮਚਰਜ਼ :- ਆਪਣੀ ਇਸਤਰੀ ਤੋਂ ਛੁੱਟ ਹਰ ਔਰਤ ਨੂੰ ਆਪਣੀ ਮਾਂ, ਭੈਣ ਅਤੇ ਪੁੱਤਰੀ ਸਮਝਣਾ । ਇਹ ਹੀ ਮਹਾਨ ਬ੍ਰਹਮਚਰਜ ਅਣੂਵਰਤ ਹੈ ।

(5) ਅਪਰਿਗ੍ਰਹਿ :- ਖੇਤ, ਧਨ, ਅਨਾਜ, ਰੋਜਾਨਾ ਇਸਤੇਮਾਲ ਦੀਆਂ ਚੀਜਾਂ ਦੀ ਹੱਦ ਨਿਸਚਿਤ ਕਰਨਾ, ਲੋੜ ਤੋਂ ਵੱਧ ਚੀਜ਼ਾਂ ਦਾ ਸੰਗ੍ਰਹਿ ਨਾ ਕਰਨਾ ਹੀ ਅਪਰਿਗ੍ਰਹਿ ਅਣੂਵਰਤ ਹੈ ।

(6) ਦਿਕਪ੍ਰਮਾਨ :- ਚਹੁੰ ਦਿਸ਼ਾਵਾਂ ਪਾਸੇ ਵਿਉਪਾਰ ਆਦਿ ਸਬੰਧੀ ਯਾਤਰਾ ਕਰਨ ਦੀ ਹੱਦ ਨਿਸਚਿਤ ਕਰਨਾ ।

(7) ਭੋਗ, ਉਪਭੋਗ ਪ੍ਰਮਾਨ :- ਖਾਣ, ਪੀਣ, ਐਸ਼, ਇਸ਼ਰਤ ਅਤੇ ਕਾਰਖਾਨਿਆਂ ਆਦਿ ਕੰਮਾਂ ਦੀ ਹੱਦ ਨਿਸ਼ਚਿਤ ਕਰਨਾ ।

(8) ਅਨਰਥ ਦੰਡ ਵੇਰਮਣ :- ਬਹੁਤ ਪਾਪਕਾਰੀ, ਬੇਕਾਰ ਧੰਦੇ ਨਾ ਕਰਨਾ ।

(9) ਸਮਾਇਕ.: ਹਰ ਰੋਜ਼ ਘਟੋ ਘੱਟ ਇਕ ਮਹੂਰਤ (48 ਮਿੰਟ) ਲਈ ਸੰਸਾਰਿਕ ਕ੍ਰਿਆਵਾਂ ਛੱਡ ਕੇ ਧਰਮ ਪ੍ਰਤਿ ਮਨ ਨੂੰ ਸਥਿਰ ਕਰਨਾ ਵੀਤਰਾਗੀ ਕਰਮ ਮੁਕਤ, ਤੀਰਥੰਕਰ, ਅਰਿਹੰਤ ਸਿੱਧ ਆਤਮਾਵਾਂ ਦਾ ਧਿਆਨ ਲਗਾਉਣਾ ।

(10) ਦੇਸ਼ ਅਵਕਾਸ਼ਿਕ :- ਜਰੂਰਤ ਦੀਆਂ ਇਛਾਵਾਂ ਘਟਾਉਣਾ ।

(11) ਪੋਸ਼ਧ ਉਪਵਾਸ :- ਅਸ਼ਟਮੀ, ਚਤੁਰਦਸੀ ਵਾਲੇ ਦਿਨ, ਸੰਸਾਰਿਕ ਕੰਮਾਂ ਨੂੰ ਛੱਡ ਕੇ ਅੱਠ ਪਹਿਰ ਲਈ ਧਰਮ ਧਿਆਨ ਕਰਨਾ ।

(12) ਅਤਿਥੀ ਸੰਵਿਭਾਗ :- ਘਰ ਆਏ ਮਹਿਮਾਨ ਦੀ ਸ਼ੁਧ ਭੋਜਨ ਨਾਲ ਸੇਵਾ ਕਰਨਾ (ਮੁਨੀ ਤੇ ਸਾਧਵੀਆਂ ਨੂੰ ਉਨ੍ਹਾਂ ਦੇ ਨਿਯਮਾਂ ਅਨੁਸਾਰ ਸ਼ੁਧ ਭੋਜਨ, ਪਾਣੀ, ਵਸਤਰ ਤੇ ਨਿਵਾਸ ਦੇਣਾ ।

ਇਸ ਪ੍ਰਕਾਰ ਭਗਵਾਨ ਮਹਾਵੀਰ ਦੇ ਉਪਦੇਸ਼ ਸੁਣ ਕੇ ਰਾਜਕੁਮਾਰ ਮੇਘ, ਨੰਦੀਸੇਨ ਆਦਿ ਅਨੇਕਾਂ ਪੁਰਸ਼ਾਂ ਨੇ ਸਾਧੂ ਜੀਵਨ ਧਾਰਨ ਕੀਤਾ । ਰਾਜਕੁਮਾਰ ਅਭੈ ਤੇ ਸੁਲਸਾ ਆਦਿ ਅਨੇਕਾਂ ਇਸਤਰੀ ਪੁਰਸ਼ਾਂ ਨੇ ਗ੍ਰਹਿਸਥ ਧਰਮ ਨੂੰ ਧਾਰਨ ਕੀਤਾ ।

ਇਹ ਚੌਮਾਸਾ ਭਗਵਾਨ ਮਹਾਵੀਰ ਨੇ ਰਾਜਗ੍ਰਹਿ ਵਿਖੇ ਗੁਜ਼ਾਰਿਆ ।

## ਚੌਹਦਵਾਂ ਸਾਲ–

ਚੌਮਾਸਾ ਗੁਜਰਨ ਤੋਂ ਬਾਅਦ ਭਗਵਾਨ ਮਹਾਵੀਰ ਰਾਜਗ੍ਰਹਿ ਤੋਂ ਚੱਲ ਕੇ ਵਿਦੇਹ ਵੱਲ ਆਏ । ਰਾਹ ਵਿਚ ਅਨੇਕਾਂ ਸ਼ਹਿਰਾਂ ਪਿੰਡਾਂ ਦੇ ਲੋਕਾਂ ਦਾ ਕਲਿਆਣ ਕਰਦੇ ਆਪ ਬ੍ਰਾਹਮਣ ਕੁੰਡ ਗ੍ਰਾਮ ਵਿਖੇ ਪਹੁੰਚੇ, ਭਗਵਾਨ ਮਹਾਵੀਰ ਦੇ ਜਨਮ ਸਥਾਨ ਦਾ ਹਿਸਾ ਸੀ ।

ਭਗਵਾਨ ਮਹਾਵੀਰ ਦੇ ਆਉਣ ਦੀ ਸੂਚਨਾ ਸੁਣ ਕੇ ਹਜਾਰਾਂ ਦੀ ਗਿਣਤੀ ਵਿੱਚ ਇਸਤਰੀ ਪੁਰਸ਼ ਭਗਵਾਨ ਮਹਾਵੀਰ ਦੇ ਸਮੋਸਰਨ ਵਿਚ ਪਹੁੰਚੇ । ਇਹ ਸਮੋਸਰਨ ਇਸੇ ਪਿੰਡ ਦੇ ਬਹੁਸ਼ਾਲ ਚੈਤਯ ਵਿਚ ਲੱਗਾ ।

ਇਸ ਸਭਾ ਵਿਚ ਭਗਵਾਨ ਮਹਾਵੀਰ ਦਾ ਉਪਦੇਸ਼ ਬਹੁਤ ਹੀ ਪ੍ਰਭਾਵਸ਼ਾਲੀ ਸੀ। ਜਿਥੇ ਹਜਾਰਾਂ ਦੀ ਗਿਣਤੀ ਵਿਚ ਨਰ-ਨਾਰੀਆਂ ਨੇ ਭਗਵਾਨ ਦੇ ਗ੍ਰਹਿਸਥ ਧਰਮ ਨੂੰ ਸਵੀਕਾਰ ਕੀਤਾ । ਭਗਵਾਨ ਮਹਾਵੀਰ ਦਾ ਭਾਣਜਾ ਜਮਾਲੀ ਆਪਣੇ ਅਨੇਕਾਂ ਦੋਸਤ ਰਾਜਕੁਮਾਰਾਂ ਨਾਲ ਰਾਜਮਹਿਲ ਨੂੰ ਛੱਡ ਕੇ, ਆਪ ਦਾ ਚੇਲਾ ਬਣ ਗਿਆ । ਇਥੇ ਹੀ ਭਗਵਾਨ ਦੇ ਪਿਛਲੇ ਜਨਮ ਦੇ ਮਾਤਾ ਪਿਤਾ ਦੇਵਾਨੰਦ ਬ੍ਰਾਹਮਣੀ ਅਤੇ ਰਿਸ਼ਵ ਦੱਤ ਨੇ ਭਗਵਾਨ ਮਹਾਵੀਰ ਤੋਂ ਦੀਖਿਆ ਗ੍ਰਹਿਣ ਕੀਤੀ । ਰਿਸ਼ਵਦੱਤ ਬ੍ਰਾਹਮਣ ਵੇਦਾਂ ਦਾ ਬਹੁਤ ਬੜਾ ਵਿਦਵਾਨ ਸੀ । ਉਹ ਸਾਰੇ ਬ੍ਰਾਹਮਣ ਕੁੰਡ ਦਾ ਮੁੱਖੀਆ ਸੀ । ਉਹ ਆਪਣੀ ਪਤਨੀ ਦੇਵਨੰਦਾ ਬ੍ਰਾਹਮਣੀ ਨਾਲ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਆਇਆ । ਭਗਵਾਨ ਮਹਾਵੀਰ ਨੇ ਉਸਨੂੰ ਜੀਵ ਅਜੀਵ ਸਬੰਧੀ ਪ੍ਰਸ਼ਨਾਂ ਦਾ ਉੱਤਰ ਦਿੱਤਾ ।

ਦੇਵਾਨੰਦਾ ਬ੍ਰਾਹਮਣੀ ਨੇ ਜਦ ਭਗਵਾਨ ਮਹਾਵੀਰ ਨੂੰ ਵੇਖਿਆ ਤਾਂ ਉਸਦੀ ਮਮਤਾ ਜਾਗ ਪਈ । ਗਣਧਰ ਗੌਤਮ ਦੇ ਪ੍ਰਸ਼ਨ ਕਰਨ ਤੇ ਭਗਵਾਨ ਮਹਾਵੀਰ ਨੇ ਸਪਸ਼ਟ ਕੀਤਾ ' ਹੇ ਗੌਤਮ ! ਦੇਵਾਨੰਦਨੀ ਬ੍ਰਾਹਮਣੀ ਤੇ ਰਿਸ਼ਵਦੱਤ ਬ੍ਰਾਹਮਣ ਮੇਰੇ ਮਾਤਾ ਪਿਤਾ ਹਨ । ਮੈਂ 84 ਦਿਨ ਇਸ ਮਾਤਾ ਦੇ ਗਰਭ ਵਿੱਚ ਰਿਹਾ ਹਾਂ । ਸੋ ਹੁਣ ਇਸ ਮਾਤਾ ਦਾ ਪੁੱਤਰ ਪ੍ਰੇਮ ਜਾਗ ਪਿਆ ਹੈ ।"

ਇਸ ਪ੍ਰਕਾਰ ਪਤੀ ਪਤਨੀ ਨੇ ਸਾਧੂ ਧਰਮ ਗ੍ਰਹਿਣ ਕਰ ਲਿਆ । ਉਹ ਦੋਵੇਂ ਬੜੇ ਸਾਧੂਆਂ ਕੋਲ ਰਹਿ ਕੇ ਗਿਆਨ, ਧਿਆਨ ਤੇ ਤਪ ਰਾਹੀਂ ਸਮਾਂ ਬਿਤਾਉਣ ਲਗੇ । ਦੋਹਾਂ ਦਾ ਕਰਮ ਬੰਧਨ ਥੋੜਾ ਸੀ । ਕਰਮ ਝੜ ਗਏ । ਦੋਹਾਂ ਨੇ ਹੀ ਥੋੜੇ ਸਮੇਂ ਵਿਚ ਹੀ ਨਿਰਵਾਨ ਹਾਸਲ ਕਰ ਲਿਆ ।

ਇਸੇ ਸਾਲ ਭਗਵਾਨ ਮਹਾਵੀਰ ਦੀ ਪੁਤਰੀ ਪ੍ਰਿਯਾਦਰਸ਼ਨਾ ਨੇ ਆਪਣੀਆਂ ਇਕ ਹਜ਼ਾਰ ਸਹੇਲੀਆਂ ਨਾਲ ਸਾਧਵੀ ਦੀਖਿਆ ਗ੍ਰਹਿਣ ਕੀਤੀ । ਭਗਵਾਨ ਮਹਾਵੀਰ ਨੇ ਸਾਧਵੀ ਸੰਘ ਦੀ ਮੁਖੀ ਚੰਦਨਬਾਲਾ ਨੂੰ ਇਨ੍ਹਾਂ ਦੀ ਗੁਰੂਣੀ ਬਣਾਇਆ ।

ਸਾਲ ਭਰ, ਆਪ ਵਿਦੇਹ ਦੇਸ਼ ਵਿਚ ਘੁੰਮਦੇ ਰਹੇ । ਇਹ ਚੌਮਾਸਾ ਆਪਨੇ ਵੈਸ਼ਾਲੀ ਨਗਰੀ ਵਿਚ ਗੁਜ਼ਾਰਿਆ । ਇੱਥੇ ਹਜ਼ਾਰ ਹੀ ਲੋਕਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਆਪਣੇ ਜੀਵਨ ਦਾ ਕਲਿਆਣ ਕੀਤਾ ।

## ਪੰਦਰ੍ਹਵਾਂ ਸਾਲ–

ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਵੈਸ਼ਾਲੀ ਤੋਂ ਵਤਸ ਭੂਮੀ ਵੱਲ ਪਧਾਰੇ। ਇੱਥੇ ਪਿੰਡਾਂ ਸ਼ਹਿਰਾਂ ਵਿਚ ਪ੍ਰਚਾਰ ਕਰਦੇ ਹੋਏ, ਆਪ ਕੋਸਾਂਬੀ ਨਗਰੀ ਵਲ ਆਏ ।

ਇੱਥੋਂ ਦਾ ਰਾਜਾ ਉਦਾਯਨ ਸੀ, ਜੋ ਕਿ ਮਹਾਰਾਜ ਸਹਸਤਾਨੀਕ ਦਾ ਪੋਤਾ ਅਤੇ ਸ਼ਤਾਨੀਕ ਰਾਜੇ ਦਾ ਪੁੱਤਰ ਸੀ । ਇਹ ਵੀ ਵੈਸ਼ਾਲੀ ਦੇ ਗਣਰਾਜ ਪ੍ਰਮੁਖ ਚੇਟਕ ਮਹਾਰਾਜ ਦਾ ਦੋਹਤਾ ਸੀ ।

ਉਦਾਯਨ ਦਾ ਪਿਤਾ ਮਰ ਚੁਕਾ ਸੀ । ਰਾਜ ਦਾ ਰਾਜ ਪ੍ਰਬੰਧ ਉਸ ਦੀ ਮਾਂ ਮਹਾਰਾਣੀ ਮਿਰਗਾਵਤੀ ਚਲਾਉਂਦੀ ਸੀ ।

ਇਸ ਨਗਰ ਵਿਚ ਰਾਜ਼ਾ ਸ਼ਤਾਨੀਕ ਦੀ ਗਿਆਨਵਾਨ ਭੈਣ ਜੈਅੰਤੀ ਰਹਿੰਦੀ ਸੀ । ਜੋ ਕਿ ਜੈਨ ਧਰਮ ਪ੍ਰਤੀ ਅਥਾਹ ਸ਼ਰਧਾ ਰਖਦੀ ਸੀ । ਉਸ ਦੇ ਘਰ ਅਕਸਰ ਜੈਨ ਸਾਧੂ ਸਾਧਵੀ ਠਹਿਰਦੇ ਸਨ ।

ਇੱਥੇ ਭਗਵਾਨ ਮਹਾਵੀਰ ਦਾ ਸਮੋਸਰਨ ਚੰਦਰਾਵਰਨ ਬਗੀਚੇ ਵਿਚ ਲਗਾ । ਜੈਅੰਤੀ ਨੇ ਭਗਵਾਨ ਮਹਾਵੀਰ ਤੋਂ ਅਨੇਕਾਂ ਪ੍ਰਸ਼ਨ ਪੁਛੇ, ਜਿਸ ਦਾ ਭਗਵਾਨ ਮਹਾਵੀਰ ਨੇ ਉੱਤਰ ਕੀਤਾ । ਉੱਤਰਾਂ ਤੋਂ ਖੁਸ਼ ਹੋ ਕੇ ਜੈਅੰਤੀ ਸਾਧਵੀ ਬਣ ਗਈ । ਇੱਥੇ ਹੀ ਮਹਾਰਾਣੀ ਮਿਰਗਾਵਤੀ ਰਾਜ ਪਰਿਵਾਰ ਨਾਲ, ਭਗਵਾਨ ਮਹਾਵੀਰ ਦੇ ਦਰਸ਼ਨਾਂ ਨੂੰ ਆਈ ।

ਵਤਸਭੂਮੀ ਤੋਂ ਚੱਲ ਕੇ ਭਗਵਾਨ ਮਹਾਵੀਰ ਉੱਤਰ ਕੋਸ਼ਲ ਦੇ ਅਨੇਕਾਂ ਪਿੰਡਾਂ ਸ਼ਹਿਰਾਂ ਨੂੰ ਪਵਿੱਤਰ ਕਰਦੇ, ਸ਼੍ਰਾਵਸਤੀ ਨਗਰੀ ਪਹੁੰਚੇ । ਉਥੇ ਕੋਸ਼ਟਕ ਨਾਂ ਦੇ ਬਗੀਚੇ ਵਿਚ, ਆਪਦਾ ਧਰਮ ਉਪਦੇਸ਼ ਹੋਇਆ । ਇਥੇ ਹੀ ਸੁਸਨੋਭਦਰ ਅਤੇ ਸੁਪ੍ਰਤਿਸ਼ਟ ਮੁਨੀ ਦੀ ਦੀਖਿਆ ਹੋਈ । ਕੋਸ਼ਲ ਪ੍ਰਦੇਸ਼ ਤੋਂ ਚਲ ਕੇ ਆਪ ਵਿਦੇਹ ਭੂਮੀ ਪਧਾਰੇ । ਇਥੇ "ਗਾਥਾਪਤੀ ਆਨੰਦ ਅਤੇ ਉਸ ਦੀ ਪਤਨੀ ਸ਼ਿਵਾਨੰਦਾ " ਨੇ ਭਗਵਾਨ ਤੋਂ 12 ਵਰਤ ਰੂਪੀ ਗ੍ਰਹਿਸਥ ਧਰਮ ਧਾਰਨ ਕੀਤਾ । ਇਸ ਸਾਲ ਦਾ ਚੌਮਾਸਾ ਭਗਵਾਨ ਮਹਾਵੀਰ ਨੇ, ਬਣਿਜ ਗ੍ਰਾਮ ਵਿਖੇ ਗੁਜਾਰਿਆ ।

## ਸੋਲ੍ਹਵਾਂ ਸਾਲ–

ਬਣਿਜਗ੍ਰਾਮ ਤੋਂ ਚੱਲ ਕੇ ਭਗਵਾਨ ਮਹਾਵੀਰ ਮਗਧ ਦੇਸ਼ ਵਿਚ ਪਧਾਰੇ । ਇਥੋਂ ਦੇ ਅਨੇਕਾਂ ਨਗਰਾਂ ਤੇ ਪਿੰਡਾਂ ਨੂੰ ਪਵਿਤਰ ਕਰਦੇ ਹੋਏ ਭਗਵਾਨ ਮਹਾਵੀਰ ਰਾਜਗ੍ਰਹਿ ਵਿਖੇ ਪੁਜੇ । ਇਥੇ ਮਹਾਰਾਜਾ ਸ਼੍ਰੇਣਿਕ ਅਤੇ ਹੋਰ ਲੋਕਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਿਆ ।

ਇਥੋਂ ਦੇ ਪ੍ਰਸਿੱਧ ਵਿਉਪਾਰੀ ਧੰਨਾ ਤੇ ਸ਼ਾਲੀਭੱਦਰ ਨੇ ਆਪ ਪਾਸ ਕਰੋੜਾਂ ਦੀ ਜਾਇਦਾਦ ਛੱਡ ਕੇ ਦੀਖਿਆ ਗ੍ਰਹਿਣ ਕੀਤੀ । ਧੰਨਾ ਸਾਲੀਭੱਦਰ ਦਾ ਜੀਜਾ ਸੀ ।

ਭਗਵਾਨ ਮਹਾਵੀਰ ਦੇ ਧਰਮ ਉਪਦੇਸ਼ ਦੀ ਚਰਚਾ ਰਾਜਗ੍ਰਹਿ ਦੇ ਗਲੀ, ਕੂਚਿਆਂ ਵਿਚ ਫੈਲ ਗਈ । ਲੋਕਾਂ ਅਤੇ ਰਾਜੇ ਦੀ ਬੇਨਤੀ ਤੇ, ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਮਗਧ ਦੀ ਰਾਜਧਾਨੀ ਰਾਜਗ੍ਰਹਿ ਵਿਖੇ ਬਿਤਾਇਆ । ਚੌਮਾਸਾ ਖਤਮ ਹੋਣ ਤੇ ਭਗਵਾਨ ਮਹਾਵੀਰ ਅਨੇਕਾਂ ਸ਼ਹਿਰਾਂ ਪਿੰਡਾਂ ਨੂੰ ਪਵਿੱਤਰ ਕਰਦੇ ਹੋਏ ਚੰਪਾ ਨਗਰੀ ਵਿਖੇ ਪੁਜੇ ।

## ਸਤਾਰ੍ਹਵਾਂ ਸਾਲ–

ਉਸ ਸਮੇਂ ਚੰਪਾ ਨਗਰੀ ਵਿੱਚ ਦੱਤ ਨਾਂ ਦਾ ਰਾਜਾ ਰਾਜ ਕਰਦਾ ਸੀ । ਉਸ ਦੀ ਰਕਤਵਤੀ ਨਾਂ ਦੀ ਰਾਣੀ ਸੀ । ਇਸੇ ਰਾਜੇ ਦਾ ਮਹਿੰਚੰਦਰ ਕੁਮਾਰ ਨਾਂ ਦਾ ਪੁੱਤਰ ਸੀ ।

ਜਦ ਇਸ ਰਾਜੇ ਨੂੰ ਭਗਵਾਨ ਮਹਾਵੀਰ ਦੇ ਚੰਪਾ ਨਗਰੀ ਆਉਣ ਦੀ ਖਬਰ ਮਿਲੀ ਤਾਂ ਇਹ ਵੀ ਆਪਣੀ ਪਰਜਾ ਸਮੇਤ ਸ਼ਾਹੀ ਠਾਠ-ਬਾਠ ਨਾਲ ਭਗਵਾਨ ਮਹਾਵੀਰ ਦੇ ਸਮੋਸਰਨ ਵਿਚ ਹਾਜ਼ਿਰ ਹੋਇਆ । ਅਨੇਕਾਂ ਲੋਕਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਗ੍ਰਹਿਸਥ ਅਤੇ ਸਾਧੂ ਧਰਮ ਗ੍ਰਹਿਣ ਕਰ ਲਿਆ ।

ਇਥੋਂ ਦੇ ਰਾਜਕੁਮਾਰ ਮਹਿੰਚੰਦਰ ਨੇ ਸੰਸਾਰ ਨੂੰ ਝੂਠਾ ਸਮਝ ਕੇ ਭਗਵਾਨ ਮਹਾਵੀਰ ਪਾਸੋਂ ਸਾਧੂ ਦੀਖਿਆ ਗ੍ਰਹਿਣ ਕੀਤੀ । ਉਸ ਸਮੇਂ ਸਿੰਧੂ-ਸੋਵਿਰ ਆਦਿ ਅਨੇਕਾਂ ਦੇਸ਼ਾਂ ਦਾ ਰਾਜਾ ਉਦਯੋਨ ਭਗਵਾਨ ਮਹਾਵੀਰ ਦਾ ਬਹੁਤ ਪੱਕਾ ਭਗਤ ਸੀ । ਇਕ ਵਾਰ ਉਹ ਪੋਸ਼ਧ ਵਰਤ ਕਰ ਰਿਹਾ ਸੀ । ਉਸ ਨੂੰ ਸੋਚਦੇ-ਸੋਚਦੇ ਖਿਆਲ ਆਇਆ " ਉਹ ਸ਼ਹਿਰ, ਨਗਰ

ਧੰਨ ਹਨ, ਜਿੱਥੇ ਤੀਰਥੰਕਰ ਭਗਵਾਨ ਮਹਾਵੀਰ ਧਰਮ-ਉਪਦੇਸ਼ ਕਰਦੇ ਘੁਮਦੇ ਹਨ । ਉਹ ਲੋਕ ਧੰਨ ਹਨ, ਜਿਨ੍ਹਾਂ ਪ੍ਰਭੂ ਮਹਾਵੀਰ ਦੀ ਸੇਵਾ, ਭਗਤੀ ਤੇ ਪੂਜਾ ਦਾ ਮੌਕਾ ਮਿਲਦਾ ਹੈ, ਜੇ ਮੇਰੇ ਤੇ ਕਿਰਪਾ ਕਰਕੇ ਭਗਵਾਨ ਮੇਰੀ ਰਾਜਧਾਨੀ ਵੀਤਭੈ ਪਤਨ ਵਿਖੇ ਪਧਾਰਨ, ਤਾਂ ਮੈਂ ਵੀ ਭਗਵਾਨ ਮਹਾਵੀਰ ਦੀ ਸੇਵਾ ਭਗਤੀ ਕਰਾਂ ਅਤੇ ਦਰਸ਼ਨਾਂ ਦਾ ਲਾਭ ਹਾਸਲ ਕਰਕੇ ਆਤਮ-ਕਲਿਆਣ ਕਰ ਸਕਾਂ ।"

ਉਸ ਸਮੇਂ ਚੰਪਾ ਨਗਰੀ ਵਿਚ ਵਿਰਾਜਮਾਨ ਭਗਵਾਨ ਮਹਾਵੀਰ ਨੇ ਆਪਣੇ ਕੇਵਲ ਗਿਆਨ ਦੀ ਸ਼ਕਤੀ ਨਾਲ ਰਾਜਾ ਉਦਯਨ ਦੇ ਮਨ ਨੂੰ ਸ਼ੁਭ ਭਾਵਾਂ ਨੂੰ ਜਾਣ ਲਿਆ।

ਚੰਪਾ ਤੋਂ ਵੀਤਭੈ ਨਗਰੀ ਦੀ ਦੂਰੀ ਹਜਾਰ ਮੀਲ ਤੋਂ ਘੱਟ ਨਹੀਂ ਸੀ । ਰਾਹ ਵਿਚ ਮਰੂ ਦੇਸ਼ ਪੈਂਦਾ ਸੀ । ਇੰਨੀ ਲੰਬੀ ਯਾਤਰਾ ਕਰਦੇ ਹੋਏ, ਆਪ ਵੀਤਭੈ ਪਤਨ ਨਗਰ, ਲੋਕਾਂ ਦੇ ਕਲਿਆਣ ਲਈ ਪੁਜੇ । ਉੱਥੇ ਰਾਜਾ ਉਦਯਨ ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਾਧੂ ਬਣ ਗਿਆ । ਉਸਨੇ ਆਪਣਾ ਰਾਜ-ਪਾਟ ਆਪਣੇ ਭਾਣਜੇ ਨੂੰ ਦੇ ਦਿਤਾ ।

ਇੰਨੀ ਲੰਬੀ ਯਾਤਰਾ ਦੌਰਾਨ ਭਗਵਾਨ ਮਹਾਵੀਰ ਦੇ ਹਜ਼ਾਰਾਂ ਸਾਧੂਆਂ ਤੇ ਸਾਧਵੀਆਂ ਨੂੰ ਆਪਣੇ ਪ੍ਰਾਣਾਂ ਤੋਂ ਹੱਥ ਧੋਣੇ ਪਏ । ਖੁਸ਼ਕ ਇਲਾਕਾ ਹੋਣ ਕਾਰਣ ਮੀਲਾਂ ਤੱਕ ਪਾਣੀ ਦਾ ਨਿਸ਼ਾਨ ਨਹੀਂ ਸੀ । ਜੇ ਪਾਣੀ ਮਿਲਦਾ ਤਾਂ ਵਰਤੋਂ ਯੋਗ ਨਹੀਂ ਸੀ ਹੁੰਦਾ । ਇਹੋ ਹਾਲਤ ਭੋਜਨ ਦੀ ਸੀ । ਅਨਜਾਨ ਲੋਕ ਸਾਧੂ ਤੇ ਸਾਧਵੀਆਂ ਨੂੰ ਭੋਜਨ ਦੇਣ ਦੀ ਵਿਧੀ ਤੋਂ ਅਣਜਾਣ ਸਨ । ਸਾਧੂ ਤੇ ਸਾਧਵੀ ਭੁਖੇ, ਪਿਆਸੇ ਤੇ ਗਰਮੀ ਨੂੰ ਸਹਿਨ ਕਰਦੇ ਹੋਏ ਇਸ ਦੇਸ਼ ਵਿਚ ਪਹੁੰਚੇ ਸਨ ।

ਇਸ ਦੇਸ਼ ਨੂੰ ਪਾਰ ਕਰਦੇ ਸਮੇਂ ਸਿਨਪੱਲੀ ਦਾ ਰੇਗਿਸਤਾਨ ਆਉਂਦਾ ਸੀ । ਜਿਥੇ ਮੀਲਾਂ ਤੱਕ ਕਿਸੇ ਬਸਤੀ ਦਾ ਨਾਮੋਨਿਸ਼ਾਨ ਨਹੀਂ ਸੀ । ਸਾਧੂ ਤੇ ਸਾਧਵੀਆਂ ਨੂੰ ਭੁਖੇ, ਪਿਆਸੇ ਕਾਫੀ ਲੰਬਾ ਸਫਰ ਤਹਿ ਕਰਨਾ ਪੈਂਦਾ ਸੀ । ਹੋਰ ਕਈ ਪ੍ਰਕਾਰ ਦੇ ਸਰੀਰਕ ਕਸ਼ਟ ਦਾ ਸਾਹਮਣਾ ਕਰਨਾ ਪੈਂਦਾ ਸੀ । ਸਾਰੇ ਸਫਰ ਵਿਚ ਸਾਧੂ ਤੇ ਸਾਧਵੀ ਤੱਪ, ਸੰਜਮ ਵਿਚ ਅਡੋਲ ਰਹੇ । ਜਾਨ ਦੀ ਪ੍ਰਵਾਹ ਨਾ ਕਰਦੇ ਹੋਏ, ਉਨ੍ਹਾਂ ਇਸ ਮਾਰੂਥਲ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਧਰਮ ਪ੍ਰਚਾਰ ਕੀਤਾ ।

## ਕਿਸਾਨ ਨੂੰ ਸਮਝਾਉਣਾ

ਵੀਤਭੈ ਦੇ ਰਾਹ ਵਿਚ ਗੌਤਮ ਸਵਾਮੀ ਨੇ ਇਕ ਬੁਢੇ ਕਿਸਾਨ ਨੂੰ, ਬੁਢੇ ਬਲਦਾਂ ਨਾਲ ਖੇਤੀ ਕਰਦੇ ਵੇਖਿਆ । ਉਹ ਬਲਦਾਂ ਨੂੰ ਕੁੱਟ ਰਿਹਾ ਸੀ । ਗੌਤਮ ਸਵਾਮੀ ਉਸ ਕੋਲ ਗਏ । ਕਿਸਾਨ ਨੂੰ ਧਰਮ ਉਪਦੇਸ਼ ਦਿੱਤਾ । ਵੈਰਾਗ ਅਤੇ ਸੰਸਾਰ ਦੀ ਵਿਨਾਸ਼ ਅਵਸਥਾ ਦਾ ਗਿਆਨ ਦਿੱਤਾ ।

ਕਿਸਾਨ ਧਰਮ ਉਪਦੇਸ਼ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਾਧੂ ਬਣਨ ਦਾ ਫੈਸਲਾ ਕਰ ਲਿਆ ।

ਗੌਤਮ ਸਵਾਮੀ ਉਸ ਬੁਢੇ ਨੂੰ ਭਗਵਾਨ ਮਹਾਵੀਰ ਕੋਲ ਲੈ ਗਏ । ਜਿਉ ਹੀ ਉਹ ਬੁਢਾ ਭਗਵਾਨ ਮਹਾਵੀਰ ਦੀ ਧਰਮ ਸਭਾ ਵੱਲ ਅਗੇ ਵਧਣ ਲੱਗਾ । ਉਸਨੂੰ ਗੌਤਮ ਸਵਾਮੀ ਤੇ ਗੁਸਾ ਆ ਗਿਆ ।

ਉਸਨੇ ਗੁਸੇ ਵਿਚ ਆ ਕੇ ਕਿਹਾ " ਹੇ ਮੁਨੀ ਕਿ ਇਹੋ ਤੇਰਾ ਧਰਮ ਗੁਰੂ ਹੈ ? ਜਿਸ ਦੀ ਪ੍ਰਸੰਸਾ ਕਰਦਾ ਨਹੀਂ ਸੀ ਥਕਦਾ ? ਜੇ ਇਹ ਹੀ ਤੇਰਾ ਸਭ ਕੁਝ ਹੈ ਤਾਂ ਮੈਂ ਅਜਿਹੇ ਪਾਖੰਡੀ ਕੋਲ ਕਦੇ ਸਾਧੂ ਨਹੀਂ ਬਣਾਂਗਾ । ਇਹ ਲੈ, ਆਪਣਾ ਭੇਖ, ਮੈਂ ਘਰ ਚਲਦਾ ਹਾਂ । "

ਗੌਤਮ ਸਵਾਮੀ, ਇਹ ਵੇਖ ਕੇ ਹੈਰਾਨ ਹੋਏ । ਉਨ੍ਹਾਂ ਭਗਵਾਨ ਮਹਾਵੀਰ ਨੂੰ ਇਸ ਦਾ ਕਾਰਨ ਪੁਛਿਆ । ਭਗਵਾਨ ਮਹਾਵੀਰ ਨੇ ਗੌਤਮ ਨੂੰ ਸਪਸ਼ਟ ਕਰਦੇ ਹੋਏ ਕਿਹਾ " ਹੇ ਗੌਤਮ ! ਪਿਛਲੇ ਜਨਮ ਵਿਚ ਮੈਂ ਜਦ ਤਰਿਪਿਸ਼ਟ ਰਾਜਕੁਮਾਰ ਸੀ ਤਾਂ ਮੈਂ ਰਥ ਵਿਚ ਬੈਠ ਕੇ ਇਕ ਸ਼ੇਰ ਨੂੰ ਮਾਰਨ ਗਿਆ । ਉਸ ਸਮੇਂ ਤੂੰ ਮੇਰੇ ਰਥ ਦਾ ਸਾਰਥੀ ਸੀ । ਮੈਂ ਤੇ ਸ਼ੇਰ ਦੋਵੇਂ ਗੁਥਮ ਗੁਥਾ ਹੋ ਗਏ । ਸ਼ੇਰ ਢਹਿ ਢੇਰੀ ਹੋ ਚੁੱਕਾ ਸੀ । ਜਖਮਾਂ ਕਾਰਣ ਜਦ ਉਹ ਮਰ ਰਿਹਾ ਸੀ ਉਸ ਸਮੇਂ ਤੂੰ ਇਸਨੂੰ ਹੌਸਲਾ ਦਿੰਦੇ ਹੋਏ ਕਿਹਾ ਸੀ " ਜੰਗਲ ਦੇ ਰਾਜੇ, ਮਨ ਵਿਚ ਨਫਰਤ ਨਾ ਰੱਖ । ਦੋ ਸ਼ੇਰਾਂ ਦੀ ਲੜਾਈ ਹੈ । ਇਕ ਤੂੰ ਜੰਗਲ ਦਾ ਸ਼ੇਰ ਅਤੇ ਦੂਸਰਾ ਮਨੁੱਖਾਂ ਦਾ ਸ਼ੇਰ । ਆਖਰ ਇਕ ਨੇ ਤਾਂ ਹਾਰਨਾ ਹੀ ਸੀ । ਤੂੰ ਬਹਾਦਰਾਂ ਵਾਲੀ ਮੌਤ ਪ੍ਰਾਪਤ ਕੀਤੀ ਹੈ । " ਤੇਰੇ ਇਨ੍ਹਾਂ ਵਾਕਾਂ ਨਾਲ ਸ਼ੇਰ ਦੀ ਆਤਮਾ ਨੂੰ ਬਹੁਤ ਸ਼ਾਂਤੀ ਪ੍ਰਾਪਤ ਹੋਈ ਸੀ। ਹੇ ਗੌਤਮ ! ਉਹ ਸ਼ੇਰ ਹੋਰ ਕੋਈ ਨਹੀਂ ਸੀ ਸਗੋਂ ਇਹ ਬੁਢਾ ਕਿਸਾਨ ਸੀ । ਮੈਨੂੰ ਵੇਖ ਕੇ ਇਸ ਨੂੰ ਪਿਛਲੇ ਜਨਮ ਦਾ ਪਿਆਰ ਯਾਦ ਆ ਗਿਆ । ਮੈਂ ਇਸਨੂੰ ਜਾਨੋਂ ਮਾਰਿਆ ਸੀ, ਇਸੇ ਲਈ ਇਹ ਮੇਰੇ ਕੋਲੋਂ ਨਫਰਤ ਕਰਦਾ ਹੈ । ਕਿਸੇ ਜਨਮ ਦੇ ਕਰਮਾਂ ਦਾ ਫਲ ਕਿਸੇ ਜਨਮ ਵਿਚ ਹੀ ਮਿਲੇ, ਪਰ ਮਿਲੇਗਾ ਜਰੂਰ । ਕਰਮਾਂ ਦਾ ਫਲ ਹਰ ਇਕ ਨੂੰ ਭੁਗਤਣਾ ਪੈਂਦਾ ਹੈ । ਚਾਹੇ ਉਹ ਚੱਕਰਵਰਤੀ ਹੋਵੇ ਜਾਂ ਤੀਰਥੰਕਰ । " ਗੌਤਮ ਭਗਵਾਨ ਮਹਾਵੀਰ ਦੇ ਇਸ ਸਪਸ਼ਟੀਕਰਨ ਤੋਂ ਸੰਤੁਸ਼ਟ ਹੋਏ ।

ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਵੀਤਭੈ ਪਤਨ ਵਿਖੇ ਕੀਤਾ ।

## ਅਠਾਰ੍ਹਵਾਂ ਸਾਲ–

ਵੀਤਭੈ ਨਗਰ ਤੋਂ ਭਗਵਾਨ ਮਹਾਵੀਰ ਸਿੰਧ ਦਰਿਆ (ਵਰਤਮਾਨ ਪਾਕਿਸਤਾਨ) ਦੇ ਕਈ ਇਲਾਕਿਆਂ ਨੂੰ ਪਵਿੱਤਰ ਕਰਦੇ ਹੋਏ, ਰੋਹਤਕ ਨਗਰ ਵਿਖੇ ਪੁਜੇ । ਇਥੋਂ ਦਾ ਰਾਜਾ ਵੈਸ਼੍ਰਮਣ ਤੇ ਰਾਣੀ ਸ਼੍ਰੀ ਦੇਵੀ ਸੀ । ਇਥੇ ਭਗਵਾਨ ਮਹਾਵੀਰ ਧਰਣ ਯਕਸ਼ ਦੇ ਮੰਦਰ ਵਿਖੇ ਪੁਜੇ । ਇਸ ਦੇ ਬਾਹਰ ਪ੍ਰਿਥਵੀ ਵੰਤਸਕ ਨਾਂ ਦਾ ਬਾਗ ਸੀ । ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਧਰਮ ਉਪਦੇਸ਼ ਸੁਣਿਆ । ਇਥੇ ਹੀ ਭਗਵਾਨ ਮਹਾਵੀਰ ਨੇ ਸ੍ਰੀ ਵਿਪਾਕ ਸੂਤਰ ਦੇ ਨੌਵੇਂ ਅਧਿਐਨ ਵਿਚ ਪਾਪ ਕਾਰਣ ਇਕ ਦੁਖੀ ਆਦਮੀ ਦਾ ਪਿਛਲਾ ਜਨਮ ਸੁਣਾਇਆ ।

ਇਥੋਂ ਚੱਲ ਕੇ ਭਗਵਾਨ ਮਹਾਵੀਰ ਉੱਤਰ ਦੇਸ਼ ਦੇ ਕਈ ਸ਼ਹਿਰਾਂ ਨੂੰ ਪਵਿੱਤਰ ਕਰਦੇ ਵਣਿਜ਼ ਗ੍ਰਾਮ ਵਿਖੇ ਪਧਾਰੇ। ਆਪਨੇ ਇਹ ਚੌਮਾਸਾ ਵਣਿਜ ਗ੍ਰਾਮ ਵਿਖੇ ਹੀ ਕੀਤਾ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀ, ਪੁਰਸ਼ਾਂ ਨੇ ਆਤਮਾ ਨੂੰ ਮੁਕਤੀ ਦਿਲਾਉਣ ਵਾਲਾ ਉਪਦੇਸ਼ ਸੁਣਿਆ।

ਇਥੋਂ ਚੱਲ ਕੇ ਆਪ ਬਨਾਰਸ ਨਗਰੀ ਪਧਾਰੇ। ਇਥੋਂ ਦੇ ਰਾਜੇ ਜਿਤਸ਼ਤਰੂ ਨੇ ਆਪ ਦਾ ਬਹੁਤ ਸਤਿਕਾਰ ਕੀਤਾ। ਅਨੇਕਾਂ ਲੋਕਾਂ ਨੇ ਸਾਧੂ ਤੇ ਗ੍ਰਹਿਸਥ ਧਰਮ ਗ੍ਰਹਿਣ ਕੀਤਾ। ਗ੍ਰਹਿਸਥ ਧਰਮ ਗ੍ਰਹਿਣ ਕਰਨ ਵਾਲਿਆਂ ਵਿੱਚ ਚੂਲਣੀ ਪਿਤਾ ਅਤੇ ਸੁਰਾਦੇਵ ਸ਼੍ਰਾਵਕ ਪ੍ਰਮੁੱਖ ਸਨ। ਜਿਨ੍ਹਾਂ ਕਰੋੜਾਂ ਦੀ ਸੰਪਤੀ ਦਾ ਮੋਹ ਛੱਡ ਕੇ ਅਰਿਹੰਤਾਂ ਦਾ ਉਪਦੇਸ਼ ਗ੍ਰਹਿਣ ਕੀਤਾ।

ਬਨਾਰਸ ਤੋਂ ਰਾਜਗ੍ਰਹਿ ਜਾਂਦੇ, ਆਪ ਕੁਝ ਸਮੇਂ ਲਈ ਆਲਭਿਆ ਨਗਰੀ ਦੇ ਸ਼ੰਖਬਨ ਬਗੀਚੇ ਵਿਚ ਧਰਮ ਪ੍ਰਚਾਰ ਲਈ ਪਧਾਰੇ। ਆਲਭਿਆ, ਬਨਾਰਸ ਤੇ ਰਾਜਗ੍ਰਹਿ ਵਿਚ ਬੜਾ ਨਗਰ ਸੀ ਇਥੇ ਹੀ ਪੋਗਲ ਨਾਂ ਦਾ ਸਨਿਆਸੀ ਆਪ ਨਾਲ ਧਰਮ ਚਰਚਾ ਕਰਨ ਆਇਆ। ਜੋ ਬਾਅਦ ਵਿਚ ਆਪ ਦਾ ਚੇਲਾ ਬਣ ਗਿਆ।

ਇੱਥੇ ਹੀ ਚੁਲਸ਼ਤਕ ਨਾਂ ਦੇ ਕਰੋੜਪਤੀ ਨੇ ਆਪਣੇ ਪਰਿਵਾਰ ਸਮੇਤ ਭਗਵਾਨ ਮਹਾਵੀਰ ਦੇ ਗ੍ਰਹਿਸਥ ਧਰਮ ਨੂੰ ਅੰਗੀਕਾਰ ਕੀਤਾ।

ਆਲਭਿਆ ਤੋਂ ਚੱਲਕੇ ਆਪ ਰਾਜਗ੍ਰਹਿ ਪਧਾਰੇ। ਉਥੇ ਮਕਾਂਤੀ, ਕਿਕ੍ਰਮ, ਅਰਜੁਣ ਅਤੇ ਕਸ਼ਯਪ ਆਦਿ ਦੇ ਜੀਵਨ ਦਾ ਕਲਿਆਣ ਕੀਤਾ।

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਰਾਜਗ੍ਰਹਿ ਵਿਖੇ ਗੁਜ਼ਾਰਿਆ।

## ਉਨੀਵਾਂ ਸਾਲ–

ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਧਰਮ ਪ੍ਰਚਾਰ ਕਰਦੇ ਹੋਏ ਆਪ ਫੇਰ ਰਾਜਗ੍ਰਹਿ ਪਧਾਰੇ। ਲੋਕਾਂ ਦੇ ਮਨ ਤੇ ਭਗਵਾਨ ਮਹਾਵੀਰ ਦੇ ਸਿਧਾਂਤਾਂ ਦਾ ਅਸਰ ਘਰ ਕਰ ਚੁੱਕਾ ਸੀ। ਉਥੋਂ ਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਦਾ ਪੱਕਾ ਭਗਤ ਬਣ ਚੁਕਾ ਸੀ।

ਇਕ ਦਿਨ ਉਸਨੇ ਆਪਣੇ ਸ਼ਹਿਰ ਵਿਚ ਇਹ ਐਲਾਨ ਕਰਵਾ ਦਿਤਾ " ਜੇ ਕੋਈ ਇਸਤਰੀ, ਪੁਰਸ਼ ਭਗਵਾਨ ਮਹਾਵੀਰ ਕੋਲ ਸਾਧੂ ਸਾਧਵੀ ਬਣ ਕੇ ਆਤਮ ਕਲਿਆਣ ਕਰਨਾ ਚਾਹੇ, ਤਾਂ ਉਹ ਬੇਫਿਕਰ ਹੋ ਕੇ ਇਹ ਕੰਮ ਕਰ ਲਵੇ। ਉਸ ਸਾਧੂ, ਸਾਧਵੀ ਬਣਨ ਵਾਲੇ ਦੇ ਪਰਿਵਾਰ ਦੀ ਦੇਖ ਭਾਲ ਤੇ ਪਾਲਣ ਪੋਸ਼ਣ ਮੈਂ ਖੁਦ ਕਰਾਂਗਾ।"

ਮਹਾਰਾਜਾ ਸ਼੍ਰੇਣਿਕ ਦੀ ਇਸ ਘੋਸ਼ਣਾ ਦਾ ਮਗਧ ਦੇਸ਼ ਦੇ ਲੋਕਾਂ ਤੇ ਬਹੁਤ ਚੰਗਾ ਅਸਰ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀਆਂ ਤੇ ਪੁਰਸ਼ਾਂ ਨੇ ਭਗਵਾਨ ਮਹਾਵੀਰ ਦੇ ਸਾਧੂ ਅਤੇ ਗ੍ਰਹਿਸਥ ਧਰਮ ਨੂੰ ਅੰਗੀਕਾਰ ਕੀਤਾ।

ਹੋਰ ਸ਼ਹਿਰੀਆਂ ਤੋਂ ਛੁੱਟ ਖੁਦ ਸ਼ਾਹੀ ਪਰਿਵਾਰ ਦੇ ਜਾਲੀ, ਮਯਾਲੀ, ਉਵਯਾਲੀ, ਪੁਰਸ਼ਸੈਨ , ਵਾਰੀਸੈਨ, ਦੀਰਘਦੰਤੈ, ਲਸ਼ਟਦੱਤ, ਵੇਹਲ, ਵੇਹਾਸ, ਅਭੈ, ਦੀਰਘਸੈਨ, ਮਹਾਸੈਨ, ਲਸ਼ਟਦੰਤ, ਗੁੜਦੰਤ, ਸ਼ੁਧਦੰਤ, ਹੱਲ, ਦਰੁਮ, ਦਰੁਮਸੇਨ, ਮਹਾਦਰੁਮਸੇਨ, ਸਿੰਘ, ਸਿੰਘਸੇਨ, ਮਹਾਸਿੰਘ ਸੇਨ, ਪੂਰਨ ਸੇਨ ਆਦਿ 23 ਰਾਜਕੁਮਾਰਾਂ ਨੇ ਭਗਵਾਨ ਮਹਾਵੀਰ ਤੋਂ ਸਾਧੂ ਜੀਵਨ ਦੀ ਦੀਖਿਆ ਗ੍ਰਹਿਣ ਕੀਤੀ ਇਹ ਸਾਰੇ ਮਹਾਰਾਜਾ ਸ਼੍ਰੇਣਿਕ ਦੇ ਪੁੱਤਰ ਸਨ । ਇਸ ਤੋਂ ਛੁੱਟ ਮਹਾਰਾਜਾ ਸ਼੍ਰੇਣਿਕ ਦੀਆਂ ੧੩ ਰਾਣੀਆਂ ਭਗਵਾਨ ਮਹਾਵੀਰ ਦੇ ਸਾਧਵੀ ਸੰਘ ਵਿਚ ਸ਼ਾਮਲ ਹੋਈਆਂ । ਜਿਨ੍ਹਾਂ ਦੇ ਨਾਉ ਇਸ ਪ੍ਰਕਾਰ ਹਨ :-

(1) ਨੰਦਾ (2) ਨੰਦਮਤਿ (3) ਨੰਦੋਤਰ (4) ਨੰਦ ਸੇਵਿਆ (5) ਮਹਿਆ (6) ਸੁਮਰੁਤਾ (7) ਮਹਾਮਰੁਤਾ (8) ਮਰੂਦੇਵਾ (9) ਭੱਦਰਾ (10) ਸੁਭੱਦਰਾ (11) ਸੁਜਾਤਾ (12) ਸੁਮਨਾ (13) ਭੂਤਾਦੱਤਾ ।

ਇਸ ਸ਼ਹਿਰ ਵਿਚ ਅਦਨ ਦੇਸ਼ ਦੇ ਸ਼ਹਿਜਾਦੇ ਆਦਰਕ ਕੁਮਾਰ ਨੇ ਅਨੇਕਾਂ ਦੂਸਰੇ ਧਰਮਾਂ ਦੇ ਉਪਾਸਕਾਂ ਨੂੰ ਧਰਮ ਚਰਚਾ ਵਿਚ ਹਰਾ ਕੇ, ਜੈਨ ਸਾਧੂ ਦੀਖਿਆ ਅੰਗੀਕਾਰ ਕੀਤੀ। ਆਦਰਕ ਕੁਮਾਰ ਦੀ ਧਰਮ ਚਰਚਾ ਤੋਂ ਪ੍ਰਭਾਵਿਤ ਹੋ ਕੇ, 500 ਚੋਰਾਂ ਨੇ ਚੋਰੀ ਦਾ ਧੰਦਾ ਛੱਡ ਕੇ, ਭਗਵਾਨ ਮਹਾਵੀਰ ਤੋਂ ਸਾਧੂ ਦੀਖਿਆ ਗ੍ਰਹਿਣ ਕੀਤੀ । ਇਸ ਤੋਂ ਛੁੱਟ ਆਦਰਕ ਕੁਮਾਰ ਦੇ ਨਾਲ ਅਨੇਕਾਂ ਰਾਜਕੁਮਾਰ ਅਤੇ ਹਸਤੀ ਤਾਪਸ ਆਦਿ ਦੇ ਚੇਲਿਆਂ ਨੇ ਵੀ ਸਾਧੂ ਜੀਵਨ ਅੰਗੀਕਾਰ ਕੀਤਾ ।

## ਵੀਹਵਾਂ ਸਾਲ–

ਮਗਧ ਦੇਸ਼ ਅਤੇ ਉਸ ਦੇ ਆਸ ਪਾਸ ਦੇ ਇਲਾਕੇ ਵਿਚ ਭਗਵਾਨ ਮਹਾਵੀਰ ਦੇ ਧਰਮ ਪ੍ਰਚਾਰ ਦਾ ਅਸਰ ਬਹੁਤ ਫੈਲ ਚੁਕਾ ਸੀ । ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਵੀ ਰਾਜਗ੍ਰਹਿ ਵਿਖੇ ਕੀਤਾ । ਸਾਰੀਆਂ ਜੀਵ ਆਤਮਾਵਾਂ ਦਾ ਕਲਿਆਣ ਕਰਦੇ ਹੋਏ, ਆਪ ਰਾਜਗ੍ਰਹਿ ਤੋਂ ਚਲ ਕੇ ਕੋਸ਼ਾਂਬੀ ਵੱਲ ਆਏ ।

ਰਾਜਗ੍ਰਹਿ ਤੋਂ ਕੋਸ਼ਾਂਬੀ ਵਿਚਕਾਰ ਕਾਂਸੀ ਦੇਸ਼ ਦੀ ਮਸ਼ਹੂਰ ਨਗਰੀ ਆਲਭਿਆ ਸੀ । ਭਗਵਾਨ ਮਹਾਵੀਰ ਕੁਝ ਦਿਨ ਆਲਭਿਆ ਨਗਰੀ ਪਧਾਰੇ । ਇਥੇ ਆਪ ਨੇ ਰਿਸ਼ੀਭੱਦਰ ਜਿਹੇ ਵਿਦਵਾਨ ਜੈਨ ਉਪਾਸਕਾਂ ਦੇ ਦੇਵਤਿਆਂ ਸਬੰਧੀ ਪ੍ਰਸ਼ਨਾਂ ਦੇ ਉੱਤਰ ਦਿਤੇ। ਰਿਸ਼ੀ ਭੱਦਰ ਭਗਵਾਨ ਮਹਾਵੀਰ ਦੇ ਉੱਤਰ ਤੋਂ ਬਹੁਤ ਖੁਸ਼ ਹੋਇਆ । ਉਸ ਨੇ ਸ਼੍ਰਾਵਕ ਦੇ 12 ਵਰਤ ਗ੍ਰਹਿਣ ਕਰ ਲਏ । ਉਹ ਬਹੁਤ ਸਮੇਂ ਤੱਕ ਇਨ੍ਹਾਂ ਵਰਤਾਂ ਦਾ ਪਾਲਣ ਕਰਦਾ ਰਿਹਾ । ਅੰਤ ਸਮੇਂ ਉਹ ਮਰ ਕੇ, ਸੌਧਰਮ ਦੇਵਲੋਕ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ ।

ਆਲਭਿਆ ਤੋਂ ਚੱਲ ਕੇ ਭਗਵਾਨ ਮਹਾਵੀਰ ਕੋਸਾਬੀ ਨਗਰੀ ਪਧਾਰੇ । ਇਥੇ ਰਾਣੀ ਮਿਰਗਾਵਤੀ ਆਪਣੇ ਜੀਜੇ, ਉਜੈਣੀ ਦੇ ਰਾਜੇ ਚੰਡ ਪ੍ਰਦੋਤਨ ਅਤੇ ਮੰਤਰੀਆਂ ਦੀ

ਸਲਾਹ ਨਾਲ ਰਾਜ ਚਲਾ ਰਹੀ ਸੀ । ਉਸ ਦਾ ਪੁੱਤਰ ਉਦਯਨ ਨਾਬਾਲਿਗ ਸੀ । ਰਾਣੀ ਮਿਰਗਾਵਤੀ ਰਾਜਾ ਚੰਡ ਪ੍ਰਦੋਤਨ ਦੇ ਰਾਜ-ਕਾਜ ਵਿਚ ਦਖਲ ਨੂੰ ਦਿਲੋਂ ਬਿਲਕੁਲ ਪਸੰਦ ਨਹੀਂ ਸੀ ਕਰਦੀ ।

ਭਗਵਾਨ ਮਹਾਵੀਰ ਕੋਸਾਂਬੀ ਪਧਾਰੇ । ਉਥੇ ਚੰਡ ਪ੍ਰਦੋਤਨ ਭਗਵਾਨ ਮਹਾਵੀਰ ਦੇ ਦਰਸ਼ਨ ਲਈ ਆਇਆ ਹੋਇਆ ਸੀ । ਮਹਾਰਾਣੀ ਮਿਰਗਾਵਤੀ, ਸ਼ਾਹੀ ਠਾਠ ਬਾਠ ਨਾਲ, ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਨ ਆਈ । ਉਸ ਧਰਮ ਸਭਾ ਵਿਚ ਮਹਾਰਾਜਾ ਚੰਡ ਪ੍ਰਦੋਤਨ ਵੀ ਬੈਠਾ ਸੀ । ਭਗਵਾਨ ਮਹਾਵੀਰ ਦੇ ਵੈਰਾਗਪੂਰਨ ਉਪਦੇਸ਼ ਦਾ ਰਾਣੀ ਮਿਰਗਾਵਤੀ ਤੇ ਡੂੰਘਾ ਅਸਰ ਪਿਆ । ਉਸਨੇ ਭਗਵਾਨ ਮਹਾਵੀਰ ਨੂੰ ਪ੍ਰਾਰਥਨਾ ਕੀਤੀ "ਮੈਂ ਆਪਣੇ ਜੀਜੇ, ਰਾਜਾ ਚੰਡਪ੍ਰਦੋਤਨ ਦੀ ਆਗਿਆ ਨਾਲ ਜੈਨ ਸਾਧਵੀ ਬਣਨਾ ਚਾਹੁੰਦੀ ਹਾਂ।" ਰਾਣੀ ਨੇ ਉਸੇ ਸਮੇਂ ਆਪਣੇ ਪੁੱਤਰ ਦੀ ਦੇਖ ਭਾਲ ਦਾ ਕੰਮ ਮਹਾਰਾਜਾ ਚੰਪ੍ਰਦੋਤਨ ਨੂੰ ਸੰਭਾਲ ਦਿੱਤਾ ।

ਮਹਾਰਾਜਾ ਚੰਡਪ੍ਰਦੋਤਨ ਨੇ ਨਾ ਚਾਹੁੰਦੇ.ਹੋਏ ਵੀ ਮਿਰਗਾਵਤੀ ਨੂੰ ਸਾਧਵੀ ਬਣਨ ਦੀ ਇਜਾਜ਼ਤ ਦੇ ਦਿੱਤੀ ।

ਉਸੇ ਸਮੇਂ ਅੰਗਾਰਵਤੀ ਆਦਿ ਚੰਡਪ੍ਰਦੋਤਨ ਦੀਆਂ ਅੱਠ ਰਾਣੀਆਂ ਨੇ ਭਗਵਾਨ ਮਹਾਵੀਰ ਤੋਂ ਸਾਧਵੀ ਜੀਵਨ ਗ੍ਰਹਿਣ ਕਰਨ ਦੀ ਇਜਾਜਤ ਮੰਗੀ । ਰਾਜੇ ਨੇ ਖੁਸ਼ੀ ਨਾਲ ਸਾਰੀਆਂ ਰਾਣੀਆਂ ਨੂੰ ਸਾਧਵੀਆਂ ਬਣਨ ਦੀ ਆਗਿਆ ਦੇ ਦਿਤੀ ।

ਕੁਝ ਸਮਾਂ ਭਗਵਾਨ ਮਹਾਵੀਰ ਕੌਸ਼ਾਂਬੀ ਅਤੇ ਨਜ਼ਦੀਕੀ ਦੇਸ਼ਾਂ ਵਿੱਚ ਪ੍ਰਚਾਰ ਕਰਦੇ ਹੋਏ ਵਿਦੇਹ ਦੇਸ਼ ਪਧਾਰੇ । ਇਥੇ ਦੀ ਰਾਜਧਾਨੀ ਵੈਸ਼ਾਲੀ ਸੀ ।

ਇੰਥੋਂ ਦਾ ਰਾਜਾ ਚੇਟਕ, ਭਗਵਾਨ ਮਹਾਵੀਰ ਦਾ ਮਾਮਾ ਸੀ । ਭਗਵਾਨ ਮਹਾਵੀਰ ਨੇ ਇਹ ਚੌਮਾਸਾ ਵੈਸ਼ਾਲੀ ਗੁਜਾਰਿਆ । ਹਜ਼ਾਰਾਂ ਲੋਕਾਂ ਨੇ ਭਗਵਾਨ ਮਹਾਵੀਰ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰਕੇ ਸਾਧੂ ਜੀਵਨ ਜਾਂ ਗ੍ਰਹਿਸਥ ਧਰਮ ਦੀਆਂ ਪ੍ਰਤਿਗਿਆਵਾਂ ਨੂੰ ਗ੍ਰਹਿਣ ਕੀਤਾ ।

## ਇਕੀਵਾਂ ਸਾਲ–

ਵੈਸ਼ਾਲੀ ਸ਼ਹਿਰ ਦੇ ਆਸ ਪਾਸ, ਪਿੰਡਾਂ ਸ਼ਹਿਰਾਂ ਵਿਚ ਪ੍ਰਚਾਰ ਕਰਦੇ ਭਗਵਾਨ ਉੱਤਰ ਵਿਦੇਹ ਵੱਲ ਪਧਾਰੇ । ਉਥੋਂ ਮਿਥਿਲਾ ਹੁੰਦੇ ਹੋਏ, ਕਾਕੰਦੀ ਪਧਾਰੇ । ਕਾਕੰਦੀ ਵਿਚ ਧੰਨ ਅਤੇ ਸੁਨਕਸ਼ਤਰ ਨੂੰ ਸਾਧੂ ਦੀਖਿਆ ਦਿਤੀ ।

ਕਾਕੰਦੀ ਤੋਂ ਭਗਵਾਨ ਮਹਾਵੀਰ ਨੇ ਪੱਛਮ ਵੱਲ ਵਿਹਾਰ ਕੀਤਾ । ਉਹ ਸ਼੍ਰਾਵਸਤੀ ਹੁੰਦੇ ਹੋਏ ਕਾਪਿਲ ਨਗਰ ਪਧਾਰੇ । ਉਥੋਂ ਦੇ ਕੁੰਡਕੋਲਿਕ ਨੇ ਭਗਵਾਨ ਮਹਾਵੀਰ ਤੋਂ 12 ਵਰਤ ਰੂਪੀ ਗ੍ਰਹਿਸਥ ਧਰਮ ਗ੍ਰਹਿਣ ਕੀਤਾ । ਉਥੋਂ ਭਗਵਾਨ ਮਹਾਵੀਰ ਅਹਿਛਤਰਾ ਹੁੰਦੇ

ਹੋਏ, ਰਾਜਪੁਰ ਪਧਾਰੇ । ਇੱਥੇ ਅਨੇਕਾਂ ਆਤਮਾਵਾਂ ਦਾ ਕਲਿਆਣ ਕਰਕੇ, ਆਪ ਵਾਪਸ ਪੋਲਾਸ਼ਪੁਰ ਪਹੁੰਚੇ ।

ਇਹ ਸ਼ਹਿਰ ਗੋਸ਼ਾਲਕ ਦੇ ਮਨਣ ਵਾਲਿਆਂ ਦਾ ਪ੍ਰਮੁੱਖ ਕੇਂਦਰ ਸੀ । ਉਸ ਦਾ ਪ੍ਰਮੁੱਖ ਭਗਤ ਸਦਾਲ ਪੁੱਤਰ ਸੀ । ਜੋ ਉਨ੍ਹਾਂ ਨਾਲ ਗਿਆਨ ਚਰਚਾ ਕਰਨ ਤੋਂ ਬਾਅਦ ਭਗਵਾਨ ਮਹਾਵੀਰ ਦਾ ਉਪਾਸਕ ਬਣ ਗਿਆ । ਸਦਾਲ ਪੁੱਤਰ ਦੇ ਭਗਵਾਨ ਮਹਾਵੀਰ ਦਾ ਚੇਲਾ ਬਣਨ ਨਾਲ ਗੋਸ਼ਾਲਕ ਦੇ ਦੂਸਰੇ ਬੜੇ ਪ੍ਰਚਾਰ ਕੇਂਦਰ ਨੂੰ ਸੱਟ ਵੱਜੀ । ਲੋਕਾਂ ਵਿਚ ਉਸ ਦੇ ਧਰਮ ਪਰਿਵਰਤਨ ਦੀ ਚਰਚਾ, ਜੋਰਾਂ ਨਾਲ ਫੈਲ ਗਈ ।

ਪੋਲਾਸਪੁਰ ਤੋਂ ਚੱਲ ਕੇ ਭਗਵਾਨ ਮਹਾਵੀਰ ਧਰਮ ਪ੍ਰਚਾਰ ਕਰਦੇ ਹੋਏ, ਚੌਮਾਸੇ ਲਈ ਬਨਿਜਗ੍ਰਾਮ ਪਧਾਰੇ । ਭਗਵਾਨ ਮਹਾਵੀਰ ਦੇ ਉਪਦੇਸ਼ਾਂ ਤੋਂ ਅਨੇਕਾਂ ਭੁਲੇ ਭਟਕਿਆਂ ਨੂੰ ਰਾਹ ਪ੍ਰਾਪਤ ਹੋਇਆ । ਇਥੇ ਹੀ ਰਾਜਕੁਮਾਰ ਅਤਿਮੁਕਤ ਦੀ ਦੀਖਿਆ ਹੋਈ ।

## ਬਾਈਵਾਂ ਸਾਲ–

ਚੌਮਾਸਾ ਬੀਤਣ ਤੋਂ ਬਾਅਦ ਭਗਵਾਨ ਮਹਾਵੀਰ ਵਿਦੇਹ ਦੇਸ਼ ਤੋਂ ਮਗਧ ਦੇਸ਼ ਵੱਲ ਆਏ । ਧਰਮ ਪ੍ਰਚਾਰ ਕਰਦੇ ਭਗਵਾਨ ਮਹਾਵੀਰ ਮਗਧ ਦੀ ਰਾਜਧਾਨੀ ਰਾਜਗ੍ਰਹਿ ਪਧਾਰੇ । ਆਪ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਮਹਾਸ਼ਤਕ ਨੇ ਗ੍ਰਹਿਸਥ ਧਰਮ ਧਾਰਨ ਕੀਤਾ । ਇਥੇ ਹੀ ਭਗਵਾਨ ਮਹਾਵੀਰ ਨਾਲ, ਭਗਵਾਨ ਪਾਰਸ਼ਨਾਥ ਦੇ ਚੇਲਿਆਂ ਦੀ ਲੋਕ, ਅਲੋਕ, ਰਾਤ ਤੇ ਦਿਨ ਦੀ ਉਤਪਤੀ ਬਾਰੇ ਧਰਮ ਚਰਚਾ ਹੋਈ ।

ਮਹਾਸ਼ਤਕ ਦੀਆਂ ' ਰੇਵਤੀ ' ਨਾਂ ਦੀਆਂ 13 ਔਰਤਾਂ ਸਨ । ਰੇਵਤੀ ਮਾਸ ਤੇ ਸ਼ਰਾਬ ਦੀ ਬਹੁਤ ਸ਼ੌਕੀਨ ਸੀ । ਇਹ ਰਾਜਾ ਸ਼੍ਰੇਣਿਕ ਦੇ ਜੀਵ-ਹਤਿਆ ਤੇ ਪਾਬੰਦੀ ਦੇ ਬਾਵਜੂਦ ਉਹ ਆਪਣੇ ਪੇਕੇ ਤੋਂ ਮਾਸ ਮੰਗਵਾ ਕੇ ਖਾਣ ਲਗੀ । ਉਸਨੇ ਆਪਣੀਆਂ ਸ਼ੌਕਣਾਂ ਨੂੰ ਜਹਿਰ ਤੇ ਹਥਿਆਰ ਆਦਿ ਨਾਲ ਮਾਰ ਕੇ ਉਨ੍ਹਾਂ ਦੇ ਦਾਜ ਤੇ ਕਬਜ਼ਾ ਕਰ ਲਿਆ ।

ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋਏ, ਭਗਵਾਨ ਪਾਰਸ਼ਵਨਾਥ ਦੇ ਸਾਧੂ ਭਗਵਾਨ ਮਹਾਵੀਰ ਦੀ ਪ੍ਰੰਪਰਾ ਵਿਚ ਸ਼ਾਮਲ ਹੋ ਗਏ ।

ਇਥੇ ਹੀ ਭਗਵਾਨ ਮਹਾਵੀਰ ਨੇ ਰੋਹ ਨਾਂ ਦੇ ਪ੍ਰਸਿੱਧ ਸਾਧੂ ਨੂੰ ਲੋਕ, ਅਲੋਕ ਪ੍ਰਸ਼ਨਾਂ ਦੇ ਉੱਤਰ ਦਿਤੇ ।

ਇਥੇ ਹੀ ਭਗਵਾਨ ਮਹਾਵੀਰ ਨੇ ਗੌਤਮ ਸਵਾਮੀ ਦੇ ਲੋਕ ਦੀ ਸਥਿਤੀ ਸਬੰਧੀ ਪ੍ਰਸ਼ਨਾਂ ਦਾ ਸਪਸ਼ਟੀਕਰਨ ਕੀਤਾ ।

ਇਨ੍ਹਾਂ ਪ੍ਰਸ਼ਨਾਂ ਉੱਤਰਾਂ ਦੀ ਚਰਚਾ ਸ੍ਰੀ ਭਗਵਤੀ ਸੂਤਰ ਵਿਚ ਹੈ ।

ਇਹ ਚੌਮਾਸਾ ਭਗਵਾਨ ਮਹਾਵੀਰ ਨੇ ਰਾਜਗ੍ਰਹਿ ਵਿਖੇ ਕੀਤਾ । ਰਾਜਾ ਸ਼੍ਰੇਣਿਕ ਨੇ ਪਰਿਵਾਰ ਸਮੇਤ ਅਨੇਕਾਂ ਲੋਕਾਂ ਨਾਲ, ਭਗਵਾਨ ਮਹਾਵੀਰ ਦੇ ਧਰਮ ਉਪਦੇਸ਼ ਦਾ ਲਾਭ ਲਿਆ ।

## ਤੇਈਵਾਂ ਸਾਲ–

ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਪਛਮੀ ਖੇਤਰਾਂ ਵੱਲ ਧਰਮ ਪ੍ਰਚਾਰ ਲਈ ਘੁੰਮਣ ਲਗੇ। ਪਿੰਡਾਂ ਤੇ ਸ਼ਹਿਰਾਂ ਵਿੱਚ ਪ੍ਰਚਾਰ ਕਰਦੇ ਹੋਏ ਉਹ ਕੰਚਗਲਾ ਨਗਰੀ ਦੇ ਛਤਰਪਲਾਸ ਬਾਗ ਵਿਚ ਪਧਾਰੇ। ਇਥੇ ਵੀ ਆਪ ਦੀ ਧਰਮ ਸਭਾ ਲੱਗੀ। ਅਨੇਕਾਂ ਲੋਕਾਂ ਨੇ ਆਪ ਦਾ ਉਪਦੇਸ਼ ਸੁਣ ਕੇ ਆਪਣੇ ਜੀਵਨ ਦਾ ਕਲਿਆਣ ਕੀਤਾ।

ਇਥੇ ਹੀ ਭਗਵਾਨ ਮਹਾਵੀਰ ਦੇ ਸੰਕਦ ਨਾਂ ਦੇ ਸਨਿਆਸੀ ਦੇ ਲੋਕ, ਜੀਵ ਤੇ ਸਿੱਧਗਤਿ ਸਬੰਧੀ ਪ੍ਰਸ਼ਨ ਦੇ ਉੱਤਰ ਦਿਤੇ। ਭਗਵਾਨ ਮਹਾਵੀਰ ਵਲੋਂ ਦਿਤੇ ਪ੍ਰਸ਼ਨਾਂ ਦੇ ਉੱਤਰ ਸੁਣ ਕੇ ਉਹ ਸਨਿਆਸੀ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ।

ਸੰਕਦ ਵੇਦਾਂ ਅਤੇ ਹੋਰ ਹਿੰਦੂ ਗ੍ਰੰਥਾਂ ਦਾ ਪਹਿਲਾਂ ਤੋ ਹੀ ਵਿਦਵਾਨ ਸੀ। ਸਾਧੂ ਬਣੇਨ ਤੋਂ ਬਾਅਦ ਉਸ ਨੇ 12 ਅੰਗ ਸ਼ਾਸ਼ਤਰ ਪੜ੍ਹ ਲਏ।

ਉਸ ਸੰਕਦ ਸਾਧੂ ਨੇ 12 ਸਾਲ ਜੈਨ ਸਾਧੂ ਦੇ ਰੂਪ ਵਿਚ ਬਿਤਾਏ। ਅੰਤ ਸਮੇਂ ਭਿੰਨ ਭਿੰਨ ਪ੍ਰਕਾਰ ਦੇ ਤੱਪ ਕਰਦਾ ਹੋਇਆ, ਉਹ ਵਿਪੁਲਚੁਲ ਪਹਾੜ ਤੇ ਪੁੱਜਾ। ਉਥੇ (ਜੈਨ ਧਰਮ ਅਨੁਸਾਰ, ਮੌਤ ਸਮੇਂ ਤੋਂ ਪਹਿਲਾਂ ਸ਼ਰੀਰ ਪ੍ਰਤਿ ਮੋਹ ਤਿਆਗ ਦੇਣ, ਖਾਣਾ ਪੀਣਾ ਆਦਿ ਤਿਆਗ ਕੇ ਕੀਤਾ ਜਾਣ ਵਾਲਾ) ਸੰਲੇਖਨਾ ਵਰਤ ਕਰਕੇ ਉਹ ਅਚਯੁਤ ਕਲਪ ਦੇਵ ਲੋਕ ਵਿਚ ਪੈਦਾ ਹੋਇਆ।

ਸੰਕਦ ਦੇ ਭਵਿੱਖ ਬਾਰੇ ਭਗਵਾਨ ਮਹਾਵੀਰ ਨੇ ਗੋਤਮ ਇੰਦਰਭੂਤੀ ਨੂੰ ਦਸਿਆ "ਹੇ ਗੌਤਮ ! ਸੰਕਦ ਦੇਵ ਲੋਕ ਵਿਚ ਆਪਣੀ ਉਮਰ ਪੂਰੀ ਕਰਕੇ, ਮਹਾਵਿਦੇਹ ਖੇਤਰ ਵਿਚ ਪੈਦਾ ਹੋਵੇਗਾ। ਉਥੇ ਧਰਮ ਅਰਾਧਨਾ ਰਾਹੀਂ ਨਿਰਵਾਨ ਹਾਸਲ ਕਰੇਗਾ।"

ਛੱਤਰਪਲਾਸ ਚੈਤਯ ਤੋਂ ਚੱਲ ਕੇ ਭਗਵਾਨ ਸ਼੍ਰਾਵਸਤੀ ਨਗਰੀ ਦੇ ਕੋਸ਼ਟਕ ਬਗੀਚੇ ਵਿਚ ਪਧਾਰੇ। ਸ਼੍ਰਾਵਸਤੀ ਵਾਸੀ ਹਜਾਰਾਂ ਦੀ ਗਿਣਤੀ ਵਿਚ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਨ ਲਈ ਆਏ। ਇਸ ਸਮੇਂ ਇਥੋਂ ਦੇ ਪ੍ਰਸਿੱਧ ਸੇਠ ਨੰਦਨੀ ਪਿਤਾ ਤੇ ਸਾਲੀਹ ਪਿਤਾ ਨੇ ਭਗਵਾਨ ਮਹਾਵੀਰ ਤੋਂ ਪਰਿਵਾਰ ਸਮੇਤ ਗ੍ਰਹਿਸਥ ਧਰਮ ਅੰਗੀਕਾਰ ਕੀਤਾ।

ਸ਼੍ਰਾਵਸਤੀ ਤੋਂ ਭਗਵਾਨ ਮਹਾਵੀਰ ਫੇਰ ਪੂਰਵ ਵਿਦੇਹ ਪਧਾਰੇ। ਭਗਵਾਨ ਮਹਾਵੀਰ ਨੇ ਇਹ ਚੌਮਾਸਾ ਵਣਿਜਗ੍ਰਾਮ ਵਿਖੇ ਕੀਤਾ।

## ਚੌਵੀਵਾਂ ਸਾਲ

ਵਣਿਜਗ੍ਰਾਮ ਤੋਂ ਚੱਲ ਕੇ ਭਗਵਾਨ ਮਹਾਵੀਰ ਬ੍ਰਾਹਮਣ ਕੁੰਡ ਦੇ ਬਹੁਸਾਲ ਬਗੀਚੇ ਵਿਚ ਪਧਾਰੇ। ਇਥੇ ਹੀ ਜਮਾਲੀ ਨੇ ਭਗਵਾਨ ਮਹਾਵੀਰ ਤੋਂ ਅੱਡ ਹੋ ਕੇ ਧਰਮ ਪ੍ਰਚਾਰ

ਕਰਨ ਦੀ ਆਗਿਆ ਮੰਗੀ । ਭਗਵਾਨ ਮਹਾਵੀਰ ਨੇ ਉਸ ਦੇ ਪ੍ਰਸ਼ਨ ਦਾ ਕੁਝ ਉੱਤਰ ਨਾ ਦਿੱਤਾ ।

ਇਸ ਪ੍ਰਕਾਰ ਜਮਾਲੀ ਆਪਣੇ 500 ਸਾਥੀ ਸਾਧੂਆਂ ਨਾਲ ਭਗਵਾਨ ਮਹਾਵੀਰ ਦੀ ਬਿਨਾਂ ਇਜਾਜਤ ਤੋਂ ਅੱਡ ਹੋ ਗਿਆ ।

ਬ੍ਰਾਹਮਣ ਕੁੰਡ ਤੋਂ ਭਗਵਾਨ ਮਹਾਵੀਰ, ਵਤਸ਼ ਦੇਸ਼ ਪਧਾਰੇ । ਇਥੇ ਖੂਬ ਧਰਮ ਪ੍ਰਚਾਰ ਹੋਇਆ । ਭਗਵਾਨ ਮਹਾਵੀਰ ਆਪਣੇ ਸੰਘ ਨਾਲ ਕੋਸਾਂਬੀ ਪਧਾਰੇ, ਇਥੇ ਇਕ ਅਚੰਭਾ ਹੋਇਆ । ਸੂਰਜ ਤੇ ਚੰਦਰਮਾ ਆਪ ਨੂੰ ਨਮਸਕਾਰ ਕਰਨ ਲਈ ਧਰਤੀ ਤੇ ਉਤਰੇ। ਇਥੇ ਸਾਧਵੀ ਮਿਰਗਾਵਤੀ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ।

ਕੋਸਾਂਬੀ ਤੋਂ ਕਾਂਸੀ ਹੁੰਦੇ ਹੋਏ ਭਗਵਾਨ ਮਹਾਵੀਰ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਪਧਾਰੇ । ਉਸੇ ਸਮੇਂ ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ 500 ਸਾਧੂ ਤੂੰਗੀਆਂ ਨਗਰੀ ਵਿਚ ਧਰਮ ਪ੍ਰਚਾਰ ਕਰ ਰਹੇ ਸਨ । ਇਨ੍ਹਾਂ ਸਾਧੂਆਂ ਦਾ ਉਪਦੇਸ਼ ਸੁਣਨ ਲਈ, ਅਨੇਕਾਂ ਭਗਵਾਨ ਮਹਾਵੀਰ ਦੇ ਉਪਾਸਕ ਵੀ ਪਧਾਰੇ । ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ 4 ਮਹਾਵਰਤਾਂ ਦਾ ਉਨ੍ਹਾਂ ਸਾਧੂਆਂ ਨੇ ਉਪਦੇਸ਼ ਦਿਤਾ ।

ਉਪਦੇਸ਼ ਤੋਂ ਬਾਅਦ ਤੁੰਗੀਆਂ ਨਿਵਾਸੀ ਭਗਵਾਨ ਮਹਾਵੀਰ ਦੇ ਉਪਾਸਕਾਂ ਨੇ ਇਨ੍ਹਾਂ ਸਾਧੂਆਂ ਨਾਲ ਸੰਜਮ, ਤਪ ਤੇ ਦੇਵ ਲੋਕ ਸੰਬੰਧੀ ਪ੍ਰਸ਼ਨ ਕੀਤੇ । ਸਾਧੂਆਂ ਨੇ ਉਨ੍ਹਾਂ ਦੇ ਉੱਤਰ ਬੜੇ ਸੁਲਝੇ ਤੇ ਰੋਚਕ ਢੰਗ ਨਾਲ ਦਿਤੇ ।

ਇਥੇ ਹੀ ਭਗਵਾਨ ਮਹਾਵੀਰ ਨੇ ਤੂੰਗੀਆ ਨਗਰੀ ਦੇ ਉਪਾਸਕਾਂ ਦੀ ਧਰਮ ਚਰਚਾ ਦੀ ਗਨਧਰ ਗੌਤਮ ਅਗੇ ਪ੍ਰਸੰਸਾ ਕੀਤੀ ।

ਭਗਵਾਨ ਮਹਾਵੀਰ ਨੇ ਭਗਵਾਨ ਪਾਰਸ਼ਵਨਾਥ ਦੇ ਸਾਧੂਆਂ ਦੇ ਉਤਰਾਂ ਦੀ ਪ੍ਰਸੰਸਾ ਕਰਦੇ ਹੋਏ ਫਰਮਾਇਆ " ਹੇ ਗੌਤਮ ! ਜੋ ਕੁਝ ਭਗਵਾਨ ਪਾਰਸਵਨਾਥ ਦੀ ਪ੍ਰੰਪਰਾ ਦੇ ਸਾਧੂਆਂ ਨੇ ਕਿਹਾ ਹੈ, ਇਸ ਬਾਰੇ ਮੈਂ ਵੀ ਇਹੋ ਆਖਦਾ ਹਾਂ । ਮੇਰੇ ਤੇ ਭਗਵਾਨ ਪਾਰਸਵਨਾਥ ਦੇ ਸਾਧੂਆਂ ਦੀ ਪ੍ਰੰਪਰਾ ਦਾ ਕੋਈ ਭੇਦ ਨਹੀਂ ।"

ਇਸੇ ਸਾਲ ਭਗਵਾਨ ਮਹਾਵੀਰ ਦੇ ਵੇਹਾਸ, ਅਭੈ ਕੁਮਾਰ ਆਦਿ ਸਾਧੂਆਂ ਨੇ ਦੇਵ ਗਤਿ ਪ੍ਰਾਪਤ ਕੀਤੀ । ਇਨ੍ਹਾਂ ਸਾਧੂਆਂ ਨੇ ਆਖਰੀ ਸਮਾਂ ਰਾਜਗ੍ਰਹਿ ਦੇ ਵਿਪੁਲਾਚਲ ਪਹਾੜ ਉਪਰ ਗੁਜਾਰਿਆ । ਇਹ ਚੌਮਾਸਾ ਭਗਵਾਨ ਮਹਾਵੀਰ ਨੇ ਰਾਜਗ੍ਰਹਿ ਵਿਖੇ ਕੀਤਾ ।

## ਪਚੀਵਾਂ ਸਾਲ–

ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਅੰਗਦੇਸ਼ ਵੱਲ ਪਧਾਰੇ । ਇਸ ਸਮੇਂ ਇਸ ਦੇਸ਼ ਦੀ ਰਾਜਧਾਨੀ ਚੰਪਾ ਸੀ । ਮਹਾਰਾਜਾ ਸ਼੍ਰੇਣਿਕ ਦੇ ਮਰਨ ਤੋਂ ਬਾਅਦ ਕੋਣਿਕ ਨੇ

ਚੰਪਾ ਨੂੰ ਆਪਣੀ ਰਾਜਧਾਨੀ ਬਣਾਇਆ । ਉਸ ਸਮੇਂ ਭਗਵਾਨ ਮਹਾਵੀਰ ਚੰਪਾ ਦੇ ਪੂਰਨ ਭਦਰ ਬਗੀਚੇ ਵਿਚ ਠਹਿਰੇ ।

ਇਸੇ ਰਾਜਾ ਕੋਣਿਕ ਬੜੇ ਠਾਠ ਨਾਲ ਆਪ ਦੇ ਦਰਸ਼ਨ ਲਈ ਆਇਆ । ਇਸ ਸਮੇਂ ਅਨੇਕਾਂ ਲੋਕਾਂ ਨੇ ਮੁਨੀ ਧਰਮ ਅਤੇ ਗ੍ਰਹਿਸਥ ਧਰਮ ਧਾਰਨ ਕੀਤਾ । ਮੁਨੀ ਧਰਮ ਧਾਰਨ ਕਰਨ ਵਾਲਿਆਂ ਵਿਚ ਮਹਾਰਾਜਾ ਸ਼੍ਰੇਣਿਕ ਦੇ ਪੋਤੇ ਪਦਮ, ਮਹਾਪਦਮ, ਭਦਰ, ਸੁਭਦਰ, ਪਦਮ ਭਦਰ, ਪਦਮ ਸੇਨ, ਪਦਮ ਗੁਲਾਮ, ਨਲਿਨਿ ਗੁਲਮ, ਆਨੰਦ ਤੇ ਨੰਦਨ ਦੇ ਨਾਂ ਪ੍ਰਸਿੱਧ ਹਨ । ਇਨ੍ਹਾਂ ਦੇ ਪਿਤਾ, ਕੋਣਿਕ ਦੀ ਰਾਜ ਹੜਪਨ ਦੀ ਸਾਜਿਸ਼ ਵਿਚ ਸ਼ਾਮਲ ਸਨ। ਇਨ੍ਹਾਂ ਦੇ ਨਾਂ ਕਾਲ, ਸੁਕਾਲ, ਮਹਾਕਾਲ, ਸੁਕ੍ਰਿਸ਼ਨ ਅਤੇ ਮਹਾ ਸੇਨ ਕ੍ਰਿਸ਼ਨ ਸਨ । ਇਸ ਸਮੇਂ ਨਗਰ ਸੇਠ ਜਿਨ ਪਾਲੀਤ ਨੇ ਸਾਧੂ ਧਰਮ ਗ੍ਰਹਿਣ ਕੀਤਾ ਅਤੇ ਪਾਲੀਤ ਨੇ ਗ੍ਰਹਿਸਤ ਦੇ 12 ਵਰਤ ਅੰਗੀਕਾਰ ਕੀਤੇ ।

ਚੰਪਾ ਨਗਰੀ ਤੋਂ ਚੱਲ ਕੇ ਧਰਮ ਪ੍ਰਚਾਰ ਕਰਦੇ ਭਗਵਾਨ ਮਹਾਵੀਰ ਵਿਦੇਹ ਦੇਸ਼ ਪਧਾਰੇ । ਰਾਹ ਵਿਚ ਕਾਕੰਦੀ ਦੇ ਸ਼ੇਮਕ ਤੇ ਧਰਿਤੀ ਧਰ ਨੂੰ ਸਾਧੂ ਬਣਾਇਆ। ਆਪਨੇ ਇਹ ਚੌਮਾਸਾ ਮਿਥਿਲਾ ਨਗਰੀ ਵਿਖੇ ਗੁਜਾਰਿਆ । ਇਥੇ ਰਾਜੇ ਸਮੇਤ, ਅਨੇਕਾਂ ਲੋਕਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਿਆ । ਅਨੇਕਾਂ ਲੋਕਾਂ ਨੇ ਸਾਧੂ ਤੇ ਗ੍ਰਹਿਸਥ ਧਰਮ ਧਾਰਨ ਕੀਤਾ।

## ਛੱਬੀਵਾਂ ਸਾਲ–

ਮਿਥਿਲਾ ਤੋਂ ਆਪ ਅੰਗਦੇਸ਼ ਵੱਲ ਪਧਾਰੇ । ਇਨ੍ਹਾਂ ਦਿਨਾਂ ਵਿਚ ਵਿਦੇਹ ਦੀ ਰਾਜਧਾਨੀ ਵੈਸ਼ਾਲੀ ਲੜਾਈ ਦਾ ਮੈਦਾਨ ਬਣ ਚੁਕੀ ਸੀ । ਇਕ ਪਾਸੇ ਰਾਜਾ ਕੋਣਿਕ ਸੀ ਤੇ ਉਸ ਦੇ 10 ਸੋਤੇਲੇ ਭਰਾ ਸਨ ਅਤੇ ਦੂਸਰੇ ਪਾਸੇ ਵੈਸ਼ਾਲੀ ਦਾ ਰਾਜਾ ਚੇਟਕ ਆਪਣੇ ਵੈਸ਼ਾਲੀ ਗਣਰਾਜ ਦੀ ਰਾਖੀ ਲਈ ਮੈਦਾਨ ਵਿੱਚ ਪੁੱਜ ਚੁੱਕਾ ਸੀ ।

ਘਮਸਾਨ ਦਾ ਯੁਧ ਹੋਇਆ । ਕੋਣਿਕ ਦੇ 10 ਸੋਤੇਲੇ ਭਰਾ ਆਪਣੀ ਵਿਸ਼ਾਲ ਫੌਜਾਂ ਸਮੇਤ ਮਹਾਰਾਜਾ ਚੇਟਕ ਹਥੋਂ ਮਾਰੇ ਗਏ । ਇਸ ਸਮੇਂ ਭਗਵਾਨ ਮਹਾਵੀਰ ਚੰਪਾ ਨਗਰੀ ਦੇ ਪੂਰਨਭਦਰ ਬਗੀਚੇ ਵਿਚ ਪਧਾਰੇ । ਰਾਜਘਰਾਨੇ ਸਮੇਤ, ਅਨੇਕਾਂ ਲੋਕ ਭਗਵਾਨ ਮਹਾਵੀਰ ਦਾ ਧਰਮ ਉਪਦੇਸ਼ ਸੁਣਨ ਲਈ ਪਧਾਰੇ ਹੋਏ ਸਨ ।

ਮਹਾਰਾਜਾ ਸ਼੍ਰੇਣਿਕ ਦੀਆਂ ਕਾਲੀ ਆਦਿ 10 ਰਾਣੀਆਂ ਇਸ ਉਪਦੇਸ਼ ਵਿੱਚ ਸ਼ਾਮਲ ਹੋਈਆਂ ।

ਉਨ੍ਹਾਂ (ਰਾਣੀਆਂ) ਨੇ, ਆਪਣੇ ਯੁੱਧ ਵਿਚ ਪੁੱਤਰਾਂ ਵਾਰੇ, ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕੀਤਾ । ਭਗਵਾਨ ਮਹਾਵੀਰ ਨੇ ਉਨ੍ਹਾਂ ਰਾਜਮਾਤਾਵਾਂ ਨੂੰ ਦਸਿਆ "ਤੁਹਾਡੇ ਰਾਜਕੁਮਾਰ ਯੁੱਧ ਵਿਚ ਮਰ ਚੁਕੇ ਹਨ ।" ਇਸ ਖਬਰ ਦੀ ਰਾਜਮਾਤਾਵਾਂ ਨੂੰ ਬਹੁਤ ਠੇਸ ਲਗੀ । ਉਨ੍ਹਾਂ

ਨੂੰ ਦੁਨਿਆਵੀ ਸੁਖ ਝੂਠੇ ਜਾਪਣ ਲਗੇ । ਉਹ ਵੀ ਭਗਵਾਨ ਮਹਾਵੀਰ ਪਾਸ ਸਾਧਵੀਆਂ ਬਣ ਗਈਆਂ ।

ਇੱਥੇ ਹੀ ਗੌਤਮ ਇੰਦਰ ਭੂਤੀ ਨੇ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕੀਤਾ " ਹੇ ਭਗਵਾਨ ! ਮੈਂ ਸੁਣਿਆ ਹੈ ਕਿ ਯੁੱਧ ਵਿੱਚ ਮਰਨ ਵਾਲੇ ਬਹਾਦਰ ਸੈਨਿਕ ਸਵੱਰਗ ਹਾਸਲ ਕਰਦੇ ਹਨ ਕਿ ਇਹ ਸੱਚ ਹੈ ? ਭਗਵਾਨ ਮਹਾਵੀਰ ਨੇ ਕਿਹਾ ਕਿ " ਹੇ ਗੌਤਮ ! ਇਹ ਆਖਣਾ ਠੀਕ ਨਹੀਂ । ਨਰਕ ਜਾਂ ਸਵੱਰਗ ਮਨੁੱਖ ਦੇ ਆਪਣੇ ਕੀਤੇ ਕਰਮਾਂ ਤੇ ਅਧਾਰਿਤ ਹਨ । ਯੁੱਧ ਵਿਚ ਮਰਨ ਵਾਲੇ ਨਾ ਤਾਂ ਸਾਰੇ ਨਰਕ ਵਿਚ ਜਾਂਦੇ ਹਨ, ਨਾ ਹੀ ਸਾਰੇ ਸਵਰਗ ਵਿੱਚ । ਸਗੋਂ ਇਹ ਨਰਕ ਸਵਰਗ ਦਾ ਚੱਕਰ ਕੀਤੇ ਸ਼ੁਭ ਜਾਂ ਅਸ਼ੁਭ ਕਰਮਾਂ ਅਨੁਸਾਰ ਮਿਲਦਾ ਹੈ । ਯੁੱਧ ਨਾਲ ਇਸ ਦਾ ਕੋਈ ਸਬੰਧ ਨਹੀਂ ।"

ਕੁਝ ਸਮਾਂ ਚੰਪਾ ਵਿਚ ਧਰਮ ਪ੍ਰਚਾਰ ਕਰਕੇ, ਭਗਵਾਨ ਮਹਾਵੀਰ ਵਾਪਸ ਫੇਰ ਮਿਥਿਲਾ ਪਧਾਰੇ । ਭਗਵਾਨ ਮਹਾਵੀਰ ਨੇ ਇਹ ਚੌਮਾਸਾ ਮਿਥਿਲਾ ਵਿਖੇ ਗੁਜਾਰਿਆ ।

## ਸਤਾਈਵਾਂ ਸਾਲ–

ਮਿਥਿਲਾ ਤੋਂ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਵੈਸ਼ਾਲੀ ਪਧਾਰੇ । ਉਥੋਂ ਧਰਮ ਪ੍ਰਚਾਰ ਕਰਕੇ ਉਹ ਸ਼੍ਰਾਵਸਤੀ ਨਗਰੀ ਪਹੁੰਚੇ । ਇਥੇ ਕੋਣਿਕ ਦੇ ਦੋ ਭਰਾ ਵੇਹਾਸ (ਹੱਲ) ਅਤੇ ਵਿਹੱਲ ਨੇ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ । ਇਹ ਉਹੋ ਦੋਵੇਂ ਭਰਾ ਸਨ, ਜਿਨ੍ਹਾਂ ਕਾਰਣ ਵੈਸ਼ਾਲੀ ਦਾ ਮਹਾਯੁਧ ਹੋ ਰਿਹਾ ਸੀ ।

ਭਗਵਾਨ ਮਹਾਵੀਰ ਕੁਝ ਸਮਾਂ ਸ਼੍ਰਾਵਸਤੀ ਨਗਰੀ ਠਹਿਰੇ । ਉਸ ਸਮੇਂ ਸ਼੍ਰਾਵਸਤੀ ਨਗਰੀ ਗੋਸ਼ਾਲਕ ਦੇ ਪ੍ਰਚਾਰ ਦਾ ਮੁੱਖ ਕੇਂਦਰ ਸੀ । ਉਹ ਆਜੀਵਕ ਧਰਮ ਦਾ ਅਚਾਰੀਆ ਬਣ ਚੁੱਕਾ ਸੀ । ਉਸਨੇ ਭਗਵਾਨ ਪਾਰਸਵਨਾਥ ਦੇ ਭਰਿਸ਼ਟ ਚੇਲਿਆਂ ਤੋਂ ਜੋਤਿਸ਼ ਆਦਿ ਵਿਦਿਆ ਸਿੱਖ ਲਈ ਸੀ । ਜਿਸ ਨਾਲ ਉਹ ਲੋਕਾਂ ਦਾ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਦਸਦਾ ਸੀ । ਦੂਸਰੇ ਉਸ ਪਾਸ ਭਗਵਾਨ ਮਹਾਵੀਰ ਦੀ ਕਿਰਪਾ ਨਾਲ ਪ੍ਰਾਪਤ ਤੇਜੋਲੇਸ਼ਿਆ ਸੀ, ਜਿਸ ਨਾਲ ਉਹ ਆਪਣੇ ਵਿਰੋਧੀਆਂ ਨੂੰ ਭਸਮ ਕਰ ਸਕਦਾ ਸੀ ।

ਹੁਣ ਗੋਸ਼ਾਲਕ ਆਪਣੇ ਆਪ ਨੂੰ ਤੀਰਥੰਕਰ, ਸਰਵੱਗ, ਅਰਿਹੰਤ ਤੇ ਕੇਵਲੀ ਆਖਦਾ ਸੀ । ਲੋਕਾਂ ਵਿਚ ਉਸਦੇ ਚਮਤਕਾਰਾਂ ਦੀ ਚਰਚਾ ਆਮ ਸੀ । ਗੋਸ਼ਾਲਕ ਆਪਣਾ ਪਿਛਲਾ ਜੀਵਨ ਬਿਲਕੁਲ ਭੁੱਲ ਚੁੱਕਾ ਸੀ ।

ਇਹ ਚੌਮਾਸਾ ਭਗਵਾਨ ਮਹਾਵੀਰ ਨੇ ਸ਼੍ਰਾਵਸਤੀ ਵਿਖੇ ਕੀਤਾ । ਇਹ ਚੌਮਾਸਾ ਗੋਸ਼ਾਲਕ ਨੇ ਵੀ ਇਸੇ ਨਗਰੀ ਵਿਖੇ ਕੀਤਾ । ਇਸ ਸ਼ਹਿਰ ਵਿਚ ਗੋਸ਼ਾਲਕ ਦੇ ਦੋ ਪ੍ਰਮੁੱਖ ਭਗਤ ਸਨ, ਇਕ ਹਲਾਹਲ ਘੁਮਾਰਿਨ, ਦੂਸਰਾ ਅਯੰਪੁਲ ਗਾਥਾਪਤੀ ।

ਕੋਈ ਸਮਾਂ ਸੀ ਗੋਸ਼ਾਲਕ ਭਗਵਾਨ ਮਹਾਵੀਰ ਦੀ ਪ੍ਰਸੰਸਾ ਕਰਦਾ ਨਾ ਥਕਦਾ ਪਰ ਹੁਣ ਉਸ ਦਾ ਹੰਕਾਰ ਆਪਣੀ ਉਚਾਈ ਤੇ ਪਹੁੰਚ ਚੁੱਕਾ ਸੀ ।

ਜਦ ਗੋਸ਼ਾਲਕ ਨੂੰ ਭਗਵਾਨ ਮਹਾਵੀਰ ਦੇ ਸ੍ਰਾਵਸਤੀ ਨਗਰੀ ਵਿਖੇ ਕੋਸ਼ਟਕ ਬਗੀਚੇ ਵਿਚ ਠਹਿਰਨ ਦਾ ਸਮਾਚਾਰ ਮਿਲਿਆ, ਤਾਂ ਉਹ ਬਹੁਤ ਹੰਕਾਰ ਵਿਚ ਆ ਗਿਆ।

ਉਸ ਸਮੇਂ ਭਗਵਾਨ ਮਹਾਵੀਰ ਦੇ ਪ੍ਰਮੁੱਖ ਚੇਲੇ ਇੰਦਰਭੂਤੀ ਗੌਤਮ ਭੋਜਨ ਮੰਗਣ ਲਈ ਆਏ । ਉਨ੍ਹਾਂ ਲੋਕਾਂ ਦੇ ਮੁਖੋਂ ਇਸ ਪ੍ਰਕਾਰ ਦੀ ਚਰਚਾ ਸੁਣੀ " ਅਜ ਕਲ ਸ਼ਹਿਰ ਵਿਚ ਦੋ ਤੀਰਥੰਕਰ ਘੁੰਮ ਰਹੇ ਹਨ, ਇਕ ਸ਼੍ਰਮਣ ਭਗਵਾਨ ਮਹਾਵੀਰ, ਦੂਸਰੇ ਮੰਖਲੀ ਪੁਤਰ ਗੋਸ਼ਾਲਕ ।" ਗੋਸ਼ਾਲਕ ਦੇ ਤੀਰਥੰਕਰ ਹੋਣ ਦੀ ਚਰਚਾ ਸੁਣ ਕੇ, ਗੌਤਮ ਸਵਾਮੀ ਵਾਪਸ ਭਗਵਾਨ ਮਹਾਵੀਰ ਵੱਲ ਪਰਤੇ ।

ਉਨ੍ਹਾਂ ਪ੍ਰਸ਼ਨ ਕੀਤਾ " ਭਗਵਾਨ ! ਕੀ ਇਹ ਸੱਚ ਹੈ ਕਿ ਅੱਜ ਕੱਲ ਦੋ ਤੀਰਥੰਕਰ ਸ਼੍ਰਾਵਸਤੀ ਵਿਚ ਘੁੰਮ ਰਹੇ ਹਨ । ਭਗਵਾਨ ਮਹਾਵੀਰ ਨੇ ਉੱਤਰ ਦਿੱਤਾ " ਹੇ ਗੌਤਮ ! ਗੋਸ਼ਾਲਕ ਕੋਈ ਤੀਰਥੰਕਰ, ਸਰਵੱਗ ਅਰਿਹੰਤ ਜਾਂ ਕੇਵਲੀ ਨਹੀਂ, ਸਗੋਂ ਮੇਰਾ ਭਰਿਸ਼ਟ ਚੇਲਾ ਹੈ । ਇਹ ਸਰਵਰ ਪਿੰਡ ਦੀ ਗਊਸ਼ਾਲਾ ਵਿਚ ਪੈਦਾ ਹੋਇਆ ਸੀ, ਇਸ ਦਾ ਪਿਤਾ ਮੰਖ ਸੀ। ਇਹ 24 ਸਾਲ ਪਹਿਲਾਂ ਮੇਰਾ ਚੇਲਾ ਅਖਵਾਉਂਦਾ ਸੀ । ਕੁਝ ਸਾਲ ਬਾਅਦ ਇਹ ਮੇਰੇ ਤੋਂ ਵੱਖ ਹੋ ਗਿਆ । ਸੋ ਗੋਸ਼ਾਲਕ ਗਲਤ ਆਖਦਾ ਹੈ ।"

ਭਗਵਾਨ ਮਹਾਵੀਰ ਦੇ ਉਪਰੋਕਤ ਵਚਨਾਂ ਨੂੰ ਸਭ ਨੇ ਸੱਚ ਮੰਨਿਆ ।

ਕੁਝ ਮਨੁੱਖਾਂ ਰਾਹੀਂ ਉਸਨੂੰ ਭਗਵਾਨ ਮਹਾਵੀਰ ਦੇ ਵਿਚਾਰਾਂ ਦਾ ਪਤਾ ਲੱਗ ਗਿਆ । ਉਹ ਆਪੇ ਤੋਂ ਬਾਹਰ ਹੋ ਗਿਆ ।

ਉਸ ਸਮੇਂ ਭਗਵਾਨ ਮਹਾਵੀਰ ਦੇ ਇਕ ਸਾਧੂ ਆਨੰਦ ਭਿਖਿਆ ਲਈ, ਸ਼੍ਰਾਵਸਤੀ ਵਿਚ ਘੁੰਮ ਰਹੇ ਸਨ । ਗੋਸ਼ਾਲਕ ਨੇ ਆਨੰਦ ਸਾਧੂ ਰੋਕ ਕੇ ਕਿਹਾ " ਹੇ ਦੇਵਾਨੁਪ੍ਰਿਆ ! ਮੇਰੀ ਜ਼ਰਾ ਗੱਲ ਸੁਣ ।"

" ਪਿਛਲੇ ਸਮੇਂ ਦੀ ਗੱਲ ਹੈ ਕਿ ਕੁਝ ਵਿਉਪਾਰੀ ਮਾਲ ਭਰ ਕੇ ਵਿਉਪਾਰ ਲਈ ਨਿਕਲੇ । ਰਾਹ ਵਿਚ ਘਣਾ ਜੰਗਲ ਆ ਗਿਆ । ਜੰਗਲ ਬਹੁਤ ਲੰਬਾ ਸੀ । ਇਸ ਜੰਗਲ ਨੂੰ ਪਾਰ ਕਰਦੇ ਵਿਚਕਾਰ ਹੀ ਉਨ੍ਹਾਂ ਦਾ ਪਾਣੀ ਖਤਮ ਹੋ ਗਿਆ । ਵਿਉਪਾਰੀ ਪਾਣੀ ਦੀ ਤਲਾਸ਼ ਵਿਚ ਇਧਰ ਉਧਰ ਘੁੰਮਣ ਲਗੇ । ਅਚਾਨਕ ਹੀ ਉਨ੍ਹਾਂ ਨੂੰ ਇਕ ਹਰੇ ਭਰੇ ਜੰਗਲ ਵਿਚ, ਚਾਰ ਪਾਣੀ ਦੇ ਠਿਕਾਣੇ ਵਿਖਾਈ ਦਿਤੇ ।

" ਉਨ੍ਹਾਂ ਪਹਿਲਾਂ ਪਾਣੀ ਦਾ ਠਿਕਾਣਾ ਪੁਟਿਆ । ਸ਼ੁਧ ਪਾਣੀ ਨਿਕਲਿਆ । ਸਭ ਨੇ ਪਾਣੀ ਪੀ ਲਿਆ । ਉਨ੍ਹਾਂ ਵਿਚ ਇਕ ਬੁਧੀਮਾਨ ਵਿਉਪਾਰੀ ਨੇ ਕਿਹਾ " ਚਲੋ ਹੁਣ ਆਪਣਾ ਕੰਮ ਖਤਮ ਹੋ ਗਿਆ ਹੈ ।" ਪਰ ਇਕ ਲੋਭੀ ਵਿਉਪਾਰੀ ਨੇ ਕਿਹਾ " ਜੇ ਪਹਿਲੀ ਜਗ੍ਹਾ ਤੋਂ ਚੰਗੀ ਪਾਣੀ ਨਿਕਲਿਆ ਹੈ ਤਾਂ ਹੋ ਸਕਦਾ ਹੈ ਕਿ ਦੂਸਰੀ ਜਗ੍ਹਾ ਤੋਂ ਸੋਨਾ ਨਿਕਲੇ। ਉਨ੍ਹਾਂ ਦੂਸਰੀ ਜਗ੍ਹਾ ਖੁਦਾਈ ਕੀਤੀ । ਉਥੇ ਸੋਨਾ ਨਿਕਲਿਆ । ਲੋਭੀਆਂ ਦਾ ਲੋਭ ਵਧਦਾ ਗਿਆ । ਉਨ੍ਹਾਂ ਵਿਚੋਂ ਕੁਝ ਲੋਭੀ ਵਿਉਪਾਰੀ ਆਖਣ ਲਗੇ " ਹੋ ਸਕਦਾ ਹੈ ਕਿ ਅਗਲੀ

ਜਗ੍ਹਾ ਤੋਂ ਮਣੀ ਰਤਨ ਨਿਕਲਣ । ਵਿਉਪਾਰੀ ਲਾਲਚ ਵੱਸ ਫਿਰ ਖੁਦਾਈ ਕਰਨ ਲਗੇ । ਉਥੋਂ ਉਨ੍ਹਾਂ ਨੂੰ ਸਚਮੁਚ ਰਤਨ ਪ੍ਰਾਪਤ ਹੋ ਗਏ ।"

"ਹੁਣ ਲੋਭ ਆਪਣੀ ਹੱਦ ਤੱਕ ਪਹੁੰਚ ਚੁਕਾ ਸੀ । ਪਹਿਲਾਂ ਸਿਆਣੇ ਵਿਉਪਾਰੀ ਨੇ ਉਨ੍ਹਾਂ ਨੂੰ ਹੋਰ ਲੋਭ ਤੋਂ ਰੋਕਿਆ । ਪਰ ਉਹ ਵਿਉਪਾਰੀ ਨਾ ਰੁਕੇ । ਆਖਿਰ ਲਾਲਚੀ ਵਿਉਪਾਰੀਆਂ ਨੇ ਚੌਥੀ ਜਗ੍ਹਾ ਦੀ ਖੁਦਾਈ ਕੀਤੀ । ਉਸ ਜਗ੍ਹਾ ਤੋਂ ਭਿਆਨਕ ਸੱਪ ਨਿਕਲਿਆ। ਸੱਪ ਨੇ ਸਭ ਵਿਉਪਾਰੀਆਂ ਦਾ ਖਾਤਮਾ ਕਰ ਦਿਤਾ । ਪਰ ਸੱਪ ਨੇ ਉਸ ਪਹਿਲੇ ਸਿਆਣੇ ਲਾਲਚੀ ਵਿਉਪਾਰੀ ਨੂੰ ਕੁਝ ਨਹੀਂ ਕਿਹਾ ।"

"ਆਨੰਦ ! ਇਹੋ ਉਦਾਹਰਣ ਤੇਰੇ ਗੁਰੂ ਸ਼੍ਰਮਣ ਭਗਵਾਨ ਮਹਾਵੀਰ ਤੇ ਲਾਗੂ ਹੁੰਦੀ ਹੈ । ਅੱਜ ਉਨ੍ਹਾਂ ਨੂੰ ਸਭ ਲਾਭ ਮਿਲ ਚੁਕੇ ਹਨ । ਉਨ੍ਹਾਂ ਨੂੰ ਕੋਈ ਸੰਤੋਖ ਨਹੀਂ ।"

ਗੋਸ਼ਾਲਕ ਦੇ ਇਹ ਵਿਚਾਰ ਆਨੰਦ ਤੇ ਸ਼ਾਂਤੀ ਪੂਰਵਕ ਸੁਣੇ । ਉਨ੍ਹਾਂ ਭਗਵਾਨ ਮਹਾਵੀਰ ਨੂੰ ਗੋਸ਼ਾਲਕ ਵਲੋਂ ਆਖੀਆਂ ਸਭ ਗਲਾਂ ਦੱਸ ਦਿਤੀਆਂ ।"

ਆਨੰਦ ਨੇ ਪ੍ਰਸ਼ਨ ਕੀਤਾ " ਹੇ ਭਗਵਾਨ ! ਕਿ ਗੋਸ਼ਾਲਕ ਆਪਣੇ ਤੱਪ ਤੇਜ ਸਹਾਰੇ ਕਿਸੇ ਨੂੰ ਭਸਮ ਕਰ ਸਕਦਾ ਹੈ ? ਭਗਵਾਨ ਮਹਾਵੀਰ ਨੇ ਉਤਰ ਦਿਤਾ " ਹਾਂ ਆਨੰਦ ! ਗੋਸ਼ਾਲਕ ਤੀਰਥੰਕਰ ਤੇ ਕੇਵਲੀ ਤੋਂ ਛੁੱਟ ਸਭ ਨੂੰ ਭਸਮ ਕਰ ਸਕਦਾ ਹੈ ।"

ਭਗਵਾਨ ਮਹਾਵੀਰ ਨੇ ਆਪਣੇ ਸਾਰੇ ਸਾਧੂ ਤੇ ਸਾਧਵੀਆਂ ਨੂੰ ਬੁਲਾ ਕੇ ਕਿਹਾ "ਤੁਸੀਂ ਗੋਸ਼ਾਲਕ ਨਾਲ ਵਿਅਰਥ ਚਰਚਾ ਨਾ ਕਰੋ ।" ਸਭ ਸ੍ਰੀ ਸੰਘ ਨੇ ਭਗਵਾਨ ਮਹਾਵੀਰ ਦਾ ਹੁਕਮ ਗ੍ਰਹਿਣ ਕੀਤਾ ।

ਆਨੰਦ ਸਾਧੂ ਨੂੰ ਅਜੇ ਬਹੁਤ ਸਮਾਂ ਗਲਾਂ ਕਰਦੇ ਨੂੰ ਨਹੀਂ ਬੀਤਿਆ ਸੀ ਕਿ ਗੋਸ਼ਾਲਕ ਆਪਣੇ ਸਾਧੂਆਂ ਨਾਲ ਭਗਵਾਨ ਮਹਾਵੀਰ ਦੇ ਸਮੋਸਰਨ ਦੇ ਕਰੀਬ ਪੁਜਾ । ਉਹ ਭਗਵਾਨ ਮਹਾਵੀਰ ਨੂੰ ਵੇਖ ਕੇ ਲਾਲ ਪੀਲਾ ਹੋ ਗਿਆ । ਭਗਵਾਨ ਮਹਾਵੀਰ ਨੂੰ ਆਖਣ ਲਗਾ " ਹੇ ਵਰਧਮਾਨ ! ਤੂੰ ਕਿਉ ਲੋਕਾਂ ਨੂੰ ਜਾਲ ਵਿਚ ਫਸਾ ਰਿਹਾ ਹੈਂ । ਮੈਂ ਉਹ ਗੋਸ਼ਾਲਕ ਨਹੀਂ ਜੋ ਤੇਰਾ ਚੇਲਾ ਸੀ । ਉਹ ਗੋਸ਼ਾਲਕ ਬਹੁਤ ਸਮੇਂ ਪਹਿਲਾਂ ਮਰ ਗਿਆ ਸੀ । ਮੈਂ ਤਾਂ ਗੋਸ਼ਾਲਕ ਦੇ ਸਰੀਰ ਵਿਚ ਉਦਾਈ ਕੁੰਡਯਨ ਦਾ ਰੂਪ ਹਾਂ ।" ਇਸ ਤੋਂ ਬਾਅਦ ਗੋਸ਼ਾਲਕ ਨੇ ਆਪਣੇ ਆਜੀਵਕ ਫਿਰਕੇ ਦੇ ਸਿਧਾਤਾਂ ਦਾ ਜਿਕਰ ਕੀਤਾ । ਇਸ ਵਿਚ ਉਸ ਆਪਣੇ ਪਿਛਲੇ ਸਤ ਜਨਮਾਂ ਦਾ ਵਰਨਣ ਕਰਦੇ ਹੋਏ ਕਿਹਾ " ਸਤਵੇਂ ਜਨਮ ਪਹਿਲਾਂ ਮੈਂ ਉਦਾਈ ਕੁਡਾਯਣ ਸੀ । ਫੇਰ ਮੈਂ ਐਡਯਕ ਦੇ ਸਰੀਰ ਵਿਚ ਗਿਆ । ਉਸ ਤੋਂ ਬਾਅਦ ਮੈਂ ਮੱਲਰਾਮ ਦੇ ਸਰੀਰ ਵਿਚ ਆਇਆ । ਮਲਾਰਾਮ ਤੋਂ ਮੈਂ ਮਲਮੰਡੀਤ ਦੇ ਸਰੀਰ ਵਿਚ ਆਇਆ। ਮਾਲਮੰਡੀਤ ਤੋਂ ਮੈਂ ਰੋਹ ਦੇ ਸਰੀਰ ਵਿਚ ਗਿਆ । ਰੋਹ ਤੋਂ ਮੈਂ ਭਾਰਦਵਾਜ ਦੇ ਰੂਪ ਵਿਚ ਪੈਦਾ ਹੋਇਆ । ਭਾਰਦਵਾਜ ਦੇ ਸਰੀਰ ਤੋਂ ਮੈਂ ਗੌਤਮ ਪੁਤਰ ਅਰਜੁਣ ਦੇ ਸਰੀਰ ਵਿਚ ਪੈਦਾ ਹੋਇਆ । ਅਰਜੁਣ ਦਾ ਸਰੀਰ ਛੱਡ ਕੇ ਮੈਂ ਇਸ ਗੋਸ਼ਾਲਕ ਦੇ ਰੂਪ ਵਿਚ ਪੈਦਾ ਹੋਇਆ ਹਾਂ । ਇਸ ਸਰੀਰ ਵਿਚ ਮੈਂ 16 ਸਾਲ ਰਹਿ ਕੇ ਮੁਕਤੀ ਹਾਸਲ ਕਰਾਂਗਾ ।

ਗੋਸ਼ਾਲਕ ਦੇ ਉਪਰੋਕਤ ਹਾਸੋ ਹੀਣੀ ਗੱਲ ਸੁਣ ਕੇ ਭਗਵਾਨ ਮਹਾਵੀਰ ਨੇ ਕਿਹਾ " ਗੋਸ਼ਾਲਕ ! ਤੇਰਾ ਹਾਲ ਉਸ ਚੋਰ ਜਿਹਾ ਹੈ ਜੋ ਉਨ ਦੇ ਰੇਸ਼ੇ ਰਾਹੀਂ ਸਰੀਰ ਨੂੰ ਢੱਕ ਕੇ ਆਖੇ ਕਿ ਮੈਂ ਸਰੀਰ ਢੱਕ ਲਿਆ ਹੈ । ਜਿਵੇਂ ਇਕ ਰੇਸ਼ੇ ਨਾਲੋਂ ਸਾਰਾ ਸਰੀਰ ਢੱਕ ਨਹੀਂ ਹੁੰਦਾ, ਇਸੇ ਤਰ੍ਹਾਂ ਲੱਖ ਝੂਠ ਬੋਲਣ ਤੇ ਵੀ ਤੂੰ ਬਦਲ ਨਹੀਂ ਸਕਦਾ । ਤੂੰ ਮੇਰਾ ਉਹੋ ਪੁਰਾਣਾ ਚੇਲਾ ਗੋਸ਼ਾਲਕ ਹੈ । ਤੇਰਾ ਇਸ ਪ੍ਰਕਾਰ ਆਖਣਾ ਠੀਕ ਨਹੀਂ । "

ਮਹਾਵੀਰ ਦੇ ਸਚੇ ਬਚਨ ਸੁਣ ਕੇ ਗੋਸ਼ਾਲਕ ਆਖਣ ਲਗਾ " ਮੂਰਖ ਵਰਧਮਾਨ ! ਤੇਰਾ ਕਾਲ ਹੁਣ ਨਜਦੀਕ ਆ ਗਿਆ ਹੈ । ਹੁਣ ਤੈਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਬਚਾ ਸਕਦੀ । "

ਗੋਸ਼ਾਲਕ ਦੇ ਅਜਿਹੇ ਅਪਮਾਨ ਵਾਲੇ ਬਚਨ ਸੁਣ ਕੇ ਭਗਵਾਨ ਮਹਾਵੀਰ ਦੇ ਕੋਲ ਬੈਠੇ ਚੇਲੇ, ਸਰਵਾਨੂਭੂਤੀ ਨੂੰ ਗੁਸਾ ਆ ਗਿਆ । ਉਸਨੇ ਗੁਸੇ ਤੇ ਕਾਬੂ ਪਾ ਕੇ ਗੋਸ਼ਾਲਕ ਨੂੰ ਕਿਹਾ " ਹੇ ਗੋਸ਼ਾਲਕ ! ਤੈਨੂੰ ਆਪਣੇ ਗੁਰੂ ਪ੍ਰਤੀ ਅਜਿਹਾ ਨਹੀਂ ਆਖਣਾ ਚਾਹੀਦਾ । ਜੇ ਕੋਈ ਆਦਮੀ ਜਿੰਦਗੀ ਵਿਚ ਕਿਸੇ ਤੋ ਕੋਈ ਇਕ ਹਿਤਕਾਰੀ ਗੱਲ ਸੁਣਦਾ ਹੈ ਤਾਂ ਵੀ ਉਪਕਾਰ ਨਹੀਂ ਭੁਲਦਾ । ਤੂੰ ਭਗਵਾਨ ਮਹਾਵੀਰ ਤੋਂ ਗਿਆਨ ਹਾਸਲ ਕੀਤਾ ਹੈ, ਤੇਰਾ ਆਖਣਾ ਠੀਕ ਨਹੀਂ । "

ਸਰਵਾਨੂਭੂਤੀ ਮੁਨੀ ਦੀ ਇਸ ਪਵਿਤਰ ਸਿਖਿਆ ਦਾ ਗੋਸ਼ਾਲਕ ਤੇ ਉਲਟ ਅਸਰ ਹੋਇਆ । ਉਸਨੇ ਆਪਣੀ ਤੇਜੋਲੇਸ਼ਿਆ ਨਾਲ ਸਰਵਾਨੂਭੂਤੀ ਮੁਨੀ ਨੂੰ ਭਸਮ ਕਰ ਦਿੱਤਾ ਜੋ ਮਰ ਕੇ ਸ਼ਹਸ਼ਤਰ ਦੇਵ ਲੋਕ ਵਿਚ ਪੈਦਾ ਹੋਏ ।

ਗੋਸ਼ਾਲਕ ਫੇਰ ਮਹਾਵੀਰ ਪ੍ਰਤੀ ਊਲ ਜਲੂਲ ਆਖਣ ਲਗਾ । ਇਨ੍ਹਾਂ ਗਲਾ ਨੂੰ ਸੁਣ ਕੇ ਭਗਵਾਨ ਮਹਾਵੀਰ ਦੇ ਇਕ ਚੇਲੇ ਸੁਨਕਸ਼ਤਰ ਮੁਨੀ ਨੇ ਵੀ ਸਰਵਾਨੂਭੂਤੀ ਮੁਨੀ ਦੀ ਤਰ੍ਹਾਂ ਗੋਸ਼ਾਲਕ ਨੂੰ ਬਹੁਤ ਸਮਝਾਇਆ ।

ਗੋਸ਼ਾਲਕ ਨੇ ਆਪਣੀ ਤਜੋਲੇਸ਼ਿਆ ਦਾ ਦੂਜਾ ਸ਼ਿਕਾਰ, ਸੁਨਕਸ਼ਤਰ ਮੁਨੀ ਨੂੰ ਬਣਾਇਆ । ਇਹ ਮੁਨੀ ਵੀ ਮਰ ਕੇ ਅਚਯੁਤ ਦੇਵ ਲੋਕ ਵਿਚ ਪੈਦਾ ਹੋਏ ।

ਹੁਣ ਗੋਸ਼ਾਲਕ ਭਗਵਾਨ ਮਹਾਵੀਰ ਦੇ ਬਿਲਕੁਲ ਕੋਲ ਆ ਗਿਆ । ਦੋ ਮੁਨੀਆ ਦੀ ਜਾਨ ਲੈ ਕੇ, ਉਸ ਦਾ ਗੁੱਸਾ ਠੰਡਾ ਨਹੀਂ ਸੀ ਹੋਇਆ ।

ਆਪਣੇ ਨਜ਼ਦੀਕ ਆਉਂਦੇ ਗੋਸ਼ਾਲਕ ਨੂੰ ਵੇਖ ਕੇ ਭਗਵਾਨ ਮਹਾਵੀਰ ਨੇ ਕਿਹਾ " ਗੋਸ਼ਾਲਕ ਇਕ ਅੱਖਰ ਦਾ ਗਿਆਨ ਦੇਣ ਵਾਲਾ ਵਿਦਿਆ ਗੁਰੂ ਅਖਵਾਉਂਦਾ ਹੈ । ਇਕ ਧਰਮ ਉਪਦੇਸ਼ ਦੇਣ ਵਾਲਾ ਧਰਮ ਗੁਰੂ ਅਖਵਾਉਂਦਾ ਹੈ । ਮੈਂ ਤੈਨੂੰ ਗਿਆਨ ਦਿਤਾ, ਤੇਰਾ ਮੇਰੇ ਪ੍ਰਤੀ ਇਹ ਵਰਤਾਓ ਚੰਗਾ ਨਹੀਂ । " ਭਗਵਾਨ ਮਹਾਵੀਰ ਦੇ ਇਹ ਹਿਤਕਾਰੀ ਬਚਨ ਗੋਸ਼ਾਲਕ ਲਈ, ਅੱਗ ਤੇ ਘੀ ਦਾ ਕੰਮ ਸਾਬਿਤ ਹੋਏ । "

ਗੋਸ਼ਾਲਕ ਭਗਵਾਨ ਮਹਾਵੀਰ ਤੋਂ ਕੁਝ ਕਦਮ ਪਿਛੇ ਹਟਿਆ । ਉਸਨੇ ਭਗਵਾਨ ਮਹਾਵੀਰ ਤੇ ਤੇਜੋਲੇਸ਼ਿਆ ਛਡੀ । ਭਿਆਨਕ ਅੱਗ ਗੋਸ਼ਾਲਕ ਦੇ ਮੂੰਹ ਵਿਚੋਂ ਨਿਕਲੀ ਜੋ

ਭਗਵਾਨ ਮਹਾਵੀਰ ਦੇ ਆਲੇ ਦੁਆਲੇ ਚੱਕਰ ਕੱਟ ਕੇ ਫੇਰ ਗੋਸ਼ਾਲਕ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਈ ।

ਗੋਸ਼ਾਲਕ ਦਾ ਸਰੀਰ ਉਸ ਦੀ ਹੀ ਛੱਡੀ ਤੇਜੋਲੇਸ਼ਿਆ ਕਾਰਣ ਜਲਣ ਲੱਗਾ । ਉਸਨੇ ਭਗਵਾਨ ਮਹਾਵੀਰ ਨੂੰ ਸਰਾਪ ਦਿੰਦੇ ਹੋਏ ਕਿਹਾ, " ਹੇ ਵਰਧਮਾਨ ! ਮੇਰੇ ਤੱਪ ਤੇਜ ਕਾਰਣ ਅਤੇ ਤੇਜੋਲੇਸਿਆ ਦੇ ਅਸਰ ਕਾਰਣ ਤੂੰ ਛੇ ਮਹੀਨੇ ਵਿੱਚ ਮਰ ਜਾਵੇਗਾਂ।

ਇਸ ਦੇ ਉੱਤਰ ਵਿਚ ਭਗਵਾਨ ਮਹਾਵੀਰ ਨੇ ਕਿਹਾ, " ਹੇ ਗੋਸ਼ਾਲਕ ! ਤੈਨੂੰ ਪਤਾ ਨਹੀਂ ਕਿ ਤੇਜੋਲੇਸ਼ਿਆ ਅਤੇ ਕੇਵਲੀ ਨੂੰ ਭਸਮ ਨਹੀਂ ਕਰ ਸਕਦੀ । ਤੂੰ ਸਤ ਦਿਨ ਦੇ ਅੰਦਰ ਅੰਦਰ ਮਰ ਤੇਜੋਲੇਸ਼ਿਆ ਦੇ ਅਸਰ ਕਾਰਣ ਮਰ ਜਾਵਾਂਗੇ ।"

ਫੇਰ ਭਗਵਾਨ ਮਹਾਵੀਰ ਨੇ ਆਪਣੇ ਚੇਲਿਆਂ ਦਾ ਹੌਂਸਲਾ ਵਧਾਉਂਦੇ ਹੋਏ ਕਿਹਾ, " ਹੇ ਦੇਵਾਨੂਪ੍ਰਿਯ ! ਤੁਸੀਂ ਫਿਕਰ ਨਾ ਕਰੋ । ਮੈਂ 16 ਸਾਲ ਇਸ ਧਰਤੀ ਤੇ ਧਰਮ ਪ੍ਰਚਾਰ ਕਰਾਂਗਾ । ਹੁਣ ਗੋਸ਼ਾਲਕ ਦੀ ਤੇਜੋਲੇਸ਼ਿਆ ਖਤਮ ਹੋ ਚੁਕੀ ਹੈ, ਤੁਸੀਂ ਜਦੋਂ ਚਾਹੋ, ਗੋਸ਼ਾਲਕ ਜਾਂ ਉਸ ਦੇ ਚੇਲਿਆਂ ਨਾਲ ਧਾਰਮਿਕ ਵਾਰਤਾਲਾਪ ਕਰ ਸਕਦੇ ਹੋ ।"

ਭਗਵਾਨ ਮਹਾਵੀਰ ਦੇ ਉਪਰੋਕਤ ਕਥਨ ਨੂੰ ਸੁਣ ਕੇ ਬਹੁਤ ਸਾਰੇ ਚੇਲਿਆਂ ਨੇ ਗੋਸ਼ਾਲਕ ਦੇ ਭਿਕਸ਼ੂਆਂ ਨਾਲ ਵਾਰਤਾਲਾਪ ਕੀਤੀ । ਵਾਰਤਾਲਾਪ ਦੇ ਬਾਅਦ ਬਹੁਤ ਸਾਰੇ ਗੋਸ਼ਾਲਕ ਦੇ ਚੇਲੇ ਭਗਵਾਨ ਮਹਾਵੀਰ ਦੇ ਚੇਲੇ ਬਣ ਗਏ ।

ਭਗਵਾਨ ਮਹਾਵੀਰ ਤੇ ਗੋਸ਼ਾਲਕ ਦੇ ਇਸ ਝਗੜੇ ਦੀ ਚਰਚਾ ਲੋਕਾਂ ਵਿਚ ਆਮ ਫੈਲ ਗਈ । ਲੋਕ ਇਕ ਦੂਸਰੇ ਨੂੰ ਆਖਦੇ " ਅੱਜ ਕਲ ਦੇ ਤੀਰਥੰਕਰ ਘੁੰਮ ਰਹੇ ਹਨ, ਇਕ ਆਖਦਾ ਹੈ ਪਹਿਲਾਂ ਤੂੰ ਮਰੇਂਗਾ ਅਤੇ ਦੂਸਰਾ ਆਖਦਾ ਹੈ ਪਹਿਲਾਂ ਤੂੰ ।"

ਕੁਝ ਦਿਨਾਂ ਵਿਚ ਗੋਸ਼ਾਲਕ ਬੀਮਾਰ ਹੋ ਗਿਆ । ਉਸਨੂੰ ਆਪਣਾ ਅੰਤ ਸਮਾਂ ਨਜ਼ਦੀਕ ਆਉਣ ਲਗਾ । ਉਸਨੇ ਆਪਣੇ ਚੇਲਿਆਂ ਨੂੰ ਬੁਲਾ ਕੇ ਕਿਹਾ, " ਹੇ ਭਿਕਸ਼ੂਓ ! ਜਦ ਮੈਂ ਮਰ ਜਾਵਾਂ ਤਾਂ ਮੇਰੇ ਸ਼ਰੀਰ ਨੂੰ ਖੁਸ਼ਬੂਦਾਰ ਪਾਣੀ ਨਾਲ ਇਸ਼ਨਾਨ ਕਰਵਾਉਣਾ । ਗੰਧ ਕਸ਼ਾਏ ਨਾਂ ਦੇ ਕੀਮਤੀ ਕਪੜੇ ਨਾਲ ਸਰੀਰ ਪੂੰਝਣਾ । ਗੋਸ਼ੀਰਸ਼ ਚੰਦਨ ਦਾ ਲੇਪ ਕਰਨਾ । ਫਿਰ ਮੇਰੇ ਸ਼ਰੀਰ ਨੂੰ ਸਫੈਦ ਕਪੜੇ ਵਿਚ ਲਪੇਟ ਕੇ ਇਕ ਹਜਾਰ ਮੱਨੁਖ ਯੋਗ ਚੁੱਕਣ ਵਾਲੀ ਸੁੰਦਰ ਪਾਲਕੀ ਵਿਚ ਬਿਠਾਉਣਾ ।

ਇਸ ਤੋਂ ਬਾਅਦ ਮੇਰੇ ਮ੍ਰਿਤਕ ਸਰੀਰ ਨੂੰ ਸ੍ਰਾਵਸਤੀ ਨਗਰੀ ਦੇ ਗਲੀ ਬਜਾਰਾਂ ਵਿਚ ਘੁਮਾਉਂਦੇ ਹੋਏ ਆਖਣਾ " ਇਸ ਅਵਸਪਰਨੀ ਕਾਲ ਦਾ ਅੰਤਮ ਤੀਰਥੰਕਰ ਕਰਮਾਂ ਦਾ ਖਾਤਮਾ ਕਰਕੇ ਨਿਰਵਾਨ ਹਾਸਿਲ ਕਰ ਗਿਆ ਹੈ ।"

ਗੋਸ਼ਾਲਕ ਦੇ ਚੇਲਿਆਂ ਨੇ ਆਪਣੇ ਗੁਰੂ ਦੇ ਉਪਰੋਕਤ ਕਥਨ ਨੂੰ ਖਿੜੇ ਮਥੇ ਪਰਵਾਨ ਕੀਤਾ ।

## ਗੋਸ਼ਾਲਕ ਦਾ ਪ੍ਰਾਸ਼ਚਿਤ :-

ਹੁਣ ਗੋਸ਼ਾਲਿਕ ਦੀ ਬਿਮਾਰੀ ਦਾ ਆਖਰੀ ਦਿਨ ਆ ਗਿਆ । ਗੋਸ਼ਾਲਕ ਬਹੁਤ ਕਮਜੋਰ ਹੋ ਗਿਆ ਸੀ, ਪਰੰਤੂ ਉਸ ਦੇ ਸ਼ੁਭ ਕਰਮਾਂ ਦਾ ਸਮਾਂ ਆ ਗਿਆ ਸੀ ।

ਗੋਸ਼ਾਲਕ ਨੂੰ ਆਪਣੇ ਕੀਤੇ ਕਰਮਾਂ ਦਾ ਪਛਤਾਵਾ ਹੋਣ ਲਗਾ । ਉਸ ਨੂੰ ਭਗਵਾਨ ਮਹਾਵੀਰ ਦੇ ਉਪਕਾਰ ਯਾਦ ਆਉਣ ਲਗੇ । ਗੋਸ਼ਾਲਕ ਨੂੰ ਆਪਣੇ ਆਪ ਤੋਂ ਨਫਰਤ ਹੋ ਗਈ । ਉਹ ਸੋਚਣ ਲਗਾ " ਮੈਂ ਠੱਗ ਸੀ, ਜੋ ਜਿਨ, ਅਰਿਹੰਤ, ਤੀਰਥੰਕਰ, ਕੇਵਲੀ, ਜਾਂ ਸਰਵੱਗ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਇਹ ਅਖਵਾਉਂਦਾ ਰਿਹਾ ਸੀ । ਮੈਂ ਭਗਵਾਨ ਮਹਾਵੀਰ ਪ੍ਰਤੀ ਬੁਰਾ ਵਿਵਹਾਰ ਕੀਤਾ । ਉਨ੍ਹਾਂ ਦੇ ਦੋ ਚੇਲੇ ਬਿਨਾਂ ਕਾਰਨ ਭਸਮ ਕਰ ਦਿਤੇ।

" ਸਚੇ ਜਿੰਨ, ਤੀਰਥੰਕਰ, ਕੇਵਲੀ, ਅਰਿਹੰਤ ਤੇ ਸਰਵੱਗ ਤਾਂ ਸ਼੍ਰਮਣ ਭਗਵਾਨ ਮਹਾਵੀਰ ਹਨ । ਮੈਨੂੰ ਆਪਣੇ ਕੀਤੇ ਦਾ ਪਸ਼ਚਾਤਾਪ ਕਰਨਾ ਚਾਹੀਦਾ ਹੈ । "

ਇਸ ਪ੍ਰਕਾਰ ਗੋਸ਼ਾਲਕ ਨੇ ਮਨ ਹੀ ਮਨ ਆਪਣੇ ਕੀਤੇ ਬੁਰੇ ਕਰਮਾਂ ਦਾ ਪਸ਼ਚਾਤਾਪ ਕਰਨ ਦਾ ਫੈਸਲਾ ਕਰ ਲਿਆ ।

ਉਸਨੇ ਆਪਣੇ ਚੇਲਿਆਂ ਨੂੰ ਬੁਲਾ ਕੇ ਕਿਹਾ " ਹੇ ਭਿਕਸ਼ੂਓ ਕੀ ਤੁਸੀਂ ਮੇਰੀ ਅੰਤਮ ਇੱਛਾ ਪੂਰੀ ਕਰੋਗੇ ? "

ਭਿਕਸ਼ੂ ਨੇ ਸਿਰ ਝੁਕਾ ਕੇ ਹਾਂ ਕਰ ਦਿੱਤੀ । ਗੋਸ਼ਾਲਕ ਨੇ ਕਿਹਾ " ਤੁਸੀਂ ਧਿਆਨ ਨਾਲ ਸੁਣੋ । ਮੈਂ ਬਹੁਤ ਪਾਪੀ, ਪਾਖੰਡੀ ਤੇ ਧੋਖੇਬਾਜ਼ ਹਾਂ । ਮੈਂ ਕੋਈ ਜਿਨ, ਤੀਰਥੰਕਰ, ਅਰਿਹੰਤ, ਕੇਵਲੀ ਜਾਂ ਸਰਵੱਗ ਨਹੀਂ । ਅਸਲ ਤੀਰਥੰਕਰ ਤਾਂ ਸ਼੍ਰਮਣ ਭਗਵਾਨ ਮਹਾਵੀਰ ਹਨ । ਜੋ ਕਿ ਮਨੁੱਖਾਂ, ਦੇਵਤਿਆਂ, ਪਸ਼ੂਆਂ ਰਾਹੀਂ ਪੂਜੇ ਜਾਂਦੇ ਹਨ । "

" ਮੈਂ ਆਪਣੇ ਕੀਤੇ ਪਾਪਾਂ ਦਾ ਪਸ਼ਚਾਤਾਪ ਕਰਨਾ ਚਾਹੁੰਦਾ ਹਾਂ । ਤੁਸੀਂ ਮੇਰੇ ਪਹਿਲੇ ਹੁਕਮ ਦੀ ਕੋਈ ਪਾਲਣਾ ਨਾ ਕਰਨਾ । ਸਗੋਂ ਜਦ ਮੈਂ ਮਰ ਜਾਵਾਂ ਤਾਂ ਮੇਰੇ ਖਬੇ ਪੈਰ ਨੂੰ ਰੱਸੀ ਨਾਲ ਬੰਨ੍ਹ ਕੇ, ਮੇਰੇ ਮੂੰਹ ਤੇ ਤਿੰਨ ਵਾਰ ਥੁਕਣਾ । ਫੇਰ ਮੇਰੇ ਸਰੀਰ ਨੂੰ ਸ਼੍ਰਾਵਸਤੀ ਨਗਰੀ ਵਿਚ ਇਸੇ ਰੂਪ ਵਿਚ ਘਸੀਟਦੇ ਹੋਏ ਆਖਣਾ " ਇਹ ਮੰਖਲੀ ਗੋਸ਼ਾਲਕ ਮਰ ਗਿਆ ਹੈ ਜੋ ਤੀਰਥੰਕਰ ਨਾ ਹੋ ਕੇ ਤੀਰਥੰਕਰ ਹੋਣ ਦਾ ਢੋਂਗ ਕਰਦਾ ਸੀ । ਇਹ ਵੀ ਆਖਣਾ ਕਿ ਸ਼੍ਰਮਣਾਂ ਦਾ ਘਾਤ ਕਰਨ ਵਾਲਾ ਗੁਰੂ ਦਰੋਹੀ ਮਰ ਗਿਆ ਹੈ । " ਇਹੋ ਮੇਰੀ ਅੰਤਮ ਇੱਛਾ ਹੈ । "

ਇਹ ਆਖ ਕੇ ਗੋਸ਼ਾਲਕ ਮਰ ਗਿਆ । ਭਿਕਸ਼ੂਆਂ ਨੂੰ ਆਪਣੇ ਗੁਰੂ ਪ੍ਰਤੀ ਬਹੁਤ ਪਿਆਰ ਸੀ । ਪਰ ਉਹ ਗੁਰੂ ਦੀ ਅੰਤਮ ਇੱਛਾ ਵੀ ਪੂਰੀ ਕਰਨਾ ਚਾਹੁੰਦੇ ਸਨ । ਭਿਕਸ਼ੂਆਂ ਨੇ ਗੋਸ਼ਾਲਕ ਦੇ ਆਸ਼ਰਮ ਵਿੱਚ ਹੀ ਦਰਵਾਜੇ ਬੰਦ ਕਰ ਲਏ । ਫੇਰ ਨਕਲੀ ਸ਼੍ਰਾਵਸਤੀ

ਬਣਾ ਕੇ ਗੋਸ਼ਾਲਕ ਦੇ ਪੈਰ ਵਿਚ ਰਸੀ ਪਾਈ । ਤਿੰਨ ਵਾਰ ਥੁਕਿਆ । ਕਮਰੇ ਵਿਚ ਹੀ ਗੋਸ਼ਾਲਕ ਨੂੰ ਘਸੀਟਦੇ ਰਹੇ ।

ਫੇਰ ਉਨ੍ਹਾਂ ਭਿਕਸ਼ੂਆਂ ਨੇ ਆਪਣੇ ਗੁਰੂ ਗੋਸ਼ਾਲਕ ਦੇ ਪਹਿਲੇ ਹੁਕਮ ਦਾ ਪਾਲਣ ਕੀਤਾ । ਇਸ ਤਰ੍ਹਾਂ ਗੋਸ਼ਾਲਕ ਮਰ ਕੇ ਅਚਯੁਤ ਦੇਵ ਲੋਕ ਵਿਚ ਪੈਦਾ ਹੋਇਆ । ਗੋਸ਼ਾਲਕ ਦੀ ਮੌਤ ਤੋਂ ਬਾਅਦ ਭਗਵਾਨ ਮਹਾਵੀਰ ਸ਼੍ਰਾਵਸਤੀ ਤੋਂ ਚੱਲ ਕੇ ਮੇਂਡਿਆ ਗ੍ਰਾਮ ਦੇ ਸ਼ਾਲਕੋਸ਼ਟ ਬਾਗ ਵਿੱਚ ਪਧਾਰੇ ।

ਗੋਸ਼ਾਲਕ ਦੀ ਤੇਜੋਲੇਸ਼ਿਆ ਦਾ ਥੋੜਾ ਜਿਹਾ ਅਸਰ ਭਗਵਾਨ ਮਹਾਵੀਰ ਤੇ ਪਿਆ । ਜਿਸ ਨੂੰ ਸਿੰਘ ਮੁਨੀ ਨੇ ਰੇਵਤੀ ਦਵਾਰਾ ਦਿਤੀ ਵਿਜੋਰਾਪਾਕ ਦਵਾਈ ਰਾਹੀਂ ਠੀਕ ਕਰ ਦਿੱਤਾ ।

ਭਗਵਾਨ ਮਹਾਵੀਰ ਦੇ ਠੀਕ ਹੋਣ ਜਾਣ ਨਾਲ ਲੋਕਾਂ ਵਿਚ ਗੋਸ਼ਾਲਕ ਦੀ ਭਵਿੱਖਬਾਣੀ ਬਾਰੇ ਅਸਰ ਖਤਮ ਹੋ ਗਿਆ । ਸ੍ਰੀ ਸੰਘ ਨੇ ਖੁਸ਼ੀਆਂ ਮਨਾਈਆਂ । ਰੇਵਤੀ ਨੇ ਇਸ ਦਾਨ ਰਾਹੀਂ ਦੇਵ ਗਤਿ ਪ੍ਰਾਪਤ ਹੋਈ । ਭਵਿੱਖ ਵਿੱਚ ਹੋਣ ਵਾਲੇ ਚੌਵੀ ਤੀਰਥੰਕਰਾਂ ਵਿੱਚ ਰੇਵਤੀ ਵੀ ਇਸ ਦਾਨ ਦੇ ਸਿਟੇ ਵਜੋਂ, ਤੀਰਥੰਕਰ ਬਣੇਗੀ ।

## ਜਮਾਲੀ ਨੂੰ ਧਰਮ ਸਿਧਾਂਤ ਪ੍ਰਤਿ ਸ਼ੱਕ ਪੈਣਾ

ਉਸ ਸਮੇਂ ਭਗਵਾਨ ਮਹਾਵੀਰ ਦੀ ਆਗਿਆ ਤੋਂ ਬਿਨਾਂ ਘੁੰਮਦਾ ਜਮਾਲੀ ਸ਼੍ਰਾਵਸਤੀ ਨਗਰੀ ਦੇ ਤਿੰਦੁਕ ਬਾਗ ਵਿਚ ਪੁਜਾ । ਜਮਾਲੀ ਉਸ ਸਮੇਂ ਬੀਮਾਰ ਸੀ । ਸਾਧੂ ਉਸ ਲਈ ਬਿਸਤਰਾ ਵਿਛਾ ਰਹੇ ਸਨ ।

ਜਮਾਲੀ ਨੇ ਸਾਧੂਆਂ ਨੂੰ ਪੁਛਿਆ " ਬਿਸਤਰਾ ਵਿਛ ਗਿਆ ਹੈ ? "

ਸਾਧੂਆਂ ਨੇ ਉੱਤਰ ਦਿੱਤਾ " ਗੁਰਦੇਵ ! ਨਹੀਂ, ਅਜੇ ਵਿਛ ਰਿਹਾ ਹੈ । "

ਸਾਧੂਆਂ ਨੇ ਇਸ ਉੱਤਰ ਨੇ ਜਮਾਲੀ ਨੂੰ ਚਕਰ ਵਿਚ ਪਾ ਦਿਤਾ । ਉਸਨੇ ਸੋਚਿਆ " ਮੈਂ ਭਗਵਾਨ ਮਹਾਵੀਰ ਤੋਂ ਸੁਣਿਆ ਹੈ ਕਿ ਕੰਮ ਕਰਦੇ ਨੂੰ, ਕੀਤਾ ਆਖਣਾ, ਚਲਦੇ ਨੂੰ ਚਲਿਆ ਆਖਣਾ । ਇਹ ਸਿਧਾਂਤ ਗਲਤ ਸਿੱਧ ਹੋ ਰਿਹਾ ਹੈ ਕਿਉਕਿ ਬਿਸਤਰਾ ਵਿਛਿਆ ਨਹੀਂ, ਵਿਛਾਇਆ ਜਾ ਰਿਹਾ ਹੈ, ਸੋ ਕੰਮ ਕਰਨ ਲਗੇ ਨੂੰ " ਹੋ ਗਿਆ " ਆਖਣਾ ਗਲਤ ਹੈ । "

ਜਮਾਲੀ ਦਾ ਇਹ ਤਰਕ ਕਈ ਸਾਧੂਆਂ ਨੂੰ ਠੀਕ ਲਗਾ । ਉਹ ਬਹੁਤ ਸਾਰੇ ਸਾਧੂਆਂ ਅਤੇ ਸਾਧਵੀ ਪ੍ਰਿਯਾਦਰਸ਼ਨਾਂ ਨਾਲ ਅੱਲਗ ਘੁੰਮਣ ਲੱਗਾ ।

ਹੁਣ ਜਮਾਲੀ ਵੀ ਆਪਣੇ ਆਪ ਨੂੰ ਕੇਵਲ ਗਿਆਨੀ ਸਮਝਣ ਲਗਾ । ਠੀਕ ਹੋਣ ਤੇ ਜਮਾਲੀ ਵੀ ਸ਼੍ਰਾਵਸਤੀ ਨਗਰੀ ਤੋਂ ਚੱਲ ਕੇ ਚੰਪਾ ਨਗਰੀ ਦੇ ਪੂਰਨਭੱਦਰ ਬਾਗ ਵਿੱਚ ਪਹੁੰਚਿਆ । ਉਥੇ ਉਸਦੀ ਚਰਚਾ ਭਗਵਾਨ ਮਹਾਵੀਰ ਨਾਲ ਹੋਈ । ਪਰ ਜਮਾਲੀ ਨੇ ਆਪਣਾ ਹੱਠ ਨਾ ਛਡਿਆ ।

ਇਕ ਵਾਰ ਦੀ ਗੱਲ ਹੈ ਕਿ ਸਾਧਵੀ ਪ੍ਰਿਯਾਦਰਸ਼ਨਾ ਸ਼੍ਰਾਵਸਤੀ ਪਹੁੰਚੀ । ਉਸ ਨਾਲ 1000 ਸਾਧਵੀਆਂ ਹੋਰ ਸਨ ।

ਉਥੇ ਢਕ ਨਾਂ ਦਾ ਘੁਮਾਰ ਰਹਿੰਦਾ ਸੀ । ਜੋ ਕਿ ਭਗਵਾਨ ਮਹਾਵੀਰ ਦਾ ਕੱਟੜ ਭਗਤ ਸੀ, ਉਹ ਤੱਤਵਾਂ ਦਾ ਜਾਣਕਾਰ ਵੀ ਸੀ ।

ਪ੍ਰਿਯਾਦਰਸ਼ਨਾ ਉਸ ਦੇ ਕਾਰਖਾਨੇ ਵਿਚ ਠਹਿਰ ਗਈ । ਢੱਕ ਘੁਮਾਰ ਨੇ ਸੋਚਿਆ " ਇਹ ਸਾਧਵੀ ਪ੍ਰਿਯਦਰਸ਼ਨਾ ਨੂੰ ਸਮਝਾਉਣ ਦਾ ਚੰਗਾ ਮੌਕਾ ਹੈ ।"

ਉਸ ਨੇ ਸਾਧਵੀ ਪ੍ਰਿਯਾਦਰਸ਼ਨਾ ਦੀ ਸਾੜ੍ਹੀ ਤੇ ਅੱਗ ਦਾ ਇਕ ਤਿਨਕਾ ਸੁੱਟ ਦਿਤਾ । ਸਾੜ੍ਹੀ ਸੜਦੀ ਵੇਖ ਕੇ ਪ੍ਰਿਯਾਦਰਸ਼ਨਾ ਘਬਰਾ ਗਈ । ਉਹ ਆਖਣ ਲਗੀ " ਮੇਰੀ ਸਾੜ੍ਹੀ ਜਲ ਗਈ " ਢੱਕ ਘੁਮਾਰ ਨੇ ਸਾਧਵੀ ਨੂੰ ਕਿਹਾ " ਸਾਧਵੀ ਜੀ ! ਤੁਹਾਡੇ ਸਿਧਾਂਤ ਮੁਤਾਬਿਕ ਤੁਹਾਡੀ ਸਾੜ੍ਹੀ ਕਿਥੇ ਜਲੀ ਹੈ ? ਅਜੇ ਤਾਂ ਜਲ ਰਹੀ ਹੈ । ਜਲਦੇ ਨੂੰ ਜਲਿਆ ਆਖਣਾ ਮਹਾਵੀਰ ਦਾ ਸਿਧਾਂਤ ਹੈ । ਤੁਹਾਡੇ ਮੱਤ ਅਨੁਸਾਰ ਜਲਦੇ ਹੋਏ ਨੂੰ ਹੀ ਜਲਦਾ ਆਖਣਾ ਹੈ ਫੇਰ ਤੁਸੀਂ ਜਲਦੀ ਸਾੜ੍ਹੀ ਜਲੀ ਕਿਉ ਆਖਿਆ ?"

ਢੱਕ ਘੁਮਾਰ ਦੀ ਇਸ ਗੱਲ ਦਾ ਸਾਧਵੀ ਪ੍ਰਿਯਾਦਰਸ਼ਨ ਤੇ ਬਹੁਤ ਅਸਰ ਪਿਆ। ਉਹ ਆਪਣੀਆਂ ਸਾਧਵੀਆਂ ਨਾਲ ਫੇਰ ਭਗਵਾਨ ਮਹਾਵੀਰ ਦੇ ਸ੍ਰੀ ਸੰਘ ਵਿਚ ਸ਼ਾਮਲ ਹੋ ਗਈ ।

ਇਧਰ ਜਮਾਲੀ ਦੇ ਸਾਧੂ ਵੀ ਹੌਲੀ ਹੌਲੀ ਭਗਵਾਨ ਮਹਾਵੀਰ ਦੇ ਕੋਲ ਆਉਣ ਲਗੇ । ਬਹੁਤ ਸਮੇਂ ਤੱਕ ਜਮਾਲੀ ਆਪਣੇ ਮੱਤ ਦਾ ਪ੍ਰਚਾਰ ਕਰਦਾ ਰਿਹਾ ਅੰਤ ਵਿੱਚ ਉਸਨੇ 15 ਦਿਨਾਂ ਦਾ ਭੋਜਨ ਰਹਿਤ ਵਰਤ ਰੱਖ ਕੇ ਸਰੀਰ ਛਡਿਆ । ਉਹ ਮਰ ਕੇ ਲਾਤੰਕ ਦੇਵਤਿਆਂ ਦੀ ਕਿਲਿੰਗਵਿਸ਼ ਜਾਤ ਵਿਚ ਪੈਦਾ ਹੋਇਆ ।

ਮੇਡੀਆ ਗ੍ਰਾਮ ਤੋਂ ਭਗਵਾਨ ਮਹਾਵੀਰ ਧਰਮ ਪ੍ਰਚਾਰ ਕਰਦੇ ਹੋਏ, ਮਿਥਿਲਾ ਨਗਰੀ ਪਧਾਰੇ । ਇਥੇ ਹਜ਼ਾਰਾਂ ਲੋਕਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਕੇ ਆਤਮਾ ਦਾ ਕਲਿਆਣ ਕੀਤਾ ।

ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਮਿਥਿਲਾ ਦੇ ਪਛਮੀ ਇਲਾਕੇ ਵਿਚ ਧਰਮ ਪ੍ਰਚਾਰ ਕਰਨ ਲਗੇ ।

## ਅਠਾਈਵਾਂ ਸਾਲ–

ਭਗਵਾਨ ਮਹਾਵੀਰ ਕੋਸ਼ਲ ਦੇਸ਼ ਦੇ ਅਨੇਕਾਂ ਨਗਰਾਂ ਵਿਚ, ਪਿੰਡਾਂ ਵਿਚ ਧਰਮ ਪ੍ਰਚਾਰ ਕਰ ਰਹੇ ਸਨ । ਇਸੇ ਸਮੇਂ ਭਗਵਾਨ ਮਹਾਵੀਰ ਦੇ ਇੰਦਰਭੂਤੀ ਗੌਤਮ ਦਾ ਪ੍ਰਮੁਖ ਚੇਲੇ ਅਗੇ ਨਿਕਲ ਆਏ । ਇਥੇ ਉਨ੍ਹਾਂ (ਗੌਤਮ ਸਵਾਮੀ) ਤੇ ਭਗਵਾਨ ਪਾਰਸ਼ਵਨਾਥ ਦੀ ਪਰੰਪਰਾ ਦੇ ਪ੍ਰਮੁੱਖ ਚੇਲੇ ਕੇਸ਼ੀ ਨਾਲ ਗੱਲਬਾਤ ਹੋਈ ।

ਕੇਸ਼ੀ ਨਾਲ ਗੌਤਮ ਸਵਾਮੀ ਦੀ ਵਾਰਤਾ ਦਾ ਸ੍ਰੀ ਸੰਘ ਨੂੰ ਬਹੁਤ ਲਾਭ ਪੁਜਾ। ਭਗਵਾਨ ਪਾਰਸ਼ਵਨਾਥ ਦੀ ਪਰੰਪਰਾ ਦੇ ਚੇਲਿਆਂ ਦੇ ਅਨੇਕਾਂ ਸ਼ੰਕੇ ਦੂਰ ਹੋ ਗਏ। ਗੌਤਮ ਇੰਦਰਭੂਤੀ ਦੇ ਵਿਦਵੱਤਾ ਪੂਰਨ ਉੱਤਰ ਤੋਂ ਪ੍ਰਭਾਵਿਤ ਹੋ ਕੇ, ਕੇਸ਼ੀ ਮੁਨੀ ਨੇ ਭਗਵਾਨ ਮਹਾਵੀਰ ਦੇ ਪੰਜ ਮਹਾਵਰਤ ਰੂਪੀ ਧਰਮ ਨੂੰ ਗ੍ਰਹਿਣ ਕਰ ਲਿਆ।

ਭਗਵਾਨ ਮਹਾਵੀਰ ਸ਼੍ਰਾਵਸਤੀ ਵਿਖੇ ਪਧਾਰੇ। ਕੁਝ ਸਮਾਂ ਉਥੇ ਰੁਕ ਕੇ ਆਪ ਨੇ ਪੰਚਾਲ ਦੇਸ਼ ਦੀ ਰਾਜਧਾਨੀ ਅਹਿਛੱਤਰਾ ਪਹੁੰਚੇ। ਇਥੇ ਹਜਾਰਾਂ ਲੋਕਾਂ ਨੇ ਭਗਵਾਨ ਮਹਾਵੀਰ ਦਾ ਮੰਗਲਕਾਰੀ ਉਪਦੇਸ਼ ਸੁਣ ਕੇ ਆਤਮ ਕਲਿਆਣ ਕੀਤਾ।

ਅਹਿਛੱਤਰਾ ਤੋਂ ਚੱਲ ਕੇ ਭਗਵਾਨ ਮਹਾਵੀਰ ਕੁਰੂ ਦੇਸ਼ ਵਿੱਚ ਪਧਾਰੇ। ਉਥੋਂ ਦੀ ਰਾਜਧਾਨੀ ਹਸਤਨਾਪੁਰ ਸੀ।

ਇਥੇ ਰਾਜਾ ਸ਼ਿਵ ਰਾਜਰਿਸ਼ੀ ਸੀ, ਜੋ ਸਭ ਕੁਝ ਛੱਡ ਕੇ ਸੰਨਿਆਸੀ ਬਣ ਚੁੱਕਾ ਸੀ। ਉਸ ਦੇ ਮਨ ਵਿਚ ਦੀਪਾਂ, ਸਮੁੰਦਰਾਂ ਸਬੰਧੀ ਸ਼ੰਕਾ ਸੀ। ਜਿਸਨੂੰ ਭਗਵਾਨ ਮਹਾਵੀਰ ਨੇ ਉੱਤਰਾਂ ਰਾਹੀਂ ਸੰਤੁਸ਼ਟ ਕਰਕੇ ਸਾਧੂ ਬਣਾਇਆ।

ਜੈਨ ਸਾਧੂ ਬਣਨ ਤੋਂ ਬਾਅਦ ਸ਼ਿਵ ਰਾਜਰਿਸ਼ੀ ਨੇ ਅਨੇਕਾਂ ਪ੍ਰਕਾਰ ਦੇ ਤਪ ਕੀਤੇ।

ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਹੋਰਾਂ ਤੋਂ ਛੁੱਟ ਪੁਠਿਲ ਨਾਂ ਦੇ ਸੰਨਿਆਸੀ ਦੀ ਜੈਨ ਦੀਖਿਆ ਵਰਨਣ ਯੋਗ ਹੈ।

ਉਸਨੇ 32 ਇਸਤਰੀਆਂ ਦਾ ਤਿਆਗ ਕੀਤਾ ਸੀ। ਸ਼ਿਵ ਰਾਜਰਿਸ਼ੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਹ ਆਤਮਾ ਤੋਂ ਪ੍ਰਮਾਤਮਾ ਬਣ ਗਏ। ਹਸਤਨਾਪੁਰ ਤੋਂ ਚੱਲ ਕੇ ਭਗਵਾਨ ਮਹਾਵੀਰ ਨੇ ਕੁਰੂ, ਜਾਂਗਲ ਦੇਸ਼ ਦੇ ਕਈ ਖੇਤਰਾਂ ਵਿੱਚ ਧਰਮ ਪ੍ਰਚਾਰ ਕੀਤਾ। ਇਥੋਂ ਆਪ ਜੰਗਲ ਦੇਸ਼ ਨੂੰ ਪਵਿੱਤਰ ਕਰਦੇ ਹੋਏ ਮੋਕਾ ਨਗਰੀ ਪਧਾਰੇ। ਇਥੇ ਨੰਦਨ ਨਾਂ ਦਾ ਬਗੀਚਾ ਸੀ। ਇਥੇ ਭਗਵਾਨ ਮਹਾਵੀਰ ਨੇ ਅਗਨੀਭੂਤੀ ਤੇ ਵਾਯੂਭੂਤੀ ਗਣਧਰਾਂ ਦਾ ਦੇਵਤਿਆਂ ਦੀ ਸ਼ਕਤੀ ਸਬੰਧੀ ਪ੍ਰਸ਼ਨਾਂ ਦਾ ਉੱਤਰ ਦਿੱਤਾ।

ਮੋਕਾ ਤੋਂ ਵਾਪਸ ਹੁੰਦੇ ਹੋਏ ਭਗਵਾਨ, ਫੇਰ ਵਣਿਜਗ੍ਰਾਮ ਵਿਚ ਪਧਾਰੇ। ਭਗਵਾਨ ਮਹਾਵੀਰ ਦਾ ਇਹ ਚੌਮਾਸਾ ਇਥੇ ਗੁਜ਼ਰਿਆ।

## ਉਨੀਤਵਾਂ ਸਾਲ–

ਵਣਿਜਗ੍ਰਾਮ ਤੋਂ ਚੌਮਾਸਾ ਖਤਮ ਕਰਕੇ ਭਗਵਾਨ ਮਹਾਵੀਰ ਵਿਦੇਹ, ਮਗਧ ਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਲਗੇ। ਆਪ ਮਗਧ ਦੀ ਰਾਜਧਾਨੀ ਰਾਜਗ੍ਰਹਿ ਦੇ ਗੁਣਸ਼ੀਲ ਬਾਗ ਵਿਚ ਪਧਾਰੇ।

ਇਸ ਸਮੇਂ ਰਾਜਗ੍ਰਹਿ ਵਿਚ ਭਗਵਾਨ ਮਹਾਵੀਰ ਦੇ ਉਪਾਸਕਾਂ ਤੋਂ ਛੁੱਟ ਅਨੇਕਾਂ ਹੋਰ ਧਰਮਾਂ ਦੇ ਉਪਾਸਕ ਰਹਿੰਦੇ ਸਨ। ਜੋ ਜੈਨ ਧਰਮ ਦੇ ਉਪਾਸਕਾਂ ਨਾਲ ਅਕਸਰ ਧਰਮ, ਤੱਤਵ ਚਰਚਾ ਕਰਦੇ ਰਹਿੰਦੇ ਸਨ।

ਭਗਵਾਨ ਮਹਾਵੀਰ ਦੇ ਇਥੇ ਆਉਣ ਤੇ ਅਨੇਕਾਂ ਲੋਕਾਂ ਨੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਇਥੇ ਗੌਤਮ ਸਵਾਮੀ ਨੇ ਭਗਵਾਨ ਮਹਾਵੀਰ ਤੋਂ ਸ਼੍ਰਾਵਕ ਦੇ 12 ਵਰਤਾਂ ਸਬੰਧੀ ਕਈ ਪ੍ਰਸ਼ਨ ਕੀਤੇ। ਭਗਵਾਨ ਮਹਾਵੀਰ ਨੇ ਉਨ੍ਹਾਂ ਸਭ ਪ੍ਰਸ਼ਨਾਂ ਦਾ ਸਪਸ਼ਟੀਕਰਨ ਕੀਤਾਂ।

ਇਥੇ ਹੀ ਰਾਜਗ੍ਰਹਿ ਦੇ ਵਿਪੁਲਾਚਲ ਪਰਵਤ ਤੇ ਅਨੇਕਾਂ ਮੁਨੀਆਂ ਨੇ ਨਿਰਵਾਨ ਹਾਸਲ ਕੀਤਾ।

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਰਾਜਗ੍ਰਹਿ ਵਿਖੇ ਹੀ ਕੀਤਾ। ਚੌਮਾਸਾ ਖਤਮ ਹੋਣ ਤੋਂ ਬਾਅਦ ਭਗਵਾਨ ਮਹਾਵੀਰ ਅੰਗ ਦੇਸ਼ ਵਿੱਚ ਘੁੰਮਣ ਲਗੇ।

## ਤੀਹਵਾਂ ਸਾਲ–

ਰਾਜਗ੍ਰਹਿ ਤੋਂ ਭਗਵਾਨ ਮਹਾਵੀਰ ਚੰਪਾ ਵਿਖੇ ਪਧਾਰੇ। ਚੰਪਾ ਤੋਂ ਚੱਲ ਕੇ ਆਪ ਪਰਿਸ਼ਟ ਚੰਪਾ ਪਹੁੰਚੇ। ਜੋ ਚੰਪਾ ਦਾ ਹੀ ਇੱਕ ਭਾਗ ਸੀ। ਇਥੋਂ ਦੇ ਰਾਜੇ ਸ਼ਾਲ ਉਪਰ ਭਗਵਾਨ ਮਹਾਵੀਰ ਦੇ ਉਪਦੇਸ਼ ਦਾ ਡੂੰਘਾ ਪ੍ਰਭਾਵ ਪਿਆ। ਉਸਨੇ ਰਾਜਪਾਟ ਛੱਡ ਕੇ ਭਗਵਾਨ ਮਹਾਵੀਰ ਦਾ ਚੇਲਾ ਬਣ ਜਾਣ ਦਾ ਫੈਸਲਾ ਕੀਤਾ। ਪਰ ਉਸਦੇ ਛੋਟੇ ਭਾਈ ਮਹਾਸ਼ਾਲ ਨੇ ਕੋਈ ਆਗਿਆ ਨਾ ਦਿਤੀ। ਉਸਨੇ ਕਿਹਾ "ਜੋ ਧਰਮ ਤੁਸਾਂ ਸੁਣਿਆ ਹੈ ਉਹ ਧਰਮ ਹੀ ਮੈਂ ਸੁਣਿਆ ਹੈ। ਜੋ ਰਾਹ ਤੁਸੀਂ ਅਖਤਿਆਰ ਕਰੋਗੇ ਉਹ ਹੀ ਮੈਂ ਕਰਾਂਗਾ।" ਮਹਾਸ਼ਾਲ ਦੇ ਇਸ ਫੈਸਲੇ ਨਾਲ, ਸ਼ਾਲ ਰਾਜੇ ਨੂੰ ਬਹੁਤ ਚਿੰਤਾ ਹੋਈ। ਉਸ ਦੇ ਰਾਜਪਾਟ ਦਾ ਕੋਈ ਮਾਲਕ ਨਹੀਂ ਸੀ।

ਆਖਿਰ ਦੋਹਾਂ ਭਰਾਵਾਂ ਨੇ ਆਪਣੇ ਭਾਣਜੇ ਗਾਂਗਲੀ ਨੂੰ ਬੁਲਾ ਕੇ ਰਾਜ ਸੰਭਾਲ ਦਿਤਾ। ਦੋਵੇਂ ਭਰਾ ਭਗਵਾਨ ਮਹਾਵੀਰ ਦੇ ਚੇਲੇ ਬਣ ਗਏ।

ਪਰਿਸ਼ਟ ਚੰਪਾ ਤੋਂ ਭਗਵਾਨ ਮਹਾਵੀਰ, ਚੰਪਾ ਨਗਰੀ ਦੇ ਪੂਰਨ ਭੱਦਰ ਬਗੀਚੇ ਵਿਚ ਪਹੁੰਚੇ। ਇਥੇ ਚੰਪਾ ਨਿਵਾਸੀ ਕਾਮਦੇਵ ਨੇ ਆਪਣੇ ਬੜੇ ਪੁੱਤਰ ਨੂੰ ਘਰ ਦਾ ਭਾਰ ਸੰਭਾਲ ਕੇ ਸ਼੍ਰਾਵਕ ਦੇ 12 ਵਰਤ ਧਾਰਨ ਕੀਤੇ। ਇਸ ਨਗਰੀ ਵਿਖੇ ਹੀ ਭਗਵਾਨ ਮਹਾਵੀਰ ਨੇ ਕਾਮਦੇਵ ਸ਼੍ਰਾਵਕ ਦੇ ਧਰਮ ਵਿਚ ਦਰਿੜ੍ਹ ਰਹਿਣ ਦੀ ਪ੍ਰਸੰਸਾ ਕੀਤੀ।

ਚੰਪਾ ਤੋਂ ਚਲ ਕੇ ਭਗਵਾਨ ਮਹਾਵੀਰ ਦਸ਼ਾਰਣਪੁਰ ਵਿਖੇ ਪਧਾਰੇ। ਇਥੋਂ ਦਾ ਰਾਜਾ ਦਸ਼ਾਰਣ ਭੱਦਰ ਭਗਵਾਨ ਮਹਾਵੀਰ ਦਾ ਬਹੁਤ ਭਗਤ ਸੀ। ਜਦ ਉਸਨੂੰ ਭਗਵਾਨ ਮਹਾਵੀਰ ਦਾ ਦਸ਼ਾਰਣਪੁਰ ਪਧਾਰਨ ਦਾ ਸਮਾਚਾਰ ਪੁੱਜਾ, ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਸਨੇ ਸੋਚਿਆ, "ਮੈਂ ਅੱਜ ਭਗਵਾਨ ਮਹਾਵੀਰ ਦਾ ਅਜਿਹੇ ਢੰਗ ਨਾਲ ਸਵਾਗਤ ਕਰਾਂਗਾ। ਜਿਸ ਤਰ੍ਹਾਂ ਪਹਿਲਾਂ ਕਿਸੇ ਚੇਲੇ ਨੇ ਨਾ ਕੀਤਾ ਹੋਵੇ।"

ਦਸ਼ਾਰਣਭੱਦਰ ਨੇ ਆਪਣੇ ਜੋਰ ਸ਼ੋਰ ਨਾਲ ਸ਼ਹਿਰ ਨੂੰ ਸਜਾਇਆ। ਫੇਰ ਉਹ ਸ਼ਾਹੀ ਠਾਠ-ਬਾਠ ਨਾਲ ਹਾਥੀ ਤੇ ਸਵਾਰ ਹੋ ਕੇ ਨਿਕਲਿਆ।

ਦਸ਼ਾਰਣਭੱਦਰ ਦਾ ਅਜਿਹਾ ਅਭਿਮਾਨ ਕਰਨਾ, ਦੇਵਤਿਆਂ ਦੇ ਰਾਜੇ ਇੰਦਰ ਨੂੰ ਚੰਗਾ ਨਾ ਲਗਾ । ਉਸ ਇੰਦਰ ਨੇ ਆਪਣੇ ਦੇਵ ਜਾਲ ਰਾਹੀਂ, ਦਸ਼ਾਰਣਭੱਦਰ ਦਾ ਮਾਨ ਭੰਗ ਕਰ ਦਿੱਤਾ ।

ਦਸ਼ਾਰਣਭੱਦਰ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ । ਉਸਨੇ ਭਗਵਾਨ ਮਹਾਵੀਰ ਦਾ ਕਲਿਆਣਕਾਰੀ ਉਪਦੇਸ਼ ਸੁਣਿਆ । ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਦਸ਼ਾਰਣ ਭੱਦਰ ਬਹੁਤ ਸਾਰੇ ਲੋਕਾਂ ਨਾਲ ਸਾਧੂ ਬਣ ਗਿਆ ।

ਦਸ਼ਾਰਣਪੁਰ ਤੋਂ ਭਗਵਾਨ ਮਹਾਵੀਰ ਵਣਿਜਗ੍ਰਾਮ ਪਧਾਰੇ ।

ਇਥੇ ਸੋਮਿਲ ਨਾਂ ਦਾ ਇਕ ਬ੍ਰਾਹਮਣ ਵਿਦਵਾਨ ਰਹਿੰਦਾ ਸੀ । ਉਹ 500 ਵਿਦਿਆਰਥੀਆਂ ਦਾ ਅਧਿਆਪਕ ਸੀ । ਉਸਨੇ ਸੁਣਿਆ ਕਿ ਭਗਵਾਨ ਮਹਾਵੀਰ ਵਣਿਜਗ੍ਰਾਮ ਦੇ ਦੁਤਪਲਾਸ਼ ਨਾਂ ਦੇ ਬਾਗ ਵਿਚ ਠਹਿਰੇ ਹਨ । ਉਸਨੇ ਸੋਚਿਆ " ਕਿਉ ਨਾ ਮੈਂ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕਰਾਂ ? "

ਸੋਮਿਲ 100 ਵਿਦਿਆਰਥੀਆਂ ਨੂੰ ਲੈ ਕੇ ਭਗਵਾਨ ਮਹਾਵੀਰ ਦੀ ਧਰਮ ਸਭਾ ਵਿਚ ਪਹੁੰਚਿਆ । ਇਥੇ ਉਸਨੇ ਤੀਰਥ, ਯਾਤਰਾ, ਖਾਣ, ਨਾ ਖਾਣ ਯੋਗ ਵਸਤਾਂ ਸਬੰਧੀ ਕਈ ਮਹੱਤਵਪੂਰਨ ਪ੍ਰਸ਼ਨਾਂ ਦੇ ਉੱਤਰ ਹਾਸਲ ਕੀਤੇ ।

ਭਗਵਾਨ ਮਹਾਵੀਰ ਦੇ ਉੱਤਰਾਂ ਤੋਂ ਪ੍ਰਭਾਵਿਤ ਹੋ ਕੇ, ਉਸਨੇ ਵੀ 12 ਵਰਤ ਰੂਪੀ ਜੈਨ ਗ੍ਰਹਿਸਥ ਧਰਮ ਧਾਰਨ ਕੀਤਾ । ਇਸ ਪ੍ਰਕਾਰ ਤੱਤਵ ਗਿਆਨ ਹਾਸਲ ਕਰਕੇ ਸੋਮਿਲ ਨੇ ਅੰਤ ਸਮੇਂ ਦੇਵ ਲੋਕ ਹਾਸਲ ਕੀਤਾ ।

ਭਗਵਾਨ ਮਹਾਵੀਰ ਨੇ 30ਵਾਂ ਚੌਮਾਸਾ ਵਣਿਜਗ੍ਰਾਮ ਵਿਖੇ ਕੀਤਾ । ਇਥੇ ਵੀ ਹਜਾਰਾਂ ਇਸਤਰੀਆਂ, ਪੁਰਸ਼ਾਂ ਤੇ ਭਗਵਾਨ ਮਹਾਵੀਰ ਪਾਸੋਂ ਗ੍ਰਹਿਸਥ ਤੋਂ ਸਨਿਆਸ ਧਰਮ ਅੰਗੀਕਾਰ ਕੀਤਾ ।

## ਇਕਤੀਵਾਂ ਸਾਲ-

ਵਣਿਜਗ੍ਰਾਮ ਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਕੋਸ਼ਲ ਦੇਸ਼ ਵਿਚ ਧਰਮ ਪ੍ਰਚਾਰ ਕਰਨ ਲਗੇ । ਉਹ ਸਾਕੇਤ ਸ਼੍ਰਾਵਸਤੀ ਜਿਹੇ ਨਗਰਾਂ ਵਿਚ ਪ੍ਰਚਾਰ ਕਰਦੇ ਪੰਚਾਲ ਦੇਸ਼ ਵੱਲ ਗਏ ।

ਪੰਚਾਲ ਦੇਸ਼ ਦੀ ਕਾਪਿਲ ਰਾਜਧਾਨੀ ਸੀ । ਇਥੇ ਸ਼ਹਸਤਰਵਨ ਨਾਂ ਦਾ ਬਗੀਚਾ ਸੀ । ਇਥੇ ਭਗਵਾਨ ਮਹਾਵੀਰ ਆਪਣੇ ਹਜਾਰਾਂ ਚੇਲਿਆਂ ਨਾਲ ਧਰਮ ਪ੍ਰਚਾਰ ਕਰਦੇ ਪਹੁੰਚੇ।

ਇਸੇ ਸ਼ਹਿਰ ਵਿਚ ਅੰਬਡ ਨਾਂ ਦਾ ਇਕ ਬ੍ਰਾਹਮਣ ਸਨਿਆਸੀ ਰਹਿੰਦਾ ਸੀ । ਉਹ 700 ਚੇਲਿਆਂ ਦਾ ਗੁਰੂ ਸੀ । ਉਹ ਬ੍ਰਾਹਮਣ ਹੁੰਦੇ ਹੋਏ ਵੀ ਜੈਨ ਧਰਮ ਦੇ ਸ਼੍ਰਾਵਕਾਂ

ਦੇ ਵਰਤਾਂ ਦਾ ਪਾਲਣ ਕਰਦਾ ਸੀ । ਉਸ ਦਾ ਬਾਹਰਲਾ ਭੇਸ ਸਨਿਆਸੀ ਵਾਲਾ ਸੀ, ਪਰ ਉਹ ਭਗਵਾਨ ਮਹਾਵੀਰ ਦਾ ਪੱਕਾ ਭਗਤ ਸੀ ।

ਅੰਬੜ 2-2 ਵਰਤ ਲਗਾਤਾਰ ਕਰਦਾ । ਉਸਨੂੰ ਤੱਪਸਿਆ ਕਾਰਣ ਅਨੇਕਾਂ ਰਿਧੀਆਂ ਸਿਧੀਆਂ ਪ੍ਰਾਪਤ ਹੋ ਗਈਆਂ ਸਨ ।

ਇਨ੍ਹਾਂ ਤਪ ਸ਼ਕਤੀ ਕਾਰਣ ਹੀ ਉਹ ਆਪਣੇ 100 ਰੂਪ ਬਣਾ ਕੇ 100 ਘਰਾਂ ਵਿਚ ਭੋਜਨ ਕਰਦਾ ਸੀ । ਲੋਕ ਉਸ ਦੇ ਇਸ ਤਪ ਤੋਂ ਬਹੁਤ ਪ੍ਰਭਾਵਿਤ ਸਨ । ਇਥੇ ਭਗਵਾਨ ਮਹਾਵੀਰ ਨੇ ਅੰਬੜ ਸਨਿਆਸੀ ਦੀ ਧਰਮ ਪ੍ਰਤੀ ਸਚੀ ਲਗਨ ਦੀ ਪ੍ਰਸੰਸਾ ਕੀਤੀ। ਭਗਵਾਨ ਮਹਾਵੀਰ ਨੇ ਗੌਤਮ ਨੂੰ ਅੰਬੜ ਦਾ ਭਵਿੱਖ ਦਸਦਿਆਂ ਕਿਹਾ " ਹੇ ਗੌਤਮ ! ਅੰਬੜ ਸਨਿਆਸੀ ਮਰ ਕੇ, ਬ੍ਰਹਮ ਦੇਵ ਲੋਕ ਹਾਸਲ ਕਰੇਗਾ ਅਤੇ ਦੇਵ ਲੋਕ ਪੂਰਾ ਕਰਕੇ ਸਿੱਧ, ਬੁੱਧ ਮੁਕਤ ਹੋਵੇਗਾ । "

ਇਸ ਘਟਨਾ ਤੋਂ ਸਿੱਧ ਹੁੰਦਾ ਹੈ ਕਿ ਜੈਨ ਧਰਮ ਵਿਚ ਗੁਣਾਂ ਦੀ ਪ੍ਰਧਾਨਤਾ ਹੈ ਭੇਖ ਦੀ ਨਹੀਂ । ਭਗਵਾਨ ਮਹਾਵੀਰ ਨੇ ਵੈਸ਼ਾਲੀ ਵਿਖੇ ਚੌਮਾਸਾ ਕੀਤਾ ।

## ਬਤੀਵਾਂ ਸਾਲ–

ਵੈਸ਼ਾਲੀ ਦਾ ਚੌਮਾਸਾ ਬਹੁਤ ਮਹੱਤਵਪੂਰਨ ਰਿਹਾ । ਇਥੇ ਅਨੇਕਾਂ ਆਤਮਾਵਾਂ ਨੇ ਭਗਵਾਨ ਮਹਾਵੀਰ ਦਾ ਪਵਿੱਤਰ ਉਪਦੇਸ਼ ਸੁਣ ਕੇ ਆਤਮ ਕਲਿਆਣ ਕੀਤਾ ।

ਇਥੋਂ ਚੱਲ ਕੇ ਭਗਵਾਨ ਮਹਾਵੀਰ ਕਾਂਸੀ ਕੋਸ਼ਲ ਦੇਸ਼ਾਂ ਵਿਚ ਪਧਾਰੇ । ਇਥੋਂ ਦੇ ਛੋਟੇ ਬੜੇ ਸ਼ਹਿਰਾਂ ਤੇ ਪਿੰਡਾਂ ਵਿੱਚ ਧਰਮ ਪ੍ਰਚਾਰ ਕੀਤਾ । ਭਗਵਾਨ ਮਹਾਵੀਰ ਨੇ ਆਪਣਾ ਧਰਮ ਉਪਦੇਸ਼ ਝੌਂਪੜੀ ਤੋਂ ਲੈ ਕੇ ਮਹਿਲਾਂ ਤੱਕ, ਹਰ ਇਕ ਨੂੰ ਬਿਨਾਂ ਭੇਦ ਭਾਵ ਤੋਂ ਦਿਤਾ।

ਕਾਂਸੀ, ਕੋਸ਼ਲ ਤੋਂ ਭਗਵਾਨ ਮਹਾਵੀਰ ਵਿਦੇਹ ਦੇਸ਼ ਪਧਾਰੇ । ਇਥੇ ਵਣਿਜਗ੍ਰਾਮ ਦੇ ਦੁਤੀਪਲਾਸ਼ ਬਗੀਚੇ ਵਿਚ ਠਹਿਰੇ ।

ਇਥੇ ਹੀ ਗਾਂਗੇ ਨਾਂ ਦੇ ਭਗਵਾਨ ਮਹਾਵੀਰ ਪਾਰਸ਼ਵਨਾਥ ਦੀ ਪਰੰਪਰਾ ਦੇ ਮੁਨੀ ਨੇ ਆਪ ਨਾਲ ਨਰਕ, ਸਵੱਰਗ, ਦੇਵਤਿਆਂ ਦੀ ਹੋਂਦ, ਜੀਵ ਅਜੀਵ ਅਤੇ ਲੋਕ ਬਾਰੇ ਚਰਚਾ ਕੀਤੀ ।

ਭਗਵਾਨ ਮਹਾਵੀਰ ਦੇ ਸੁੰਦਰ ਤੇ ਸਪਸ਼ਟ ਉੱਤਰ ਸੁਣ ਕੇ ਗਾਂਗੇ ਮੁਨੀ ਬਹੁਤ ਖੁਸ਼ ਹੋਏ । ਉਨ੍ਹਾਂ ਨੂੰ ਪੱਕਾ ਵਿਸ਼ਵਾਸ਼ ਹੋ ਗਿਆ ਕਿ ਭਗਵਾਨ ਪਾਰਸ਼ਵ ਨਾਥ ਦੀ ਪਰੰਪਰਾ ਨੂੰ ਅਗੇ ਵਧਾਉਣ ਵਾਲੇ ਭਗਵਾਨ ਮਹਾਵੀਰ ਹੀ ਹਨ ।

ਉਹ ਗਾਂਗੇ ਮੁਨੀ ਨੇ ਭਗਵਾਨ ਮਹਾਵੀਰ ਨੂੰ ਵਿਧੀ ਸਹਿਤ ਨਮਸਕਾਰ ਕੀਤਾ । ਫੇਰ ਉਸਨੇ ਭਗਵਾਨ ਮਹਾਵੀਰ ਦੇ ਪੰਜ ਮਹਾਵਰਤ ਧਾਰਨ ਕਰ ਲਏ ।

ਗਾਂਗੇ ਮੁਨੀ ਅਨੇਕਾਂ ਸਾਲ ਸਾਧੂ ਜੀਵਨ ਗੁਜ਼ਾਰ ਕੇ ਮੁਕਤੀ ਨੂੰ ਪ੍ਰਾਪਤ ਹੋਏ ।

ਇਸ ਤੋਂ ਬਾਅਦ ਭਗਵਾਨ ਮਹਾਵੀਰ ਅਨੇਕਾਂ ਜੀਵਾਂ ਦਾ ਕਲਿਆਣ ਕਰਦੇ ਵਾਪਸ ਵੈਸ਼ਾਲੀ ਪਹੁੰਚੇ ।

ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਵੈਸ਼ਾਲੀ ਵਿਖੇ ਕੀਤਾ । ਅਨੇਕਾਂ ਲੋਕਾਂ ਨੇ ਸਾਧੂ ਤੇ ਗ੍ਰਹਿਸਥ ਧਰਮ ਨੂੰ ਧਾਰਨ ਕੀਤਾ ।

## ਤੇਤੀਵਾਂ ਸਾਲ–

ਵੈਸ਼ਾਲੀ ਦਾ ਚੌਮਾਸਾ ਪੂਰਾ ਕਰਕੇ ਆਪ ਅਨੇਕਾਂ ਸ਼ਹਿਰਾਂ ਪਿੰਡਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਠਹਿਰੇ ।

ਇਥੇ ਗੌਤਮ ਇੰਦਰਭੂਤੀ ਨੇ ਸ਼੍ਰਾਵਕ ਦੇ 12 ਵਰਤਾਂ ਸਬੰਧੀ ਅਨੇਕਾਂ ਪ੍ਰਸ਼ਨ ਕੀਤੇ। ਜਿਨ੍ਹਾ ਦਾ ਵਰਨਣ ਭਗਵਾਨ ਮਹਾਵੀਰ ਨੇ ਸ੍ਰੀ ਭਗਵਤੀ ਸੂਤਰ ਵਿੱਚ ਕੀਤਾ ਹੈ ।

ਇਥੇ ਹੀ ਗੌਤਮ ਸਵਾਮੀ ਨੇ ਸਰੀਰ ਤੇ ਆਤਮਾ ਸਬੰਧੀ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕੀਤੇ ।

ਇਨ੍ਹਾਂ ਪ੍ਰਸ਼ਨਾਂ ਤੋਂ ਛੁੱਟ ਗੌਤਮ ਸਵਾਮੀ ਨੇ ਕੇਵਲੀ ਸਬੰਧੀ ਕਈ ਪ੍ਰਸ਼ਨਾਂ ਦੇ ਉੱਤਰ ਭਗਵਾਨ ਮਹਾਵੀਰ ਨੇ ਦਿੱਤੇ ।

ਰਾਜਗ੍ਰਹਿ ਤੋਂ ਭਗਵਾਨ ਮਹਾਵੀਰ ਅੰਗ ਦੇਸ਼ ਵਿਚ ਪਹੁੰਚੇ । ਉਥੇ ਚੰਪਾ ਅਤੇ ਪ੍ਰਿਸਟ ਚੰਪਾ ਵਿਚ ਘੁੰਮੇ । ਪ੍ਰਿਸ਼ਟ ਚੰਪਾ ਵਿਖੇ ਪਿਠਰ ਤੇ ਗਾਗਲੀ ਨੇ ਸਾਧੂ ਧਰਮ ਧਾਰਨ ਕੀਤਾ ।

ਇਥੋਂ ਚੱਲ ਕੇ ਭਗਵਾਨ ਮਹਾਵੀਰ ਘੁੰਮਦੇ ਹੋਏ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਪਹੁੰਚੇ । ਇਸ ਬਗੀਚੇ ਦੇ ਆਸਪਾਸ ਕਈ ਮਤਾਂ ਦੇ ਗੁਰੂ ਵੀ ਰਹਿੰਦੇ ਸਨ, ਜੋ ਕਿ ਇਕ ਦੂਸਰੇ ਦੇ ਵਿਚਾਰਾਂ ਦਾ ਖੰਡਨ ਕਰਦੇ ਸਨ । ਇਸ ਚਰਚਾ ਦਾ ਹੀ ਸਿਟਾ ਸੀ ਕਿ ਸਾਧੂ ਤੇ ਗ੍ਰਹਿਸਥੀ ਆਪਣੇ ਸ਼ੰਕੇ ਮਿਟਾਉਣ ਲਈ, ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕਰਦੇ ਸਨ । ਇਨ੍ਹਾਂ ਹੋਰ ਮਤਾਂ ਦੇ ਕੁਝ ਪ੍ਰਸਿਧ ਗੁਰੂਆਂ ਦੇ ਨਾਂ ਇਸ ਪ੍ਰਕਾਰ ਹਨ (1) ਕਾਲੋਦਾਈ (2) ਸ਼ੈਲੋਦਾਈ (3) ਸੇਵਾਲੋਦਾਈ (4) ਉਦਕ (5) ਨਾਮੋਉਦਕ (6) ਅੰਨਪਾਲ, ਸ਼ੇਵਾਲ (8) ਸੰਖਪਾਲ (9) ਸੁਹਸਤੀ ਅਤੇ (10) ਗਾਥਾਪਤੀ ।

ਇਸੇ ਸ਼ਹਿਰ ਵਿਚ ਮਿਰਦੁਕ ਨਾਂ ਦਾ ਇਕ ਪ੍ਰਸਿੱਧ ਜੈਨ ਵਿਦਵਾਨ ਗ੍ਰਹਿਸਥ ਰਹਿੰਦਾ ਸੀ । ਇਨ੍ਹਾਂ ਦੂਸਰੇ ਮਤਾਂ ਦੇ ਗੁਰੂਆਂ ਦੇ ਮਨ ਵਿਚ ਭਗਵਾਨ ਮਹਾਵੀਰ ਦੇ 6 ਦਰਵ, ਸਵਰਗ, ਨਰਕ ਸਬੰਧੀ ਕਈ ਸ਼ੰਕੇ ਸਨ । ਉਨ੍ਹਾਂ ਸਾਰੇ ਗੁਰੂਆਂ ਨੇ ਸੋਚਿਆ ਕਿ "ਸੁਣਿਆ ਹੈ ਕਿ ਮਰਿਦੁਕ, ਭਗਵਾਨ ਮਹਾਵੀਰ ਦਾ ਪੱਕਾ ਭਗਤ ਅਤੇ ਸਿਧਾਂਤ ਦਾ ਜਾਣਕਾਰ ਹੈ । ਅਸੀਂ ਚੱਲ ਕੇ, ਮਰਿਦੁਕ ਨਾਲ ਧਰਮ ਚਰਚਾ ਕਰਦੇ ਹਾਂ ।" ਇਹ ਸੋਚ ਕੇ ਸਾਰੇ ਦੂਸਰੇ ਮਤਾਂ ਦੇ ਧਰਮ ਗੁਰੂ ਮਰਿਦੁਕ ਨਾਂ ਦੇ ਜੈਨ ਗ੍ਰਹਿਸਥ ਕੋਲ ਆਏ । ਉਨ੍ਹਾਂ ਸਾਰਿਆਂ ਨੇ ਬੜੇ ਤਰਕ ਤੇ ਬੁਧੀ ਨਾਲ ਭਗਵਾਨ ਮਹਾਵੀਰ ਦੇ 6 ਦਰਵਾਂ ਸਬੰਧੀ ਸਿਧਾਂਤ ਨੂੰ ਸਮਝ ਲਿਆ।

ਉਨ੍ਹਾਂ ਸਭ ਦੇ ਮਨ ਦਾ ਸ਼ੱਕ ਦੂਰ ਹੋ ਗਿਆ। ਅਗਲੇ ਦਿਨ ਮਰਿਦੁਕ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਆਇਆ। ਭਗਵਾਨ ਮਹਾਵੀਰ ਦਾ ਧਰਮ ਉਪਦੇਸ਼ ਸੁਣਿਆ।

ਧਰਮ ਉਪਦੇਸ਼ ਖਤਮ ਹੋਣ ਤੋਂ ਬਾਅਦ ਭਗਵਾਨ ਮਹਾਵੀਰ ਨੇ ਸਾਰੀ ਸਭਾ ਵਿੱਚ ਮਰਿਦੁਕ ਦੇ ਗਿਆਨ ਦੇ ਪ੍ਰਸੰਸਾ ਕਰਦੇ ਹੋਏ ਕਿਹਾ " ਮਰਿਦੁਕ ! ਜੋ ਤੂੰ ਦੂਸਰੇ ਮਤਾਂ ਦੇ ਗੁਰੂਆਂ ਨੂੰ ਉੱਤਰ ਦਿਤੇ ਹਨ, ਉਹ ਮੇਰੇ ਸਿਧਾਂਤ ਅਨੁਸਾਰ ਹਨ। ਹਰ ਸਾਧੂ ਤੇ ਗ੍ਰਹਿਸਥ ਨੂੰ ਗਿਆਨ ਪ੍ਰਤੀ ਜਾਗਰਤ ਰਹਿਣਾ ਚਾਹੀਦਾ ਹੈ । ਬਿਨਾਂ ਗਿਆਨ ਤੋਂ ਦੂਸਰੇ ਧਾਰਮਿਕ ਕ੍ਰਿਆਕਾਂਡ ਬੇਕਾਰ ਹਨ।"

ਭਗਵਾਨ ਮਹਾਵੀਰ ਦੇ ਮੁਖੋਂ ਆਪਣੀ ਪ੍ਰਸੰਸਾ ਸੁਣ ਕੇ ਮਰਿਦੂਕ ਨੂੰ ਆਤਮ ਸੰਤੋਸ਼ ਪ੍ਰਾਪਤ ਹੋਇਆ। ਮਰਿਦੂਕ ਦੇ ਭਵਿੱਖ ਦੇ ਪ੍ਰਸ਼ਨ ਪੁੱਛਣ ਤੇ ਭਗਵਾਨ ਮਹਾਵੀਰ ਨੇ ਗਣਧਰ ਗੌਤਮ ਨੂੰ ਦਸਿਆ " ਹੇ ਗੌਤਮ ! ਮਰਿਦੂਕ, ਸਾਧੂ ਜੀਵਨ ਗ੍ਰਹਿਣ ਕਰਨ ਵਿਚ ਅਸਮਰਥ ਹੈ, ਪਰ ਗ੍ਰਹਿਸਥ ਧਰਮ ਦੀ ਪਾਲਣਾ ਠੀਕ ਢੰਗ ਨਾਲ ਕਰੇਗਾ। ਇਹ ਅੰਤ ਸਮੇਂ ਸ਼ੁਭ ਕਰਮਾਂ ਦੇ ਸਿਟੇ ਵਜੋਂ ਮਰ ਕੇ ਅਰੁਣਾਭ ਵਿਮਾਨ ਵਿਚ ਪੈਦਾ ਹੋਵੇਗਾ।"

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਰਾਜਗ੍ਰਹਿ ਵਿਖੇ ਕੀਤਾ।

## ਚੌਤੀਵਾਂ ਸਾਲ–

ਰਾਜਗ੍ਰਹਿ ਤੋਂ ਚੱਲ ਕੇ ਭਗਵਾਨ ਮਹਾਵੀਰ ਮਗਧ ਦੇਸ਼ ਦੇ ਅਨੇਕਾਂ ਪਿੰਡਾਂ, ਸ਼ਹਿਰ ਵਿੱਚ ਪ੍ਰਚਾਰ ਕਰਦੇ ਗਏ। ਭਗਵਾਨ ਮਹਾਵੀਰ ਫੇਰ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਪਹੁੰਚੇ। ਉਥੇ ਅਨੇਕਾਂ ਲੋਕਾਂ ਨੇ ਸਾਧੂ ਤੇ ਗ੍ਰਹਿਸਥ ਦੇ ਵਰਤ ਧਾਰਨ ਕੀਤੇ।

ਇਸ ਸ਼ਹਿਰ ਵਿਚ ਇਕ ਮਹੱਤਵਪੂਰਨ ਘਟਨਾ ਹੋਈ। ਗੌਤਮ ਇੰਦਰਭੂਤੀ ਨੇ ਦੂਸਰੇ ਮਤਾਂ ਦੇ ਇੱਕਲੇ ਇਕਲੇ ਗੁਰੂ ਦੇ ਪ੍ਰਸ਼ਨਾਂ ਦੇ ਉੱਤਰ ਦਿਤੇ। ਇਹ ਇਕ ਵਿਸ਼ਾਲ ਧਰਮ ਤੱਤਵ ਚਰਚਾ ਸੀ।

ਇਸ ਚਰਚਾ ਤੋਂ ਹੋਰ ਧਰਮ ਗੁਰੂ ਤੇ ਸੰਤੁਸ਼ਟ ਹੋ ਗਏ, ਪਰ ਕਾਲੋਦਈ ਧਰਮ ਗੁਰੂ ਦੀ ਤਸੱਲੀ ਨਾ ਹੋਈ। ਉਹ ਭਗਵਾਨ ਮਹਾਵੀਰ ਦੀ ਧਰਮ ਸਭਾ ਖਤਮ ਹੋਣ ਤੋਂ ਬਾਅਦ ਕਾਲੋਦਈ ਨੇ ਭਗਵਾਨ ਮਹਾਵੀਰ ਨੂੰ ਅਨੇਕਾਂ ਪ੍ਰਸ਼ਨ ਕੀਤੇ। ਭਗਵਾਨ ਮਹਾਵੀਰ ਦੇ ਵਿਸਥਾਰ ਤੇ ਸੁਖਾਲੇ ਉਤਰਾਂ ਤੋਂ ਖੁਸ਼ ਹੋ ਕੇ, ਕਾਲੋਦਈ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ। ਕਾਲੋਦਈ ਨੇ 12 ਅੰਗ ਸ਼ਾਸ਼ਤਰਾਂ ਦਾ ਅਧਿਐਨ ਕੀਤਾ।

ਰਾਜਗ੍ਰਹਿ ਤੋਂ ਚੱਲ ਕੇ ਭਗਵਾਨ ਮਹਾਵੀਰ ਨਾਲੰਦਾ ਸ਼ਹਿਰ ਪਧਾਰੇ। ਇਹ ਅਮੀਰਾਂ ਦਾ ਸ਼ਹਿਰ ਸੀ। ਇਥੇ ਲੈਬ ਨਾਂ ਦਾ ਜੈਨ ਉਪਾਸਕ ਰਹਿੰਦਾ ਸੀ। ਉਸਦਾ ਹਸਤੀਆਮ ਨਾਂ ਦਾ ਬਾਗ ਸੀ।

ਭਗਵਾਨ ਮਹਾਵੀਰ, ਉਸ ਗ੍ਰਹਿਸਥ ਦੀ ਆਗਿਆ ਨਾਲ ਉਸ ਬਗੀਚੇ ਵਿਚ ਠਹਿਰੇ। ਇਥੇ ਹੀ ਗੌਤਮ ਸਵਾਮੀ ਨੂੰ ਭਗਵਾਨ ਪਾਰਸ਼ਵਨਾਥ ਦੇ ਪੇਡਾਲ ਪੁੱਤਰ ਉਦਕ ਨਾਂ ਦੇ ਚੇਲੇ ਮਿਲੇ। ਉਦਕ ਨੇ ਗੌਤਮ ਸਵਾਮੀ ਤੋਂ ਹਿੰਸਾ, ਅਹਿੰਸਾ ਅਤੇ ਪਾਪਾਂ ਦੇ ਪ੍ਰਾਸ਼ਚਿਤ ਸਬੰਧੀ ਅਨੇਕਾਂ ਪ੍ਰਸ਼ਨ ਪੁਛੇ। ਉਦਕ ਬਹੁਤ ਵਿਦਵਾਨ ਸਾਧੂ ਸੀ। ਉਸਦੇ ਮਨ ਤੇ ਗੌਤਮ

ਸਵਾਮੀ ਦੀ ਧਰਮ ਚਰਚਾ ਦਾ ਡੂੰਘਾ ਅਸਰ ਹੋਇਆ । ਉਹ ਉਦਕ ਆਪਣੇ ਅਨੇਕਾਂ ਸਾਥੀਆਂ ਨਾਲ ਭਗਵਾਨ ਮਹਾਵੀਰ ਦਾ ਪੰਜ ਮਹਾਵਰਤ ਧਾਰਨ ਕਰਕੇ ਸਾਧੂ ਬਣ ਗਿਆ।

ਇਸੇ ਸਾਲ ਜਾਲੀ, ਮਿਆਲੀ ਨਾਂ ਦੇ ਸ਼੍ਰੇਣਿਕ ਪੁੱਤਰਾਂ ਨੇ ਵਿਪੁਲਾਚਲ ਪਰਵਤ ਸ਼ਰੀਰ ਦਾ ਤਿਆਗ ਕੀਤਾ ।

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਨਾਲੰਦਾ ਨਗਰੀ ਵਿਚ ਕੀਤਾ ।

## ਪੈਂਤੀਵਾਂ ਸਾਲ–

ਨਾਲੰਦਾ ਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਧਰਮ ਪ੍ਰਚਾਰ ਕਰਦੇ ਹੋਏ ਵਿਦੇਹ ਦੇਸ਼ ਪਹੁੰਚੇ । ਇਸ ਦੀ ਰਾਜਧਾਨੀ ਵੈਸ਼ਾਲੀ ਦੇ ਪਾਸ ਹੀ ਵਣਿਜਗ੍ਰਾਮ ਸੀ । ਇਹ ਨਗਰ ਵਿਉਪਾਰ ਦਾ ਪ੍ਰਸਿਧ ਕੇਂਦਰ ਸੀ । ਇਸ ਪਾਸ ਗੰਡਕੀ ਨਦੀ ਵਹਿੰਦੀ ਸੀ ।

ਇਸ ਸ਼ਹਿਰ ਵਿਚ ਬੜੇ ਬੜੇ ਸ਼ਾਹੂਕਾਰਾਂ ਦੀਆਂ ਕੋਠੀਆਂ ਤੇ ਗੋਦਾਮ ਸਨ । ਇਥੇ ਸੁਦਰਸ਼ਨ ਨਾਂ ਦਾ ਇਕ ਜੈਨ ਵਿਉਪਾਰੀ ਰਹਿੰਦਾ ਸੀ ।

ਭਗਵਾਨ ਮਹਾਵੀਰ ਇਸ ਸ਼ਹਿਰ ਦੇ ਦੁਤੀਪਲਾਸ਼ ਬਗੀਚੇ ਵਿਚ ਠਹਿਰੇ । ਧਰਮ ਸਭਾ ਹੋਈ ! ਹੋਰਾਂ ਲੋਕਾਂ ਦੀ ਤਰ੍ਹਾਂ ਸੁਦਰਸ਼ਨ ਵੀ ਆਪਣੇ ਪਰਿਵਾਰ ਨਾਲ ਭਗਵਾਨ ਮਹਾਵੀਰ ਦੀ ਧਰਮ ਸਭਾ ਵਿਚ ਹਾਜਰ ਹੋਇਆ । ਇਥੇ ਉਸਨੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਭਗਵਾਨ ਮਹਾਵੀਰ ਤੋਂ ਪੁਛੇ । ਇਨ੍ਹਾਂ ਵਿਚੋਂ ਪ੍ਰਮੁਖ ਪ੍ਰਸ਼ਨ, ਕਾਲ ਅਤੇ ਪ੍ਰਮਾਣ ਸਬੰਧੀ ਸਨ।

ਭਗਵਾਨ ਮਹਾਵੀਰ ਦੇ ਪ੍ਰਸ਼ਨਾਂ ਦੇ ਉੱਤਰ ਤੋਂ ਸੁਦਰਸ਼ਨ ਬਹੁਤ ਖੁਸ਼ ਹੋਇਆ । ਭਗਵਾਨ ਮਹਾਵੀਰ ਨੇ ਸੁਦਰਸ਼ਨ ਨੂੰ ਉਸ ਦਾ ਪਿਛਲਾ ਜਨਮ ਦਸਿਦਆਂ ਹੋਇਆ ਫਰਮਾਇਆ " ਹੇ ਸੁਦਰਸ਼ਨ ! ਪਿਛਲੇ ਜਨਮ ਵਿਚ ਤੂੰ ਮਹਾਂਬਲ ਨਾਂ ਦਾ ਰਾਜਕੁਮਾਰ ਸੀ। ਉਸ ਜਨਮ ਵਿੱਚ ਵੀ ਤੂੰ ਜੈਨ ਸਾਧੂਆਂ ਦੀ ਧਰਮ ਚਰਚਾ ਸੁਣਦਾ ਸੀ । ਉਸ ਧਰਮ ਚਰਚਾ ਦੇ ਸਿਟੇ ਵਜੋਂ ਤੂੰ ਵੀ ਜੈਨ ਸਾਧੂ ਬਣ ਗਿਆ । ਅਨੇਕਾਂ ਸਾਲ ਜੈਨ ਸਾਧੂ ਦਾ ਜੀਵਨ ਗੁਜਾਰਦੇ ਤੂੰ ਬ੍ਰਹਮ ਲੋਕ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ ।"

" ਸਾਗਰੋਪਮ ਦੀ ਉਮਰ ਪੂਰੀ ਕਰਕੇ ਤੂੰ ਸੁਦਰਸ਼ਨਾ ਨਾਂ ਦਾ ਸੇਠ ਬਣਿਆ । ਤੇਰੇ ਪਿਛਲੇ ਕਰਮਾਂ ਦਾ ਸਿੱਟਾ ਹੈ ਕਿ ਤੈਨੂੰ ਧਰਮ ਸਭਾ ਚੰਗੀ ਲੱਗਦੀ ਹੈ । ਤੇਰਾ ਧਰਮ ਪ੍ਰਤੀ ਪੱਕਾ ਵਿਸ਼ਵਾਸ਼ ਹੈ ।" ਭਗਵਾਨ ਮਹਾਵੀਰ ਤੋਂ ਆਪਣੇ ਪਿਛਲੇ ਜਨਮ ਦਾ ਵਰਨਣ ਸੁਣ ਕੇ ਸੁਦਰਸ਼ਨ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮਾਂ ਦਾ ਗਿਆਨ) ਹੋ ਗਿਆ। ਉਹ ਆਪਣੇ ਪਿਛਲੇ ਜਨਮਾਂ ਨੂੰ ਜਾਣਨ ਲੱਗ ਪਿਆ ।

ਉਸਦੇ ਪਿਛਲੇ ਜਨਮਾਂ ਵਿਚ ਕੀਤੇ ਸ਼ੁਭ ਕਰਮਾਂ ਨੇ ਉਸ ਲਈ ਮੁਕਤੀ ਦਾ ਰਾਹ ਖੋਲ ਦਿੱਤਾ ।

ਉਸਨੇ ਭਗਵਾਨ ਮਹਾਵੀਰ ਪਾਸੋਂ ਸਾਧੂ ਧਰਮ ਗ੍ਰਹਿਣ ਕੀਤਾ । ਸਾਧੂ ਜੀਵਨ ਵਿਚ ਉਸਨੇ 14 ਪੂਰਵਾਂ ਦਾ ਗਿਆਨ ਹਾਸਲ ਕੀਤਾ ।

ਅੰਤ ਸਮੇਂ 12 ਸਾਲ ਸਾਧੂ ਜੀਵਨ ਗੁਜਾਰਕੇ, ਉਸਨੇ ਨਿਰਵਾਨ ਪੱਦ ਹਾਸਲ ਕੀਤਾ । ਇਕ ਦਿਨ ਭਗਵਾਨ ਮਹਾਵੀਰ ਤੋਂ ਇਜਾਜਤ ਲੈ ਕੇ ਗੋਤਮ ਸਵਾਮੀ ਭੋਜਨ ਮੰਗਣ

ਲਈ ਵਣਿਜਗ੍ਰਾਮ ਪਹੁੰਚੇ । ਉਥੇ ਉਨ੍ਹਾਂ ਨੇ ਲੋਕਾਂ ਤੋਂ ਸੁਣਿਆ ਕਿ " ਆਨੰਦ ਨਾਂ ਦੇ ਸ਼੍ਰਾਵਕ ਨੂੰ ਕੋਲਾਂਗ ਸ਼ਨੀਵੇਸ਼ ਵਿਖੇ ਅਵਧੀ ਗਿਆਨ ਪ੍ਰਾਪਤ ਹੋ ਗਿਆ ਹੈ. ਉਹ ਪੂਰਵ, ਦੱਖਣ, ਪੱਛਮ ਲੂਣ ਸਮੁੰਦਰ ਤੱਕ 500 ਯੋਜਨ ਉੱਤਰ ਦੇ ਸੂਦਰ ਹਿਮਵਰਸ਼ਧਰ, ਉਪਰ ਸੋਧਰਮਕਲਪ ਅਤੇ ਹੇਠਾਂ ਲੋਲਚੁਮਾਂ ਨਾਂ ਦੀ ਨਰਕ ਵਿਚ ਹੋਣ ਵਾਲੀ ਹਰ ਘਟਨਾ ਨੂੰ ਜਾਣਦਾ ਤੇ ਵੇਖਦਾ ਹੈ ।" ਗੋਤਮ ਸਵਾਮੀ ਨੂੰ ਲੋਕਾਂ ਦੀ ਗਲ ਤੇ ਵਿਸ਼ਵਾਸ਼ ਨਾ ਆਇਆ।

ਉਹ ਆਨੰਦ ਉਪਾਸ਼ਕ ਦੇ ਘਰ ਪਹੁੰਚੇ । ਆਨੰਦ ਬਹੁਤ ਕਮਜੋਰ ਹੋ ਚੁਕਾ ਸੀ। ਸਿਟੇ ਵਜੋਂ ਘਰ ਆਏ ਗੁਰੂ ਨੂੰ ਨਮਸਕਾਰ ਨਾ ਕਰ ਸਕਿਆ । ਆਨੰਦ ਦੀ ਬੇਨਤੀ ਤੇ ਗੋਤਮ ਸਵਾਮੀ ਉਸ ਕੋਲ ਆਏ । ਆਨੰਦ ਨੇ ਸਿਰ ਝੁਕਾ ਕੇ ਨਮਸਕਾਰ ਕੀਤਾ ।

ਗੋਤਮ ਸਵਾਮੀ ਸੁਭਾਅ ਦੇ ਬਹੁਤ ਸਰਲ ਸਨ । ਉਨ੍ਹਾਂ ਆਨੰਦ ਨੂੰ ਲੋਕਾਂ ਵਿਚ ਫੈਲੀ ਸਾਰੀ ਚਰਚਾ ਦਸੀ । ਫੇਰ ਪੁਛਿਆ " ਹੇ ਆਨੰਦ ! ਕਿ ਇਹ ਸੱਚ ਹੈ ?"

ਆਨੰਦ ਨੇ ਕਿਹਾ " ਭਗਵਾਨ ਮਹਾਵੀਰ ਦੇ ਸਿਧਾਂਤ ਅਨੁਸਾਰ ਗ੍ਰਹਿਸਥ ਧਰਮ ਪਾਲਣ ਕਰਨ ਵਾਲੇ ਨੂੰ ਅਵਧੀ ਗਿਆਨ ਹਾਸਲ ਹੋ ਸਕਦਾ ਹੈ । ਜੇ ਭਗਵਾਨ ਮਹਾਵੀਰ ਦਾ ਇਹ ਸਿਧਾਂਤ ਠੀਕ ਹੈ, ਤਾਂ ਤੁਸਾਂ ਲੋਕਾਂ ਤੋਂ ਜੋ ਸੁਣਿਆ ਹੈ, ਉਹ ਸਭ ਠੀਕ ਹੈ ।

ਗੋਤਮ ਨੇ ਆਪਣੀ ਗੱਲ ਦੁਹਰਾਉਂਦੇ ਹੋਏ ਕਿਹਾ, " ਸ਼੍ਰਾਵਕ ਨੂੰ ਅਵਧੀ ਗਿਆਨ ਤਾਂ ਹੋ ਸਕਦਾ ਹੈ ਪਰ ਇੰਨਾ ਵਿਸ਼ਾਲ ਨਹੀਂ, ਜਿੰਨਾ ਤੂੰ ਆਖਦਾ ਹੈ, ਇਸ ਲਈ ਹੇ ਆਨੰਦ ਤੈਨੂੰ ਆਪਣੇ ਗਲਤ ਕੰਮ ਲਈ ਪ੍ਰਾਸ਼ਚਿਤ ਲੈਣਾ ਚਾਹੀਦਾ ਹੈ ।"

ਆਨੰਦ ਨੇ ਦ੍ਰਿੜਤਾ ਨਾਲ ਪੁਛਿਆ, " ਹੇ ਗੌਤਮ ! ਕਿ ਭਗਵਾਨ ਮਹਾਵੀਰ ਦੇ ਧਰਮ ਵਿਚ ਸੱਚ ਬੋਲਣ ਵਾਲੇ ਲਈ ਵੀ ਪ੍ਰਾਸ਼ਚਿਤ ਨਿਸ਼ਚਿਤ ਹੈ ? ਗੋਤਮ ਨੇ ਸਰਲਤਾ ਨਾਲ ਉੱਤਰ ਦਿੱਤਾ " ਹੇ ਆਨੰਦ ਅਜਿਹਾ ਬਿਲਕੁਲ ਨਹੀਂ ।" ਆਨੰਦ ਨੇ ਆਪਣੀ ਗੱਲ ਨੂੰ ਦੁਹਰਾਉਂਦੇ ਹੋਏ ਦ੍ਰਿੜਤਾ ਨਾਲ ਕਿਹਾ, " ਜੇ ਜੈਨ ਧਰਮ ਵਿਚ ਅਜਿਹਾ ਨਹੀਂ ਤਾਂ ਤੁਹਾਨੂੰ ਪ੍ਰਸ਼ਾਚਿਤ ਲੈਣਾ ਚਾਹੀਦਾ ਹੈ, ਕਿਉਂਕਿ ਤੁਸਾਂ ਗਲਤ ਆਖਿਆ ਹੈ "

ਗੋਤਮ, ਆਨੰਦ ਦੇ ਇਸ ਸਪਸ਼ਟ ਉਤਰ ਨੂੰ ਸੁਣ ਕੇ ਸ਼ੱਕ ਵਿੱਚ ਪੈ ਗਏ । 14000 ਸਾਧੂਆਂ ਦਾ ਮੁਖੀਆ ਗੋਤਮ ਇੰਦਰਭੂਤੀ ਭੋਜਨ ਲੈ ਕੇ ਸਿਧਾ ਭਗਵਾਨ ਮਹਾਵੀਰ ਕੋਲ ਪੁਜਾ । ਗੋਤਮ ਨੇ ਆਨੰਦ ਨਾਲ ਹੋਈ ਸਾਰੀ ਗਲਬਾਤ ਭਗਵਾਨ ਮਹਾਵੀਰ ਨੂੰ ਦਸੀ।

ਫੇਰ ਗੋਤਮ ਨੇ ਪੁਛਿਆ " ਭਗਵਾਨ ! ਆਨੰਦ ਸੱਚਾ ਹੈ ਜਾਂ ਮੈਂ ।"

ਭਗਵਾਨ ਮਹਾਵੀਰ ਨੇ ਫਰਮਾਇਆ, " ਹੇ ਗੌਤਮ ! ਤੇਰਾ ਕਥਨ ਨਿਰਮੂਲ ਹੈ। ਆਨੰਦ ਦਾ ਆਖਣਾ ਠੀਕ ਹੈ, ਤੂੰ ਫੌਰਨ ਜਾ ਕੇ ਆਨੰਦ ਤੋ ਮੁਆਫੀ ਮੰਗ ।

ਗੋਤਮ ਸਵਾਮੀ ਨੇ ਭਗਵਾਨ ਮਹਾਵੀਰ ਦਾ ਕਥਨ ਖਿੜੇ ਮੱਥੇ ਪਰਵਾਨ ਕੀਤਾ ਅਤੇ ਉਸੇ ਸਮੇਂ ਆਨੰਦ ਤੋਂ ਮੁਆਫੀ ਮੰਗ ਕੇ ਪ੍ਰਾਸ਼ਚਿਤ ਕੀਤਾ ।

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਵੈਸ਼ਾਲੀ ਵਿਖੇ ਗੁਜਾਰਿਆ ।

## ਛੱਤੀਵਾਂ ਸਾਲ–

ਵੈਸ਼ਾਲੀ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਕੌਸ਼ਲ ਦੇਸ਼ ਵਿਖੇ ਧਰਮ ਪ੍ਰਚਾਰ ਕਰਨ ਲਗੇ । ਅਨੇਕਾਂ ਜੀਵ ਆਤਮਾਵਾਂ ਦਾ ਕਲਿਆਣ ਕਰਦੇ ਹੋਏ, ਆਪ ਸ਼ਾਕੇਤ ਨਗਰ ਪਹੁੰਚੇ । ਸਾਕੇਤ ਉਸ ਸਮੇਂ ਬਹੁਤ ਪ੍ਰਸਿੱਧ ਨਗਰ ਸੀ । ਉਥੇ ਜੈਨ ਧਰਮ ਦਾ ਮੰਨਣ ਵਾਲਾ ਜਿਨਦੇਵ ਸੇਠ ਰਹਿੰਦਾ ਸੀ । ਉਹ ਅਨੇਕਾਂ ਦੇਸ਼ਾਂ ਵਿਦੇਸ਼ਾ ਵਿਚ ਵਿਉਪਾਰ ਕਰਦਾ ਸੀ ।

ਇਕ ਵਾਰ ਜਿਨਦੇਵ ਉਪਾਸਕ ਮਲੇਛ ਦੇਸ਼ ਪਹੁੰਚਿਆ । ਉਸ ਦੀ ਰਾਜਧਾਨੀ ਕੋਟੀਵਰਸ਼ ਸੀ । ਉਥੋਂ ਦਾ ਰਾਜਾ ਕਿਰਾਤ ਰਾਜ ਸੀ । ਪੁਰਾਣੇ ਸਮੇਂ ਦੇ ਰਿਵਾਜ ਅਨੁਸਾਰ ਜਿਨਦੇਵ, ਰਾਜਦਰਬਾਰ ਵਿਚ ਵਿਉਪਾਰ ਕਰਨ ਦੀ ਇਜਾਜ਼ਤ ਲੈਣ ਲਈ ਆਇਆ । ਜਿਨਦੇਵ ਨੇ ਕਿਰਾਤਰਾਜ ਅਗੇ ਬਹੁਮੁਲੇ ਵਸਤਰ, ਮਣੀ ਅਤੇ ਰਤਨ ਭੇਂਟ ਕੀਤੇ ।

ਬਾਦਸ਼ਾਹ ਨੂੰ ਇਹ ਬਹੁਮੁਲੇ ਰਤਨ ਬਹੁਤ ਪਸੰਦ ਆਏ । ਇਸ ਦਾ ਮੁੱਖ ਕਾਰਣ ਇਹ ਸੀ ਕਿ ਅਜਿਹੇ ਰਤਨ ਪਹਿਲਾਂ ਉਸ ਦੇ ਖਜਾਨੇ ਵਿਚ ਨਹੀਂ ਸਨ ।

ਬਾਦਸ਼ਾਹ ਨੂੰ ਜਿਨਦੇਵ ਨੂੰ ਵਿਉਪਾਰ ਕਰਨ ਦੀ ਇਜਾਜਤ ਦੇ ਦਿਤੀ । ਬਾਦਸ਼ਾਹ ਕਿਰਤ ਰਾਜ ਦੇ ਜਿਨਦੇਵ ਨੂੰ ਪ੍ਰਸੰਨ ਕਰਦੇ ਪੁਛਿਆ, " ਕਿ ਅਜਿਹੇ ਸੁੰਦਰ ਰਤਨ ਤੇਰੇ ਦੇਸ਼ ਵਿਚ ਹੀ ਪੈਦਾ ਹੁੰਦੇ ਹਨ ਜਾਂ ਇਥੋ ਬਾਹਰਲੇ ਦੇਸ਼ਾਂ ਤੋਂ ਆਉਦੇ ਹਨ ?

ਜਿਨਦੇਵ ਨੇ ਹਥ ਜੋੜਦਿਆਂ ਕਿਹਾ, " ਮਹਾਰਾਜ ! ਸਾਡੇ ਦੇਸ਼ ਵਿਚ ਤਾਂ ਅਜਿਹੇ ਰਤਨਾਂ ਤੋਂ ਵੀ ਵਧੀਆ ਰਤਨ ਪੈਦਾ ਹੁੰਦੇ ਹਨ ।" ਕਿਰਾਤ ਰਾਜੇ ਨੇ ਆਪਣੀ ਗੱਲ ਸਪਸ਼ਟ ਕਰਦਿਆ ਕਿਹਾ, " ਮਨ ਚਾਹੁੰਦਾ ਹੈ ਕਿ ਤੁਹਾਡੇ ਦੇਸ਼ ਵਿਚ ਜਾ ਕੇ ਸਾਰੇ ਰਤਨ ਖਰੀਦ ਲਵਾਂ । ਪਰ ਤੁਹਾਡੇ ਦੇਸ਼ ਦੇ ਰਾਜੇ ਤੋਂ ਡਰਦਾ ਹਾਂ ।"

ਜਿਨਦੇਵ ਨੇ ਕਿਰਾਤ ਰਾਜੇ ਨੂੰ ਭਰੋਸਾ ਦਿਤਾ ਕਿ ਉਹ (ਜਿਨਦੇਵ) ਸਾਕੇਤ ਦੇ ਰਾਜੇ ਤੋਂ ਜਲਦ ਹੀ ਤੁਹਾਡੀ ਯਾਤਰਾ ਦੀ ਇਜਾਜਤ ਲੈ ਦੇਵੇਗਾ ।

ਜਿਨਦੇਵ ਸਾਕੇਤ ਦੇਸ਼ ਦਾ ਪ੍ਰਸਿੱਧ ਵਿਉਪਾਰੀ ਸੀ । ਸਾਕੇਤ ਦਾ ਰਾਜਾ ਸ਼ਤਰੂਜੈ ਜਿਨਦੇਵ ਦੀ ਬਹੁਤ ਇਜ਼ਤ ਕਰਦਾ ਸੀ ।

ਜਿਨਦੇਵ ਦੀ ਬੇਨਤੀ ਨੂੰ ਉਸਨੇ ਜਲਦੀ ਹੀ ਪ੍ਰਵਾਨ ਕਰ ਲਿਆ । ਬਾਦਸ਼ਾਹ ਸ਼ਤਰੂਜੈ ਦੀ ਇਜਾਜਤ ਮਿਲਣ ਤੇ ਕਿਰਾਤ ਰਾਜ ਤੇ ਜਿਨਦੇਵ ਸਾਕੇਤ ਵੱਲ ਨੂੰ ਆ ਗਏ। ਕਿਰਾਤ ਰਾਜ, ਜਿਨਦੇਵ ਦੇ ਘਰ ਕਾਫੀ ਸਮੇਂ ਰਿਹਾ । ਉਨ੍ਹਾਂ ਦਿਨਾਂ ਵਿਚ ਹੀ ਭਗਵਾਨ ਮਹਾਵੀਰ ਸਾਕੇਤ ਦੇ ਬਾਗ ਵਿਚ ਧਰਮ ਪ੍ਰਚਾਰ ਲਈ ਪਧਾਰੇ । ਰਾਜਾ ਸ਼ਤਰੂਜੈ ਆਪਣੇ ਪਰਿਵਾਰ ਤੇ ਪਰਜਾ ਨਾਲ ਭਗਵਾਨ ਮਹਾਵੀਰ ਦਾ ਧਰਮ ਉਪਦੇਸ਼ ਸੁਣਨ ਲਈ ਸੜਕਾਂ, ਬਜਾਰਾਂ ਵਿਚ ਜਲੂਸ ਦੀ ਸ਼ਕਲ ਵਿੱਚ ਲੰਘ ਰਿਹਾ ਸੀ ।

ਰਾਜਾ ਸ਼ਤਰੂਜੈ ਦੇ ਇਸ ਜਲੂਸ ਬਾਰੇ ਕਿਰਾਤ ਰਾਜ ਨੇ ਪੁਛਿਆ, " ਰਾਜਾ ਕਿਥੇ ਜਾ ਰਿਹਾ ਹੈ ? ਕੀ ਕੋਈ ਯੁੱਧ ਲੱਗ ਗਿਆ ਹੈ ਜਾਂ ਕੋਈ ਸ਼ਾਦੀ ਹੈ ?"

ਜਿਨਦੇਵ ਨੇ ਉੱਤਰ ਦਿਤਾ, " ਹੇ ਕਿਰਾਤ ਰਾਜ ! ਸਾਡਾ ਰਾਜਾ ਕਿਸੇ ਵਿਆਹ ਸ਼ਾਦੀ ਜਾਂ ਯੁੱਧ ਵਿੱਚ ਨਹੀਂ ਜਾ ਰਿਹਾ ।"

ਕਿਰਾਤ ਰਾਜ ਦੇ ਪ੍ਰਸ਼ਨ ਦੇ ਉੱਤਰ ਨੂੰ ਪੂਰਾ ਕਰਦਿਆਂ ਉਸਨੇ ਕਿਹਾ, " ਅੱਜ ਸਾਡੇ ਨਗਰ ਵਿੱਚ ਰਤਨਾਂ ਦੇ ਸੰਸਾਰ ਦਾ, ਸਭ ਤੋਂ ਬੜਾ ਵਿਉਪਾਰੀ ਆਇਆ ਹੈ ।"

ਕਿਰਾਤ ਰਾਜ ਨੇ ਜਿਨਦੇਵ ਨੂੰ ਸੁਝਾਉ ਦਿਤਾ, " ਜੇ ਅਜਿਹੀ ਗੱਲ ਹੈ ਤਾਂ ਆਪਾਂ ਦੋਵੇਂ ਉਸ ਰਤਨਾਂ ਦੇ ਵਿਉਪਾਰੀ ਕੋਲ ਚਲਦੇ ਹਾਂ । ਜੇ ਕੋਈ ਰਤਨ ਪਸੰਦ ਆਇਆ ਤਾਂ ਖਰੀਦ ਲਵਾਂਗੇ ।"

ਕਿਰਾਤ ਰਾਜ ਦੇ ਇਹ ਆਖਣ ਤੇ ਜਿਨਦੇਵ ਕਿਰਾਤ ਰਾਜ ਨੂੰ ਭਗਵਾਨ ਮਹਾਵੀਰ ਦੀ ਧਰਮ ਸਭਾ ਵਿਚ ਲੈ ਗਿਆ । ਉਥੇ ਉਸਨੇ ਭਗਵਾਨ ਮਹਾਵੀਰ ਦੇ ਸਿਰ ਉਪਰ ਝੁਲਦੇ ਤਿੰਨ ਛਤਰ ਵੇਖੇ । ਉਹ ਸੰਸਾਰਿਕ ਰਤਨਾਂ ਦੀ ਗੱਲ ਭੁੱਲ ਗਿਆ । ਉਹ ਭਗਵਾਨ ਮਹਾਵੀਰ ਦਾ ਸਿੰਘਾਸਨ ਵੇਖ ਕੇ ਹੈਰਾਨ ਹੋ ਗਿਆ ।

ਉਸਨੇ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕੀਤਾ ।" ਹੇ ਭਗਵਾਨ ! ਰਤਨਾਂ ਦੀਆਂ ਕਿੰਨੀਆਂ ਕਿਸਮਾਂ ਹਨ ? ਭਗਵਾਨ ਮਹਾਵੀਰ ਨੇ ਉੱਤਰ ਦਿਤਾ " ਹੇ ਕਿਰਾਤ ਰਾਜ ! ਮੂਲ ਰੂਪ ਵਿਚ ਰਤਨ ਦੋ ਪ੍ਰਕਾਰ ਦੇ ਹਨ (1) ਦਰੱਵ ਰਤਨ (2) ਭਾਵ ਰਤਨ ।

ਪਹਿਲੇ ਦਰੱਵ ਰਤਨ ਉਹ ਹਨ ਜੋ ਸੰਸਾਰਿਕ ਲੋਕਾਂ ਨੂੰ ਅਨੇਕਾਂ ਗਤੀਆਂ ਵਿਚ ਭਟਕਾਉਣ ਵਾਲੇ ਹਨ । ਲੋਭ ਅਤੇ ਪਾਪ ਦੀ ਖਾਨ ਹਨ । ਇਹ ਰਤਨ ਕਿੰਨਾ ਵੀ ਕੀਮਤੀ ਹੋਵੇ ਪਰ ਇਸ ਦਾ ਸੁੱਖ ਇਸ ਜਨਮ ਵਿਚ ਹੀ ਚੰਗਾ ਲਗਦਾ ਹੈ ।

ਦੂਸਰਾ ਭਾਵ ਰਤਨ ਹੈ ਜਿਸ ਦਾ ਸੁੱਖ ਅਨੰਤਾਂ ਜਨਮਾਂ ਤੱਕ ਮਨੁੱਖ ਦਾ ਸਾਥ ਦਿੰਦਾ ਹੈ ਸਮਿਅਕ । ਇਹ ਭਾਵ ਰਤਨ ਤਿੰਨ ਪ੍ਰਕਾਰ ਦੇ ਹਨ (1) ਸਮਿਅਕ ਦਰਸ਼ਨ (ਸਹੀ ਦੇਖਣਾ) (2) ਸਮਿਅਕ ਗਿਆਨ (ਸਹੀ ਜਾਣਨਾ) ਅਤੇ (3) ਸਮਿਅਕ ਚਰਿੱਤਰ (ਸਹੀ ਅਮਲ ਕਰਨਾ)

ਭਗਵਾਨ ਮਹਾਵੀਰ ਦੇ ਮੁਖੋਂ ਸਚੇ ਭਾਵ ਰਤਨਾਂ ਦੀ ਵਿਆਖਿਆ ਸੁਣ ਕੇ ਰਾਜਾ ਬਹੁਤ ਖੁਸ਼ ਹੋਇਆ । ਉਸਨੇ ਭਗਵਾਨ ਨੂੰ ਅਰਜ ਕੀਤੀ " ਪ੍ਰਭੂ ! ਮੈਨੂੰ ਵੀ ਭਾਵ ਰਤਨ ਦੇਣ ਦੀ ਕ੍ਰਿਪਾਲਤਾ ਕਰੋ ।" ਭਗਵਾਨ ਮਹਾਵੀਰ ਨੇ ਉਸਨੂੰ ਸਾਧੂ ਦਾ ਭੇਸ ਪ੍ਰਦਾਨ ਕੀਤਾ। ਕਿਰਾਤ ਰਾਜ ਨੇ ਭਗਵਾਨ ਮਹਾਵੀਰ ਤੋਂ ਸਾਧੂ ਦੀਖਿਆ ਧਾਰਨ ਕੀਤੀ । ਫੇਰ ਕਿਰਾਤ ਮੁਨੀ ਨੇ ਵੀ 12 ਅੰਗ ਅਤੇ 14 ਪੂਰਵਾਂ ਦਾ ਅਧਿਐਨ ਕੀਤਾ ।

ਭਗਵਾਨ ਮਹਾਵੀਰ ਸਾਕੇਤ ਦੇਸ਼ ਵਿਚ ਧਰਮ ਪ੍ਰਚਾਰ ਕਰਦੇ ਹੋਏ ਪੰਚਾਲ ਦੇਸ਼ ਪਧਾਰੇ । ਇਸਦੀ ਰਾਜਧਾਨੀ ਕਾਂਪਿਲ ਸੀ । ਭਗਵਾਨ ਮਹਾਵੀਰ ਨੇ ਕੁਝ ਦਿਨ ਧਰਮ ਪ੍ਰਚਾਰ ਲਈ ਇਥੇ ਗੁਜਾਰੇ । ਕਾਂਪਿਲ ਤੋਂ ਭਗਵਾਨ ਮਹਾਵੀਰ ਸੂਰਸੈਨ ਹੁੰਦੇ ਹੋਏ ਮਥੁਰਾ,

ਸ਼ੌਰਿਆਪੁਰ ਅਤੇ ਨੰਦੀਪੁਰ ਵਿਖੇ ਪਧਾਰੇ । ਇਨ੍ਹਾਂ ਸ਼ਹਿਰਾਂ ਵਿਚ ਅਨੇਕਾਂ ਲੋਕਾਂ ਨੇ ਗ੍ਰਹਿਸਥ ਤੇ ਸਾਧੂ ਧਰਨ ਨੂੰ ਧਾਰਨ ਕੀਤਾ । ਭਗਵਾਨ ਮਹਾਵੀਰ ਇਥੋਂ ਪ੍ਰਚਾਰ ਕਰਕੇ ਫੇਰ ਵਾਪਸ ਵਿਦੇਹ ਦੇਸ਼ ਆ ਗਏ ।

ਭਗਵਾਨ ਮਹਾਵੀਰ ਨੇ ਆਪਣਾ ਇਹ ਚੋਮਾਸਾ ਮਿਥਿਲਾ ਨਗਰੀ ਵਿਖੇ ਬਿਤਾਇਆ।

## ਸੈਂਤੀਵਾਂ ਸਾਲ–

ਮਿਥਿਲਾ ਚੋਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਵਿਦੇਹ ਦੇਸ਼ ਨੂੰ ਪਵਿੱਤਰ ਕਰਦੇ ਮਗਧ ਦੀ ਰਾਜਧਾਨੀ ਰਾਜਗ੍ਰਹਿ ਪਧਾਰੇ ।

ਇਥੇ ਆਪ ਜੀ ਦੀ ਧਰਮ ਸਭਾ ਗੁਣਸ਼ੀਲ ਨਾਂ ਦੇ ਬਗੀਚੇ ਵਿਚ ਲਗੀ । ਇੱਥੇ ਦੂਸਰੇ ਮਤਾਂ ਦੇ ਗੁਰੂਆਂ ਦੀ ਜੈਨ ਸਾਧੂਆਂ ਨਾਲ ਕਈ ਵਿਸ਼ਿਆਂ ਤੇ ਧਰਮ ਚਰਚਾ ਹੋਈ । ਇਸ ਧਰਮ ਚਰਚਾ ਦਾ ਮੁੱਖ ਵਿਸ਼ਾ, ਹਿੰਸਾ ਦੇ ਭਿੰਨ ਭਿੰਨ ਰੂਪਾਂ ਬਾਰੇ ਸੀ ।

ਭਗਵਾਨ ਮਹਾਵੀਰ ਦੇ ਸਾਧੂਆਂ ਦੇ ਪ੍ਰਸ਼ਨਾਂ ਤੋਂ ਦੂਸਰੇ ਮਤਾਂ ਦੇ ਸਾਧੂ ਬਹੁਤ ਪ੍ਰਭਾਵਿਤ ਹੋਏ । ਇੱਥੇ ਭਗਵਾਨ ਮਹਾਵੀਰ ਦੇ ਪ੍ਰਮੁਖ ਚੇਲੇ ਕਾਲੋਦਈ ਨੇ ਕਈ ਵਿਸ਼ਿਆਂ ਬਾਰੇ ਪ੍ਰਸ਼ਨ ਪੁਛੇ । ਜਿਨ੍ਹਾਂ ਵਿਚ ਕਰਮ ਦਾ ਫਲ, ਪੁਦਗਲ ਸਬੰਧੀ ਪ੍ਰਸ਼ਨ ਅਤੇ ਅੱਗ ਨਾਲ ਹੋਣ ਵਾਲੀ ਹਿੰਸਾ ਸਬੰਧੀ ਪ੍ਰਸ਼ਨ ਪ੍ਰਮੁਖ ਹਨ । ਇੱਥੇ ਅਸੀਂ ਪਾਠਕਾਂ ਦੀ ਦਿਲਚਸਪੀ ਲਈ ਭਗਵਾਨ ਮਹਾਵੀਰ ਦੇ ਕਰਮ ਸਬੰਧੀ ਕੀਤੇ ਪ੍ਰਸ਼ਨਾਂ ਦੀ ਚਰਚਾ ਕਰਦੇ ਹਾਂ ।

ਕਾਲੋਦਈ - " ਹੇ ਭਗਵਾਨ ! ਜੀਵ ਬੁਰੇ ਫੁੱਲ ਦੇਣ ਵਾਲੇ ਕਰਮ ਖੁਦ ਕਰਦੇ ਹਨ, ਕੀ ਇਹ ਗੱਲ ਠੀਕ ਹੈ ?

ਭਗਵਾਨ ਮਹਾਵੀਰ - " ਹਾਂ ਕਾਲੋਦਈ, ਇਹ ਗੱਲ ਬਿਲਕੁਲ ਠੀਕ ਹੈ ਕਿ ਜੀਵ ਬੁਰਾ ਫਲ ਦੇਣ ਵਾਲੇ ਕਰਮ ਕਰਦੇ ਹਨ ।

ਕਾਲੋਦਈ - " ਹੇ ਭਗਵਾਨ ! ਜੀਵ ਅਜਿਹਾ ਬੁਰਾ ਫਲ ਦੇਣ ਵਾਲੇ ਕਰਮ ਕਿਵੇਂ ਕਰਦੇ ਹੋਣਗੇ ?

ਭਗਵਾਨ ਮਹਾਵੀਰ - " ਹੇ ਕਾਲੋਦਈ ! ਇਸ ਸਬੰਧ ਵਿਚ ਮੈਂ ਤੈਨੂੰ ਇਕ ਉਦਾਹਰਣ ਨਾਲ ਸਮਝਾਉਂਦਾ ਹਾਂ । ਜਿਵੇਂ ਬਹੁਤ ਸਵਾਦੀ ਰਸ ਵਾਲਾ ਖਾਣਾ ਹੋਵੇ, ਪਰ ਉਸ ਵਿਚ ਕੁਝ ਜ਼ਹਿਰ ਮਿਲਿਆ ਹੋਵੇ । ਭੋਜਨ ਖਾਣ ਵਾਲੇ ਨੂੰ ਪਹਿਲਾਂ ਤਾਂ ਬਹੁਤ ਚੰਗਾ ਲੱਗਦਾ ਹੈ ਪਰ ਜਦ ਜ਼ਹਿਰ ਦਾ ਅਸਰ ਸ਼ੁਰੂ ਹੁੰਦਾ ਹੈ ਤਾਂ ਉਹ ਹੀ ਖਾਣਾ ਸ਼ਰੀਰ ਲਈ ਹਾਨੀਕਾਰਕ ਹੋ ਜਾਂਦਾ ਹੈ । ਇਹੋ ਖਾਣਾ ਖਾਣ ਵਾਲੇ ਦੇ ਰੂਪ, ਰਸ, ਗੰਧ ਅਤੇ ਸਪਰਸ਼ ਤੇ ਬੁਰਾ ਅਸਰ ਪਾਉਂਦਾ ਹੈ ।

ਇਸੇ ਪ੍ਰਕਾਰ ਜਦ ਜੀਵ ਹਿੰਸਾ ਕਰਦਾ ਹੈ, ਝੂਠ ਬੋਲਦਾ ਹੈ, ਚੋਰੀ ਕਰਦਾ ਹੈ, ਬ੍ਰਹਮਚਰਜ ਵਰਤ ਤੋੜਦਾ ਹੈ, ਜਰੂਰਤ ਤੋਂ ਜਿਆਦਾ ਚੀਜ਼ਾਂ ਦਾ ਇੱਕਠ ਕਰਦਾ ਹੈ, ਕਰੋਧ,

ਮਾਨ, ਧੋਖਾ, ਲੋਭ, ਰਾਗ (ਲਗਾਉ) ਦਵੇਸ਼ (ਬੁਰੀ ਭਾਵਨਾ) ਕਲੇਸ਼, ਗਲਤ ਬਿਆਨੀ, ਚੁਗਲੀ, ਮਿਥਿਆਤਵ (ਕੂੜ) ਦਾ ਸੇਵਨ ਕਰਦਾ ਹੈ ਤਾਂ ਇਹ ਸਭ ਕਰਮ ਉਸ ਜੀਵ ਨੂੰ ਚੰਗੇ ਲੱਗਦੇ ਹਨ, ਪਰ ਅਗਿਆਨਤਾ ਕਾਰਨ ਉਹ ਇਸ ਦਾ ਫਲ ਨਹੀਂ ਜਾਣਦਾ । ਸਿਟੇ ਵਜੋਂ ਉਹ ਬੁਰੇ ਕਰਮਾਂ ਦਾ ਸੰਗ੍ਰਹਿ ਕਰ ਲੈਂਦਾ ਹੈ । ਇਨ੍ਹਾਂ ਕਰਮਾਂ ਦਾ ਫਲ ਬਹੁਤ ਭੈੜਾ ਹੁੰਦਾ ਹੈ ਜੋ ਭੋਗਣ ਵਾਲੇ ਨੂੰ ਹੀ ਪਤਾ ਹੁੰਦਾ ਹੈ ।

ਕਾਲੋਦਈ- ਭਗਵਾਨ ! ਜੀਵ ਸ਼ੁਭ ਫਲ ਦੇਣ ਵਾਲੇ ਕਰਮ ਵੀ ਕਰਦਾ ਹੈ ।

ਭਗਵਾਨ ਮਹਾਵੀਰ - ਹਾਂ, ਕਾਲੋਦਈ ! ਜੀਵ ਸ਼ੁਭ ਫਲ ਦੇਣ ਵਾਲੇ ਕਰਮ ਵੀ ਕਰਦਾ ਹੈ ।

ਕਾਲੋਦਈ- ਜੀਵ ਸ਼ੁਭ ਫਲ ਦੇਣ ਵਾਲੇ ਕਰਮ ਕਿਵੇਂ ਕਰਦਾ ਹੈ ?

ਭਗਵਾਨ ਮਹਾਵੀਰ - " ਜਿਵੇਂ ਕੋਈ ਮਨੁੱਖ ਉਸ ਤਰ੍ਹਾਂ ਦਾ ਭੋਜਨ ਕਰੇ ਜਿਸ ਵਿਚ ਦਵਾਈ ਮਿਲੀ ਹੋਵੇ, ਅਜਿਹਾ ਖਾਣ ਵਾਲੇ ਨੂੰ ਪਹਿਲਾਂ ਤਾਂ ਭੋਜਨ ਚੰਗਾ ਨਹੀਂ ਲਗੇਗਾ, ਪਰ ਜਦ ਖਾ ਚੁਕੇਗਾ ਤਾਂ ਉਸ ਭੋਜਨ ਦੇ ਸਿਟੇ ਵਜੋਂ ਉਸ ਦੇ ਬਲ ਰੂਪ ਆਦਿ ਵਿਚ ਵਾਧਾ ਹੋਵੇਗਾ । ਇਸੇ ਪ੍ਰਕਾਰ ਜੋ ਹਿੰਸਾ, ਝੂਠ, ਚੋਰੀ ਆਦਿ ਭੈੜੇ ਕਰਮਾਂ ਨੂੰ ਛੱਡ ਦੇਵੇਗਾ, ਕਰੋਧ ਆਦਿ ਤੇ ਕਾਬੂ ਕਰੇਗਾ ਤਾਂ ਜੀਵ ਨੂੰ ਪਹਿਲਾਂ ਤਾਂ ਇਹ ਛਡਣਾ ਔਖਾ ਲਗੇਗਾ, ਪਰ ਹੌਲੀ ਹੌਲੀ ਉਸਨੂੰ ਸੁਖ ਪ੍ਰਾਪਤ ਹੋਵੇਗਾ ਅਤੇ ਜੀਵ ਸ਼ੁਭ ਫਲ ਦੇਣ ਵਾਲੇ ਕਰਮਾਂ ਦਾ ਸੰਗ੍ਰਹਿ ਕਰੇਗਾ ।

ਭਗਵਾਨ ਮਹਾਵੀਰ ਨੇ ਕਾਲੋਦਈ ਦੇ ਅਨੇਕਾਂ ਪ੍ਰਸ਼ਨਾਂ ਦੇ ਉਤਰ ਦਿਤੇ । ਇਨ੍ਹਾਂ ਪ੍ਰਸ਼ਨਾਂ, ਉਤਰਾਂ ਦਾ ਸਾਰੀ ਧਰਮ ਸਭਾ ਨੇ ਲਾਭ ਉਠਾਇਆ ।

ਇਸੇ ਸਾਲ ਪ੍ਰਭਾਸ ਗਨਧਰ ਦਾ ਵਿਪੁਲਾਚਲ ਪਹਾੜ ਤੇ ਨਿਰਵਾਨ ਹੋ ਗਿਆ। ਅਨੇਕਾਂ ਲੋਕਾਂ ਨੇ ਸਾਧੂ ਤੇ ਗ੍ਰਹਿਸਥ ਧਰਮ ਧਾਰਨ ਕੀਤਾ ।

ਭਗਵਾਨ ਮਹਾਵੀਰ ਨੇ ਇਹ ਚੌਮਾਸਾ ਰਾਜਗ੍ਰਹਿ ਵਿਖੇ ਕੀਤਾ ।

## ਅੱਠਤੀਵਾਂ ਸਾਲ–

ਇਸ ਸਾਲ ਵੀ ਭਗਵਾਨ ਮਹਾਵੀਰ ਮਗਧ ਦੇਸ਼ ਦੇ ਅਨੇਕਾਂ, ਸ਼ਹਿਰਾਂ, ਪਿੰਡਾਂ ਵਿੱਚ ਪ੍ਰਚਾਰ ਕਰਦੇ ਰਹੇ । ਭਗਵਾਨ ਮਹਾਵੀਰ ਵਾਪਸ ਫੇਰ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਪਧਾਰੇ । ਇਥੇ ਗਣਧਰ ਇੰਦਰਭੂਤੀ ਗੌਤਮ ਨੇ ਕ੍ਰਿਆ, ਪ੍ਰਮਾਦ, ਭਾਸ਼ਾ, ਸੁੱਖ ਤੇ ਦੁੱਖ ਸਬੰਧੀ ਅਨੇਕਾਂ ਦਾਰਸ਼ਨਿਕ ਪ੍ਰਸ਼ਨ ਪੁਛੇ । ਇਨ੍ਹਾਂ ਸਭ ਪ੍ਰਸ਼ਨਾਂ ਦਾ ਉੱਤਰ ਸ਼੍ਰੀ ਭਗਵਤੀ ਸੂਤਰ ਵਿਚ ਵਿਸਥਾਰ ਨਾਲ ਮਿਲਦਾ ਹੈ ।

ਭਗਵਾਨ ਮਹਾਵੀਰ ਦੀ ਇਸ ਗਿਆਨ ਭਰਪੂਰ ਚਰਚਾ ਦਾ ਲੋਕਾਂ ਤੇ ਡੂੰਘਾ ਅਸਰ ਹੋਇਆ ।

ਕਈ ਸਾਧੂਆਂ ਤੇ ਗ੍ਰਹਿਸਥਾਂ ਨੂੰ ਅਨੇਕਾਂ ਤੱਤਵਾਂ ਸਬੰਧੀ ਪ੍ਰਸ਼ਨਾਂ ਦਾ ਉੱਤਰ

ਆਪਣੇ ਆਪ ਮਿਲ ਗਿਆ । ਇਸੇ ਸਾਲ ਭਗਵਾਨ ਮਹਾਵੀਰ ਦੇ ਦੋ ਪ੍ਰਮੁਖ ਗਣਧਰ ਅਚੱਲਭਰਾਤਾ ਅਤੇ ਮੇਤਾਰਿਆ ਨੇ ਗੁਣਸ਼ੀਲ ਬਗੀਚੇ ਵਿਚ ਹੀ ਨਿਰਵਾਨ ਹਾਸਲ ਕੀਤਾ। ਭਗਵਾਨ ਮਹਾਵੀਰ ਕਾਫੀ ਸਮਾਂ ਆਸ ਪਾਸ ਦੇ ਸ਼ਹਿਰਾਂ, ਪਿੰਡਾਂ ਵਿਚ ਪ੍ਰਚਾਰ ਕਰਦੇ ਹੋਏ, ਨਾਲੰਦਾ ਸ਼ਹਿਰ ਵਿਖੇ ਪਧਾਰੇ । ਨਾਲੰਦਾ ਦੀ ਜਨਤਾ ਭਗਵਾਨ ਮਹਾਵੀਰ ਦੇ ਸਵਾਗਤ ਲਈ ਧਰਮ ਸਭਾ ਵਿਚ ਪੁਜੀ ।

ਅਨੇਕਾਂ ਮਹਾਨ ਆਤਮਾਵਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਮੁਕਤੀ ਦਾ ਰਾਹ ਗ੍ਰਹਿਣ ਕੀਤਾ । ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਨਾਲੰਦਾ ਵਿਖੇ ਕੀਤਾ ।

## ਉਨਤਾਲੀਵਾਂ ਸਾਲ–

ਨਾਲੰਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਵਿਦੇਹ ਦੇਸ਼ ਵੱਲ ਧਰਮ ਪ੍ਰਚਾਰ ਕਰਨ ਲਗੇ ।

ਧਰਮ ਰੂਪੀ, ਧਰਮ ਚੱਕਰ ਘੁਮਾਉਂਦੇ ਹੋਏ ਆਪ ਮਿਥਿਲਾ ਨਗਰੀ ਪਧਾਰੇ । ਭਗਵਾਨ ਮਹਾਵੀਰ ਦਾ ਇਹ ਚੌਮਾਸਾ ਬਹੁਤ ਮਹੱਤਵਪੂਰਨ ਸੀ । ਭਗਵਾਨ ਮਹਾਵੀਰ ਨੇ ਮਨੀਭੱਦਰ ਨਾਂ ਦੇ ਬਗੀਚੇ ਵਿਚ ਆਪਣੇ ਉਪਦੇਸ਼ ਦਿਤੇ । ਇਥੋਂ ਦੇ ਰਾਜਾ ਜਿਤਸ਼ਤਰੂ ਅਤੇ ਰਾਣੀ ਧਾਰਣੀ ਸ਼ਾਹੀ ਠਾਠ-ਬਾਠ ਨਾਲ ਆਪ ਦੀ ਭਗਤੀ ਲਈ ਪਹੁੰਚੇ ।

ਸਾਰਿਆਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਿਆ । ਅਨੇਕਾਂ ਲੋਕਾਂ ਨੇ ਸੰਸਾਰ ਦੀ ਵਿਆਖਿਆ ਸਮਝ ਕੇ ਸਾਧੂ ਮਾਰਗ ਅਤੇ ਗ੍ਰਹਿਸਥ ਮਾਰਗ ਅਖਤਿਆਰ ਕੀਤਾ। ਇਸ ਸ਼ਹਿਰ ਵਿਚ ਹੀ ਗਣਧਰ ਗੌਤਮ ਇੰਦਰਭੂਤੀ ਨੇ ਭਗਵਾਨ ਮਹਾਵੀਰ ਤੋਂ ਭੂਗੋਲ, ਖਗੋਲ ਤੇ ਜੋਤਸ਼ ਸਬੰਧੀ ਅਨੇਕਾਂ ਪ੍ਰਸ਼ਨ ਪੁਛੇ । ਇਨ੍ਹਾਂ ਦੇ ਉਤਰ ਸਦਕਾ ਸੂਰਜ ਪ੍ਰਣਤੀ ਅਤੇ ਚੰਦਰ ਪ੍ਰਣਤੀ ਗ੍ਰੰਥਾਂ ਦੀ ਰਚਨਾ ਹੋਈ ।

ਇਨ੍ਹਾਂ ਪ੍ਰਸ਼ਨਾਂ ਵਿਚੋਂ ਕੁਝ ਦਿਲਚਸਪ ਪ੍ਰਸ਼ਨ ਇਸ ਪ੍ਰਕਾਰ ਹਨ ।

(1) ਸੂਰਜ ਸਾਲ ਵਿਚ ਕਿੰਨੇ ਗ੍ਰਹਿ ਦੇ ਆਲੇ ਦੁਆਲੇ ਘੁੰਮਦਾ ਹੈ ?
(2) ਸੂਰਜ ਤਿਰਛੀ ਦਿਸ਼ਾ ਵੱਲ ਕਿਵੇਂ ਚੱਲਦਾ ਹੈ ?
(3) ਸੂਰਜ ਤੇ ਚੰਦਰਮਾ ਕਿੰਨੇ ਖੇਤਰ ਵਿਚ ਪ੍ਰਕਾਸ਼ ਕਰਦੇ ਹਨ ?
(4) ਪ੍ਰਕਾਸ਼ ਵਾਲੀ ਜਗ੍ਹਾ ਕੈਸੀ ਹੈ ?
(5) ਸੂਰਜ ਦਾ ਪ੍ਰਕਾਸ਼ ਕਿਥੇ ਰੁਕਦਾ ਹੈ ?
(6) ਪ੍ਰਕਾਸ਼ ਦੀ ਗਤੀ ਕਿੰਨੇ ਸਮੇਂ ਦੀ ਹੈ ?
(7) ਕਿਹੜੇ ਪੁਦਗਲ ਸੂਰਜ ਦੇ ਪ੍ਰਕਾਸ਼ ਨੂੰ ਛੂੰਹਦੇ ਹਨ ?
(8) ਸੂਰਜ ਚੜ੍ਹਨ ਦੀ ਸਥਿਤੀ ਕੀ ਹੈ ?
(9) ਯੋਗ ਕਿਸਨੂੰ ਆਖਦੇ ਹਨ ?
(10) ਸਵਤਸਰ ਦਾ ਆਰੰਭ ਕਿਵੇਂ ਹੁੰਦਾ ਹੈ ?
(11) ਸਵਤਸਰ ਕਿੰਨੇ ਹਨ ?

(12) ਚੰਦਰਮਾ ਵਿਚ ਵਾਧਾ, ਘਾਟਾ ਕਿਉ ਦਿਖਾਈ ਦਿੰਦਾ ਹੈ ?
(13) ਕਿਸ ਸਮੇਂ ਚੰਦ ਦੀ ਚਾਂਦਨੀ ਵਧਦੀ ਹੈ ?
(14) ਚੰਦਰਮਾ, ਸੂਰਜ, ਗ੍ਰਹਿ, ਨੱਛਤਰ ਅਤੇ ਤਾਰੇ ਇਨ੍ਹਾਂ ਵਿਚੋਂ ਤੇਜ਼ ਚੱਲਣ ਵਾਲੇ ਕੌਣ ਹਨ ?
(15) ਚੰਦ ਦੀ ਚਾਂਦਨੀ ਦਾ ਲੱਛਣ ਕੀ ਹੈ ?
(16) ਅਸਮਾਨ ਤੇ ਕਿੰਨੇ ਚੰਦਰਮਾ ਅਤੇ ਸੂਰਜ ਹਨ ?
(17) ਜਮੀਨ ਤੋਂ ਚੰਦਰਮਾ ਦੀ ਉਚਾਈ ਕਿੰਨੀ ਹੈ ?
(18) ਚੰਦਰਮਾ ਤੇ ਸੂਰਜ ਕੀ ਹਨ ?

ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਮਿਥਿਲਾ ਵਿਖੇ ਕੀਤਾ ।

## ਚਾਲੀਵਾਂ ਸਾਲ–

ਮਿਥਿਲਾ ਚੌਮਾਸਾ ਪੂਰਾ ਕਰਕੇ ਆਪ ਵਿਦੇਹ ਦੇ ਕਈ ਪਿੰਡਾਂ, ਸ਼ਹਿਰਾਂ ਵਿੱਚ ਘੁੰਮੇ। ਅਨੇਕਾਂ ਲੋਕਾਂ ਨੇ ਸਾਧੂ ਜੀਵਨ ਦੇ ਪੰਜ ਮਹਾਵਰਤ ਤੇ ਗ੍ਰਹਿਸਥ ਦੇ ਅਣੂਵਰਤ ਧਾਰਨ ਕੀਤੇ ।

ਆਪ ਨੇ ਆਪਣਾ ਇਹ ਚੌਮਾਸਾ ਲੋਕਾਂ ਦੀ ਬੇਨਤੀ ਤੇ ਮਿਥਿਲਾ ਵਿਖੇ ਕੀਤਾ ।

## ਇਕਤਾਲੀਵਾਂ ਸਾਲ –

ਮਿਥਿਲਾ ਨਗਰੀ ਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਮਗਧ ਦੇਸ਼ ਦੇ ਪਿੰਡਾਂ ਸ਼ਹਿਰਾਂ ਵਿੱਚ ਧਰਮ ਪ੍ਰਚਾਰ ਕਰਨ ਲਗੇ ।

ਇਥੇ ਗਣਧਰ ਗੌਤਮ ਨੇ ਭਗਵਾਨ ਮਹਾਵੀਰ ਸਵਾਮੀ ਤੇ ਕਈ ਰੋਚਕ ਪ੍ਰਸ਼ਨ ਪੁਛੇ । ਜਿਨ੍ਹਾਂ ਵਿਚ ਰਾਜਗ੍ਰਹਿ ਵਿਖੇ ਪਾਣੀ ਦੇ ਗਰਮ ਕੁੰਡ, ਆਯੂ, ਕਰਮ, ਮੱਨੁਖ ਲੋਕਵਿਚ ਮੱਨੁਖਾਂ ਦੀ ਬਸਤੀ, ਸੁਖ ਅਤੇ ਦੁੱਖ ਸਬੰਧੀ ਪ੍ਰਸ਼ਨ ਪ੍ਰਮੁਖ ਸਨ ।

ਇਸ ਸਾਲ ਅਗਨੀਭੂਤੀ ਅਤੇ ਵਾਯੂ ਭੂਤੀ ਗਣਧਰਾਂ ਨੇ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਮੁਕਤੀ ਪਦਵੀ ਹਾਸਲ ਕੀਤੀ ।

ਧਰਮ ਪ੍ਰਚਾਰ ਕਰਦੇ ਹੋਏ, ਭਗਵਾਨ ਮਹਾਵੀਰ ਇਕ ਵਾਰ ਰਾਜਗ੍ਰਹਿ ਵਿਖੇ ਗੁਣਸ਼ੀਲ ਬਗੀਚੇ ਵਿਚ ਪਧਾਰੇ । ਉਥੇ ਭਗਵਾਨ ਮਹਾਵੀਰ ਦਾ ਮਹਾਸਤਕ ਨਾਂ ਦਾ ਕਰੋੜਪਤੀ ਉਪਾਸਕ ਰਹਿੰਦਾ ਸੀ । ਉਸਨੂੰ ਗ੍ਰਹਿਸਥ ਦੇ 12 ਵਰਤਾਂ ਦਾ ਪਾਲਣ ਕਰਦੇ ਕਾਫੀ ਸਮਾਂ ਬੀਤ ਚੁੱਕਾ ਸੀ । ਇਕ ਵਾਰ ਉਸਨੂੰ ਧਰਮ ਅਰਾਧਨਾ ਕਰਦੇ ਨੂੰ ਅਵੱਧੀ ਗਿਆਨ ਹੋ ਗਿਆ। ਉਹ ਵੀ ਆਨੰਦ ਉਪਾਸਕ ਵਾਂਗ ਦੂਰ ਨੇੜੇ ਦੀਆਂ ਸੂਖਮ ਸਥੂਲ ਚੀਜ਼ਾਂ ਵੇਖਣ ਲਗਾ ।

ਇਕ ਦਿਨ ਮਹਾਸ਼ਤਕ ਪੋਸ਼ਧਸ਼ਾਲਾ ਵਿਚ ਬੈਠਾ ਧਰਮ ਦੀ ਆਰਾਧਨਾ ਕਰ ਰਿਹਾ ਸੀ । ਰੇਵਤੀ ਵੀ ਸ਼ਰਾਬ ਤੇ ਮਾਸ ਦੇ ਨਸ਼ੇ ਵਿਚ ਦੂਰ ਉਥੇ ਆ ਗਈ । ਉਹ ਮਹਾਸ਼ਤਕ ਨੂੰ ਨਸ਼ੇ ਵਿਚ ਬਾਰ ਬਾਰ ਕਾਮ ਭੋਗ ਦੀ ਪ੍ਰਾਰਥਨਾ ਕਰਨ ਲਗੀ । ਇਹ ਵੇਖ ਕੇ ਮਹਾਸਤਕ ਨੂੰ ਗੁਸਾ ਆ ਗਿਆ । ਉਸਨੇ ਅਵੱਧੀ ਗਿਆਨ ਨਾਲ ਰੇਵਤੀ ਦਾ ਭਵਿੱਖ ਵੇਖਿਆ । ਮਹਾਸ਼ਤਕ ਨੇ ਰੇਵਤੀ ਨੂੰ ਸ਼ਰਾਪ ਦਿੰਦੇ ਹੋਏ ਕਿਹਾ " ਹੇ ਰੇਵਤੀ ! ਤੂੰ ਆਪਣੇ ਭੈੜੇ ਕਰਮਾਂ ਕਾਰਣ ਸੱਤ

ਦਿਨ ਦੇ ਅੰਦਰ ਅੰਦਰ ਵਿਸ਼ੂਚਿਕਾ ਰੋਗ ਨਾਲ ਮਰ ਜਾਵੇਂਗੀ ਅਤੇ ਮਰ ਕੇ ਲੋਲਾਅਚਯੁਤ ਨਰਕ ਵਿਚ ਪੈਦਾ ਹੋਵੇਂਗੀ ।"

ਜਦ ਰੇਵਤੀ ਨੇ ਮਹਾਸ਼ਤਕ ਦੇ ਮੂੰਹੋ ਆਪਣਾ ਭਵਿਖ ਸੁਣਿਆ । ਉਸ ਦਾ ਸਾਰਾ ਨਸ਼ਾ ਉਤਰ ਗਿਆ । ਉਸਨੂੰ ਆਪਣੇ ਕੀਤੇ ਤੇ ਪਛਤਾਵਾ ਹੋਇਆ । ਪਰ ਰੇਵਤੀ ਮਹਾਸ਼ਤਕ ਦੇ ਕਥਨ ਅਨੁਸਾਰ 7ਵੇਂ ਦਿਨ ਮਰ ਕੇ ਨਰਕ ਵਿਚ ਪੈਦਾ ਹੋਈ ।

ਮਹਾਸ਼ਤਕ ਤੇ ਰੇਵਤੀ ਦੀ ਲੜਾਈ ਦਾ ਭਗਵਾਨ ਮਹਾਵੀਰ ਨੂੰ ਪਤਾ ਲਗਾ । ਉਨ੍ਹਾਂ ਗੌਤਮ ਸਵਾਮੀ ਨੂੰ ਬੁਲਾ ਕੇ ਕਿਹਾ, " ਹੇ ਗੌਤਮ ! ਮੇਰਾ ਮਹਾਸ਼ਤਕ ਨਾਂ ਦਾ ਉਪਾਸਕ ਇਸ ਸਮੇਂ ਪੋਸ਼ਧਸ਼ਾਲਾ ਵਿਚ ਬੈਠਾ ਧਰਮ ਅਰਾਧਨਾ ਕਰ ਰਿਹਾ ਹੈ । ਉਸਨੇ ਆਪਣੇ ਅਵਧੀ ਗਿਆਨ ਰਾਹੀਂ ਆਪਣੀ ਪਤਨੀ ਨੂੰ ਸਰਾਪ ਦਿੱਤਾ ਹੈ । ਪਰ ਗੌਤਮ ! ਉਸ ਦੀ ਅਜਿਹੀ ਕ੍ਰਿਆ ਠੀਕ ਨਹੀਂ ਹੈਂ । ਉਪਾਸਕ ਨੂੰ ਅਜਿਹੇ ਦਿਲ ਦੁਖਾਉਣ ਵਾਲੇ ਵਾਕ ਨਹੀਂ ਬੋਲਣੇ ਚਾਹੀਦੇ । ਮਹਾਸ਼ਤਕ ਦੇ ਇਸ ਵਿਵਹਾਰ ਕਾਰਣ ਰੇਵਤੀ ਨੂੰ ਦੁਖ ਪੁਜਾ ਹੈ । ਇਸ ਲਈ ਤੂੰ ਮਹਾਸ਼ਤਕ ਕੋਲ ਜਾ ਕੇ ਆਖ ਕਿ ਮਹਾਸ਼ਤਕ ਆਪਣੇ ਕੀਤੇ ਦਾ ਪ੍ਰਾਸ਼ਚਿਤ ਕਰੇ ।"

ਭਗਵਾਨ ਮਹਾਵੀਰ ਦੀ ਆਗਿਆ ਲੈ ਕੇ ਗਣਧਰ ਗੌਤਮ, ਮਹਾਸ਼ਤਕ ਕੋਲ ਪੁਜੇ। ਉਸਨੇ ਭਗਵਾਨ ਮਹਾਵੀਰ ਦਾ ਸੁਨੇਹਾ ਮਹਾਸ਼ਤਕ ਨੂੰ ਦਿਤਾ । ਮਹਾਸ਼ਤਕ ਨੇ ਭਗਵਾਨ ਮਹਾਵੀਰ ਦਾ ਹੁਕਮ ਸਿਰ ਮਥੇ ਤੇ ਚੜਾਉਂਦੇ ਆਪਣੇ ਰੇਵਤੀ ਪ੍ਰਤਿ ਕੀਤੇ ਵਿਵਹਾਰ ਦਾ ਪ੍ਰਾਸ਼ਚਿਤ ਕੀਤਾ । ਇਸ ਤਰ੍ਹਾਂ ਮਹਾਂਸ਼ਤਕ ਮਰ ਕੇ ਅੰਤ ਸਮੇਂ ਸੋਧਰਮ ਦੇਵਲੋਕ ਦੇ ਅਰੁਣਵਸਤਕ ਵਿਮਾਨ ਵਿਚ ਪੈਦਾ ਹੋਇਆ ।

## ਬਿਤਾਲੀਵਾਂ ਸਾਲ–

ਹੁਣ ਭਗਵਾਨ ਮਹਾਵੀਰ 71 ਸਾਲ ਦੇ ਕਰੀਬ ਹੋ ਚੁਕੇ ਸਨ । ਉਹ ਧਰਮ ਪ੍ਰਚਾਰ ਦਾ ਉਤਸ਼ਾਹ ਵੇਖਦੇ ਹੋਏ, ਕੁਝ ਮਹੀਨੇ ਰਾਜਗ੍ਰਹਿ ਵਿਖੇ ਹੀ ਰਹੇ । ਇਸ ਸਮੇਂ ਗਣਧਰ ਅਵਿੱਕਤ, ਮੰਡਿਕ ਪੁੱਤਰ, ਮੋਰਿਆ ਪੁੱਤਰ ਅਤੇ ਅੰਕਪਿਤ ਨੂੰ ਰਾਜਗ੍ਰਹਿ ਦੇ ਗੁਣਸ਼ੀਲ ਬਾਗ ਵਿਚ ਨਿਰਵਾਨ ਹਾਸਲ ਹੋਇਆ ।

ਇਸ ਚੌਮਾਸੇ ਵਿਚ ਗਨਧਰ ਇੰਦਰਭੂਤੀ ਨੇ ਭਗਵਾਨ ਮਹਾਵੀਰ ਪਾਸੋਂ ਅਨੇਕਾਂ ਪ੍ਰਸ਼ਨ ਪੁਛੇ, ਜਿਨ੍ਹਾਂ ਵਿਚ ਭਾਰਤ ਦੇਸ਼ ਦੇ ਭਵਿੱਖ ਦਾ ਪ੍ਰਸ਼ਨ ਵੀ ਇਕ ਸੀ । ਗਨਧਰ ਗੋਤਮ ਸਵਾਮੀ ਨੇ ਪੁਛਿਆ, " ਹੇ ਭਗਵਾਨ ! ਆਪ ਦਾ ਧਰਮ ਭਾਰਤ ਖੇਤਰ ਵਿਚ ਕਿੰਨਾ ਸਮਾਂ ਚਲੇਗਾ ? ਭਗਵਾਨ ਮਹਾਵੀਰ ਨੇ ਉਤਰ ਦਿਤਾ, " ਹੇ ਗੌਤਮ ! ਮੇਰਾ ਧਰਮ ਸੰਘ 21000 ਸਾਲ ਤੱਕ ਭਾਰਤ ਵਰਸ਼ ਵਿਚ ਫੁਲੇ ਫਲੇਗਾ, ਫੇਰ ਇੱਕ ਅਜਿਹਾ ਸਮਾਂ ਆਵੇਗਾ, ਜਦ ਕਿ ਚਾਰ ਵਿਅਕਤੀਆਂ ਦਾ ਹੀ ਸੰਘ ਰਹਿ ਜਾਵੇਗਾ । ਇਸ ਸੰਘ ਦਾ ਅਚਾਰੀਆ, ਦੁਸ਼ਪ੍ਰਸਹ, ਸਾਧਵੀ ਫਲਗੁਨੀ, ਨਾਗਲ ਸ਼੍ਰਾਵਕ, ਸਤਿਆ ਸ੍ਰੀ ਸ਼੍ਰਾਵਿਕਾ ਹੋਵੇਗੀ । ਇਸ ਸਮੇਂ ਵਿਮਲ ਵਾਹਨ ਨਾਂ ਦਾ ਰਾਜਾ ਹੋਵੇਗਾ । ਸੁਮੁਖ ਨਾਂ ਦਾ ਉਸ ਦਾ ਮੰਤਰੀ ਹੋਵੇਗਾ । ਇਸ ਯੁਗ ਵਿਚ ਸ਼ਰੀਰ ਦੋ ਹੱਥ ਦਾ ਹੋਵੇਗਾ । ਵੱਧ ਤੋਂ ਵੱਧ ਉਮਰ 20 ਸਾਲ ਦੀ ਹੋਵੇਗੀ । ਇਸ ਤੋਂ ਬਾਅਦ ਦਾ ਯੁੱਗ ਭੈੜੇ ਤੋਂ ਭੈੜੇ ਹੀ ਹੋਵੇਗਾ। ਧਰਮ ਨੀਤੀ, ਰਾਜਨੀਤੀ ਆਦਿ ਦਾ ਖਾਤਮਾ ਹੋਵੇਗਾ । ਇਸ ਪ੍ਰਕਾਰ ਅਵਸਪਰਨੀ ਕਾਲ ਦੇ

ਅੰਤ ਵਿਚ ਹਰ ਪ੍ਰਕਾਰ ਦੇ ਗਿਆਨ, ਵਿਦਿਆ, ਦਵਾਈ, ਮੰਤਰ, ਬਨਸਪਤੀ, ਅਤੇ ਫੁੱਲਾਂ ਦਾ ਖਾਤਮਾ ਹੋ ਜਾਵੇਗਾ ।

ਦੁਸ਼ਮਾਂ ਨਾਂ ਦੇ ਇਸ ਆਰੇ ਦੇ ਭਾਗ ਵਿਚ ਪਹਿਲੇ ਸਮੇਂ ਸਾਧੂ ਧਰਮ ਦੁਪਿਹਰ ਨੂੰ ਰਾਜਧਰਮ ਅਤੇ ਸ਼ਾਮ ਨੂੰ ਅੱਗ ਦਾ ਖਾਤਮਾ ਹੋ ਜਾਵੇਗਾ । ਮਨੁੱਖ, ਪਸ਼ੂਆਂ ਵਾਲੀਆਂ ਆਦਤਾਂ ਧਾਰਨ ਕਰ ਲੈਣਗੇ । ਇਹ ਸਥਿਤੀ ਦੁਸ਼ਮਾ ਕਾਲ ਤਕ ਚਲੇਗੀ । ਫਿਰ ਉਤਸਵਰਨੀ ਨਾਂ ਦਾ ਸ਼ੁਭ ਸਮਾਂ ਆਵੇਗਾ । ਚੌਥ ਯੁੱਗ ਵਿਚ 24 ਤੀਰਥੰਕਰ ਸਮਾਂ ਪਾ ਕੇ ਜਨਮ ਲੈਂਦੇ ਰਹਿਣਗੇ ਅਤੇ ਧਰਮ ਪ੍ਰਚਾਰ ਸ਼ੁਰੂ ਹੋਵੇਗਾ ।"

ਭਗਵਾਨ ਮਹਾਵੀਰ ਦੇ ਮੁਖਾਰਬਿੰਦ ਤੋਂ ਭਵਿੱਖ ਦਾ ਅਜਿਹਾ ਵਰਨਣ ਸੁਣ ਕੇ ਅਨੇਕਾਂ ਮੁਨੀਆਂ, ਗ੍ਰਹਿਸਥਾਂ, ਸਾਧਵੀਆਂ ਨੇ ਪੰਡਤ ਮਰਨ ਧਾਰਨ ਕਰ ਲਿਆ । ਭਗਵਾਨ ਮਹਾਵੀਰ ਨੇ ਆਪਣਾ ਅੰਤਮ ਚੌਮਾਸਾ ਪਾਵਾ ਵਿਖੇ ਰਾਜਾ ਹਸਤੀਪਾਲ ਦੀ ਚੁੰਗੀ ਵਿਚ ਗੁਜਾਰਿਆ।

ਗੋਤਮ ਸਵਾਮੀ ਦੀ ਭਗਵਾਨ ਮਹਾਵੀਰ ਪ੍ਰਤੀ ਬੇਹੱਦ ਪਿਆਰ ਅਤੇ ਸ਼ਰਧਾ ਸੀ। ਭਗਵਾਨ ਮਹਾਵੀਰ ਦੇਂ ਇਸ ਮੋਹ ਕਾਰਣ ਹੀ ਗੋਤਮ ਸਵਾਮੀ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਸੀ ਹੋ ਰਿਹਾ ।

ਭਗਵਾਨ ਮਹਾਵੀਰ ਵੀਤਰਾਗੀ ਸਨ । ਉਹ ਗੋਤਮ ਦੇ ਪਿਆਰ ਨੂੰ ਬੜਾ ਸਨਮਾਨ ਦਿੰਦੇ ਸਨ । ਉਨ੍ਹਾਂ ਗੋਤਮ ਸਵਾਮੀ ਨੂੰ ਕਈ ਵਾਰ ਰਾਗ ਦਵੇਸ਼ ਛੱਡਣ ਦੀ ਪ੍ਰੇਰਨਾ ਦਿਤੀ, ਤਾਂ ਕਿ ਉਸਨੂੰ ਕੇਵਲ ਗਿਆਨ ਪ੍ਰਾਪਤ ਹੋ ਸਕੇ । ਪਰ ਗੋਤਮ ਸਵਾਮੀ ਭਗਵਾਨ ਮਹਾਵੀਰ ਪ੍ਰਤੀ ਰਾਗ ਨੂੰ ਛੱਡ ਨਾ ਸਕੇ ।

ਹੁਣ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਸਮਾਂ ਨੰਜਦੀਕ ਸੀ । ਉਨ੍ਹਾਂ ਸੋਚਿਆ " ਗੌਤਮ ਕੋਮਲ ਮਨ ਦਾ ਹੈ । ਇਹ ਮੇਰਾ ਵਿਛੋੜਾ ਨਹੀਂ ਸਹਿ ਸਕੇਗਾ । ਮੇਰੇ ਕਾਰਣ ਹੀ ਇਸਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ । ਚੰਗਾ ਹੋਵੇ, ਕਿ ਨਿਰਵਾਨ ਸਮੇਂ ਇਸਨੂੰ ਦੇਵ ਸ਼ਰਮਾ ਬ੍ਰਾਹਮਣ ਨੂੰ ਉਪਦੇਸ਼ ਲਈ ਭੇਜ ਦੇਵਾਂ ।"

ਭਗਵਾਨ ਮਹਾਵੀਰ ਦੀ ਆਗਿਆ ਨਾਲ ਗੌਤਮ ਸਵਾਮੀ ਪਾਵਾ ਦੇ ਨਜਦੀਕੀ ਪਿੰਡ ਵਿਚ ਦੇਵ ਸ਼ਰਮਾ ਨੂੰ ਸਮਝਾਉਣ ਚਲੇ ਗਏ । ਭਗਵਾਨ ਮਹਾਵੀਰ ਦੇ ਚੌਮਾਸੇ ਦਾ ਚੌਥਾ ਮਹੀਨਾ ਸ਼ੁਰੂ ਸੀ । ਚੌਥਾ ਮਹੀਨਾ ਵੀ ਅੱਧਾ ਬੀਤ ਗਿਆ ।

ਹੁਣ ਕੱਤਕ ਦੀ ਅਮਾਵਸ ਦੀ ਸਵੇਰ ਆ ਚੁਕੀ ਸੀ । ਇਹ ਧਰਮ ਸੰਭਾ ਭਗਵਾਨ ਮਹਾਵੀਰ ਦੀ ਅੰਤਮ ਧਰਮ ਸਭਾ ਸੀ । ਇਸ ਸਮੇਂ ਮਲ, ਕਾਸ਼ੀ ਅਤੇ ਕੋਸ਼ਲ ਗਣਰਾਜਾਂ ਦੇ 18 ਰਾਜੇ ਭਗਵਾਨ ਮਹਾਵੀਰ ਪਾਸ ਧਰਮ ਉਪਦੇਸ਼ ਸੁਣ ਰਹੇ ਸਨ ਅਤੇ ਪੋਸ਼ਧ ਕਰ ਰਹੇ ਸਨ । ਭਗਵਾਨ ਮਹਾਵੀਰ ਨੇ ਆਪਣਾ ਅੰਤ ਸਮਾਂ ਜਾਣ ਕੇ ਆਪਣਾ ਭਾਸ਼ਨ ਲਗਾਤਾਰ ਜਾਰੀ ਰਖਿਆ। ਇਸ ਤੋਂ ਭਾਸ਼ਨ ਅੱਜ ਵੀ ਸ਼੍ਰੀ ਉਤਰਾਧਿਐਨ ਸੂਤਰ ਵਿਚ ਸੁਰਖਿਅਤ ਹੈ

ਇਸ ਪ੍ਰਕਾਰ ਕੱਤਕ ਦੀ ਅਮਾਵਸ ਦੀ ਅੱਧੀ ਰਾਤ ਨੂੰ ਭਗਵਾਨ ਮਹਾਵੀਰ ਨੇ ਨਿਰਵਾਨ ਹਾਸਲ ਕੀਤਾ । ਸ਼੍ਰੀ ਉਤਰਾਧਿਐਨ ਸੂਤਰ ਦੇ 37 ਅਧਿਐਨ ਦੀ ਵਿਆਖਿਆ ਕਰਦੇ ਹੀ ਉਨ੍ਹਾਂ ਨਿਰਵਾਨ ਹਾਸਲ ਕਰ ਲਿਆ । ਕੱਤਕ ਦੀ ਅਮਾਵਸ ਬਹੁਤ ਹਨੇਰੀ ਸੀ।

ਇਸ ਹਨੇਰੀ ਰਾਤ ਨੂੰ ਦੇਵਤਿਆਂ ਅਤੇ ਮਨੁੱਖ ਨੇ ਰਤਨਾਂ ਤੇ ਦੀਪਾਂ ਨਾਲ ਪ੍ਰਕਾਸ਼ਵਾਨ ਕੀਤਾ। ਇਹ ਪ੍ਰਕਾਸ਼ ਦਾ ਪਰਵ ਅੱਜ ਦੀਵਾਲੀ ਦੇ ਨਾਂ ਨਾਲ ਪ੍ਰਚਲਿਤ ਹੈ । ਅਚਾਰਿਆ ਭੱਦਰਵਾਹ ਨੂੰ ਆਪਣੇ ਕੱਲਪ ਸੂਤਰ ਵਿੱਚ ਆਖਿਆ ਹੈ ਕਿ ਦੇਵਤਿਆਂ ਨੇ ਹਨੇਰੀ ਰਾਤ ਵਿਚ ਰਤਣਾਂ ਰਾਹੀਂ ਪ੍ਰਕਾਸ ਕੀਤਾ । ਮਨੁੱਖਾਂ ਨੇ ਸੋਚਿਆ ਕਿ ਗਿਆਨ ਪ੍ਰਕਾਸ਼ ਚਲਾ ਗਿਆ ਹੈ । ਹੁਣ ਅਸੀਂ ਦਰਵ ਪ੍ਰਕਾਸ਼ ਰਾਹੀਂ ਇਸ ਗਿਆਨ ਪ੍ਰਕਾਸ਼ ਭਗਵਾਨ ਮਹਾਵੀਰ ਦੀ ਯਾਦ ਨੂੰ ਕਾਇਮ ਰਖਾਂਗੇ। ਦੀਵਾਲੀ ਸੰਬੰਧੀ ਇਹ ਸਭ ਤੋਂ ਪ੍ਰਾਚੀਨ ਸਬੂਤ ਹੈ । ਜੋ ਅੱਜ ਤੋਂ 2000 ਹਜ਼ਾਰ ਸਾਲ ਪਹਿਲਾ ਕਲਪ ਸੂਤਰ ਵਿੱਚ ਮਿਲਦਾ ਹੈ ।

ਜਦ ਗੌਤਮ ਸਵਾਮੀ ਨੂੰ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਸਮਾਚਾਰ ਪਤਾ ਲਗਾ ਉਹ ਬਹੁਤ ਦੁਖੀ ਹੋਏ । ਉਹ ਬਚਿਆਂ ਦੀ ਤਰ੍ਹਾਂ ਰੋ ਕੇ ਕਹਿਣ ਲਗੇ " ਪ੍ਰਭੂ ਮੈਨੂੰ ਇੰਨਾ ਬੇਗਾਨਾ ਕਿਉ ਸਮਝਿਆ ? ਮੈਂ ਤਾਂ ਤੁਹਾਡਾ ਸੇਵਕ ਸੀ । ਮੈ ਤੁਹਾਡੇ ਮੁਕਤੀ ਧਨ ਵਿਚੋਂ ਕੋਈ ਹਿੱਸਾ ਥੋੜਾ ਮੰਗਦਾ ਸੀ, ਹੁਣ ਮੈਨੂੰ ਗੌਤਮ ਗੌਤਮ ਕੌਣ ਕਹੇਗਾ ? ਕਿਸ ਤੋਂ ਆਪਣੇ ਪ੍ਰਸ਼ਨਾਂ ਦਾ ਉੱਤਰ ਲਵਾਂਗਾ ?"

ਅਚਾਨਕ ਗੌਤਮ ਸਵਾਮੀ ਦੀ ਸੋਚ ਨੇ ਦੂਸਰਾ ਮੋੜ ਖਾਧਾ । ਉਹ ਸੋਚਣ ਲਗੇ "ਮੈਂ ਮੂਰਖ ਹਾਂ । ਭਗਵਾਨ ਮਹਾਵੀਰ ਤਾਂ ਵੀਤਰਾਗੀ ਸਨ । ਉਨ੍ਹਾਂ ਨੂੰ ਸੰਸਾਰ ਨਾਲ ਕੀ ਮਤਲਬ ਸੀ । ਮੇਰਾ ਰਾਗ ਬੇਅਰਥ ਸੀ । ਭਗਵਾਨ ਮਹਾਵੀਰ ਦੀ ਆਤਮਾ ਨੇ ਕਰਮਾਂ ਦਾ ਖਾਤਮਾ ਕਰ ਦਿੱਤਾ ਹੈ । ਹੁਣ ਉਹ ਪ੍ਰਮਾਤਮਾ ਹਨ । ਉਨ੍ਹਾਂ ਦਾ ਗਿਆਨ ਸਾਡੇ ਵਿਚਕਾਰ ਹੈ ।" ਇਉ ਸੋਚਦੇ ਗੌਤਮ ਸਵਾਮੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਇਸ ਪ੍ਰਕਾਰ ਦੀਵਾਲੀ ਵਾਲੇ ਦਿਨ ਗੌਤਮ ਸਵਾਮੀ ਦਾ ਕੇਵਲ ਗਿਆਨ ਅਤੇ ਭਗਵਾਨ ਮਹਾਵੀਰ ਦਾ ਨਿਰਵਾਨ ਹੋਇਆ। ਦੇਵਤਿਆਂ ਨੇ ਭਗਵਾਨ ਮਹਾਵੀਰ ਦਾ ਸੰਸਕਾਰ ਆਪਣੀ ਦੇਵ ਪ੍ਰੰਪਰਾ ਅਨੁਸਾਰ ਕੀਤਾ । ਜਿਸ ਸਮੇਂ ਭਗਵਾਨ ਮਹਾਵੀਰ ਦਾ ਨਿਰਵਾਣ ਹੋਣ ਲਗਾ ਤਾਂ ਦੇਵਤਿਆਂ ਦੇ ਰਾਜੇ ਸ਼ਕੇਂਦਰ ਨੇ ਭਗਵਾਨ ਮਹਾਵੀਰ ਪਾਸ ਪ੍ਰਾਰਥਨਾ ਕੀਤੀ, " ਹੇ ਪ੍ਰਭੂ ! ਤੁਸੀਂ ਤਾਂ ਜਾਣਦੇ ਹੋ ਕਿ ਤੁਹਾਡਾ ਗਰਭ ਵਿਚ ਆਉਣ, ਜਨਮ, ਦੀਖਿਆ ਅਤੇ ਕੇਵਲ ਗਿਆਨ ਹਸਤੋਤਰਾ ਨੱਛਤਰ ਵਿਚ ਹੋਏ ਸਨ । ਇਸ ਸਮੇਂ ਆਪ ਦੀ ਕੁੰਡਲੀ ਵਿਚ ਭਸਮਕ ਨਾਂ ਦਾ ਭੈੜਾ ਗ੍ਰਹਿ ਬੈਠਾ ਹੈ, ਜਿਸ ਦੇ ਸਿਟੇ ਵਜੋਂ 2000 ਸਾਲ ਤੱਕ ਤੁਹਾਡੇ ਧਰਮ ਸੰਘ ਦੀ ਹਾਨੀ ਹੋਵੇਗੀ। ਸਾਧੂ ਸਾਧਵੀਆਂ ਦਾ ਮਾਨ ਸਤਿਕਾਰ ਘਟੇਗਾ । ਜੇ ਤੁਸੀਂ ਕੁਝ ਪਲ ਲਈ ਆਪਣੇ ਸਵਾਸ ਵਧਾ ਲਵੋ ਤਾਂ ਇਹ ਮਹਾਨ ਸੰਕਟ ਟਲ ਜਾਵੇਗਾ ।"

ਭਗਵਾਨ ਮਹਾਵੀਰ ਨੇ ਸ਼ਕੇਂਦਰ ਦੇ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਕਿਹਾ " ਭਾਵੇਂ ਕੇਵਲ ਗਿਆਨੀ ਅੱਠ ਕਰਮਾਂ ਦਾ ਨਾਸ਼ ਕਰ ਸਕਦਾ ਹੈ, ਪਰ ਉਹ ਆਪਣੀ ਮਰਜੀ ਨਾਲ ਇਹ ਸਾਹ ਵਧਾ ਜਾਂ ਘਟਾ ਨਹੀਂ ਸਕਦਾ । ਕਿਉਕਿ ਸਾਹ ਵੀ ਉਨੇ ਆਉਂਦੇ ਹਨ ਜਿਨੇ ਕਰਮਾਂ ਅਨੁਸਾਰ ਆਉਣੇ ਹਨ । ਇਸ ਤਰ੍ਹਾਂ ਜੋ ਕਸ਼ਟ ਇਸ ਗ੍ਰਹਿ ਦੇ ਸਿਟੇ ਵਜੋਂ ਆਉਣਾ ਹੈ ਆਵੇਗਾ ਹੀ ।"

# ਨਿਰਵਾਨ ਮਹੋਤਸਵ

ਜਦ ਦੇਵਤਿਆਂ ਨੂੰ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਪਤਾ ਲਗਾ ਤਾਂ ਸਾਰੇ ਦੇਵੀ, ਦੇਵਤਿਆਂ ਨੇ ਜਮੀਨ ਉਪਰ ਆਉਣਾ ਸ਼ੁਰੂ ਕਰ ਦਿਤਾ ।

ਸ਼ੁਕਰ ਦੇਵਤੇ ਦੇ ਹੁਕਮ ਅਨੁਸਾਰ ਗੋਸ਼ੀਰਸ਼ ਚੰਦਨ ਇਕਠਾ ਕੀਤਾ ਗਿਆ । ਖੀਰੋਉਦਕ ਨਾਲ ਭਗਵਾਨ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ ਗਿਆ । ਦੇਵਤਿਆਂ ਨੇ ਭਗਵਾਨ ਦੇ ਸਰੀਰ ਤੇ ਗੋਸ਼ੀਰਸ਼ ਚੰਦਨ ਦਾ ਲੇਪ ਕੀਤਾ । ਇਕ ਹਲਕੇ, ਪਰ ਕੀਮਤੀ ਵਸਤਰ ਨਾਲ ਭਗਵਾਨ ਮਹਾਵੀਰ ਦੇ ਸਰੀਰ ਨੂੰ ਢਕਿਆ । ਫੇਰ ਦੇਵਤਿਆਂ ਨੇ ਫੁਲਾਂ ਦੀ ਵਰਖਾ ਕੀਤੀ ।

ਇੰਦਰ ਨੇ ਪਾਲਕੀ ਆਪਣੇ ਮੋਢੇ ਉਪਰ ਚੁਕੀਆਂ । ਪਾਲਕੀ ਦਾ ਜਲੂਸ ਘੁਮਦਾ ਹੋਇਆ ਸੰਸਕਾਰ ਵਾਲੇ ਥਾਂ ਤੇ ਪੁਜਾ । ਉਥੇ ਅਗਨੀ ਕੁਮਾਰ ਦੇਵਤਿਆਂ ਨੇ ਅੱਗ ਚਾਲੂ ਕੀਤੀ । ਵਾਯੂਕੁਮਾਰ ਦੇਵਤਿਆਂ ਨੇ ਹਵਾ ਚਲਾ ਕੇ ਉਸ ਅੱਗ ਨੂੰ ਤੇਜ਼ ਕੀਤਾ । ਹੋਰ ਦੇਵਤਿਆਂ ਨੇ ਭਗਵਾਨ ਮਹਾਵੀਰ ਦੀ ਚਿਤਾ ਵਿਚ ਘੀ ਆਦਿ ਕਈ ਖੁਸ਼ਬੂਦਾਰ ਪਦਾਰਥ ਸੁਟੇ । ਫੇਰ ਮੇਘ ਕੁਮਾਰ ਦੇਵਤਿਆਂ ਨੇ ਹਲਕੀ ਵਰਖਾ ਕਰਕੇ ਚਿਤਾ ਨੂੰ ਠੰਡਾ ਕੀਤਾ ।

ਮਨੁੱਖਾਂ ਨੇ ਭਸਮ ਗ੍ਰਹਿਣ ਕਰਕੇ ਸੰਤੋਸ਼ ਅਨੁਭਵ ਕੀਤਾ । ਭਗਵਾਨ ਮਹਾਵੀਰ ਦੇ ਅਗਨੀ ਸੰਸਕਾਰ ਵਾਲੀ ਥਾਂ ਤੇ ਇਕ ਕਾਫੀ ਡੂੰਘਾ ਟੋਆ ਪੈ ਗਿਆ ਸੀ । ਕਿਉਕਿ ਲੋਕ ਉਸ ਥਾਂ ਦੀ ਮਿੱਟੀ ਨੂੰ ਪਵਿੱਤਰ ਸਮਝ ਕੇ ਘਰ ਲਿਜਾ ਰਹੇ ਸਨ ।ਦੇਵਤਿਆਂ ਨੇ ਇਸ ਟੋਏ ਵਿਚ ਪਾਣੀ ਭਰ ਦਿੱਤਾ । ਭਗਵਾਨ ਮਹਾਵੀਰ ਦੇ ਵਡੇ ਭਰਾ ਮਹਾਰਾਜਾ ਨੰਦੀਵਰਧਨ ਨੇ ਇਸ ਤਲਾਅ ਦੇ ਵਿਚਕਾਰ ਇਕ ਸੁੰਦਰ ਜਲ ਮੰਦਰ ਦਾ ਨਿਰਮਾਣ ਕੀਤਾ, ਜੋ ਹੁਣ ਤੱਕ ਪਾਵਾ ਨਗਰੀ ਵਿਚ ਜਲ ਮੰਦਰ ਦੇ ਨਾਂ ਨਾਲ ਮਸ਼ਹੂਰ ਹੈ ।

ਨੰਦੀ ਵਰਧਨ ਰਾਜਾ ਆਪਣੇ ਛੋਟੇ ਭਰਾ ਭਾਗਵਾਨ ਵਰਧਮਾਨ ਮਹਾਵੀਰ ਦੇ ਨਿਰਵਾਨ ਤੋਂ ਬਹੁਤ ਦੁਖੀ ਸਨ । ਉਸ ਦਾ ਦੁੱਖ ਉਸ ਦੀ ਵੱਡੀ ਭੈਣ ਸੁਦਰਸ਼ਨਾ ਤੋਂ ਨਾ ਵੇਖਿਆ ਗਿਆ ।

ਸੁਦਰਸ਼ਨਾ ਨੇ ਭਗਵਾਨ ਮਹਾਵੀਰ ਦੇ ਨਿਰਵਾਨ ਦੇ ਦੋ ਦਿਨ ਬਾਅਦ ਆਪਣੇ ਭਰਾ ਨੰਦੀਵਰਧਨ ਨੂੰ ਆਪਣੇ ਘਰ ਬੁਲਾਇਆ । ਸੰਸਾਰ ਦੀ ਅਸਾਰਤਾ ਸਮਝਾ ਕੇ ਖਾਣਾ ਖਿਲਾਇਆ ਅਤੇ ਭੈਣ ਨੇ ਭਰਾ ਨੂੰ ਸਨਮਾਨ ਵਜੋਂ ਟਿੱਕਾ ਦਿੱਤਾ । ਇਸ ਟਿਕੇ ਵਾਲੇ ਦਿਨ ਨੂੰ ਟਿਕਾ ਭਾਈ ਦੂਜ ਆਖਦੇ ਹਨ ।

# ਧਰਮ

(1) ਧਰਮ ਸ਼ਰੇਸ਼ਟ ਮੰਗਲ ਹੈ । ਅਹਿੰਸਾ ਸੰਜਮ ਤੇ ਤਪ ਧਰਮ ਦੇ ਰੂਪ ਹਨ । ਜੋ ਇਸ ਪ੍ਰਕਾਰ ਦੇ ਧਰਮ ਦਾ ਪਾਲਣ ਕਰਦਾ ਹੈ । ਉਸਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ । **ਦਸ਼ਵੈਕਾਲਿਕ**

(2) ਧਰਮ ਹੀ ਇੱਕ ਅਜਿਹਾ ਪਵਿੱਤਰ ਕੰਮ ਹੈ ਜਿਸ ਰਾਹੀਂ ਆਤਮਾ ਦੀ ਸ਼ੁਧੀ ਹੁੰਦੀ ਹੈ । – **ਅਚਾਰਾਂਗ**

(3) ਹਮੇਸ਼ਾਂ ਸੰਸਾਰਿਕ ਕਾਮਭੋਗਾਂ ਵਿਚ ਫਸਿਆ ਮੂਰਖ ਧਰਮ ਦੇ ਤੱਤ ਨੂੰ ਪਛਾਣ ਨਹੀਂ ਸਕਦਾ ।

(4) ਹੇ ਰਾਜਨ ! ਇਕ ਧਰਮ ਹੀ ਰਖਿਆ ਕਰਨ ਵਾਲਾ ਹੈ । ਉਸ ਧਰਮ ਤੋਂ ਬਿਨਾਂ ਕੋਈ ਰਖਿਅਕ ਨਹੀਂ । – **ਉਤਰਾ** :

(5) ਆਂਰੀਆ (ਸ਼ਰੇਸ਼ਟ) ਪੁਰਸ਼ਾਂ ਨੇ ਜੀਵਨ ਦੀ ਇਕ ਸੁਰਤਾ (ਸਮਤਾ) ਵਿਚ ਹੀ ਧਰਮ ਆਖਿਆ ਹੈ । – **ਅਚਾਰਾਂਗ**

(6) ਧਰਮ ਦੇ ਦੋ ਰੂਪ ਹਨ (੧) ਸ਼ਰੁਤ ਧਰਮ (ਤੀਰਥੰਕਰਾਂ ਦਾ ਸ਼ਾਸਤਰ ਉਪਦੇਸ਼). (੨) ਚਾਰਿਤਰ ਧਰਮ (ਸਾਧੂ ਤੇ ਉਪਾਸਕ ਦਾ ਧਰਮ)

(7) ਧਰਮ ਦੀਵੇ ਦੀ ਤਰ੍ਹਾਂ ਅਗਿਆਨਤਾ ਰੂਪੀ ਹਨੇਰੇ ਦਾ ਨਾਸ਼ ਕਰਦਾ ਹੈ ।

**ਸੂਤ੍ਰਕ੍ਰਿਤਾਂਗ**

(8) ਬੁਧੀਮਾਨ ਪੁਰਸ਼ ਨੂੰ ਧਰਮ ਦਾ ਗਿਆਨ ਕਰਨਾ ਚਾਹੀਦਾ ਹੈ । **ਅਚਾਰਾਂਗ**

(9) ਸਰਲ ਆਤਮਾ ਹੀ ਸ਼ੁਧ ਹੁੰਦੀ ਹੈ ਅਤੇ ਸ਼ੁਧ ਆਤਮਾ ਅੰਦਰ ਧਰਮ ਨਿਵਾਸ ਕਰਦਾ ਹੈ । – **ਉਤਰਾਧਿਐਨ**

(10) ਧਰਮ ਦਾ ਮੂਲ (ਕੇਂਦਰ) ਵਿਨੈ ਹੈ ਅਤੇ ਧਰਮ ਦਾ ਫਲ ਮੋਕਸ਼ (ਮੁਕਤੀ) ਹੈ ।

– **ਦਸ਼ਵੈਕਾਲਿਕ**

# ਅਹਿੰਸਾ

(1) ਜਿਵੇਂ ਮੈਨੂੰ ਦੁੱਖ ਚੰਗਾ ਨਹੀਂ ਲੱਗਦਾ, ਉਸੇ ਪ੍ਰਕਾਰ ਸਾਰੇ ਜੀਵਾਂ ਨੂੰ ਦੁੱਖ ਚੰਗਾ ਨਹੀਂ ਲਗਦਾ । ਇਹ ਸਮਝ ਕੇ ਜੋ ਨਾ ਆਪ ਹਿੰਸਾ ਕਰਦਾ ਹੈ ਅਤੇ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਹੀ ਹਿੰਸਾ ਨੂੰ ਚੰਗਾ ਸਮਝਦਾ ਹੈ । ਉਹ ਹੀ ਭਿਕਸ਼ੂ ਜਾਂ ਸ਼੍ਰਮਣ ਹੈ ।

(2) ਕਿਸੇ ਪ੍ਰਾਣੀ ਦੀ ਹਿੰਸਾ ਨਾ ਕਰਨਾ ਹੀ ਗਿਆਨੀਆਂ ਦੇ ਗਿਆਨ ਦਾ ਸਾਰ ਹੈ ।

– **ਸੁਤਰਕ੍ਰਿਤਾਂਗ**

(3) ਦੁਸ਼ਮਨ ਅਤੇ ਮਿੱਤਰ ਦੋਹਾਂ ਪ੍ਰਤਿ ਇਕੋ ਜਿਹਾ ਦ੍ਰਿਸ਼ਟੀਕੋਣ ਅਹਿੰਸਾ ਹੈ ।

– **ਉਤਰਾਧਿਐਨ**

(4) ਵੈਰ ਰੱਖਣ ਵਾਲਾ ਮਨੁੱਖ ਸਦਾ ਵੈਰ ਹੀ ਕਰਦਾ ਹੈ । ਉਹ ਵੈਰ ਵਿੱਚ ਹੀ ਆਨੰਦ ਮਾਣਦਾ ਹੈ । ਹਿੰਸਕ ਕਰਮ ਪਾਪਾਂ ਨੂੰ ਜਨਮ ਦੇਣ ਵਾਲੇ ਹਨ । ਅਤੇ ਸਮੇਂ ਪਾ ਕੇ ਇਹ ਦੁੱਖ ਦਾ ਕਾਰਣ ਬਣਦੇ ਹਨ । - **ਸੂਤਰਕ੍ਰਿਤਾਂਗ**

(5) ਸਾਰੇ ਜੀਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ । – **ਦਸ਼ਵੇਕਾਲਿਕ**

(6) ਅਹਿੰਸਾ ਤਰਸ (ਹਿਲਣ-ਚਲਣ ਵਾਲੇ) ਸਥਾਵਰ (ਸਥਿਰ) ਦੋਹਾਂ ਪ੍ਰਕਾਰ ਦੇ ਜੀਵਾਂ ਦਾ ਭਲਾ ਅਤੇ ਮੰਗਲ ਕਰਨ ਵਾਲੀ ਹੈ । – **ਪ੍ਰਸ਼ਨ** :

(7) ਡਰੇ ਜੀਵਾਂ ਲਈ, ਜਿਵੇਂ ਕੋਈ ਛੋਟਾ ਜਿਹਾ ਆਸਰਾ ਹੀ ਉੱਤਮ ਹੁੰਦਾ ਹੈ ਉਸੇ ਪ੍ਰਕਾਰ ਸਾਰੇ ਜੀਵਾਂ ਲਈ ਅਹਿੰਸਾ ਉੱਤਮ ਹੈ । - **ਪ੍ਰਸ਼ਨ ਵਿਆਕਰਣ**

(8) ਸਾਰੇ ਜੀਵਾਂ ਪ੍ਰਤੀ ਦੋਸਤੀ ਦੀ ਭਾਵਨਾ ਰਖੋ । - **ਉਤਰਾਧਿਐਨ**

(9) ਜੀਵ ਹਿੰਸਾ ਆਪਣੀ ਹਿੰਸਾ ਹੈ । ਜੀਵਾਂ ਪ੍ਰਤੀ ਦਿਆ ਆਪਣੇ ਪ੍ਰਤੀ ਦਿਆ ਹੈ । ਇਸ ਦ੍ਰਿਸ਼ਟੀ ਨੂੰ ਲੈ ਕੇ ਸਚਾ ਸਾਧੂ ਹਮੇਸ਼ਾਂ ਹਿੰਸਾ ਦਾ ਤਿਆਗ ਕਰਦਾ ਹੈ ।

– **ਭਗਵਤੀ**

(10) ਸੰਸਾਰ ਵਿਚ ਜੋ ਕੁਝ ਸੁਖ, ਵਡਿਆਈ, ਸਹਿਜ, ਸੁੰਦਰਤਾ, ਅਰੋਗਤਾ ਅਤੇ ਸੁਭਾਗ ਵਿਖਾਈ ਦਿੰਦੇ ਹਨ ਸਭ ਅਹਿੰਸਾ ਦਾ ਫਲ ਹਨ । - ਭਗਵਤੀ

(11) ਸੰਸਾਰ ਵਿਚ ਜਿਵੇਂ ਸਮੇਰੂ ਤੋਂ ਉਚੀ ਅਤੇ ਅਕਾਸ਼ ਤੋਂ ਵਿਸ਼ਾਲ ਕੋਈ ਦੂਸਰੀ ਚੀਜ਼ ਨਹੀਂ ਉਸ ਪ੍ਰਕਾਰ ਇਹ ਗੱਲ ਵਿਸ਼ਵਾਸ਼ ਕਰਨ ਵਾਲੀ ਹੈ ਕਿ ਅਹਿੰਸਾ ਤੋਂ ਬੜਾ ਕੋਈ ਧਰਮ ਨਹੀਂ । – **ਭਗਵਤੀ**

(12) ਜੀਵ ਹਿੰਸਾ ਹੀ ਪਾਪ ਕਰਮ ਦੇ ਬੰਧਨ ਕਾਰਣ ਹੈ । ਇਹ ਹਿੰਸਾ ਹੀ ਮੌਤ ਅਤੇ ਨਰਕ ਹੈ । - **ਅਚਾਰਾਂਗ**

# ਸੱਚ

(1) ਮਨੁੱਖ ! ਸਚ ਨੂੰ ਪਛਾਣ । ਜੋ ਵਿਦਵਾਨ ਸੱਚ ਨੂੰ ਪਛਾਣ ਕੇ, ਸਚ ਦੇ ਮਾਰਗ ਤੇ ਚਲਦਾ ਹੈ ਉਹ ਮੌਤ ਤੋਂ ਪਾਰ ਹੋ ਜਾਂਦਾ ਹੈ । – **ਅਚਾਰਾਂਗ**

(2) ਸੱਚ ਹੀ ਭਗਵਾਨ ਹੈ । - **ਪ੍ਰਸ਼ਨ ਵਿਆਕਰਣ**

(3) ਸਦਾ ਹਿਤਕਾਰੀ ਵਾਕ ਬੋਲਣਾ ਚਾਹੀਦਾ ਹੈ । – **ਉਤਰਾਧਿਐਨ**

(4) ਇਸ ਲੋਕ ਵਿਚ ਸੱਚ ਹੀ ਸਾਰ ਤਤਵ ਹੈ । ਇਹ ਮਹਾਂ (ਵਿਸ਼ਾਲ) ਸਮੁੰਦਰ ਤੋਂ ਵੀ ਗੰਭੀਰ ਹੈ । - **ਪ੍ਰਸ਼ਨ ਵਿਆਕਰਨ**

(5) ਆਪਣੇ ਸਵਾਰਥ ਦੇ ਲਈ ਜਾਂ ਦੂਸਰੇ ਦੇ ਲਈ, ਕਰੋਧ ਅਤੇ ਭੈ ਨਾਲ ਕਿਸੇ ਮੌਕੇ ਤੇ ਵੀ ਦੂਸਰੇ ਨੂੰ ਕਸ਼ਟ ਦੇਣ ਵਾਲਾ ਝੂਠ ਨਾ ਬੋਲੇ, ਨਾ ਦੂਸਰੇ ਤੋਂ ਬੁਲਵਾਏ ।

– **ਦਸ਼ਵੈਕਾਲਿਕ**

(6) ਮਨੁੱਖ ਲੋਭ ਤੋਂ ਪ੍ਰੇਰਤ ਹੋ ਕੇ ਝੂਠ ਬੋਲਦਾ ਹੈ । - **ਪ੍ਰਸ਼ਨ ਵਿਆਕਰਨ**

(7) ਆਪਣੀ ਆਤਮਾ ਰਾਹੀਂ ਸੱਚ ਦੀ ਖੋਜ ਕਰੋ । - **ਉਤਰਾਧਿਐਨ**

(8) ਲੋਹੇ ਦੇ ਟੁਕੜੇ (ਤੀਰ) ਤਾਂ ਥੋੜੀ ਦੇਰ ਲਈ ਦੁੱਖ ਦਿੰਦੇ ਹਨ । ਇਹ ਟੁਕੜੇ ਅਸਾਨੀ ਨਾਲ ਸਰੀਰ ਵਿਚੋਂ ਕਢੇ ਜਾ ਸਕਦੇ ਹਨ, ਪਰ ਸ਼ਬਦਾਂ ਨਾਲ ਆਖੇ ਤਿਖੇ ਬਚਨਾਂ ਦੇ ਤੀਰ ਵੈਰ ਵਿਰੋਧ ਦੀ ਪ੍ਰੰਪਰਾ ਨੂੰ ਵਧਾ ਕੇ ਕਰੋਧ ਉਤਪੰਨ ਕਰਦੇ ਹਨ ਅਤੇ ਜੀਵਨ ਭਰ ਇਨ੍ਹਾਂ ਕੌੜੇ ਬਚਨਾਂ ਦਾ ਜੀਵਨ ਵਿਚੋਂ ਨਿਕਲਣਾ ਕਠਿਨ ਹੈ ।

# ਅਸਤੇ (ਚੋਰੀ ਨਾ ਕਰਨਾ)

(1) ਅਸਤੇ ਵਰਤ ਵਿਚ ਵਿਸ਼ਵਾਸ਼ ਰੱਖਣ ਵਾਲਾ ਮਨੁੱਖ ਬਿਨਾ ਇਜ਼ਾਜ਼ਤ ਤੋਂ ਢੰਦ ਕੁਰੇਦਨ ਵਾਲਾ ਤਿਨਕਾ ਵੀ ਨਹੀਂ ਲੈਂਦਾ । - **ਪ੍ਰਸ਼ਨ ਵਿਆਕਰਨ**

(2) ਕਿਸੇ ਦੀ ਵਸਤੂ ਇਜਾਜ਼ਤ ਨਾਲ ਹੀ ਗ੍ਰਹਿਣ ਕਰਨੀ ਚਾਹੀਦੀ ਹੈ ।

**– ਪ੍ਰਸ਼ਨ ਵਿਆਕਰਨ**

(3) ਜਿਹੜਾ ਪ੍ਰਾਪਤ ਪਦਾਰਥਾਂ ਨੂੰ ਵੰਡ ਕੇ ਨਹੀਂ ਖਾਂਦਾ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । - **ਦਸ਼ਵੈਕਾਲਿਕ**

# ਬ੍ਰਹਮਚਰਜ

(1) ਜੋ ਮਨੁੱਖ ਔਖੇ ਬ੍ਰਹਮਚਰਜ ਦਾ ਪਾਲਣ ਕਰਦਾ ਹੈ ਉਸ ਬ੍ਰਹਮਚਾਰੀ ਨੂੰ ਦੇਵਤੇ, ਦਾਨਵ, ਗੰਧਰਵ, ਜੱਖ, ਰਾਖਸ਼ ਅਤੇ ਕਿੰਨਰ ਵੀ ਨਮਸਕਾਰ ਕਰਦੇ ਹਨ ।

**– ਉਤਰਾਧਿਐਨ**

(2) ਸਾਰੀ ਤਪਸਿਆਵਾਂ ਵਿਚੋਂ ਬ੍ਰਹਮਚਰਜ ਮਹਾਨ ਤਪ ਹੈ । - **ਸਤਰਕ੍ਰਿਤਾਂਗ**

(3) ਬ੍ਰਹਮਚਰਜ, ਉੱਤਮ, ਤਪ, ਨਿਯਮ, ਗਿਆਨ, ਦਰਸ਼ਨ, ਚਾਰਿਤਰ, ਸਮਿਅਕਤਵ ਅਤੇ ਵਿਨੈ ਆਦਿ ਗੁਣਾਂ ਦਾ ਮੂਲ (ਕੇਂਦਰ) ਹੈ । - **ਪ੍ਰਸ਼ਨ ਵਿਆਕਰਨ**

(4) ਇਕ ਬ੍ਰਹਮਚਰਜ ਦੀ ਸਾਧਨਾ ਕਰਨ ਵਾਲੇ ਨੂੰ ਅਨੇਕਾਂ ਗੁਣ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ । - **ਉਤਰਾਧਿਐਨ**

(5) ਔਖੇ ਬ੍ਰਹਮਚਰਜ ਵਰਤ ਨੂੰ ਧਾਰਨ ਕਰਨਾ ਬਹੁਤ ਕਠਿਨ ਹੈ । – **ਦਸ਼ਵੈਕਾਲਿਕ**

(6) ਧੀਰ ਪੁਰਸ਼ ! ਭੋਗਾਂ ਦੀ ਆਸ ਛੱਡ । ਤੂੰ ਇਸ ਭੋਗ ਰੂਪੀ ਕੰਡੇ ਤੋਂ ਕਿਉ ਦੁਖੀ ਹੁੰਦਾ ਹੈ ? – **ਅਚਾਰਾਂਗ**

(7) ਦੇਵਤਿਆਂ ਸਮੇਤ ਸਾਰੇ ਸੰਸਾਰ ਦੇ ਦੁਖਾਂ ਦਾ ਮੂਲ ਕਾਰਣ ਕਾਮ ਭੋਗ ਹਨ । ਕਾਮ ਭੋਗਾਂ ਉਪਰ ਜਿੱਤ ਹਾਸਲ ਕਰਨ ਵਾਲਾ ਸਾਧਕ, ਸਭ ਪ੍ਰਕਾਰ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਤੋਂ ਛੁਟਕਾਰਾ ਪਾ ਲੈਂਦਾ ਹੈ । – **ਉਤਰਾਧਿਐਨ**

(8) ਇੰਦਰੀਆਂ ਦੇ ਵਿਸ਼ੇ ਨੂੰ ਸੰਸਾਰ ਆਖਦੇ ਹਨ । ਸੰਸਾਰ ਹੀ ਇੰਦਰੀਆਂ ਦਾ ਵਿਸ਼ਾ ਹੈ । **– ਅਚਾਰਾਂਗ**

(9) ਜਿਵੇਂ ਕੱਛੂ ਖਤਰੇ ਦੀ ਜਗ੍ਹਾ, ਆਪਣੇ ਅੰਗਾਂ ਨੂੰ ਸਰੀਰ ਵਿਚ ਸਮੇਟ ਲੈਂਦਾ ਹੈ ਉਸੇ ਪ੍ਰਕਾਰ ਗਿਆਨੀ ਮਨੁੱਖ ਵੀ ਵਿਸ਼ੇ ਵਿਕਾਰ ਤੇ ਮੋਹ ਤੋੜ ਕੇ ਇੰਦਰੀਆਂ ਨੂੰ ਆਤਮ ਗਿਆਨ ਅੰਦਰ ਇਕੱਠਾ ਕਰਕੇ ਰਖੇ । **ਸੂਤਰਕ੍ਰਿਤਾਂਗ**

(10) ਜੋ ਮਨੁੱਖ ਸੁੰਦਰ ਅਤੇ ਪਿਆਰੇ ਭੋਗਾਂ ਨੂੰ ਪ੍ਰਾਪਤ ਕਰਕੇ ਵੀ ਉਨ੍ਹਾਂ ਤੋਂ ਪਿੱਠ ਫੇਰ ਲੈਂਦਾ ਹੈ । ਸਭ ਪ੍ਰਕਾਰ ਦੇ ਭੋਗਾਂ ਦਾ ਤਿਆਗ ਕਰਦਾ ਹੈ ਉਹ ਹੀ ਸੱਚਾ ਤਿਆਗੀ ਹੈ । **- ਦਸ਼ਵੇਕਾਲਿਕ**

# ਅਪਰਿਗ੍ਰਹਿ

## (ਜ਼ਰੂਰਤ ਤੋਂ ਵੱਧ ਵਸਤੂਆਂ ਦਾ ਸੰਗ੍ਰਹਿ ਨਾ ਕਰਨਾ)

(1) ਸੰਸਾਰ ਵਿਚ ਸਭ ਜੀਵਾਂ ਨੂੰ ਜਕੜਨ ਵਾਲੀ ਸੰਗ੍ਰਹਿ ਵਿਰਤੀ ਤੋਂ ਵੱਡੀ ਕੋਈ ਜੰਜੀਰ ਨਹੀਂ । **– ਪ੍ਰਸ਼ਨ ਵਿਆਕਰਨ**

(2) ਜੋ ਮੋਹ ਮਮਤਾ ਵਾਲੀ ਬੁਧੀ ਦਾ ਤਿਆਗ ਕਰਦਾ ਹੈ ਉਹ ਮੋਹ ਮਮਤਾ ਦਾ ਤਿਆਗ ਕਰਦਾ ਹੈ ਅਜਿਹਾ ਜੀਵ ਹੀ ਸੰਸਾਰ ਦਾ ਜੇਤੂ ਹੈ ਜੋ ਮੋਹ ਮਮਤਾ ਨਹੀਂ ਰਖਦਾ ।
**– ਅਚਾਰਾਂਗ**

(3) ਜੀਵ ਆਤਮਾ ਨੂੰ, ਜੋ ਅੱਜ ਤੱਕ ਦੁਖਾਂ ਦੀ ਵਿਰਾਸਤ ਮਿਲੀ ਹੈ ਉਹ ਪਰ ਪਦਾਰਥਾਂ ਪ੍ਰਤੀ ਮਿਲਾਪ ਕਾਰਣ ਮਿਲੀ ਹੈ, ਅਜਿਹੇ ਸਬੰਧ ਹਮੇਸ਼ਾਂ ਲਈ ਤਿਆਗ ਦੇਣੇ ਚਾਹੀਦੇ ਹਨ । **- ਦਸ਼ਵੇਕਾਲਿਕ**

(4) ਵਸਤੂ ਪ੍ਰਤੀ ਲਗਾਵ ਦੀ ਭਾਵਨਾ ਹੀ ਪਰਿਗ੍ਰਹਿ ਹੈ । **- ਪ੍ਰਸ਼ਨ ਵਿਆਕਰਨ**

(5) ਪ੍ਰਮਾਦੀ (ਅਣਗਹਿਲੀ ਕਰਨ ਵਾਲਾ) ਮਨੁੱਖ ਧਨ ਰਾਹੀਂ ਨਾ ਇਸ ਲੋਕ ਵਿਚ ਆਪਣੀ ਰਖਿਆ ਕਰ ਸਕਦਾ ਹੈ ਅਤੇ ਨਾ ਪਰਲੋਕ ਵਿਚ ।
**– ਪ੍ਰਸ਼ਨ ਵਿਆਕਰਨ**

(6) ਮੁਨੀ ਜੋ ਵੀ ਕਪੜੇ, ਭਾਂਡੇ, ਕੰਬਲ ਅਤੇ ਰਜੋਹਰਨ ਰਖਦੇ ਹਨ ਉਹ ਸਭ ਸੰਜਮ ਦੀ ਰਖਿਆ ਲਈ ਰਖਦੇ ਹਨ । ਇਨ੍ਹਾਂ ਸੰਗ੍ਰਹਿ ਪਿਛੇ ਕੋਈ ਵਸਤਾਂ ਦੇ ਇੱਕਠ ਦੀ ਭਾਵਨਾ ਕੰਮ ਨਹੀਂ ਕਰਦੀ । **– ਦਸ਼ਵੇਕਾਲਿਕ**

(7) ਸੰਸਾਰ ਵਿਚ ਪਰਿਗ੍ਰਹਿ ਤੋਂ ਬੜਾ ਕੋਈ ਜੰਜਾਲ ਜਾਂ ਜੰਜੀਰ ਨਹੀਂ ।
**– ਪ੍ਰਸ਼ਨ ਵਿਆਕਰਨ**

(8) ਇਛਾਵਾਂ ਅਕਾਸ਼ ਤੋਂ ਵੀ ਉਚੀਆਂ ਹੁੰਦੀਆਂ ਹਨ । **- ਉਤਰਾਧਿਐਨ**

(9) ਕਾਮਨਾਵਾਂ ਦਾ ਅੰਤ ਕਰਨਾ ਹੀ ਦੁੱਖਾਂ ਦਾ ਅੰਤ ਕਰਨਾ ਹੈ ।
**– ਦਸ਼ਵੇਕਾਲਿਕ**

(10) ਸਭ ਪਖੋਂ ਅਹਿੰਸਾ ਤੇ ਮਮਤਾ ਰਹਿਤ ਹੋਣਾ ਬਹੁਤ ਮੁਸ਼ਕਲ ਹੈ ।– **ਉਤਰਾਧਿਐਨ**

(11) ਸੱਚਾ ਸਾਧੂ ਸਰੀਰ ਪ੍ਰਤੀ ਵੀ ਮਮਤਾ ਨਹੀਂ ਰਖਦਾ । – **ਦਸ਼ਵੇਕਾਲਿਕ**

# ਗਿਆਨ

(1) ਪਹਿਲਾਂ ਗਿਆਨ ਹੋਣਾ ਚਾਹੀਦਾ ਹੈ, ਆਚਰਨ ਜਾਂ ਦਿਆ ਪਿਛੋਂ ਆਉਂਦੀ ਹੈ ।
– **ਦਸ਼ਵੇਕਾਲਿਕ**

(2) ਜਿਵੇਂ ਧਾਗੇ ਵਿਚ ਪਿਰੋਈ ਸੂਈ ਗਿਰ ਜਾਣ ਤੇ ਵੀ ਗੁੰਮ ਨਹੀਂ ਹੁੰਦੀ ਉਸੇ ਪ੍ਰਕਾਰ ਗਿਆਨ ਰੂਪੀ ਧਾਗੇ ਵਾਲੀ ਆਤਮਾ ਸੰਸਾਰ ਵਿਚ ਨਹੀਂ ਭਟਕਦੀ ।
– **ਉਤਰਾਧਿਐਨ**

(3) ਆਤਮ ਦਰਸ਼ਟਾ (ਅੰਦਰ ਝਾਤੀ ਮਾਰਨ ਵਾਲੇ) ਨੂੰ ਉਚੀ ਤੇ ਨੀਵੀਂ ਹਰ ਹਾਲਤ ਵਿਚ ਨਾ ਖੁਸ਼ ਹੋਣਾ ਚਾਹੀਦਾ ਹੈ, ਨਾ ਗੁਸੇ । – **ਅਚਾਰਾਂਗ**

(4) ਜੀਵ ਗਿਆਨ ਰਾਹੀਂ ਪਦਾਰਥਾਂ ਦੇ ਸਵਰੂਪ ਨੂੰ ਜਾਣਦਾ ਹੈ ।
– **ਉਤਰਾਧਿਐਨ**

(5) ਗਿਆਨ ਭਰਪੂਰ ਜੀਵ ਹੀ ਸਾਰੇ ਵਸਤਾਂ ਦੇ ਸਵਰੂਪ ਨੂੰ ਜਾਣ ਸਕਦਾ ਹੈ ।
– **ਉਤਰਾਧਿਐਨ**

(6) ਗਿਆਨ ਤੋਂ ਬਿਨਾਂ ਚਾਰਿੱਤਰ (ਸੰਜਮ) ਨਹੀਂ ਹੁੰਦਾ । - **ਉਤਰਾਧਿਐਨ**

# ਸ਼ਰਧਾ

(1) ਧਰਮ ਤੱਤਵ ਪ੍ਰਤੀ ਸ਼ਰਧਾ ਹੋਣਾ ਬਹੁਤ ਹੀ ਦੁਰਲਭ ਹੈ । – **ਉਤਰਾਧਿਐਨ**

(2) ਨਾ ਦੇਖਣ ਵਾਲੇ ! ਤੂੰ ਵੇਖਣ ਵਾਲੇ ਦੀ ਗੱਲ ਤੇ ਵਿਸ਼ਵਾਸ਼ ਕਰ ।
– **ਸੂਤਰਕ੍ਰਿਤਾਂਗ**

(3) ਧਰਮ ਪ੍ਰਤੀ ਸ਼ਰਧਾ ਸਾਨੂੰ ਰਾਗ ਦਵੇਸ਼ ਤੋਂ ਮੁਕਤ ਕਰ ਸਕਦੀ ਹੈ ।
– **ਉਤਰਾਧਿਐਨ**

# ਤੱਪ

(1) ਆਤਮਾ ਨੂੰ ਸਰੀਰ ਤੋਂ ਅੱਡ ਜਾਣ ਕੇ ਭੋਗੀ ਸਰੀਰ ਨੂੰ ਤਪਸਿਆ ਵਿਚ ਲਗਾਉਣਾ ਚਾਹੀਦਾ ਹੈ । - **ਅਚਾਰਾਂਗ**

(2) ਤੱਪ ਰੂਪੀ ਤੀਰ ਕਮਾਨ ਰਾਹੀਂ ਕਰਮ ਰੂਪੀ ਚੋਰ ਦਾ ਖਾਤਮਾਂ ਕਰੋ ।
– **ਉਤਰਾਧਿਐਨ**

(3) ਕਰੋੜਾਂ ਜਨਮਾਂ ਦੇ ਇਕਠੇ ਕਰਮ ਤਪਸਿਆ ਰਾਹੀਂ ਨਸ਼ਟ ਹੋ ਜਾਂਦੇ ਹਨ ।

**– ਦਸ਼ਵੈਕਾਲਿਕ**

(4) ਇਛਾਵਾਂ ਨੂੰ ਰੋਕਣ ਦਾ ਨਾਂ ਤੱਪ ਹੈ । **– ਉਤਰਾਧਿਐਨ**

# ਭਾਵ

(1) ਭਾਵ ਸੱਚ (ਭਾਵ) ਰਾਹੀਂ ਆਤਮਾ (ਭਾਵ) ਸ਼ੁਧੀ ਨੂੰ ਪ੍ਰਾਪਤ ਹੁੰਦੀ ਹੈ ।

**– ਉਤਰਾਧਿਐਨ**

(2) ਭਾਵ ਵਿਸ਼ੁਧੀ ਹੋਣ ਨਾਲ ਜੀਵ, ਵਰਤਮਾਨ ਕਾਲ ਵਿਚ ਅਰਿਹੰਤਾਂ ਰਾਹੀਂ ਦਸੇ ਧਰਮ ਦੀ ਅਰਾਧਨਾ ਵਲ ਅਗੇ ਵਧਦਾ ਹੈ । **– ਉਤਰਾਧਿਐਨ**

# ਸਾਧਨਾ

(1) ਜਿਵੇਂ ਲੋਹੇ ਦੇ ਚਨੇ (ਛੋਲੇ) ਚਬਾਉਣਾ ਕਠਿਨ ਹੈ ਉਸੇ ਪ੍ਰਕਾਰ ਸੰਜਮ ਪਾਲਣਾ ਵੀ ਕਠਿਨ ਹੈ । **– ਸੂਤਰਕ੍ਰਿਤਾਂਗ**

(2) ਗਿਆਨੀ ਪੁਰਸ਼ ਧਿਆਨ ਯੋਗ ਨੇ ਅੰਗੀਕਾਰ ਕਰੇ । ਦੇਹ ਪ੍ਰਤੀ ਮੋਹ ਦੀ ਭਾਵਨਾ ਦਾ ਤਿਆਗ ਹਮੇਸ਼ਾਂ ਲਈ ਕਰ ਦੇਵੇ । **– ਸੂਤਰਕ੍ਰਿਤਾਂਗ**

# ਸਮਭਾਵ (ਇਕ ਸੁਰਤਾ)

(1) ਕਸ਼ਟ ਸਮੇਂ ਮਨ ਨੂੰ ਉਚਾ ਨੀਵਾਂ ਨਹੀਂ ਹੋਣ ਦੇਣਾ ਚਾਹੀਦਾ ।

(2) ਧਰਮੀ ਨੂੰ ਹਮੇਸ਼ਾਂ ਸਮਤਾ ਭਾਵ ਧਾਰਨ ਕਰਨਾ ਚਾਹੀਦਾ ਹੈ ।

(3) ਜੋ ਸਾਧਕ ਸੰਸਾਰ ਨੂੰ ਸਮਭਾਵ ਨਾਲ ਵੇਖਦਾ ਹੈ, ਉਹ ਨਾ ਤਾਂ ਕਿਸੇ ਦਾ ਚਾਹੁਣ ਵਾਲਾ ਹੁੰਦਾ ਹੈ ਨਾ ਹੀ ਕਿਸੇ ਵਲੋਂ ਨਫਰਤ ਯੋਗ ਹੁੰਦਾ ਹੈ ।

**– ਸੂਤਰਕ੍ਰਿਤਾਂਗ**

# ਸਮਿਅੱਕ ਦਰਸ਼ਨ (ਸਹੀ ਵੇਖਣਾ)

(1) ਸਮਿਅਕ ਦਰਸ਼ਨ ਤੋਂ ਬਿਨਾਂ ਗਿਆਨ ਨਹੀਂ ਹੁੰਦਾ । **– ਉਤਰਾਧਿਐਨ**

(2) ਸਮਿਅਕਤਵ ਤੋਂ ਬਿਨਾਂ ਚਾਰਿਤਰ ਆਦਿ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ ।

**– ਉਤਰਾਧਿਐਨ**

# ਵੀਤਰਾਗਤਾ

(1) ਜੋ ਮਨ ਨੂੰ ਚੰਗੇ ਅਤੇ ਮੰਦੇ ਲੱਗਣ ਵਾਲੇ ਰਸਾਂ ਵਿਚ ਇਕ ਸਮਾਨ ਰਹਿੰਦਾ ਹੈ ਉਹ ਹੀ ਵੀਤਰਾਗੀ ਹੈ ।- **ਉਤਰਾਧਿਐਨ**

(2) ਜੋ ਸਾਧਕ ਕਾਮਨਾਵਾ ਤੇ ਜਿੱਤ ਹਾਸਲ ਕਰ ਚੁੱਕਾ ਹੈ ਉਹ ਹੀ ਮੁਕਤ ਪੁਰਸ਼ ਹੈ।

**– ਅਚਾਰਾਂਗ**

(3) ਵੀਤਰਾਗੀ ਮਨੁੱਖ ਦੁੱਖ ਸੁੱਖ ਵਿਚ ਸਮ (ਇਕ) ਰਹਿੰਦਾ ਹੈ ।- ਸੂਤਰਕ੍ਰਿਤਾਂਗ

(4) ਆਤਮਾ ਬਾਰੇ ਜਾਨਣ ਵਾਲੇ ਸਾਧੂ ਨੂੰ ਲਗਾਵ ਦੀ ਭਾਵਨਾ ਤੋਂ ਰਹਿਤ ਹੋ ਕੇ ਸਾਰੇ ਕਸ਼ਟਾਂ ਨੂੰ ਸਹਿਣਾ ਚਾਹੀਦਾ ਹੈ । **– ਸੂਤਰਕ੍ਰਿਤਾਂਗ**

# ਜੀਵ ਆਤਮਾ

(1) ਉਪਯੋਗ (ਸੋਚ) ਜੀਵ ਦਾ ਲੱਛਣ ਹੈ । **– ਉਤਰਾਧਿਐਨ**

(2) ਗਿਆਨ, ਦਰਸ਼ਨ, ਚਾਰਿਤਰ, ਤਪ, ਵੀਰਜ (ਆਤਮ ਸ਼ਕਤੀ) ਅਤੇ ਉਪਯੋਗ ਜੀਵ ਦੇ ਲੱਛਣ ਹਨ । - **ਉਤਰਾਧਿਐਨ**

(3) ਆਤਮਾ ਚੇਤਨਾ ਸਦਕਾ ਕਰਮ ਕਰਦੀ ਹੈ, ਚੇਤਨਾ ਰਹਿਤ ਕੋਈ ਕੰਮ ਨਹੀਂ ਕਰਦੀ।

**– ਭਗਵਤੀ ਸੂਤਰ**

(4) ਜੀਵ ਸ਼ਾਸ਼ਵਤ (ਹਮੇਸ਼ਾਂ ਰਹਿਣ ਵਾਲਾ) ਵੀ ਹੈ ਅਤੇ ਅਸ਼ਾਸ਼ਵਤ (ਖਤਮ ਹੋਣ ਵਾਲਾ) ਵੀ ਹੈ । ਦਰਵ ਦਰਿਸ਼ਟੀ (ਸਰੀਰ) ਪਖੋਂ ਜੀਵ ਸ਼ਾਸ਼ਵਤ ਹੈ ਅਤੇ ਭਾਵ ਦਰਿਸ਼ਟੀ (ਆਤਮਾ) ਪਖੋਂ ਅਸ਼ਾਸ਼ਵਤ ਹੈ ।

(5) ਜੋ ਜੀਵ ਹੈ ਉਹ ਹੀ ਚੇਤਨਾ ਹੈ । ਜੋ ਚੇਤਨਾ ਹੈ ਉਹ ਹੀ ਜੀਵ ਹੈ ।

**– ਭਗਵਤੀ ਸੂਤਰ**

(6) ਜੋ ਇਕ ਆਤਮਾ ਨੂੰ ਜਾਣਦਾ ਹੈ ਉਹ ਸਭ ਨੂੰ ਜਾਣਦਾ ਹੈ ਜੋ ਸਭ ਨੂੰ ਜਾਣਦਾ ਹੈ ਉਹ ਇਕ ਨੂੰ ਜਾਣਦਾ ਹੈ । - **ਅਚਾਰਾਂਗ**

(7) ਹੇ ਪੁਰਸ਼ ! ਤੂੰ ਆਪਣੇ ਆਪ ਤੇ ਕਾਬੂ ਕਰ (ਇਸ ਤਰ੍ਹਾਂ ਕਰਨ ਨਾਲ ਤੂੰ ਸਭ ਦੁੱਖਾਂ ਤੋਂ ਮੁਕਤ ਹੋ ਜਾਵੇਂਗਾ ।

(8) ਆਤਮਾ ਦਾ ਹੀ ਦਮਨ ਕਰਨਾ ਚਾਹੀਦਾ ਹੈ । ਕਿਉਕਿ ਆਤਮਾ ਤੇ ਕਾਬੂ ਕਰਨਾ ਹੀ ਔਖਾ ਹੈ । ਆਤਮਾ ਦੇ ਦਮਨ ਕਰਨ ਵਾਲਾ ਲੋਕ ਅਤੇ ਪਰਲੋਕ ਦੋਹਾਂ ਵਿਚ ਸੁਖੀ ਹੁੰਦਾ ਹੈ ।

(9) " ਦੂਸਰੇ ਲੋਕ ਬੰਧਨ (ਜੰਜੀਰ) ਅਤੇ ਬੱਧ (ਹਤਿਆ) ਰਾਹੀਂ ਮੇਰਾ ਦਮਨ ਕਰਨਾ ਚੰਗਾ ਹੈ ਮੈਂ ਸੰਜਮ ਅਤੇ ਤੱਪ ਰਾਹੀਂ ਆਤਮਾ ਤੇ ਕਾਬੂ ਕਰਾਂ ।- **ਅਚਾਰਾਂਗ**

(10) ਜੋ ਆਤਮਾ ਹੈ ਉਹ ਹੀ ਵਿਗਿਆਨ ਹੈ । ਜੋ ਵਿਗਿਆਨ ਹੈ ਉਹ ਹੀ ਆਤਮਾ ਹੈ ਜਿਸ ਰਾਹੀਂ ਜਾਣਿਆ ਜਾਵੇ, ਉਹ ਆਤਮਾ ਹੈ ਜਾਨਣ ਦੀ ਸ਼ਕਤੀ ਤੋਂ ਹੀ ਆਤਮਾ ਦੀ ਪ੍ਰਤੀਤ ਹੁੰਦੀ ਹੈ । - **ਅਚਾਰਾਂਗ**

(11) ਜੋ ਕੋਈ ਮਨੁੱਖ ਭਾਰੀ ਜੰਗ ਵਿਚ 10 ਲੱਖ ਸੂਰਵੀਰਾਂ ਤੇ ਜਿੱਤਹਾਸਲ ਕਰਦਾ ਹੈ। ਉਸ ਸੂਰਵੀਰ ਪਖੋਂ ਆਤਮ ਜੇਤੂ ਮਹਾਨ ਹੈ । ਆਤਮਾ ਦੀ ਜਿੱਤ ਹੀ ਸਚੀ ਜਿੱਤ ਹੈ । - **ਉੱਤਰਾਧਿਐਨ**

(12) ਆਤਮਾ ਹੋਰ ਹੈ ਅਤੇ ਸਰੀਰ ਹੋਰ । - **ਸੂਤਰਕ੍ਰਿਤਾਂਗ**

(13) " ਸ਼ਬਦ, ਰੂਪ, ਗੰਧ ਆਦਿ ਕਾਮ ਭੋਗ (ਜੜ ਪਦਾਰਥ) ਹੋਰ ਹਨ ਅਤੇ ਮੈਂ ਹੋਰ ਹਾਂ। – **ਸੂਤਰਕ੍ਰਿਤਾਂਗ**

(14) " ਪੁਰਸ਼ । ਤੂੰ ਖੁਦ ਆਪਣਾ ਦੋਸਤ ਹੈ । ਬਾਹਰਲੇ ਦੋਸਤ ਕਿਉ ਭਾਲਦਾ ਫਿਰਦਾ ਹੈਂ ? – **ਅਚਾਰਾਂਗ**

(15) ਸਵਰੂਪ ਪਖੋਂ ਸਭ ਆਤਮਾਵਾਂ ਇਕ ਸਮਾਨ ਹਨ । - **ਸਥਾਨਾਂਗ**

(16) ਆਤਮਾ ਦੇ ਵਰਨਣ ਸਮੇਂ ਸਾਰੇ ਸ਼ਬਦ ਆਪਣੇ ਆਪ ਖਤਮ ਹੋ ਜਾਂਦੇ ਹਨ । ਉਥੇ ਤਰਕ ਦੀ ਕੋਈ ਜਗ੍ਹਾ ਨਹੀਂ । ਬੁਧੀ ਵੀ ਇਸਨੂੰ ਠੀਕ ਤਰ੍ਹਾਂ ਗ੍ਰਹਿਣ ਨਹੀਂ ਕਰ ਸਕਦੀ । - **ਭਗਵਤੀ**

(17) ਆਤਮਾ ਹੀ ਦੁੱਖ ਪੈਦਾ ਕਰਦਾ ਹੈ, ਕੋਈ ਹੋਰ ਨਹੀਂ । - **ਭਗਵਤੀ**

(18) ਹਮੇਸ਼ਾਂ ਆਤਮਾ ਨੂੰ ਪਾਪ ਕਰਮਾਂ ਤੋਂ ਬਚਾ ਕੇ ਰਖੋ । - **ਦਸ਼ਵੈਕਾਲਿਕ**

(19) ਆਪਣੀ ਆਤਮਾ ਹੀ ਨਰਕ ਵਿਚ ਵੈਤਰਣੀ ਨਦੀ ਹੈ ਅਤੇ ਕੁੜਸ਼ਾਮਲੀ ਬ੍ਰਿਖ ਹੈ ਆਤਮਾ ਹੀ ਸਵਰਗ ਦਾ ਨੰਦਨ ਬਨ ਅਤੇ ਕਾਮ ਧੇਨੂ ਗਾਂ ਹੈ । – **ਉਤਰਾਧਿਐਨ**

(20) ਮਨੁਖੋ ! ਜਾਗੋ ! ਜਾਗੋ ! ਕਿਉ ਨਹੀਂ ਜਾਗਦੇ । ਪਰਲੋਕ ਵਿਚੋਂ ਮੁੜ ਜਾਗਣਾ ਦੁਰਲਭ ਹੈ । ਬੀਤੀਆਂ ਹੋਈਆਂ ਰਾਤਾਂ ਵਾਪਸ ਨਹੀਂ ਆਉਦੀਆਂ । ਮਨੁੱਖ ਦਾ ਜੀਵਨ ਮਿਲਣਾ ਬਹੁਤ ਔਖਾ ਹੈ । - **ਸੂਤਰਕ੍ਰਿਤਾਂਗ**

(21) ਹਰ ਵਿਚਾਰਕ ਸੋਚੇ, ਮੈਂ ਕੀ ਕਰ ਲਿਆ ਹੈ, ਅਤੇ ਕੀ ਕਰਨਾ ਬਾਕੀ ਹੈ ? ਕਿਹੜਾ ਕੰਮ ਸ਼ੱਕ ਵਾਲਾ ਹੈ, ਜਿਸਨੂੰ ਮੈਂ ਨਹੀਂ ਕਰ ਸਕਦਾ । - **ਦਸ਼ਵੈਕਾਲਿਕ**

(22) ਆਤਮਾ ਹੀ ਆਪਣੇ ਸੁੱਖ ਦੁੱਖ ਦਾ ਕਰਤਾ ਅਤੇ ਭੋਗਣ ਵਾਲਾ ਹੈ । ਚੰਗੇ ਰਾਹ ਤੇ ਚੱਲਣ ਵਾਲੀ ਆਤਮਾ ਮਨੁੱਖ ਦੀ ਮਿੱਤਰ ਹੈ ਅਤੇ ਬੁਰੇ ਰਾਹ ਤੇ ਚੱਲਣ ਵਾਲੀ ਦੁਸ਼ਮਣ ਹੈ । - **ਉਤਰਾਧਿਐਨ**

(23) ਪਹਿਲਾਂ ਗਿਆਨ ਹੈ । ਪਿਛੋਂ ਦਿਆ ਆਦਿ (ਆਚਰਣ) ਇਸ ਪ੍ਰਕਾਰ ਸਮੁਚਾ ਤਿਆਗੀ ਵਰਗ ਆਪਣੀ ਸੰਜ਼ਮ ਯਾਤਰਾ ਦੇ ਲਈ ਅਗੇ ਵਧਦਾ ਹੈ । ਭਲਾ ਅਗਿਆਨੀ ਮਨੁੱਖ ਕੀ ਆਤਮਾ ਸਾਧਨਾ ਕਰੇਗਾ ? - **ਦਸ਼ਵੈਕਾਲਿਕ**

(24) ਮਨੁੱਖੀ ਜੀਵਨ ਪਾ ਕੇ ਵਾਸਨਾਵਾਂ ਨਾਲ ਯੁਧ ਕਰੋ । ਬਾਹਰਲੇ ਯੁੱਧ ਨਾਲ ਕੀ ਲਾਭ ? ਜੋ ਅਜਿਹੇ ਮੌਕੇ ਤੇ ਰਹਿ ਜਾਂਦੇ ਹਨ ਉਹਨਾਂ ਨੂੰ ਆਤਮ ਰੂਪੀ ਜੀਵਨ ਯੁੱਧ ਮਿਲਣਾ ਬਹੁਤ ਕਠਿਨ ਹੈ ?

(25) ਸਿਰ ਕੱਟਣ ਵਾਲਾ ਦੁਸ਼ਮਣ ਵੀ ਇਨ੍ਹਾਂ ਬੁਰਾ ਨਹੀਂ ਕਰਦਾ ਜਿਨ੍ਹਾਂ ਭੈੜੇ ਵਿਵਹਾਰ ਵਿਚ ਲਗੀ ਆਤਮਾ ਕਰਦੀ ਹੈ । - **ਉਤਰਾਧਿਐਨ**

(26) ਗਿਆਨ, ਦਰਸ਼ਨ ਅਤੇ ਚਾਰਿਤਰ ਨਾਲ ਭਰਪੂਰ ਮੇਰੀ ਆਤਮਾ ਹੀ ਸਾਸ਼ਵਤ ਹੈ। ਸੱਚ ਹੈ, ਸਨਾਤਨ (ਪੁਰਾਣੀ) ਹੈ । ਆਤਮਾ ਤੋਂ ਸਿਵਾ, ਦੂਸਰੇ ਸਭ ਪਦਾਰਥ ਸੰਜੋਗ ਨਾਲ ਮਿਲੇ ਹਨ । – **ਸਥਾਰਪਇਨ**

# ਮੋਕਸ਼ (ਮੁਕਤੀ ਜਾਂ ਨਿਰਵਾਨ)

(1) ਗਿਆਨ ਅਤੇ ਕਰਮ ਰਾਹੀਂ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ । - **ਸੂਤਰਕ੍ਰਿਤਾਂਗ**

(2) ਕੀਤੇ ਕਰਮਾਂ ਦਾ ਫਲ ਭੋਗੇ ਬਿਨਾਂ ਮੁਕਤੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ।
– **ਉਤਰਾਧਿਐਨ**

(3) ਜੀਵ ਗਿਆਨ ਰਾਹੀਂ ਪਦਾਰਥਾਂ ਨੂੰ ਜਾਣਦਾ ਹੈ । ਦਰਸ਼ਨ ਰਾਹੀਂ ਉਨ੍ਹਾ ਤੇ ਸ਼ਰਧਾ ਕਰਦਾ ਹੈ । ਚਾਰਿਤਰ ਰਾਹੀਂ ਆਸ਼ਰਵ ਦਾ (ਪਾਪਾਂ ਨੂੰ ਆਉਣ ਤੋਂ ਰੋਕਣ ਦੀ ਕ੍ਰਿਆ) ਰੋਕਦਾ ਹੈ । ਤਪ ਰਾਹੀਂ ਕਰਮਾਂ ਨੂੰ ਝਾੜਦਾ ਹੈ । – **ਉਤਰਾਧਿਐਨ**

(4) ਬੰਧਨ ਤੋਂ ਮੁਕਤ ਹੋਣਾ ਤੁਹਾਡੇ ਹੀ ਹੱਥ ਵਿੱਚ ਹੈ । – **ਅਚਾਰਾਂਗ**

(5) ਜੋ ਸਾਧਕ ਅੱਗ (ਕਾਮਭੋਗਾਂ) ਨੂੰ ਦੂਰ ਕਰਦਾ ਹੈ ਉਹ ਛੇਤੀ ਮੁਕਤ ਹੋ ਜਾਂਦਾ ਹੈ।

(6) ਨਵੇਂ ਪੈਦਾ ਹੋਣ ਵਾਲੇ ਕਰਮਾਂ ਦਾ ਰਾਹ ਰੋਕਣ ਵਾਲਾ ਜੀਵ, ਪਿਛਲੇ ਕੀਤੇ ਕਰਮਾਂ ਦਾ ਖਾਤਮਾ ਕਰ ਦਿੰਦਾ ਹੈ । – **ਅਚਾਰਾਂਗ**

(7) ਸਭ ਕੁਝ ਵੇਖਣ ਤੇ ਜਾਣਨ ਵਾਲੇ ਕੇਵਲ ਗਿਆਨੀਆਂ ਨੇ ਗਿਆਨ, ਦਰਸ਼ਨ (ਵਿਸ਼ਵਾਸ਼) ਚਾਰਿਤਰ (ਧਾਰਨ ਕਰਨਾ) ਅਤੇ ਤਪ ਨੂੰ ਮੁਕਤੀ ਦਾ ਰਾਹ ਦਸਿਆ ਹੈ ।

(8) ਸ਼ਰਧਾ ਰਹਿਤ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ । ਅਗਿਆਨੀ ਕਿਸੇ ਨਿਯਮ ਦਾ ਪਾਲਣ ਨਹੀਂ ਕਰ ਸਕਦਾ । ਆਚਰਣ ਹੀਣ ਨੂੰ ਮੁਕਤੀ ਨਹੀਂ ਮਿਲ ਸਕਦੀ । ਜੀਵਨ ਮੁਕਤੀ ਬਿਨਾਂ, ਨਿਰਵਾਨ (ਜਨਮ-ਮਰਨ ਦਾ ਆਤਮਾ) ਨਹੀਂ ਹੋ ਸਕਦਾ ।
– **ਉਤਰਾਧਿਐਨ**

(9) ਜਦ ਆਤਮਾ ਸਾਰੇ ਕਰਮਾਂ ਨੂੰ ਖਤਮ ਕਰਕੇ, ਹਮੇਸ਼ਾਂ ਲਈ ਮੈਲ ਰਹਿਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਤਾਂ ਲੋਕਾਂ ਦੇ ਅਖੀਰਲੇ ਹਿਸੇ ਸਿਧ ਸ਼ਿਲਾ ਤੇ ਸਦਾ ਲਈ ਸਥਾਪਿਤ ਹੋ ਕੇ ਸਿਧ ਅਖਵਾਉਦੀ ਹੈ ।

# ਵਿਨੈ (ਨਿਮਰਤਾ, ਸੇਵਾ ਤੇ ਪ੍ਰਾਰਥਨਾ)

(1) ਆਤਮਾ ਦਾ ਭਲਾ ਚਾਹੁਣ ਵਾਲਾ ਆਪਣੇ ਆਪ ਨੂੰ ਵਿਨੈ ਧਰਮ ਵਿਚ ਸਥਾਪਿਤ ਕਰੋ । – **ਉਤਰਾਧਿਐਨ**

(2) ਬਜੁਰਗਾਂ ਨਾਲ ਹਮੇਸ਼ਾਂ ਨਿਮਰਤਾ ਪੂਰਵਕ ਵਿਵਹਾਰ ਕਰੋ । - ਦਸ਼ਵੈਕਾਲਿਕ

(3) ਵਿਨੈ ਆਪਣੇ ਆਪ ਵਿਚ ਤੱਪ ਹੈ ਅਤੇ ਸਰੇਸ਼ਟ ਧਰਮ ਹੈ ।

(4) ਵਿਨੈ ਰਾਹੀਂ ਹਮੇਸ਼ਾਂ ਚੰਗਾ ਚਾਰਿਤਰ (ਸਾਧੂ ਧਰਮ) ਮਿਲਦਾ ਹੈ । ਇਸ ਲਈ ਵਿਨੈ ਦੀ ਖੋਜ ਕਰਨੀ ਚਾਹੀਦੀ ਹੈ । - **ਉਤਰਾਧਿਐਨ**

(5) ਧਰਮ ਦਾ ਮੂਲ ਵਿਨੈ ਹੈ । – **ਗਿਆਤਾ**

(6) ਸਿਖਿਆ ਦੇਣ ਵਾਲੇ ਅਧਿਆਪਕ ਤੇ ਗੁਸਾ ਨਹੀਂ ਕਰਨਾ ਚਾਹੀਦਾ ।

– **ਉਤਰਾਧਿਐਨ**

# ਸੰਜਮ

(1) ਸਾਧਕ ਸੰਜਮ ਤੇ ਤੱਪ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜਿੰਦਗੀ ਗੁਜ਼ਾਰੇ ।

(2) ਅਸੰਜਮ ਤੋਂ ਛੁਟਕਾਰਾ ਤੇ ਸੰਜਮ ਵਿਚ ਜੁੜ ਜਾਣਾ ਚਾਹੀਦਾ ਹੈ । - **ਉਤਰਾ...**

(3) ਜੇ ਕੋਈ ਮਨੁੱਖ ਹਰ ਮਹੀਨੇ ੧੦-੧੦ ਲੱਖ ਗਾਵਾਂ ਦਾ ਦਾਨ ਕਰੇ, ਉਸ ਦਾਨ ਪਖੋਂ ਸੰਜਮੀ ਦਾ ਸਰੇਸ਼ਟ ਹੈ । - **ਉਤਰਾ...**

# ਗੁਰੂ ਚੇਲਾ ਵਿਵਹਾਰ

(1) ਆਚਾਰੀਆ ਰਾਹੀਂ ਬੁਲਾਉਣ ਤੇ ਚੇਲਾ ਕਿਸੇ ਹਾਲਤ ਵਿਚ ਚੁੱਪ ਨਾ ਰਹੇ ।

– **ਉਤਰਾ...**

(2) ਜਿਹੜਾ ਚੇਲਾ ਲੱਜਾ (ਸ਼ਰਮ) ਵਾਲਾ ਅਤੇ ਇੰਦਰੀਆਂ ਦਾ ਜੇਤੂ ਹੁੰਦਾ ਹੈ ਉਹ ਹੀ ਵਿਨੈ ਵਾਨ ਹੁੰਦਾ ਹੈ । - **ਉਤਰਾ...**

(3) ਦੁਸ਼ਟ ਘੋੜਾ ਜਿਵੇਂ ਵਾਰ ਵਾਰ ਚਾਬੁਕ ਦੀ ਇਛਾ ਰਖਦਾ ਹੈ ਪਰ ਵਿਨੈ ਵਾਨ ਚੇਲਾ ਵਾਰ ਵਾਰ ਗੁਰੂ ਤੋਂ ਨਾ ਅਖਵਾਏ ।

(4) ਸਭ ਇੰਦਰੀਆਂ ਤੇ ਕਾਬੂ ਪਾਉਦਾ ਹੋਇਆ ਸੰਸਾਰ ਵਿਚ ਘੁੰਮੇ ।

# ਵੈਰਾਗ

(1) ਮਨੁੱਖ ਦਾ ਜੀਵਨ ਅਤੇ ਰੰਗ ਰੂਪ ਅਸਮਾਨੀ ਬਿਜਲੀ ਦੀ ਚਮਕ ਵਾਂਗ ਚੰਚਲ (ਅਸਥਿਰ) ਹੈ । ਰਾਜਨ ! ਹੈਰਾਨੀ ਹੈ ਤੁਸੀਂ ਫੇਰ ਵੀ ਇਨ੍ਹਾ ਭੋਗਾਂ ਵਿਚ ਮਸਤ ਹੋ । ਪਰਲੋਕ ਵੱਲ ਕਿਉ ਨਹੀਂ ਵੇਖਦੇ ? - **ਉਤਰਾ....**

(2) ਜੋ ਮਨੁੱਖ ਦੂਸਰੇ ਦੀ ਬੇਇਜਤੀ ਕਰਦਾ ਹੈ ਉਹ ਲੰਬੇ ਸਮੇਂ ਸੰਸਾਰ ਦੇ ਜਨਮ ਮਰਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ । ਪਰਾਈ ਨਿੰਦਾ ਪਾਪ ਦਾ ਕਾਰਣ ਹੈ । ਇਹ ਸਮਝ ਕੇ ਸਾਧਕ ਹੰਕਾਰ ਦੀ ਭਾਵਨਾ ਪੈਦਾ ਨਾ ਕਰੇ । - **ਸੂਤਰਕ੍ਰਿਤਾਂਗ**

(3) ਤੁਸੀਂ ਜਿਸ ਤੋਂ ਸੁਖ ਦੀ ਆਸ ਰਖਦੇ ਹੋ, ਉਹ ਸੁੱਖ ਦਾ ਕਾਰਣ ਨਹੀਂ । ਮੋਹ ਵਿਚ ਫਸੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ । – **ਅਚਾਰਾਂਗ**

(4) ਪੀਲਾ ਪੱਤਾ ਜ਼ਮੀਨ ਤੇ ਗਿਰਦਾ ਹੋਇਆ, ਆਪਣੇ ਸਾਥੀ ਪਤਿਆ ਨੂੰ ਆਖਦਾ ਹੈ ਅਜ ਜਿਵੇਂ ਤੁਸੀਂ ਹੋ ਇਕ ਦਿਨ ਅਸੀਂ ਵੀ ਤੁਹਾਡੇ ਵਰਗੇ ਸੀ । ਜਿਸ ਤਰ੍ਹਾਂ ਅਸੀਂ ਅੱਜ ਹਾਂ ਤੁਸੀਂ ਵੀ ਇਸ ਤਰ੍ਹਾਂ ਹੋਣਾ ਹੈ । - **ਅਨੁਯੋਗਾਦਾਰ**

(5) ਸਾਧਕ ਨਾ ਜੀਵਨ ਦੀ ਇਛੱਾ ਕਰੇ ਨਾ ਹੀ ਮੌਤ ਦੀ । ਜੀਵਨ, ਮੌਤ ਦੋਹਾਂ ਵਿਚੋਂ ਕਿਸੇ ਦੀ ਇਛਾ ਨਾ ਕਰੇ । - **ਅਚਾਰਾਂਗ**

(6) ਬਹਾਦਰ ਵੀ ਮਰਦਾ ਹੈ ਬੁਜਦਿਲ ਵੀ ਮਰਦਾ ਹੈ । ਮਰਨਾ ਹਰ ਇਕ ਨੇ ਹੈ । ਜਦ ਮੌਤ ਨਿਸ਼ਚਿਤ ਹੈ ਤਾਂ ਬਹਾਦਰ ਵਾਲੀ ਹੀ ਮੌਤ ਚੰਗੀ ਹੈ ।

– **(ਮਰਨਾਸਮਾਧੀ)**

(7) ਸਚਾ ਸਾਧਕ ਲਾਭ, ਹਾਨੀ, ਸੁਖ, ਦੁਖ, ਨਿੰਦਾ, ਪ੍ਰਸੰਸਾ ਵਿਚ ਬਹਾਦਰਾਂ ਦੀ ਤਰ੍ਹਾਂ ਜਿਉਦਾ ਹੈ । - **ਉਤਰਾ...**

(8) ਵਿਸ਼ੇ ਵਿਕਾਰਾਂ ਵਿਚ ਫਸੀਆਂ ਜੀਵ ਲੋਕ ਅਤੇ ਪ੍ਰਲੋਕ ਦੋਹਾਂ ਵਿਚ ਵਿਨਾਸ਼ ਨੂੰ ਪ੍ਰਾਪਤ ਕਰਦਾ ਹੈ । – **ਪ੍ਰਸ਼ਨ...**

(9) ਆਤਮਾ ਵਿਚ ਘੁਮਣ ਵਾਲੇ ਦੀ ਦਰਿਸ਼ਟੀ ਲਈ ਕਾਮਭੋਗ, ਰੋਗ ਸਮਾਨ ਹਨ ।

– **ਸੂਤਰ....**

(10) ਤੁਸੀਂ ਜਿਨ੍ਹਾਂ ਵਸਤੂਆਂ ਨੂੰ ਸੁਖ ਦਾ ਕਾਰਣ ਸਮਝਦੇ ਹੋ, ਉਹ ਅਸਲ ਵਿਚ ਸੁੱਖ ਦਾ ਕਾਰਣ ਨਹੀਂ ਹਨ । - **ਅਚਾਰ...**

# ਸ਼੍ਰਮਣ (ਸਾਧੂ)

1. ਜੋ ਸਾਰੇ ਪ੍ਰਾਣੀਆਂ ਪ੍ਰਤੀ ਇਕ ਦਰਿਸ਼ਟੀ ਰਖਦਾ ਹੈ ਉਹ ਹੀ ਸਚਾ ਸ਼੍ਰਮਣ ਹੈ ।

– **ਪ੍ਰਸ਼ਨ...**

2. ਨਿਰਗ੍ਰੰਥ ਮੁਨੀ ਹੋਰ ਤਾਂ ਕਿ, ਸਰੀਰ ਪ੍ਰਤੀ ਵੀ ਮੋਹ ਨਹੀਂ ਰਖਦੇ ।

**– ਦਸ਼ਵੈਕਾਲਿਕ**

3. ਜੋ ਸ਼੍ਰਮਣ ਖਾ ਪੀ ਕੇ ਅਰਾਮ ਨਾਲ ਸੌਂ ਜਾਂਦਾ ਹੈ ਉਹ ਪਾਪੀ ਸ਼੍ਰਮਣ ਹੈ ।

**– ਉਤਰਾ...**

4. ਜੋ ਆਪਣੀ ਮਨ ਦੀ ਸਥਿਤੀ ਨੂੰ ਸਹੀ ਰੂਪ ਵਿਚ ਪਰਖਨਾ ਜਾਣਦਾ ਹੈ । ਉਹ ਸਚਾ ਨਿਰਗ੍ਰੰਥ (ਸਾਧੂ) ਹੈ ।

5. ਜੋ ਗ੍ਰਹਿਸਥ ਨਾਲ ਮੇਲ ਮਿਲਾਪ ਨਹੀਂ ਵਧਾਉਂਦਾ, ਉਹ ਹੀ ਭਿਖਸ਼ੂ ਹੈ ।

**– ਦਸ਼ਵੈ...**

6. ਜੋ ਸੁੱਖ ਦੁੱਖ ਵਿਚ ਇਕ ਸੁਰ ਰਹਿੰਦਾ ਹੈ ਉਹ ਭਿਖਸ਼ੂ ਹੈ । - **ਦਸ਼ਵੈ...**

7. ਰਿਸ਼ੀ ਮੁਨੀ ਸਦਾ ਪ੍ਰਸੰਨ ਰਹਿੰਦੇ ਹਨ । ਕਿਸੇ ਤੇ ਕੋਈ ਸ਼ੰਕਾ ਨਹੀਂ ਕਰਦੇ ।

**– ਉਤਰਾ...**

8. ਜੋ ਸ਼ਾਂਤ ਹੈ ਅਤੇ ਕਰੱਛਵ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਉਹ ਹੀ ਸ਼੍ਰਮਣ ਭਿਖਸ਼ੂ ਹੈ।

9. ਸਮਭਾਵ (ਇਕ ਸੁਰਤਾ) ਦੀ ਸਾਧਨਾ ਕਰਨ ਵਾਲਾ ਹੀ ਸ਼੍ਰਮਣ ਹੈ । **– ਉਤਰਾ...**

10. ਗਿਆਨ ਦੀ ਉਪਾਸਨਾ ਕਰਨ ਵਾਲਾ ਮੁਨੀ ਹੈ । **– ਉਤਰਾ...**

11. ਸਚਾ ਸੰਤ, ਪੂਜਾ, ਇਜਤ ਅਤੇ ਯਸ਼ ਦੀ ਇਛਾ ਨਾ ਕਰੇ । **– ਸੂਤਰ...**

12. ਸ਼੍ਰਮਣ ਕਸ਼ਾਏ (ਕਰੋਧ, ਮਾਨ, ਮਾਈਆ ਤੇ ਲੋਭ) ਤੋਂ ਰਹਿਤ ਰਹੇ । - **ਉਤਰਾ...**

# ਜੀਵਨ ਕਲਾ

1. ਚੰਗੇ ਗ੍ਰਹਿਸਥੀ ਹਮੇਸ਼ਾਂ ਧਰਮ ਅਨੁਸਾਰ ਕਮਾਈ ਕਰਦੇ ਹਨ । **– ਸੂਤਰਕ੍ਰਿਤਾਂਗ**

2. ਸਮਾਇਕ (ਧਾਰਮਿਕ ਕ੍ਰਿਆ) ਰਾਹੀਂ ਜੀਵ, ਪਾਪਕਾਰੀ ਕੰਮਾਂ ਤੋਂ ਛੁਟਕਾਰਾ ਪਾਉਂਦਾ ਹੈ ।

3. ਸਵਾਧਿਆਏ (ਸ਼ਾਸ਼ਤਰਾਂ ਦੀ ਪੜ੍ਹਾਈ) ਕਰਨ ਨਾਲ ਸਾਰੇ ਦੁਖਾਂ ਤੋਂ ਮੁਕਤੀ ਹਾਸਲ ਹੁੰਦੀ ਹੈ ।

4. ਜਿਵੇਂ ਪਾਣੀ ਵਿਚ ਪੈਦਾ ਹੋਇਆ ਕਮਲ ਪਾਣੀ ਤੋਂ ਉਪਰ ਰਹਿੰਦਾ ਹੈ ਉਸੇ ਪ੍ਰਕਾਰ ਉਪਾਸਕ ਵੀ ਕਾਮ ਭੋਗਾਂ ਵਿਚ ਨਹੀਂ ਫਸਦਾ । - **ਉਤਰਾ...**

5. ਸ਼ੀਲਵਾਨ ਅਤੇ ਬਹੁਸੁਰਤ (ਗਿਆਨੀ) ਭਿਖਸ਼ੂ ਮੌਤ ਦੇ ਸਮੇਂ ਵੀ ਦੁਖੀ ਨਹੀਂ ਹੁੰਦਾ।

**– ਉਤਰਾ...**

6. ਕਸ਼ਾਏ ਅਗਨੀ ਹੈ, ਇਹ ਕਸ਼ਾਏ ਹਨ ਕਰੋਧ, ਮਾਨ ਮਾਈਆ ਅਤੇ ਲੋਭ । ਸ਼ਰਤ (ਗਿਆਨ) ਸ਼ੀਲ ਅਤੇ ਤਪ ਇਸ ਅੱਗ ਨੂੰ ਬੁਝਾਂਦੇ ਹਨ । - **ਉਤਰਾ...**

7. ਕਰੋਧ, ਮਾਨ, ਮਾਈਆ ਤੇ ਲੋਭ ਅੰਤਰ ਆਤਮਾ ਦੇ ਖਤਰਨਾਕ ਦੋਸ਼ ਹਨ ।

**– ਸੂਤਰ...**

8. ਕਸ਼ਾਏ ਨੂੰ ਛੱਡਣ ਨਾਲ ਵੀਤਰਾਗ ਭਾਵ ਪੈਦਾ ਹੁੰਦਾ ਹੈ । – **ਉਤਰਾ...**

# ਕਰੋਧ ਖਿਮਾ

1. ਕਰੋਧ ਪਿਆਰ ਦਾ ਨਸ਼ਾ ਕਰਦਾ ਹੈ । - **ਦਸ਼ਵੈਕਾਲਿਕ**
2. ਸ਼ਾਂਤੀ ਨਾਲ ਕਰੋਧ ਨੂੰ ਜਿਤੋ । - **ਦਸ਼ਵੈਕਾਲਿਕ**
3. ਮੈਂ ਸਾਰੇ ਜੀਵਾਂ ਤੋਂ ਖਿਮਾ ਮੰਗਦਾ ਹਾਂ । ਸਾਰੇ ਜੀਵ ਮੈਨੂੰ ਮੁਆਫ ਕਰਨ । ਮੇਰੀ ਸਾਰੇ ਜੀਵਾਂ ਨਾਲ ਦੋਸਤੀ ਹੈ । ਮੇਰਾ ਕਿਸੇ ਨਾਲ ਕੋਈ ਵੀ ਵੈਰ ਨਹੀਂ ।
   **– ਦਸ਼ਵੈ...**
4. ਮੁਨੀ ਨੂੰ ਧਰਤੀ ਦੇ ਸਮਾਨ ਖਿਮਾ ਵਾਲਾ ਹੋਣਾ ਚਾਹੀਦਾ ਹੈ ।
5. ਖਿਮਾ ਮੰਗਣ ਨਾਲ ਆਤਮਾ ਨੂੰ ਆਂਤਰਿਕ ਖੁਸ਼ੀ ਪ੍ਰਾਪਤ ਹੁੰਦੀ ਹੈ ।
6. ਗਿਆਨੀਆਂ ਨੂੰ ਖਿਮਾ ਧਰਮ ਦੀ ਅਰਾਧਨਾ ਕਰਨੀ ਚਾਹੀਦੀ ਹੈ; ।

# ਮਾਨ

1. ਅਹੰਕਾਰ ਅਗਿਆਨਤਾ ਦੀ ਨਿਸ਼ਾਨੀ ਹੈ । – **ਸੂਤਰ...**
2. ਮਾਨ ਨੂੰ ਜਿੱਤਣ ਨਾਲ ਜੀਵ ਵਿਚ ਨਿਮਰਤਾ ਆਉਂਦੀ ਹੈ । - **ਉਤਰਾਧਿਐਨ**
3. ਜੋ ਹੰਕਾਰ ਵੱਸ ਦੂਸਰੇ ਪ੍ਰਤਿ ਲਾਪਰਵਾਹ ਰਹਿੰਦਾ ਹੈ ਉਹ ਮੰਦ ਭਾਗੀ ਹੈ ।
4. ਹੰਕਾਰੀ ਦੂਸਰੇ ਨੂੰ ਹੰਕਾਰ ਵੱਸ, ਆਪਣਾ ਪਰਛਾਵਾਂ ਸਮਝ ਕੇ ਨੀਵਾਂ ਗਿਣਦਾ
   **– ਸੂਤਰ...**

# ਮਾਇਆ (ਧੋਖੇਵਾਜੀ)

1. ਮਾਯਾ (ਧੋਖੇਬਾਜ) ਅਤੇ ਪ੍ਰਮਾਦੀ (ਅਣਗਹਿਲੀ) ਵਾਲਾ ਜੀਵ ਵਾਰ-ਵਾਰ ਗਰਭ ਧਾਰਨ ਕਰਦਾ ਹੈ ।
2. ਮਾਯਾ ਵਾਲਾ ਜੀਵ ਮਿਥਿਆ ਦਰਿਸ਼ਟੀ (ਗਲਤ ਧਾਰਣਾ) ਵਾਲਾ ਹੁੰਦਾ ਹੈ । ਮਾਈਆ ਰਹਿਤ ਜੀਵ ਸਮਿਅਕ ਦਰਿਸ਼ਟੀ (ਸਹੀ ਧਾਰਨਾ) ਵਾਲਾ ਹੁੰਦਾ ਹੈ ।
   **– ਦਸ਼ਵੈਕਾਲਿਕ**
3. ਮਾਯਾ (ਧੋਖਾ) ਦੋਸਤੀ ਦਾ ਖਾਤਮਾ ਕਰਦੀ ਹੈ । - **ਦਸ਼ਵੈਕਾ...**

# ਲੋਭ

1. ਲੋਭ ਸਾਰੇ ਚੰਗੇ ਗੁਣਾਂ ਦਾ ਖਾਤਮਾ ਕਰਦਾ ਹੈ । - **ਦਸ਼ਵੈ...**
2. ਲੋਭ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ । - **ਸਭਾ...**

3. ਲੋਭ ਪੈਦਾ ਹੋਣ ਤੇ ਮਨੁੱਖ ਸੱਚ ਨੂੰ ਝੂਠ ਦਾ ਸਹਾਰਾ ਬਣਾ ਲੈਂਦਾ ਹੈ । – **ਸੂਤਰ...**
4. ਆਜ਼ਾਦ ਘੁੰਮਣ ਵਾਲਾ ਸ਼ੇਰ ਵੀ ਮਾਸ ਦੇ ਲਾਲਚ ਵਿਚ ਆ ਕੇ ਜਾਲ ਵਿਚ ਫਸ ਜਾਂਦਾ ਹੈ । – **ਸੂਤਰ...**
5. ਲੋਭ ਨੂੰ ਸੰਤੋਖ ਨਾਲ ਜਿਤਣਾ ਚਾਹੀਦਾ ਹੈ । – **ਦਸਵੈ...**

# ਮੋਹ

1. ਜੋ ਮੋਹ ਦਾ ਨਾਸ਼ ਕਰਦਾ ਹੈ ਉਹ ਕਰਮ ਬੰਧ ਦੇ ਹੋਰ ਕਾਰਣਾ ਦਾ ਖਾਤਮਾ ਕਰਦਾ ਹੈ । – **ਅਚਾਰਾਂਗ ਸੂਤਰ**
2. ਅਗਿਆਨੀ ਜੀਵ, ਮੋਹ ਨਾਲ ਘਿਰਿਆ ਰਹਿੰਦਾ ਹੈ । – **ਅਚਾ...**
3. ਰਾਗ ਤੇ ਦਵੇਸ਼ ਦੋਹੇਂ ਕਰਮਾਂ ਦੇ ਬੀਜ ਹਨ । – **ਉਤਰਾ..**
4. ਅਗਿਆਨੀ ਜੀਵ ਰਾਗ, ਦਵੇਸ਼ ਵਸ, ਭਿੰਨ ਭਿੰਨ ਪ੍ਰਕਾਰ ਦੇ ਪਾਪ ਕਰਮ ਕਰਦਾ ਹੈ । – **ਸੂਤਰਕ੍ਰਿਤਾਂਗ**
5. ਪਾਪ ਨਾ ਕਰਨ ਵਾਲਾ, ਨਵਾਂ ਪਾਪ ਕਰਮ ਪੈਦਾ ਨਹੀਂ ਕਰਦਾ । – **ਸੂਤਰਕ੍ਰਿਤਾਂਗ**

# ਕਰਮ

1. ਚੰਗੇ ਕਰਮ ਦਾ ਫਲ ਚੰਗਾ ਹੁੰਦਾ ਹੈ । ਮੰਦੇ ਕਰਮ ਦਾ ਫੱਲ ਮੰਦਾ ।
– **ਸੂਤਰਕ੍ਰਿਤਾਂਗ**
2. ਜਿਵੇਂ ਬੀਜ ਦੇ ਜਲ ਜਾਣ ਨਾਲ ਨਵਾਂ ਬੀਜ ਪੈਦਾ ਨਹੀਂ ਹੋ ਸਕਦਾ ਉਸੇ ਪ੍ਰਕਾਰ ਕਰਮ ਰੂਪੀ ਬੀਜ ਦੇ ਜ਼ਲ ਜਾਣ ਤੇ ਜਨਮ ਮਰਨ ਰੂਪੀ ਬੀਜ ਉਤਪਨ ਨਹੀਂ ਹੁੰਦਾ। – **ਦਸ਼ਵੈਕਾਲਿਕ**
3. ਮਨੁੱਖ ਆਪਣੇ ਕੀਤੇ ਕਰਮਾਂ ਕਾਰਣ ਭਿੰਨ ਭਿੰਨ ਯੋਨੀਆਂ ਵਿਚ ਭਟਕ ਰਿਹਾ ਹੈ।
– **ਅਚਾਰਾਂਗ ਸੂਤਰ**
4. ਸੰਸਾਰ ਵਿਚ ਜੋ ਵੀ ਪ੍ਰਾਣੀ ਹਨ ਉਹ ਆਪਣੇ ਕੀਤੇ ਕਰਮ ਬੰਧ ਅਨੁਸਾਰ ਸੰਸਾਰ ਵਿਚ ਘੁੰਮਦੇ ਹਨ । ਕੀਤੇ ਕਰਮਾਂ ਅਨੁਸਾਰ ਜੀਵ ਭਿੰਨ ਭਿੰਨ ਯੋਨੀਆਂ ਵਿਚ ਘੁੰਮਦੇ ਹਨ । ਕਰਮਾਂ ਦਾ ਫਲ ਭੋਗੇ ਬਿਨਾਂ ਪ੍ਰਾਣੀ ਦਾ ਛੁਟਕਾਰਾ ਨਹੀਂ ਹੋ ਸਕਦਾ।
– **ਸੂਤਰਕ੍ਰਿਤਾਂਗ**
5. ਸਭ ਪ੍ਰਾਣੀ ਅਨੇਕਾਂ ਕੀਤੇ ਕਰਮਾਂ ਅਨੁਸਾਰ ਭਿੰਨ ਭਿੰਨ ਯੋਨੀਆਂ ਵਿਚ ਰਹਿ ਰਹੇ ਹਨ । ਕਰਮਾ ਦੀ ਅਧੀਨਤਾ ਦੇ ਕਾਰਣ ਮਨੁੱਖ ਦੁੱਖ ਜਨਮ, ਬੁਢਾਪੇ, ਬੀਮਾਰੀ ਅਤੇ ਮੌਤ ਤੋਂ ਡਰਦੇ ਹਨ । ਕਰਮਾਂ ਕਾਰਣ ਮਨੁੱਖ ਚਾਰ ਗਤਿ (ਮਨੁੱਖ, ਦੇਵ, ਪਸ਼ੂ ਤੇ ਨਰਕ) ਵਿੱਚ ਘੁੰਮ ਰਹੇ ਹਨ । – **ਸੂਤਰ...**

6. ਜਿਵੇਂ ਪਾਪੀ ਚੋਰ ਚੋਰੀ ਕਰਦੇ ਪਕੜੇ ਜਾਣ ਤੇ ਸਜ਼ਾ ਪਾਂਦਾ ਹੈ ਅਤੇ ਕੀਤੇ ਕਰਮ ਅਨੁਸਾਰ ਦੁੱਖ ਭੋਗਦਾ ਹੈ ਉਸ ਪ੍ਰਕਾਰ ਕੀਤੇ ਕਰਮਾਂ ਦਾ ਫਲ ਇਸ ਲੋਕ ਜਾਂ ਪ੍ਰਲੋਕ ਵਿਚ ਜੀਵ ਨੂੰ ਜਰੂਰ ਭੋਗਣਾ ਪੈਂਦਾ ਹੈ । ਕਰਮਾਂ ਦਾ ਫਲ ਭੋਗੇ ਬਿਨਾਂ ਛੁਟਕਾਰਾ ਨਹੀਂ ।- **ਉਤਰਾਧਿਐਨ**

7. ਕਰਮ, ਜਨਮ ਤੇ ਮਰਨ ਦਾ ਮੂਲ ਹੈ, ਅਤੇ ਜਨਮ ਮਰਨ ਹੀ ਦੁੱਖ ਦੀ ਪ੍ਰੰਪਰਾ ਹੈ ।- **ਉਤਰਾਧਿਐਨ**

8. ਜਿਸ ਤਰ੍ਹਾਂ ਜੜ੍ਹਾਂ ਦੇ ਸੁੱਕ ਜਾਣ ਤੇ, ਸਿੰਜਣ ਨਾਲ ਵੀ ਦਰਖਤ ਹਰਾ ਭਰਾ ਨਹੀਂ ਹੋ ਸਕਦਾ, ਉਸੇ ਪ੍ਰਕਾਰ ਮੋਹ ਕਰਮ ਦੇ ਖਾਤਮੇ ਤੋਂ ਬਾਅਦ ਨਵਾਂ ਕਰਮ ਪੈਦਾ ਨਹੀਂ ਹੁੰਦਾ ।- **ਦਸਵੈ...**

9. ਜਿਵੇਂ ਰਾਗ ਦਵੇਸ਼ ਰਾਹੀ ਪੈਦਾ ਹੋਏ ਕਰਮਾਂ ਦਾ ਫਲ ਬੁਰਾ ਹੁੰਦਾ ਹੈ ਉਸੇ ਪ੍ਰਕਾਰ ਦੋ ਸਭ ਕਰਮਾਂ ਦੇ ਖਾਤਮੇ ਨੂੰ ਜੀਵ ਸਿਧ (ਮੁਕਤ) ਹੋ ਕੇ, ਸਿਧ ਗਤੀ ਨੂੰ ਪ੍ਰਾਪਤ ਕਰਦਾ ਹੈ ।

10. ਆਤਮਾ ਅਮੂਰਤ (ਸ਼ਕਲ ਰਹਿਤ) ਹੈ ਇਸ ਲਈ ਇਸਨੂੰ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ । ਅਮੂਰਤ ਹੋਣ ਕਾਰਣ ਨਿੱਤ (ਹਮੇਸ਼ਾਂ) ਰਹਿਣ ਵਾਲਾ ਹੈ । ਅਗਿਆਨ ਆਦਿ ਕਾਰਣ ਆਤਮਾ ਦੇ ਕਰਮ ਬੰਧਨ ਹਨ । ਅਤੇ ਕਰਮ ਬੰਧਨ ਹੀ ਸੰਸਾਰ ਦਾ ਕਾਰਣ ਹੈ ।- **ਉਤਰਾਧਿਐਨ**

# ਗਿਆਨ ਬੋਧ (ਕੰਮ ਦੀਆਂ ਗਲਾਂ)

1. ਭਿੰਨ ਭਿੰਨ ਭਾਸ਼ਾਵਾਂ ਦਾ ਗਿਆਨ ਮੱਨੁਖ ਨੂੰ ਦੁਰਗਤਿ ਤੋਂ ਨਹੀਂ ਬਚਾ ਸਕਦਾ ।
**– ਉਤਰਾ..**

2. ਜਿਵੇਂ ਸੜੇ ਕੰਨੇ ਵਾਲੀ ਕੁੱਤੀ ਹਰ ਥਾਂ ਤੋਂ ਦੁਤਕਾਰ ਕੇ ਕਢ ਦਿਤੀ ਜਾਂਦੀ ਹੈ ਉਸ ਪ੍ਰਕਾਰ ਚਰਿਤਰ ਹੀਣ ਆਖਾ ਨਾ ਮੰਨਣ ਵਾਲਾ ਅਤੇ ਬਹੁਤੀਆਂ ਗਲਾਂ ਕਰਨ ਵਾਲਾ ਹਰ ਥਾਂ ਤੋਂ ਕਢ ਦਿਤਾ ਜਾਂਦਾ ਹੈ ।- **ਉਤਰਾ...**

3. ਵਰਤ ਦਾ ਧਾਰਕ ਘਟ ਖਾਵੇ, ਘਟ ਪੀਵੇ, ਘਟ ਬੋਲੇ ।

4. ਆਤਮਾ ਦਾ ਭਲਾ ਚਾਹੁਣ ਵਾਲਾ ਥੋੜਾ ਜਿਹਾ ਵੀ ਝੂਠ ਨਾ ਬੋਲੇ ।
**– ਦਸ਼ਵੈਕਾਲਿਕ**

5. ਅਹੰਕਾਰ, ਕਰੋਧ, ਪ੍ਰਮਾਦ (ਅਣਗਹਿਲੀ) ਰੋਗ ਅਤੇ ਆਲਸ, ਪੰਜ ਕਾਰਣ ਮੱਨੁਖ ਸਿਖਿਆ ਹਾਸਲ ਨਹੀਂ ਕਰ ਸਕਦਾ ।

6. ਧਰਮ ਸਿਖਿਆ ਵਾਲਾ ਘਰ ਵਿਚ ਵੀ ਸੁਵਰਤੀ ਹੈ ।- **ਉਤਰਾ...**

7. ਜੋ ਚੰਗਾ ਕਰਦਾ ਹੈ, ਮਿਠਾ ਬੋਲਦਾ ਹੈ, ਉਹ ਆਪਣੀ ਸਿਖਿਆ ਪ੍ਰਾਪਤ ਕਰ ਲੈਂਦਾ ਹੈ ।

8. ਜਿਥੇ ਕਲੇਸ਼ ਦੀ ਸੰਭਾਵਨਾ ਹੋਵੇ, ਉਥੋਂ ਦੂਰ ਰਹੋ ।

9. ਜੋ ਮਨੁੱਖ ਯਤਨਾ (ਸਾਵਧਾਨੀ) ਨਾਲ ਚਲਦਾ ਹੈ, ਪੜਦਾ ਹੈ, ਬੈਠਦਾ ਹੈ, ਸੌਂਦਾ ਹੈ, ਖਾਂਦਾ ਹੈ, ਬੋਲਦਾ ਹੈ ਅਜਿਹਾ ਮਨੁੱਖ ਪਾਪ ਕਰਮਾਂ ਦਾ ਬੱਧ (ਇੱਕਠ) ਨਹੀਂ ਕਰਦਾ ।

10. ਭਗਵਾਨ ਦੀ ਆਗਿਆ ਪਾਲਣ ਕਰਨ ਵਾਲਾ ਹੀ ਸ਼ਰਧਾਵਾਨ ਅਤੇ ਬੁਧੀਵਾਨ ਹੈ । – **ਅਚਾਰਾਂਗ**

11. ਆਤਮ ਕਲਿਆਣ ਚਾਹੁਣ ਵਾਲੇ ਲਈ ਸ਼ਰਮ, ਦਿਆ, ਸੰਜਮ ਅਤੇ ਬ੍ਰਹਮਚਰਯ ਹੀ ਆਤਮ ਸ਼ੁਧੀ ਦੇ ਸਾਧਨ ਹਨ ।

12. ਕਿਸੇ ਦੀ ਗੁਪਤ ਗੱਲ ਪ੍ਰਗਟ ਨਹੀਂ ਕਰਨੀ ਚਾਹੀਦੀ । - **ਸੂਤਰ...**

13. ਮਨੁੱਖ ਜਨਮ ਮਿਲਣਾ ਬਹੁਤ ਹੀ ਦੁਰਲਭ ਹੈ । – **ਉਤਰਾ...**

14. ਜੋ ਵਿਚਾਰ ਨਾਲ ਬੋਲਦਾ ਹੈ ਉਹ ਹੀ ਸਚਾ ਨਿਰਗ੍ਰੰਥ ਹੈ । - **ਅਚਾਰਾਂਗ**

15. ਸਮਝਦਾਰ ਜ਼ਰੂਰਤ ਤੋਂ ਵੱਧ ਨਾ ਬੋਲੇ । - **ਸੂਤਰ...**

16. ਗਿਆਨੀ ਸਾਧੂ ਅਜਿਹੀ ਭਾਸ਼ਾ ਬੋਲੇ ਜੋ ਸਭ ਲਈ ਹਿਤਕਾਰੀ ਅਤੇ ਕਲਿਆਣਕਾਰੀ ਹੋਵੇ । - **ਦਸ਼ਵੈਕਾਲਿਕ**

17. ਕਲੇਸ਼ ਵਧਾਉਣ ਵਾਲੀ ਗੱਲ ਨਹੀਂ ਆਖਣੀ ਚਾਹੀਦੀ ।

18. ਬਹੁਤ ਨਹੀਂ ਬੋਲਣਾ ਚਾਹੀਦਾ । - **ਉਤਰਾਧਿਐਨ**

19. ਕਠੋਰ ਵਾਕ ਨਹੀਂ ਬੋਲਣਾ ਚਾਹੀਦਾ । - **ਉਤਰਾ...**

20. ਬਿਨਾਂ ਬੁਲਾਏ ਨਹੀਂ ਬੋਲਣਾ ਚਾਹੀਦਾ । - **ਦਸ਼ਵੇ...**

21. ਕਿਸੇ ਦੀ ਪਿਠ ਪਿਛੇ ਚੁਗਲੀ ਕਰਨਾ, ਪਿਠ ਦੇ ਮਾਸ ਖਾਣ ਦੀ ਤਰ੍ਹਾਂ ਹੀ ਹੈ ।

– **ਉਤਰਾਧਿਐਨ**

22. ਰਾਤਰੀ ਭੋਜਨ ਦੇ ਤਿਆਗ ਨਾਲ, ਜੀਵ ਪਾਪ ਰਹਿਤ ਹੁੰਦਾ ਹੈ ।

23. ਨਿਰਗ੍ਰੰਥ ਮੁਨੀ ਰਾਤ ਵੇਲੇ ਕਿਸੇ ਵੀ ਪ੍ਰਕਾਰ ਦਾ ਭੋਜਨ ਨਹੀਂ ਕਰਦੇ ।

– **ਦਸ਼ਵੈਕਾਲਿਕ**

24. ਜੋ ਭੋਗੀ ਹੈ ਉਹ ਕਰਮਾਂ ਵਿਚ ਲਿਬੜਿਆ ਹੁੰਦਾ ਹੈ । ਅਭੋਗੀ ਕਰਮਾਂ ਵਿਚ ਨਹੀਂ ਫਸਦਾ ।

25. ਕਾਮ ਭੋਗ ਥੋੜਾ ਸਮਾਂ ਹੀ ਸੁੱਖ ਦਿੰਦੇ ਹਨ ਪਰ ਬਦਲੇ ਵਿਚ ਲੰਬਾ ਸਮਾਂ ਦੁੱਖ ਦਿੰਦੇ ਹਨ । - **ਉਤਰਾ...**

26. ਕਾਮ ਭੋਗ ਅਨਰਥਾਂ ਦੀ ਖਾਣ ਹਨ । - **ਉਤਰਾ...**

27. ਇਕ ਵਿਸ਼ੇ ਵਿਕਾਰ ਨੂੰ ਜਿਤਣ ਨਾਲ ਕੁਝ ਜਿੱਤ ਲਿਆ ਜਾਂਦਾ ਹੈ ।

28. ਸਾਰੇ ਕਾਮ ਭੋਗ ਅੰਤ ਨੂੰ ਦੁੱਖ ਦਿੰਦੇ ਹਨ । - **ਉਤਰਾ...**

29. ਕਾਮ ਭੋਗ ਕੰਡੇ ਦੇ ਸਮਾਨ ਹਨ, ਜ਼ਹਿਰ ਹਨ, ਜ਼ਹਿਰੀਲਾ ਸੱਪ ਹਨ ।

– **ਉਤਰਾ..**

30. ਆਤਮਾ ਦੀ ਸਾਧਨਾ ਕਰਨ ਵਾਲਾ ਕਾਮ ਭੋਗਾਂ ਨੂੰ ਜਹਿਰ ਦੀ ਤਰ੍ਹਾਂ ਵੇਖੇ ।

– **ਸੂਤਰ...**

31. ਜੋ ਆਤਮਾ ਪਾਪ ਕਰਮਾਂ ਦਾ ਸੰਗ੍ਰਹਿ ਕਰਦਾ ਹੈ ਉਸਨੂੰ ਪਛਤਾਣਾ ਪੈਂਦਾ ਹੈ, ਰੋਣਾ ਪੈਂਦਾ ਹੈ, ਦੁੱਖ ਭੋਗਣਾ ਪੈਂਦਾ ਹੈ ਅਤੇ ਡਰਨਾ ਪੈਂਦਾ ਹੈ । - **ਸੂਤਰ...**

32. ਭੋਗੀ ਸੰਸਾਰ ਵਿਚ ਘੁੰਮਦਾ ਹੈ, ਭੋਗ ਰਹਿਤ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ ।

– **ਉੱਤਰਾਧਿਐਨ**

33. ਪੁਛਣ ਤੇ ਕੀਤੇ ਕੰਮ ਨੂੰ ਕੀਤਾ ਆਖੇ, ਜੋ ਨਾ ਕੀਤਾ ਹੋਵੇ ਉਸ ਲਈ ਨਾ ਆਖੇ ।

34. ਸਾਧਕ ਆਪਣੀ ਆਤਮਾ ਨੂੰ ਪਾਪ ਕਰਮਾਂ ਤੋਂ ਹਟਾਵੇ ।

35. ਅਗਿਆਨੀ ਹਮੇਸ਼ਾਂ ਸੁਤਾ ਰਹਿੰਦਾ ਹੈ ਪਰ ਗਿਆਨੀ ਪੁਰਸ਼ ਹਮੇਸ਼ਾਂ ਜਾਗਦਾ ਹੈ ।

36. ਇੰਝ ਸਮਝੋ ਕਿ ਅਗਿਆਨ ਤੇ ਮੋਹ ਹੀ ਸੰਸਾਰ ਵਿਚ ਅਹਿਤ ਅਤੇ ਦੁੱਖ ਪੈਦਾ ਕਰਨ ਵਾਲੇ ਹਨ । - **ਅਚਾਰਾਂਗ**

37. ਅਗਿਆਨੀ ਜੀਵ ਰਾਗ ਦਵੇਸ਼ ਵਸ ਬਹੁਤ ਪਾਪ ਕਰਮਾਂ ਦਾ ਸੰਗ੍ਰਹਿ ਕਰਦਾ ਹੈ।

– **ਸੂਤਰ...**

38. ਗਿਆਨੀ ਸਾਧਕ ਨੂੰ ਆਪਣੀ ਸਾਧਨਾ ਵਿਚ ਥੋੜੀ ਜਿਹੀ ਵੀ ਅਣਗਹਿਲੀ ਵਰਤਣੀ ਨਹੀਂ ਚਾਹੀਦੀ । – **ਅਚਾਰਾਂਗ**

39. ਅਣਗਹਿਲੀ ਰਹਿਤ (ਅਪ੍ਰਮਾਦੀ) ਛੇਤੀ ਮੁਕਤੀ ਹਾਸਲ ਕਰ ਲੈਂਦਾ ਹੈ ।

– **ਉੱਤਰਾ...**

40. ਅਣਗਹਿਲੀ (ਪ੍ਰਮਾਦੀ) ਆਤਮਾ ਨੂੰ ਹਰ ਥਾਂ ਤੋਂ ਡਰ ਲਗਦਾ ਹੈ । ਪਰ ਅਪ੍ਰਮਾਦੀ (ਅਣਗਹਿਲੀ ਰਹਿਤ) ਨੂੰ ਡਰ ਨਹੀਂ ਲਗਦਾ । - **ਅਚਾਰਾਂਗ**

41. ਸਿਆਣਾ ਮਨੁੱਖ ਉਹ ਹੀ ਹੈ ਜੋ ਅਣਗਹਿਲੀ (ਪ੍ਰਮਾਦ) ਨਹੀਂ ਕਰਦਾ ।

– **ਸੂਤਰ...**

42. ਇਛਾਵਾਂ ਦੀ ਤਹਿ ਤਕ ਪਹੁੰਚਣਾ ਬਹੁਤ ਔਖਾ ਹੈ ।

43. ਇਸ ਲੋਕ ਵਿਚ ਜੋ ਤ੍ਰਿਸ਼ਨਾ ਰਹਿਤ ਹੈ ਉਸ ਲਈ ਕੁਝ ਵੀ ਔਖਾ ਨਹੀਂ ।

– **ਉੱਤਰਾਧਿਐਨ**

44. ਜੋ ਆਪਣੀਆਂ ਇੱਛਾਵਾਂ ਤੇ ਕਾਬੂ ਨਹੀਂ ਕਰ ਸਕਦਾ, ਉਹ ਸਾਧਨਾ (ਧਰਮ ਪਾਲਣਾ) ਕਿਵੇਂ ਕਰ ਸਕਦਾ ਹੈ । - **ਦਸ਼ਵੈਕਾਲਿਕ**

45. ਲਗਾਵ ਦੀ ਭਾਵਨਾ ਖਤਰਨਾਕ ਹੈ । - **ਉੱਤਰਾਧਿਐਨ**

46. ਮਨੁੱਖ ਰਾਹੀਂ ਕੀਤਾ ਚੰਗਾ ਕਰਮ ਹਮੇਸ਼ਾ ਸਫਲ ਹੁੰਦਾ ਹੈ । **ਉੱਤਰਾ...**

47. ਜਨਮ ਮਰਨ ਦੇ ਸਵਰੂਪ ਨੂੰ ਸਮਝ ਕੇ ਚਾਰਿਤਰ (ਭਗਤੀ ਭਾਵਨਾ) ਵਿਚ ਦਰਿੜ੍ਹ ਰਹੇ ।

48. ਪਾਪ ਕਰਮ ਸਾਧੂ ਨਾ ਆਪ ਕਰੇ ਨਾ ਕਿਸੇ ਤੋਂ ਕਰਵਾਏ ।
49. ਆਪਣੀ ਸ਼ਕਤੀ ਨੂੰ ਕਦੀ ਛਪਾਣਾ ਨਹੀਂ ਚਾਹੀਦਾ । - **ਅਚਾਰਾਂਗ**
50. ਜੋ ਸਮਾਂ ਵਰਤਮਾਨ ਵਿਚ ਚਲਾ ਰਿਹਾ ਹੈ ਉਹ ਹੀ ਮਹੱਤਵਪੂਰਨ ਹੈ । ਸਾਧੂ ਇਸ ਸਮੇਂ ਨੂੰ ਸਫਲ ਬਣਾਵੇ । - **ਸੂਤਰ...**
51. ਜੀਵਨ ਤੇ ਰੂਪ ਅਸਮਾਨੀ ਬਿਜਲੀ ਦੀ ਤਰ੍ਹਾਂ ਚੰਚਲ ਹਨ । - **ਸੂਤਰ...**
52. ਸਮੇਂ ਸਮੇਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ ।
53. ਉਮਰ ਤੇ ਜੋਬਨ ਬੀਤ ਰਿਹਾ ਹੈ । - **ਅਚਾਰਾਂਗ**
54. ਸੇਵਾ ਕਰਨ ਨਾਲ ਜੀਵ ਨੂੰ ਤੀਰਥੰਕਰ ਗੋਤਰ ਦੀ ਪ੍ਰਾਪਤੀ ਕਰਦਾ ਹੈ ।

**– ਉਤਰਾ...**

55. ਸਵਾਧਿਆਏ ਰਾਹੀਂ ਜੀਵ ਗਿਆਨ ਵਰਨੀਆਂ (ਅਗਿਆਨਤਾ ਦਾ ਕਾਰਣ) ਕਰਮ ਦਾ ਖਾਤਮਾ ਕਰਦਾ ਹੈ ।
56. ਜ਼ਿੰਦਗੀ ਪਾਣੀ ਵਿਚ ਬੁਲਬੁਲੇ ਦੀ ਤਰ੍ਹਾਂ ਅਤੇ ਘਾਹ ਤੇ ਪਈ ਸਵੇਰ ਸਮੇਂ ਔਸ ਦੇ ਕਣ ਦੀ ਤਰ੍ਹਾਂ ਹੈ ।
57. ਸਰੀਰ ਨੂੰ ਛੱਡ ਦੇਵੇ ਪਰ ਧਰਮ ਨਾ ਛੱਡੇ । – **ਦਸ਼ਵੇਕਾਲਿਕ**
58. ਮਮਤਾ ਦਾ ਬੰਧਨ ਮਹਾਨ ਡਰ ਦਾ ਕਾਰਣ ਹੈ ।
59. ਧਨ, ਅਨਾਜ ਆਦਿ ਵਸਤਾਂ ਪ੍ਰਤੀ ਮੋਹ ਕਾਰਣ ਮਨੁੱਖ ਦੁਖੀ ਹੁੰਦਾ ਹੈ ।
60. ਜਿਨਦੇਵ (ਤੀਰਥੰਕਰ ਅਰਿਹੰਤ) ਦੀ ਆਗਿਆ ਹੀ ਧਰਮ ਹੈ । – **ਅਚਾਰਾਂਗ**
61. ਜ਼ਿੰਦਗੀ ਇਕ ਪਲ ਵੀ ਵੱਧ ਨਹੀਂ ਸਕਦੀ । – **ਅਚਾਰਾਂਗ**
62. ਸੱਚ ਤੇ ਸਥਿਰ ਹੋ ਕੇ ਡਟੇ ਰਹੋ ।
63. ਹੇ ਗੋਤਮ ! ਥੋੜੇ ਸਮੇਂ ਲਈ ਵੀ ਅਣਗਹਿਲੀ ਨਾ ਕਰੋ ।
64. ਬੁਧੀਮਾਨ ਆਪਣੇ ਕੰਮ ਵਿਚ ਦਿਲਚਸਪੀ ਰਖੇ । – **ਸੂਤਰ...**
65. ਝੂਠੇ ਅਣਗਹਿਲੀ ਦਾ ਤਿਆਗ ਕਰੋ ।